
Ray Dhaliwal
Real Estate Broker

# Moving to Indiana?

Contact Ray Dhaliwal @ 317-993-4987

Helpful in Easy and Accessible Home Loans at best Interest Rates.

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

CENTURY 21 SCHEETZ
RAYD@C21Scheetz.com

Twenty-Fifth Year of Publication
ਨਿਊਯਾਰਕ ਐਡੀਸ਼ਨ Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 25, Issue 31; August 3, 2024

Email:punjabtimes1@gmail.com
www.punjabtimesusa.com
20451 N. Plum Grove Rd., Palatine, IL 60074
Ph:847-359-0746, Fax:847-705-9388

# ਸੁਖਬੀਰ ਪ੍ਰਧਾਨਗੀ ਛੱਡਣ ਦੇ ਰੌਂਅ 'ਚ ਨਹੀਂ

## ਬਾਗੀ ਧੜੇ ਖਿਲਾਫ ਅਨੁਸ਼ਾਸਨੀ ਕਾਰਵਾਈ; ਬਾਗੀ ਆਗੂ ਪਾਰਟੀ ਵਿਚੋਂ ਕੱਢੇ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਵਿਚ ਅੰਦਰੂਨੀ ਕਲੇਸ਼ ਹੋਰ ਉਲਝ ਗਿਆ ਹੈ। ਅਕਾਲੀ ਦਲ ਨੇ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਉਥੇ ਉਂਗਲ ਚੁੱਕਣ ਵਾਲੇ ਬਾਗੀ ਧੜੇ ਖਿਲਾਫ ਅਨੁਸ਼ਾਸਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਦਲ ਨੇ ਸੁਖਬੀਰ ਖਿਲਾਫ ਆਵਾਜ਼ ਚੁੱਕਣ ਵਾਲੇ ਵੱਡੀ ਗਿਣਤੀ ਸੀਨੀਅਰ ਆਗੂਆਂ ਨੂੰ ਪਾਰਟੀ ਵਿਚੋਂ ਕੱਢ ਦਿੱਤਾ ਹੈ।

ਅਕਾਲੀ ਦਲ ਨੇ ਗੁਰਪ੍ਰਤਾਪ ਸਿੰਘ ਵਡਾਲਾ, ਜਗੀਰ ਕੌਰ, ਪ੍ਰੇਮ ਸਿੰਘ ਚੰਦੂਮਾਜਰਾ, ਪਰਮਿੰਦਰ ਸਿੰਘ ਢੀਂਡਸਾ, ਸਿਕੰਦਰ ਸਿੰਘ ਮਲੂਕਾ, ਸੁਰਜੀਤ ਸਿੰਘ ਰੱਖੜਾ, ਸੁਰਿੰਦਰ ਸਿੰਘ ਠੇਕੇਦਾਰ ਅਤੇ ਚਰਨਜੀਤ ਸਿੰਘ ਬਰਾੜ ਨੂੰ ਪਾਰਟੀ ਦੀ ਮੁਢਲੀ ਮੈਂਬਰਸ਼ਿਪ ਤੋਂ ਖਾਰਜ ਕਰ ਦਿੱਤਾ ਹੈ। ਇਨ੍ਹਾਂ ਆਗੂਆਂ ਉਤੇ ਦੋਸ਼ ਲਾਏ ਗਏ ਹਨ ਕਿ ਇਨ੍ਹਾਂ ਵੱਲੋਂ ਲਗਾਤਾਰ ਪਾਰਟੀ ਦੇ ਅਕਸ ਨੂੰ ਢਾਅ ਲਾਉਣ ਵਾਲੀਆਂ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ। ਉਪਰੋਕਤ ਤੋਂ ਇਲਾਵਾ 7 ਵੱਖ-ਵੱਖ ਵਿਧਾਨ ਸਭਾ ਹਲਕਿਆਂ ਦੇ ਮੌਜੂਦਾ ਹਲਕਾ ਇੰਚਾਰਜਾਂ ਨੂੰ ਵੀ ਤੁਰਤ ਪ੍ਰਭਾਵ ਤੋਂ ਹਲਕਾ ਇੰਚਾਰਜ ਦੇ ਅਹੁਦੇ ਤੋਂ ਹਟਾਇਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਸੁਖਬੀਰ ਧੜੇ ਨੇ ਪਾਰਟੀ ਦੀ ਕੋਰ ਕਮੇਟੀ ਭੰਗ ਕਰ ਦਿੱਤੀ ਸੀ।

ਇਧਰ, ਬਾਗੀ ਧੜੇ ਨੇ ਅਕਾਲੀ ਦਲ ਦੀ 'ਹੋਂਦ ਬਚਾਉਣ' ਲਈ ਅਕਾਲੀ ਸੁਧਾਰ ਲਹਿਰ ਸ਼ੁਰੂ ਕੀਤੀ ਹੋਈ ਹੈ ਅਤੇ ਇਸ ਨੂੰ ਵੱਡਾ ਹੁੰਗਾਰਾ ਵੀ ਮਿਲ ਰਿਹਾ ਹੈ। ਅਕਾਲੀਆਂ ਦੇ ਬਾਗ਼ੀ ਧੜੇ ਵੱਲੋਂ 13 ਮੈਂਬਰੀ ਪ੍ਰਜ਼ੀਡੀਅਮ ਦਾ ਐਲਾਨ ਵੀ ਕਰ ਦਿੱਤਾ ਗਿਆ ਹੈ। ਬਾਗੀ ਧੜੇ ਦਾ ਕਹਿਣਾ ਹੈ ਕਿ ਅਕਾਲੀ ਦਲ ਸੁਧਾਰ ਲਹਿਰ ਦਾ ਮਨੋਰਥ ਸਿੱਖ ਕੌਮ ਦੇ ਸਾਹਮਣੇ ਅਜਿਹਾ ਏਜੰਡਾ ਲੈ ਕੇ ਜਾਣਾ ਹੈ




ਜੋ ਸਮੁੱਚੇ ਪੰਥ ਅਤੇ ਸੰਗਤ ਅੱਗੇ ਸੁਹਿਰਦ ਸਿੱਖ ਲੀਡਰਸ਼ਿਪ ਖੜ੍ਹੀ ਕਰ ਸਕੇ ਤੇ ਸਿੱਖ ਪੰਥ ਦਾ ਵਿਸ਼ਵਾਸ ਮੁੜ ਹਾਸਲ ਹੋ ਸਕੇ। ਇਸ ਮੌਕੇ ਸੁਖਬੀਰ ਸਿੰਘ ਬਾਦਲ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਸਿੱਖ ਪੰਥ ਦੀ ਨਬਜ਼ ਪਛਾਣਦਿਆਂ ਤਿਆਗ ਦੀ ਭਾਵਨਾ ਦਿਖਾਉਣ ਤੇ ਅਹੁਦੇ ਤੋਂ ਲਾਂਭੇ ਹੋ ਕੇ ਪੰਥ ਅਤੇ ਸਿੱਖੀ ਦੀ ਸੇਵਾ ਕਰਨ।

ਦੱਸ ਦਈਏ ਕਿ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਮੁਆਫ਼ੀ ਦਿਵਾਉਣ ਅਤੇ ਧਾਰਮਿਕ ਬੇਅਦਬੀ ਦੀਆਂ ਘਟਨਾਵਾਂ ਜਿਹੇ ਕਈ ਮੁੱਦਿਆਂ ਨੂੰ ਲੈ ਕੇ ਅਕਾਲੀ ਦਲ ਦੀ ਲੀਡਰਸ਼ਿਪ 'ਤੇ ਸੁਆਲ ਉਠਦੇ ਰਹੇ ਹਨ ਪਰ ਪਾਰਟੀ ਵੱਲੋਂ ਇਨ੍ਹਾਂ ਮੁੱਦਿਆਂ ਨੂੰ ਅੱਖੋਂ ਪਰੋਖੇ ਕੀਤਾ ਜਾਂਦਾ ਰਿਹਾ ਹੈ ਜਿਸ ਕਰਕੇ ਸਿੱਖ ਜਗਤ ਅੰਦਰ ਅਕਾਲੀ ਲੀਡਰਸ਼ਿਪ ਦੀ ਭਰੋਸੇਯੋਗਤਾ ਖੁਰਨ ਲੱਗ ਪਈ ਅਤੇ ਪਾਰਟੀ ਨੂੰ ਚੋਣਾਂ ਵਿਚ ਵੱਡੀਆਂ ਹਾਰਾਂ ਦਾ ਮੂੰਹ ਦੇਖਣਾ ਪਿਆ।

ਪਿਛਲੇ ਦਿਨੀਂ ਵੱਡੀ ਗਿਣਤੀ ਅਕਾਲੀ ਆਗੂਆਂ ਨੇ ਸੁਖਬੀਰ ਦੀ ਅਗਵਾਈ ਖਿਲਾਫ ਆਵਾਜ਼ ਬੁਲੰਦ ਕਰਦਿਆਂ ਬੀਤੇ ਵਿਚ ਹੋਈਆਂ ਭੁੱਲਾਂ ਲਈ ਪਸ਼ਚਾਤਾਪ ਵਾਸਤੇ ਅਕਾਲ ਤਖ਼ਤ 'ਤੇ ਪੇਸ਼ ਹੋ ਕੇ ਪੱਤਰ ਸੌਂਪਿਆ ਗਿਆ ਸੀ ਜਿਸ ਤੋਂ ਬਾਅਦ ਸੁਖਬੀਰ ਬਾਦਲ ਨੂੰ ਅਕਾਲ ਤਖਤ ਸਾਹਿਬ ਉਤੇ ਤਲਬ ਕੀਤਾ ਗਿਆ। ਸੁਖਬੀਰ ਨੇ ਪਿਛਲੇ ਦਿਨੀਂ ਅਕਾਲ ਤਖਤ ਉਤੇ ਪੇਸ਼ ਹੋਏ ਕੇ ਬੰਦ ਲਿਫਾਫੇ ਵਿਚ ਆਪਣਾ ਸਪਸ਼ਟੀਕਰਨ ਸੌਂਪ ਦਿੱਤਾ ਸੀ। ਹੁਣ ਅਕਾਲ ਤਖ਼ਤ ਦੇ ਜਥੇਦਾਰ ਰਘਬੀਰ ਸਿੰਘ ਹੋਰਨਾਂ ਸਿੰਘ ਸਾਹਿਬਾਨ ਨਾਲ ਇਸ ਮੁਤੱਲਕ ਵਿਚਾਰ ਚਰਚਾ ਕਰਨ ਤੋਂ ਬਾਅਦ ਆਪਣਾ ਫ਼ੈਸਲਾ ਸੁਣਾਉਣਗੇ। ਸਮੁੱਚੇ ਸਿੱਖ ਜਗਤ ਦੀਆਂ ਨਜ਼ਰਾਂ ਇਸ ਵਕਤ ਸ੍ਰੀ ਅਕਾਲ ਤਖ਼ਤ ਵੱਲ ਲੱਗੀਆਂ ਰਹਿਣਗੀਆਂ ਕਿ ਉਹ ਪਿਛਲੇ ਕਈ ਸਾਲਾਂ ਤੋਂ ਸਿੱਖ ਰਾਜਨੀਤੀ ਨੂੰ ਅਸਰਅੰਦਾਜ਼ ਕਰਨ ਵਾਲੇ ਇਸ ਮੁੱਦੇ 'ਤੇ ਕੀ ਰੁਖ਼ ਅਖਤਿਆਰ ਕਰਦੇ ਹਨ।

ਇਧਰ, ਸੁਖਬੀਰ ਬਾਦਲ ਦੀਆਂ ਸਰਗਰਮੀਆਂ ਤੋਂ ਜਾਪ ਰਿਹਾ ਹੈ ਕਿ ਉਹ ਕਿਸੇ ਵੀ ਕੀਮਤ ਉਤੇ ਪ੍ਰਧਾਨਗੀ ਛੱਡਣ ਲਈ ਤਿਆਰ ਨਹੀਂ। ਪਾਰਟੀ ਵਿਚ ਮੌਜੂਦਾ ਹਾਲਾਤ ਇਹ ਬਣ ਰਹੇ ਹਨ ਕਿ ਇਕ ਪਾਸੇ ਬਾਗੀ ਧੜਾ ਸੁਖਬੀਰ ਨੂੰ ਪ੍ਰਧਾਨਗੀ ਤੋਂ ਲਾਂਭੇ ਕਰਨ ਲਈ ਬਜ਼ਿਦ ਹੈ ਤੇ ਦੂਜੇ ਪਾਸੇ ਸੁਖਬੀਰ ਆਪਣੀ ਕੁਰਸੀ ਬਚਾਉਣ ਲਈ ਖੁੱਲ੍ਹ ਕੇ ਮੈਦਾਨ ਵਿਚ ਨਿੱਤਰ ਆਏ ਹਨ।

(ਬਾਕੀ ਸਫਾ 6 'ਤੇ)

### ਅਸੀਂ ਸੁਖਬੀਰ ਦੇ ਗ਼ੁਲਾਮ ਨਹੀਂ: ਢੀਂਡਸਾ

**ਸੰਗਰੂਰ:** ਪਰਮਿੰਦਰ ਸਿੰਘ ਢੀਂਡਸਾ ਨੇ ਆਖਿਆ ਕਿ ਉਹ ਸੁਖਬੀਰ ਸਿੰਘ ਬਾਦਲ ਦੇ ਗੁਲਾਮ ਨਹੀਂ। ਉਹ ਪਾਰਟੀ ਦੀ ਮਜ਼ਬੂਤੀ ਲਈ ਹੀ ਸੁਧਾਰ ਲਹਿਰ ਚਲਾ ਰਹੇ ਹਨ ਅਤੇ ਉਨ੍ਹਾਂ ਨੂੰ ਕਿਸੇ ਤੋਂ ਵੀ ਸਰਟੀਫਿਕੇਟ ਲੈਣ ਦੀ ਲੋੜ ਨਹੀਂ। ਪੰਜਾਬ ਦੇ ਲੋਕਾਂ ਨੇ ਸੁਖਬੀਰ ਸਿੰਘ ਬਾਦਲ ਨੂੰ ਕਈ ਵਾਰ ਨਕਾਰ ਦਿੱਤਾ ਹੈ ਪਰ ਸੁਖਬੀਰ ਆਪਹੁਦਰੇ ਫੈਸਲੇ ਲੈ ਕੇ ਸ਼੍ਰੋਮਣੀ ਅਕਾਲੀ ਦਲ ਦੀ ਪਿੱਠ ਵਿਚ ਲਗਾਤਾਰ ਛੁਰਾ ਮਾਰ ਰਹੇ ਹਨ।

# ਕੇਸਰੀ ਦੀ ਥਾਂ ਸੁਰਮਈ ਤੇ ਬਸੰਤੀ ਨਿਸ਼ਾਨ ਸਾਹਿਬ



**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਾਰੀਆਂ ਗੁਰਦੁਆਰਾ ਕਮੇਟੀਆਂ, ਸਿੰਘ ਸਭਾਵਾਂ ਅਤੇ ਸਿੱਖ ਜਥੇਬੰਦੀਆਂ ਦੇ ਨਾਂ ਪੱਤਰ ਜਾਰੀ ਕੀਤਾ ਹੈ ਜਿਸ ਰਾਹੀਂ ਕਿਹਾ ਗਿਆ ਹੈ ਕਿ ਗੁਰਦੁਆਰਿਆਂ ਵਿਚ ਲੱਗੇ ਨਿਸ਼ਾਨ ਸਾਹਿਬ ਸੁਰਮਈ (ਨੀਲੇ) ਜਾਂ ਬਸੰਤੀ (ਪੀਲੇ) ਰੰਗ ਦੇ ਹੋਣਗੇ। ਬੀਤੇ 15 ਜੁਲਾਈ ਨੂੰ ਪੰਜ ਸਿੰਘ ਸਾਹਿਬਾਨ ਦੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਈ ਮੀਟਿੰਗ ਦੌਰਾਨ ਨਿਸ਼ਾਨ ਸਾਹਿਬ ਦੇ ਰੰਗਾਂ ਨੂੰ ਲੈ ਕੇ ਉਲਝਣ ਦੇ ਸਬੰਧੀ ਮਤਾ ਪਾਸ ਕੀਤਾ ਗਿਆ ਸੀ। ਸਿੰਘ ਸਾਹਿਬਾਨ ਨੇ ਸ਼੍ਰੋਮਣੀ ਕਮੇਟੀ ਅਤੇ ਸਿੱਖ ਕੌਮ ਨੂੰ ਪ੍ਰਵਾਨਿਤ ਸਿੱਖ ਰਹਿਤ ਮਰਿਆਦਾ ਅਨੁਸਾਰ ਨਿਸ਼ਾਨ ਸਾਹਿਬ ਦੇ ਰੰਗਾਂ ਦੀ ਉਲਝਣ ਨੂੰ ਖ਼ਤਮ ਕਰਨ ਲਈ ਹਦਾਇਤ ਕੀਤੀ ਸੀ। ਅਜੋਕੇ ਸਮੇਂ ਵਿਚ ਨਿਸ਼ਾਨ ਸਾਹਿਬ ਜ਼ਿਆਦਾਤਰ ਕੇਸਰੀ ਰੰਗ ਦੇ ਹੁੰਦੇ ਹਨ ਜਦਕਿ ਨਿਹੰਗ ਸਮੂਹਾਂ ਅਤੇ ਉਨ੍ਹਾਂ ਦੀਆਂ ਛਾਉਣੀਆਂ ਵਿਚ ਨਿਸ਼ਾਨ ਸਾਹਿਬ ਸੁਰਮਈ ਰੰਗ ਦੇ ਹੁੰਦੇ ਹਨ। ਦੋ ਨਿਸ਼ਾਨ ਸਾਹਿਬ ਜੋ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਅਕਾਲ ਤਖ਼ਤ ਦੇ ਨੇੜੇ ਗੁਰਦਵਾਰਾ ਝੰਡਾ ਬੁੰਗਾ ਸਾਹਿਬ ਵਿਖੇ ਹਨ, ਉਨ੍ਹਾਂ ਦਾ ਰੰਗ ਵੀ ਕੇਸਰੀ ਹੈ। ਇਹ ਦੋਹਰੇ ਨਿਸ਼ਾਨ ਸਾਹਿਬ ਮੀਰੀ-ਪੀਰੀ ਦੇ ਸੰਕਲਪ ਦੇ ਪ੍ਰਤੀਕ ਹਨ

(ਬਾਕੀ ਸਫਾ 6 'ਤੇ)


## ਸਟਾਰਟ ਸੀ ਡੀ ਐਲ ਤੋਂ ਲਵੋ ਟਰੱਕਾਂ ਦੀ ਸਿਖਲਾਈ




Call us at:
+18442272162

Address: 2605 US-130 Cinnaminson, NJ 08077

* ਪੇਸ਼ੇਵਰ ਟਰੱਕ ਡਰਾਈਵਰ ਬਣੋ
* ਫੀਸ ਕੇਵਲ 2500 ਡਾਲਰ
* ਤੁਸੀਂ ਪੰਜਾਬੀ ਅਤੇ ਉਰਦੂ ਵਿਚ ਵੀ ਗੱਲ ਕਰ ਸਕਦੇ ਹੋ
* ਗੈਰ ਵਸਨੀਕਾਂ ਦੇ ਰਹਿਣ ਦਾ ਪ੍ਰਬੰਧ ਵੀ ਹੋਵੇਗਾ
* ਆਨਲਾਈਨ ਟਰੇਨਿੰਗ ਉਪਲੱਬਧ
* ਟਰੇਨਿੰਗ ਦਾ ਸਮਾਂ ਤਕਰੀਬਨ ਦੋ ਹਫਤੇ



Corporate NMLS# 68434
AZ License# BK-0945946

Sistar Mortgage
A Nationwide Lender

Balbir (Bill) Grewal
MORTGAGE LOAN OFFICER
NMLS# 353442

Over 2 Decades of experience providing high level servicing for new and experienced borrowers!

Residential and Commercial Loans
Available In Most States!

Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org




Federation of Indian Associations
FIA-CHICAGO 501 (C)(3) IL
ANIL LOOMBA 630.745.9640
HMSI
Banquet Chairman
GHOMAN GROUP
Amarbir Singh Ghoman
Harsharan Singh Ghoman
CELEBRATES
FIA 15TH ANNIVERSARY
STAR AWARDS NIGHT WITH INDIA'S INDEPENDENCE DAY
VENUE: THE MATRIX CLUB
808 South Route 59, Naperville, IL 60540
Ticket: $75, $150
Meet & Greet: $250 & VIP
JAYA PRADA
LEGENDARY BOLLYWOOD SUPERSTAR
SPECIAL GUEST OF HONOR
16th August, 2024
At 07:00pm
Sparsh Shah - Motivational Speaker
MARKETING & MEDIA PARTNER
OUTLAND MEDIA
Desi Junction
For More Details, Please Contact:
SUNIL SHAH 847-309-4462
PRATIBHA JAIRATH 630-222-1248
NEIL KHOT 847-340-0123
VINITA GULABANI 630-915-0658
ReliaCare 630-960-5100
OROCHEM
MAFS metropolitan asian family services
INDIACO
MALABAR GOLD & DIAMONDS
Reliance
Ameriprise Financial
Ami Financial Group
PINKY & DINESH THAKKAR
ASHIMA WASHINGTON
CORE EXTERIORS
SUGA BUILDERS & CONSTRUCTION
COMMERCIAL & RESIDENTIAL
JASBIR SUGA 708-715-1734
Manish & Shailja Gandhi
STANDARD HOME CARE
Medstar
PHOTOGRAPHY
RAMESH PUNATAR
USA FILM PRODUCTIONS
847-778-7722
Crossroads Animal Hospital
DR. BHUPINDER BERI - 815-609-5444
NUMARK CREDIT UNION
Media OZA
VINAKOM
Haatt
ITExpertUS
ICO
American STAR REALTY
WORLDWIDE LOGISTIC PARTNERS, INC.
ASHYANA
SHRI
REDBERRI
POWERVOLT
The Power for your System

# ਉਲੰਪਿਕ 'ਚ ਗੋਲਡ ਮੈਡਲ ਜਿੱਤਣ 'ਤੇ ਭਾਰਤੀ ਹਾਕੀ ਟੀਮ ਨੂੰ ਗਾਖ਼ਲ ਗਰੁੱਪ ਯੂ.ਐੱਸ.ਏ. ਦੇਵੇਗਾ 5 ਲੱਖ ਰੁਪਏ

## ਨਵੀਂ ਪੀੜ੍ਹੀ ਨੂੰ ਖੇਡਾਂ ਨਾਲ ਜੋੜਨਾ ਸਾਡਾ ਮੁੱਖ ਮਕਸਦ: ਗਾਖ਼ਲ

**ਕੈਲੀਫੋਰਨੀਆ (ਬਿਊਰੋ):** ਗਾਖ਼ਲ ਗਰੁੱਪ ਯੂ.ਐੱਸ.ਏ. ਦੇ ਚੇਅਰਮੈਨ ਸ. ਅਮੋਲਕ ਸਿੰਘ ਗਾਖ਼ਲ ਨੇ ਦੱਸਿਆ ਕਿ ਭਾਰਤੀ ਹਾਕੀ ਟੀਮ ਉਲੰਪਿਕ ਖੇਡਾਂ ਵਿਚ ਵਧੀਆ ਪ੍ਰਦਰਸ਼ਨ ਕਰ ਰਹੀ ਹੈ ਤੇ ਮਾਣ ਵਾਲੀ ਗੱਲ ਇਹ ਹੈ ਕਿ ਇਸ ਵਿਚ ਸਭ ਤੋਂ ਵੱਧ ਪੰਜਾਬੀ ਖਿਡਾਰੀ ਖੇਡ ਰਹੇ ਹਨ। ਵਿਸ਼ੇਸ਼ ਕਰਕੇ ਸਾਡੇ ਪਰਿਵਾਰ ਲਈ ਮਾਣ ਵਾਲੀ ਗੱਲ ਇਹ ਹੈ ਕਿ ਸਾਡਾ ਕਜ਼ਨ ਮਨਪ੍ਰੀਤ ਸਿੰਘ ਮਿੱਠਾਪੁਰ ਦੂਜੀ ਵਾਰ ਉਲੰਪਿਕ ਖੇਡ ਰਿਹਾ ਹੈ।




ਅਮੋਲਕ ਸਿੰਘ ਗਾਖਲ

ਉਨ੍ਹਾਂ ਦੱਸਿਆ ਕਿ ਜੇਕਰ ਭਾਰਤੀ ਹਾਕੀ ਟੀਮ ਉਲੰਪਿਕ ਗੋਲਡ ਮੈਡਲ ਜਿੱਤਦੀ ਹੈ ਤਾਂ ਗਾਖ਼ਲ ਗਰੁੱਪ ਅਤੇ ਗਾਖ਼ਲ ਪਰਿਵਾਰ ਵਲੋਂ ਸੁਰਜੀਤ ਹਾਕੀ ਟੀਮ ਦੇ ਜਲੰਧਰ ਦੇ ਬਰਲਟਨ ਪਾਰਕ 'ਚ 29 ਅਕਤੂਬਰ, 2024 ਨੂੰ ਹੋਣ ਵਾਲੇ ਫ਼ਾਈਨਲ ਮੁਕਾਬਲੇ ਉਪਰੰਤ 5 ਲੱਖ ਰੁਪਏ ਦਾ ਨਕਦ ਇਨਾਮ ਭੇਟ ਕੀਤਾ ਜਾਵੇਗਾ। ਇਸੇ ਮੌਕੇ ਹੀ ਸੁਰਜੀਤ ਹਾਕੀ ਜਲੰਧਰ ਦੀ ਜੇਤੂ ਟੀਮ ਨੂੰ ਵੀ ਪਿਛਲੇ 16 ਸਾਲ ਵਾਂਗ 5.50 ਲੱਖ ਰੁਪਏ ਭੇਟ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਅਸੀਂ ਅਰਦਾਸ ਕਰਦੇ ਹਾਂ ਕਿ ਉਲੰਪਿਕ ਵਿਚ ਭਾਰਤੀ ਹਾਕੀ ਟੀਮ ਗੋਲਡ ਮੈਡਲ ਜਿੱਤੇ ਅਤੇ ਸਾਨੂੰ ਇਹ ਇਨਾਮ ਭੇਟ ਕਰਨ ਦਾ ਮੌਕਾ ਮਿਲੇ। ਇੱਥੇ ਵਰਣਨਯੋਗ ਹੈ ਕਿ ਗਾਖ਼ਲ ਗਰੁੱਪ ਨੇ 2008 'ਚ ਨਿਸ਼ਾਨੇਬਾਜ਼ੀ 'ਚ ਸੋਨ ਤਗ਼ਮਾ ਜੇਤੂ ਅਭਿਨਵ ਬਿੰਦਰਾ ਨੂੰ ਵੀ 11 ਲੱਖ ਰੁਪਏ ਦਾ ਸਨਮਾਨ ਭੇਟ ਕੀਤਾ ਸੀ।

# ਸ. ਜੈਰਾਮ ਸਿੰਘ ਕਾਹਲੋਂ ਦੇ ਸਹੁਰਾ ਸ. ਕੁਲਦੀਪ ਸਿੰਘ ਚੀਮਾ ਦਾ ਦੇਹਾਂਤ

**ਸ਼ਿਕਾਗੋ:** ਸਿੱਖ ਰਿਲੀਜੀਅਸ ਸੁਸਾਇਟੀ ਗੁਰਦੁਆਰਾ ਪੈਲਾਟਾਈਨ ਦੇ ਪ੍ਰਧਾਨ ਸ. ਜੈਰਾਮ ਸਿੰਘ ਕਾਹਲੋਂ ਦੇ ਸਹੁਰਾ ਸ. ਕੁਲਦੀਪ ਸਿੰਘ ਚੀਮਾ ਪਰਮਾਤਮਾ ਵਲੋਂ ਬਖਸ਼ੀ ਆਰਜਾ ਪੂਰੀ ਕਰ ਕੇ ਬੀਤੇ ਦਿਨੀਂ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ। ਉਹ 87 ਸਾਲ ਦੇ ਸਨ ਤੇ ਕਾਫੀ ਸਮੇਂ ਤੋਂ ਉਨ੍ਹਾਂ ਦੀ ਸਿਹਤ ਨਾਜ਼ੁਕ ਸੀ। ਉਹ ਪੰਜਾਬ ਵਿਚ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਕਾਲਾ ਅਫਗਾਨਾ ਦੇ ਰਹਿਣ ਵਾਲੇ ਸਨ ਤੇ ਸਾਲ 2004 ਤੋਂ ਸ਼ਿਕਾਗੋ ਵਿਚ ਹੀ ਰਹਿ ਰਹੇ ਸਨ। ਉਨ੍ਹਾਂ ਦੀ ਪਤਨੀ ਸਰਦਾਰਨੀ ਸੁਰਿੰਦਰ ਕੌਰ ਵੀ 2022 'ਚ ਗੁਰੂ ਚਰਨਾਂ ਵਿਚ ਜਾ ਬਿਰਾਜੇ ਸਨ। ਉਹ ਆਪਣੇ ਪਿੱਛੇ ਪੁੱਤਰ ਜਸਵਿੰਦਰ ਸਿੰਘ ਚੀਮਾ, ਨੂੰਹ ਪਰਮਪ੍ਰੀਤ ਕੌਰ ਚੀਮਾ, ਧੀ ਮਨਜੀਤ ਕੌਰ ਰੰਧਾਵਾ, ਜਵਾਈ ਚਰਨ ਸਿੰਘ ਰੰਧਾਵਾ, ਧੀ ਸੁਖਜੀਤ ਕੌਰ ਕਾਹਲੋਂ, ਜਵਾਈ ਜੈਰਾਮ ਸਿੰਘ ਕਾਹਲੋਂ ਅਤੇ ਲਾਡਲੇ ਪੋਤੇ-ਪੋਤੀਆਂ, ਦੋਹਤੇ ਦੋਹਤੀਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ।



ਉਨ੍ਹਾਂ ਦਾ ਸਸਕਾਰ ਸ਼ਨਿਚਰਵਾਰ, 3 ਅਗਸਤ ਨੂੰ ਦੁਪਹਿਰ 2:00 ਤੋਂ ਸ਼ਾਮ 4:00 ਵਜੇ ਤੱਕ ਡੇਵੇਨਪੋਰਟ ਫਿਊਨਰਲ ਹੋਮ 941 ਐੱਸ. ਓਲਡ ਰੈਂਡ ਰੋਡ ਲੇਕ ਜ਼ਿਊਰਿਖ (60047) ਵਿਖੇ ਹੋਵੇਗਾ ਉਪਰੰਤ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਸ਼ਾਮ 4:30 ਤੋਂ ਸ਼ਾਮ 6:30 ਵਜੇ ਤੱਕ ਹੋਵੇਗੀ।

ਪਰਿਵਾਰ ਨਾਲ ਦੁਖ ਸਾਂਝਾ ਕਰਨ ਜਾਂ ਹੋਰ ਜਾਣਕਾਰੀ ਲਈ ਜਸਵਿੰਦਰ ਸਿੰਘ ਚੀਮਾ ਨਾਲ ਫ਼ੋਨ: 224-281-8629 ਅਤੇ ਸੁਖਜੀਤ ਕੌਰ ਕਾਹਲੋਂ ਨਾਲ ਫ਼ੋਨ: 224-456-8101 'ਤੇ ਸੰਪਰਕ ਕੀਤਾ ਜਾ ਸਕਦਾ ਹੈ।


ਰੈਸਟੋਰੈਂਟ ਸਟਾਫ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ (ਹਲਵਾਈ), ਕੁੱਕ ਅਤੇ ਹੈਲਪਰ ਦੀ ਲੋੜ ਹੈ।

ਚੰਗੀ ਤਨਖਾਹ ਅਤੇ ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ

ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635

SUPER TRAVEL

847-676-9090, 773-465-5566

*E-mail: supertravel2003@live.com*

Lowest Fares With Excellent Service

*United Airlines*
*British Airways*

For Emergency Call anytime at 847-436-9010



*EARLY BIRD SALE!!!!*

*Etihad, Air India, KLM, Lufthansa, Delta, Qatar Airlines.*

Domestic fares available


# Matrimonials

## ਲੜਕੀ ਦੀ ਲੋੜ ਹੈ

Arora family seeks a compatible match for their 32 years, 5'11" handsome turbaned son. Boy has done Masters (Data science and Analytics) from University of Illinois Urbana Champaign & working as a Software engineer in reputed company in Chicago. He is willing to relocate within United States. He is on H1B visa and green card (I-140) is under process. Cast no bar. Please Contact us at +1 2176488985 (Call/ WhatsApp), +91 9289886133 (whatsapp) or Email at: tejveeraroras@gmail.com

30-33

---

Ahluwalia family seeks a compatible match for their 37 years, 5'8" handsome turbaned son. Boy has done Post graduate & working as an IT engineer in reputed company near New York. His Green card is under process. IT professional preferred. Please Contact us at +1 3158496562, 91 8860131363 (whatsapp) or Email at: richiewalia@gmail.com

28-31

---

Khatri Sikh family residing in USA looking for a compatible Sikh match from USA, Canada or India for their US citizen Turbaned son, 1984 born, 5'10", never married, BS & MS (USA), working as an Engineer in North Carolina. Caste no bar. Serious enquiries only. Please contact us with complete details and picture at WhatsApp +1-630-290-1375 or sanjogmatri27@gmail.com

27-30

---

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.

25-28

---

ਅਮਰੀਕਾ ਵਿਚ ਵੈੱਲ ਸੈਟਲਡ ਗੁਰਸਿੱਖ ਪਰਿਵਾਰ ਆਪਣੇ well qualified ਅੰਮ੍ਰਿਤਧਾਰੀ ਲੜਕੇ, ਉਮਰ 36 ਸਾਲ, ਕੱਦ 5'11" ਅਮਰੀਕਾ ਤੋਂ masters ਡਿਗਰੀ ਹੋਲਡਰ, Software Engineering Product Manager ਦੀ ਵਧੀਆ ਜੌਬ ਕਰਦਾ ਹੈ। Well settled, San Francisco Bay Area, USA ਵਿਚ ਆਪਣਾ ਘਰ ਹੈ ਅਤੇ innocent issueless divorcee ਹੈ, ਲੜਕੇ ਲਈ ਅਮਰੀਕਾ/ਕੈਨੇਡਾ ਤੋਂ ਗੁਰਸਿੱਖ, ਅੰਮ੍ਰਿਤਧਾਰੀ, ਪੜ੍ਹੀ ਲਿਖੀ, ਸੋਹਣੀ, ਪਰਿਵਾਰਕ ਲੜਕੀ ਦੀ ਲੋੜ ਹੈ। ਮੈਰਿਜ ਬਿਊਰੋ ਵਾਲੇ ਮੁਆਫ਼ ਕਰਨ। ਵਧੇਰੇ ਜਾਣਕਾਰੀ ਲਈ ਕਾਲ ਕਰੋ: +1 510-281-7065/what's app on +91 9899379442 or E-mail: cjsingh55@gmail.com

25-28

---

Jatt Sikh family seeks a suitable match in the USA/Canada for their Amritdhari boy (work permit in Canada), 30, 5'11" tall, residing in Surrey. Please contact: 98768-65849

24-27

---

Saini family (Belongs to Hoshiarpur) looking for a suitable match for their 28, 5'5" son, Masters in Bio tech. Boy is Working as Research professional in Stanford University. Please call to his Uncle at: 510-557-6988

23-26

## ਲੜਕੇ ਦੀ ਲੋੜ ਹੈ

Jat Sikh family seeks a comparable match from a progressive family for their 32-year-old, 5' 7", US-born daughter. Her background is in chemical engineering, and she is currently a department manager at a Fortune 500 multinational corporation. She lives in Chicago with her two dogs. Please contact with details at surjitkaur1937@outlook.com or 312-380-2714.

27-30

---

ਅਮਰੀਕਾ ਵਿਚ ਪੱਕੀ (ਸਿਟੀਜ਼ਨਸ਼ਿਪ ਅਪਲਾਈ) ਅੰਮ੍ਰਿਤਧਾਰੀ ਲੜਕੀ, ਉਮਰ 41 ਸਾਲ, 5'3", ਲਈ ਅਮਰੀਕਾ ਵਿਚ ਕੱਚੇ/ਪੱਕੇ, ਬਿਨਾ ਪੇਪਰਜ਼ ਤੋਂ ਰਹਿ ਰਹੇ, ਐੱਚ 1 ਵੀਜ਼ਾ ਹੋਲਡਰ ਉਮਰ ਲਗਭਗ 38-45 ਵਿਚਕਾਰ ਹੋਵੇ, ਅੰਮ੍ਰਿਤਧਾਰੀ ਜਾਂ ਅੰਮ੍ਰਿਤ ਜਲਦੀ ਛਕ ਸਕਦਾ ਹੋਵੇ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਚਾਹਵਾਨ ਸੰਪਰਕ ਕਰਨ: +1 734 968 1195 (ਨਿਊਯਾਰਕ ਟਾਈਮ ਅਨੁਸਾਰ) ਜਾਂ +91 788885 22328 'ਤੇ ਬਾਇਓਡਾਟਾ ਫ਼ੋਟੋ ਸਮੇਤ ਭੇਜਣ।

27-30

---

Jatt Sikh family seeks a suitable match for their divorced girl (no kids) 32, 5'6" tall. Working as a journalist in a prominant newspaper. Please contact: +91-70093-82989

---


Gursikh Rajput Kanda family seeks a suitable match in USA for their convent educated MBBS Doctor daughter, October 1989 born 5'4". Younger sister is also a Doctor. Please call us at: 98150-66773 or text message our Whatsapp no. 224-392-6613.

---

Ramgarhia Sikh family seeks a suitable match in USA for their USA Citizen well settled daughter, August 1990 born in Ludhiana 5'2", residing in Michigan (Canton). Working as a Nursing Assitant in University of Michigan Hospital. Please call us at : +17348001448 or Email :binnumunday@gmail.com

17-20

# ਪੰਜਾਬ ਸਰਕਾਰ ਨੇ ਨੀਤੀ ਆਯੋਗ ਦੀ ਮੀਟਿੰਗ ਦਾ ਬਾਈਕਾਟ ਕੀਤਾ



**ਜਲੰਧਰ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਨਵੀਂ ਦਿੱਲੀ ਵਿਖੇ ਨੀਤੀ ਆਯੋਗ ਦੀ ਮੀਟਿੰਗ ਦਾ ਪੰਜਾਬ ਸਰਕਾਰ ਵੱਲੋਂ ਬਾਈਕਾਟ ਕੀਤਾ। ਮੁੱਖ ਮੰਤਰੀ ਭਗਵੰਤ ਨੇ ਕਿਹਾ ਕਿ ਪੰਜਾਬ ਦੇ ਦੇਸ਼ ਪ੍ਰਤੀ ਮਹੱਤਵਪੂਰਨ ਯੋਗਦਾਨ ਦੇ ਬਾਵਜੂਦ ਕੇਂਦਰੀ ਬਜਟ ਵਿਚ ਸੂਬੇ ਨੂੰ ਅਣਗੌਲਿਆ ਕੀਤੇ ਜਾਣ ਖਿਲਾਫ਼ ਇਹ ਫੈਸਲਾ ਕੀਤਾ ਗਿਆ। ਉਨ੍ਹਾਂ ਕੇਂਦਰੀ ਬਜਟ ਨੂੰ 'ਕੁਰਸੀ ਬਚਾਓ ਬਜਟ' ਕਰਾਰ ਦਿੰਦਿਆਂ ਕੇਂਦਰ ਸਰਕਾਰ 'ਤੇ ਗੈਰ-ਭਾਜਪਾ ਸ਼ਾਸਿਤ ਸੂਬਿਆਂ ਨਾਲ ਸਿਆਸੀ ਖਾਰ ਖਾਣ ਦਾ ਦੋਸ਼ ਲਾਇਆ।

ਭਗਵੰਤ ਮਾਨ ਨੇ ਅਫ਼ਸੋਸ ਜ਼ਾਹਿਰ ਕੀਤਾ ਕਿ ਪੰਜਾਬ ਨੂੰ ਦੇਸ਼ ਦਾ ਅੰਨਦਾਤਾ ਹੋਣ ਦੇ ਬਾਵਜੂਦ ਬਜਟ ਵਿਚ ਨਜ਼ਰਅੰਦਾਜ਼ ਕੀਤਾ ਗਿਆ ਅਤੇ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਵੱਲੋਂ 80 ਕਰੋੜ ਲੋਕਾਂ ਨੂੰ ਰਾਸ਼ਨ ਦੇਣ ਸਬੰਧੀ ਐਲਾਨ ਵਿਚ ਪੰਜਾਬ ਦਾ ਜ਼ਿਕਰ ਤੱਕ ਨਹੀਂ ਕੀਤਾ ਗਿਆ। ਮੁੱਖ ਮੰਤਰੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਪੰਜਾਬ ਨੂੰ 532 ਕਿਲੋਮੀਟਰ ਲੰਮੀ ਅੰਤਰਰਾਸ਼ਟਰੀ ਸਰਹੱਦ ਲੱਗਦੀ ਹੈ ਅਤੇ ਪੰਜਾਬ ਹਮੇਸ਼ਾ ਦੇਸ਼ ਦੇ ਹਿੱਤਾਂ ਲਈ ਖੜ੍ਹਾ ਰਿਹਾ ਹੈ। ਉਨ੍ਹਾਂ ਕਿਹਾ ਕਿ ਫਿਰ ਵੀ ਕੇਂਦਰ ਸਰਕਾਰ ਨੇ ਸੜਕਾਂ ਜਾਮ ਕਰ ਕੇ ਸੂਬੇ 'ਤੇ ਬੋਝ ਪਾਇਆ ਹੈ। ਮੁੱਖ ਮੰਤਰੀ ਨੇ ਦੀਨਾਨਗਰ ਅਤੇ ਪਠਾਨਕੋਟ ਹਮਲਿਆਂ ਦੌਰਾਨ ਫੌਜੀ ਬਲ ਭੇਜਣ ਲਈ ਕੇਂਦਰ ਸਰਕਾਰ ਵੱਲੋਂ ਲਗਾਏ 7.5 ਕਰੋੜ ਰੁਪਏ ਦੇ ਵਿੱਤੀ ਬੋਝ ਨੂੰ ਮੁਆਫ਼ ਕਰਨ ਸਬੰਧੀ ਆਪਣੇ ਯਤਨਾਂ ਨੂੰ ਵੀ ਚੇਤੇ ਕੀਤਾ।

ਉਧਰ, ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਹੋਈ ਨੀਤੀ ਆਯੋਗ ਦੀ ਮੀਟਿੰਗ ਨੂੰ ਵਿਚਾਲੇ ਹੀ ਛੱਡ ਕੇ ਬਾਹਰ ਆ ਗਈ। ਮਮਤਾ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਭਾਸ਼ਣ ਦੇ ਅੱਧ-ਵਿਚਾਲੇ ਹੀ ਰੋਕ ਦਿੱਤਾ ਗਿਆ ਜਦਕਿ ਉਹ ਮੀਟਿੰਗ 'ਚ ਵਿਰੋਧੀ ਧਿਰ ਵੱਲੋਂ ਇਕਲੌਤੀ ਨੁਮਾਇੰਦਾ ਸੀ। ਉਂਜ ਸਰਕਾਰ ਨੇ ਮਮਤਾ ਦੇ ਦਾਅਵੇ ਨੂੰ ਨਕਾਰਦਿਆਂ ਕਿਹਾ ਕਿ ਉਨ੍ਹਾਂ ਨੂੰ ਭਾਸ਼ਣ ਲਈ ਦਿੱਤਾ ਗਿਆ ਸਮਾਂ ਖ਼ਤਮ ਹੋ ਗਿਆ ਸੀ। ਨੀਤੀ ਆਯੋਗ ਦੀ ਮੀਟਿੰਗ 'ਚ 'ਇੰਡੀਆ' ਗੱਠਜੋੜ ਦੇ ਮੁੱਖ ਮੰਤਰੀਆਂ ਐਮ.ਕੇ. ਸਟਾਲਿਨ (ਤਾਮਿਲਨਾਡੂ), ਪਿਨਰਾਈ ਵਿਜਯਨ (ਕੇਰਲ), ਭਗਵੰਤ ਸਿੰਘ ਮਾਨ (ਪੰਜਾਬ), ਸਿਧਾਰਮੱਈਆ (ਕਰਨਾਟਕ), ਸੁਖਵਿੰਦਰ ਸਿੰਘ ਸੁੱਖੂ (ਹਿਮਾਚਲ ਪ੍ਰਦੇਸ਼), ਰੇਵੰਤ ਰੈੱਡੀ (ਤਿਲੰਗਾਨਾ) ਅਤੇ ਹੇਮੰਤ ਸੋਰੇਨ (ਝਾਰਖੰਡ) ਨੇ ਹਿੱਸਾ ਨਹੀਂ ਲਿਆ। ਵਿਰੋਧੀ ਧਿਰਾਂ ਨੇ ਦੋਸ਼ ਲਾਇਆ ਹੈ ਕਿ ਉਨ੍ਹਾਂ ਦੇ ਸੂਬਿਆਂ ਨੂੰ ਬਜਟ 'ਚ ਅਣਗੌਲਿਆ ਕੀਤਾ ਗਿਆ ਹੈ।

ਤ੍ਰਿਣਮੂਲ ਕਾਂਗਰਸ ਸੁਪਰੀਮੋ ਨੇ ਕਿਹਾ ਕਿ ਜਦੋਂ ਉਹ ਮੀਟਿੰਗ ਨੂੰ ਸੰਬੋਧਨ ਕਰ ਰਹੀ ਸੀ ਤਾਂ ਪੰਜ ਮਿੰਟ ਬਾਅਦ ਹੀ ਉਸ ਦਾ ਮਾਈਕਰੋਫੋਨ ਬੰਦ ਕਰ ਦਿੱਤਾ ਗਿਆ ਜਦਕਿ ਹੋਰ ਮੁੱਖ ਮੰਤਰੀਆਂ ਨੂੰ ਲੰਮੇ ਸਮੇਂ ਲਈ ਬੋਲਣ ਦੀ ਇਜਾਜ਼ਤ ਦਿੱਤੀ ਗਈ ਸੀ। ਮੀਟਿੰਗ ਤੋਂ ਬਾਹਰ ਆ ਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ, "ਇਹ ਅਪਮਾਨਜਨਕ ਹੈ। ਮੈਂ ਅੱਗੇ ਤੋਂ ਕਿਸੇ ਵੀ ਮੀਟਿੰਗ 'ਚ ਸ਼ਾਮਲ ਨਹੀਂ ਹੋਵਾਂਗੀ।

### ਮਮਤਾ ਨਾਲ ਕੀਤਾ ਵਿਹਾਰ ਪ੍ਰਵਾਨ ਨਹੀਂ: ਕਾਂਗਰਸ

**ਨਵੀਂ ਦਿੱਲੀ:** ਕਾਂਗਰਸ ਨੇ ਕਿਹਾ ਹੈ ਕਿ ਨੀਤੀ ਆਯੋਗ ਦੀ ਮੀਟਿੰਗ 'ਚ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨਾਲ ਕੀਤਾ ਗਿਆ ਵਿਹਾਰ ਮਨਜ਼ੂਰ ਨਹੀਂ ਹੈ। ਕਾਂਗਰਸ ਨੇ ਦੋਸ਼ ਲਾਇਆ ਕਿ ਨੀਤੀ ਆਯੋਗ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 'ਹਮਾਇਤੀ' ਵਜੋਂ ਕੰਮ ਕਰ ਰਿਹਾ ਹੈ। ਕਾਂਗਰਸ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ ਕਿ ਨੀਤੀ ਆਯੋਗ ਦੀ ਸਥਾਪਨਾ 10 ਸਾਲ ਪਹਿਲਾਂ ਕੀਤੀ ਗਈ ਸੀ ਅਤੇ ਇਹ ਪ੍ਰਧਾਨ ਮੰਤਰੀ ਦਫ਼ਤਰ ਨਾਲ ਜੁੜਿਆ ਹੋਇਆ ਹੈ। 'ਨੀਤੀ ਆਯੋਗ ਗ਼ੈਰ-ਜੈਵਿਕ ਪ੍ਰਧਾਨ ਮੰਤਰੀ ਦੇ ਹਮਾਇਤੀ ਵਜੋਂ ਕੰਮ ਕਰ ਰਿਹਾ ਹੈ।'

## ਬਜਟ ਨੇ ਪੰਜਾਬ ਨੂੰ ਬੇਗਾਨਗੀ ਦਾ ਅਹਿਸਾਸ ਕਰਵਾਇਆ: ਮੀਤ



**ਨਵੀਂ ਦਿੱਲੀ:** 'ਆਪ' ਦੇ ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਨੇ ਕੇਂਦਰੀ ਬਜਟ ਨੂੰ ਪੰਜਾਬ ਨੂੰ 'ਬੇਗਾਨਗੀ ਦਾ ਅਹਿਸਾਸ' ਕਰਵਾਉਣ ਵਾਲਾ ਕਰਾਰ ਦਿੰਦਿਆਂ ਕਿਹਾ ਕਿ ਇਸ ਵਿਚ ਸੂਬੇ ਦਾ ਜ਼ਿਕਰ ਤੱਕ ਵੀ ਨਹੀਂ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਪੰਜਾਬੀਆਂ ਦੀਆਂ ਦੇਸ਼ ਪ੍ਰਤੀ ਮਹਾਨ ਕੁਰਬਾਨੀਆਂ ਨੂੰ ਮਿੱਟੀ ਵਿਚ ਰੋਲ ਦਿੱਤਾ ਹੈ। ਉਨ੍ਹਾਂ ਸਰਕਾਰ 'ਤੇ ਤਿੱਖਾ ਵਿਅੰਗ ਕਰਦਿਆਂ ਕਿਹਾ ਕਿ ਬਜਟ 'ਦੋ ਦਾ ਵਿਕਾਸ, ਬਾਕੀ ਸਭ ਦਾ ਸੱਤਿਆਨਾਸ' ਹੈ। ਲੋਕ ਸਭਾ 'ਚ ਬਜਟ 'ਤੇ ਬਹਿਸ ਵਿਚ ਹਿੱਸਾ ਲੈਂਦਿਆਂ ਮੀਤ ਹੇਅਰ ਨੇ ਸਖ਼ਤ ਲਹਿਜ਼ੇ ਵਿਚ ਕਿਹਾ ਕਿ ਬਜਟ ਦੀ ਕਾਪੀ ਪੜ੍ਹ ਕੇ ਅਜਿਹਾ ਮਹਿਸੂਸ ਹੁੰਦਾ ਹੈ ਜਿਵੇਂ ਪੰਜਾਬ ਇਸ ਦੇਸ਼ ਦਾ ਹਿੱਸਾ ਹੀ ਨਾ ਹੋਵੇ। ਉਨ੍ਹਾਂ ਕੇਂਦਰ ਨੂੰ ਸਵਾਲ ਕਰਦਿਆਂ ਕਿਹਾ ਕਿ ਪੰਜਾਬੀਆਂ ਨੂੰ ਘੱਟੋ-ਘੱਟ ਇਸ ਗੱਲ ਦਾ ਹੀ ਜਵਾਬ ਦੇ ਦਿਓ ਕਿ ਉਹ ਪੰਜਾਬ ਨਾਲ ਏਨੀ ਨਫ਼ਰਤ ਕਿਉਂ ਕਰਦੇ ਹਨ। 'ਪੰਜਾਬ ਦੇ ਕਿਸਾਨਾਂ ਨੇ ਦੇਸ਼ ਨੂੰ ਭੁੱਖਮਰੀ ਵਿਚੋਂ ਕੱਢਿਆ ਅਤੇ ਦੇਸ਼ ਦੀ ਰਾਖੀ ਲਈ ਸਾਡੇ ਨੌਜਵਾਨਾਂ ਨੇ ਜਾਨਾਂ ਕੁਰਬਾਨ ਕਰ ਦਿੱਤੀਆਂ ਪਰ ਸਾਨੂੰ ਸਨਮਾਨ ਦੇਣ ਦੀ ਬਜਾਏ ਕੇਂਦਰ ਸਰਕਾਰ ਬੇਗਾਨਗੀ ਵਾਲਾ ਵਤੀਰਾ ਅਪਣਾ ਰਹੀ ਹੈ।'

### ਸਾਹਨੀ ਨੇ ਪੰਜਾਬ ਲਈ ਵਿਸ਼ੇਸ਼ ਗ੍ਰਾਂਟ ਮੰਗੀ

**ਚੰਡੀਗੜ੍ਹ:** ਰਾਜ ਸਭਾ 'ਚ ਬਜਟ 'ਤੇ ਬਹਿਸ 'ਚ ਹਿੱਸਾ ਲੈਂਦਿਆਂ ਡਾ. ਵਿਕਰਮਜੀਤ ਸਿੰਘ ਸਾਹਨੀ ਨੇ ਪੰਜਾਬ ਲਈ ਵਿਸ਼ੇਸ਼ ਗ੍ਰਾਂਟ ਦੀ ਮੰਗ ਕੀਤੀ। ਉਨ੍ਹਾਂ ਕਿਹਾ, "ਬਜਟ ਵਿਚ ਕੁਝ ਰਾਜਾਂ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਪਰ ਇਹ ਦੇਖ ਕੇ ਨਿਰਾਸ਼ਾ ਹੁੰਦੀ ਹੈ ਕਿ ਦੇਸ਼ ਦੀਆਂ ਖੁਰਾਕ, ਸੁਰੱਖਿਆ ਅਤੇ ਸਰਹੱਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਵਾਲੇ ਪੰਜਾਬ ਨੂੰ ਕੁਝ ਵੀ ਨਹੀਂ ਦਿੱਤਾ ਗਿਆ ਹੈ।"

### ਸਰਕਾਰ ਨੇ ਕਿਸਾਨਾਂ ਨੂੰ ਅਣਡਿੱਠ ਕੀਤਾ: ਹਰਸਿਮਰਤ

**ਨਵੀਂ ਦਿੱਲੀ:** ਅਕਾਲੀ ਦਲ ਦੀ ਬਠਿੰਡਾ ਤੋਂ ਲੋਕ ਸਭਾ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਕੇਂਦਰੀ ਬਜਟ ਵਿਚ ਕਿਸਾਨਾਂ ਨੂੰ ਪੂਰੀ ਤਰ੍ਹਾਂ ਅਣਡਿੱਠ ਕੀਤਾ ਗਿਆ ਹੈ। ਬਜਟ 'ਤੇ ਬਹਿਸ 'ਚ ਹਿੱਸਾ ਲੈਂਦਿਆਂ ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਮੁਤਾਬਕ ਫ਼ਸਲਾਂ 'ਤੇ ਐਮ.ਐਸ.ਪੀ. ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਇਹ 'ਸਰਕਾਰ ਬਚਾਓ ਬਜਟ' ਹੈ ਜਿਸ ਵਿਚ ਕਿਸਾਨਾਂ, ਗਰੀਬਾਂ, ਔਰਤਾਂ ਅਤੇ ਨੌਜਵਾਨਾਂ ਨਾਲ ਵਿਤਕਰਾ ਕੀਤਾ ਗਿਆ ਹੈ।

## ਕੇਂਦਰ ਨੇ ਜਾਣ-ਬੁੱਝ ਕੇ ਇਕ ਹਜ਼ਾਰ ਕਰੋੜ ਦੇ ਫੰਡ ਰੋਕੇ: ਭਗਵੰਤ ਮਾਨ



**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸੂਬੇ ਵਿਚ ਸਿਹਤ ਸਹੂਲਤਾਂ ਦੇ ਮੁੱਦੇ ਸਬੰਧੀ ਕੇਂਦਰ ਸਰਕਾਰ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਭਾਜਪਾ ਸਰਕਾਰ ਨੇ ਜਾਣ-ਬੁੱਝ ਕੇ ਕੌਮੀ ਸਿਹਤ ਮਿਸ਼ਨ ਤਹਿਤ ਸੂਬੇ ਦੇ ਇਕ ਕਰੋੜ ਰੁਪਏ ਦੇ ਫੰਡ ਰੋਕ ਰੱਖੇ ਹਨ ਤਾਂ ਜੋ ਪੰਜਾਬੀਆਂ ਨੂੰ ਮਿਆਰੀ ਸਿਹਤ ਸੇਵਾਵਾਂ ਤੋਂ ਵਾਂਝਾ ਰੱਖਿਆ ਜਾ ਸਕੇ।

ਉਨ੍ਹਾਂ ਚੰਡੀਗੜ੍ਹ ਸਥਿਤ ਆਪਣੀ ਰਿਹਾਇਸ਼ ਤੋਂ ਸਿਹਤ ਮੰਤਰੀ ਡਾ. ਬਲਬੀਰ ਸਿੰਘ ਦੀ ਮੌਜੂਦਗੀ ਵਿਚ 58 ਹਾਈਟੈੱਕ ਐਂਬੂਲੈਂਸਾਂ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕਰਨ ਮਗਰੋਂ ਗੱਲਬਾਤ ਕਰਦਿਆਂ ਕਿਹਾ ਕਿ ਹੁਣ ਕੁੱਲ 325 ਐਂਬੂਲੈਂਸਾਂ ਲੋਕਾਂ ਦੀ ਸੇਵਾ ਲਈ ਉਪਲਬਧ ਰਹਿਣਗੀਆਂ। ਉਨ੍ਹਾਂ ਕਿਹਾ ਕਿ ਅਤਿ-ਆਧੁਨਿਕ ਐਂਬੂਲੈਂਸਾਂ ਰਾਹੀਂ ਸ਼ਹਿਰੀ ਖੇਤਰ ਦੇ ਲੋੜਵੰਦ ਮਰੀਜ਼ਾਂ ਤੱਕ 15 ਮਿੰਟ ਅਤੇ ਪੇਂਡੂ ਖੇਤਰ ਦੇ ਮਰੀਜ਼ਾਂ ਤੱਕ 20 ਮਿੰਟ ਵਿਚ ਪਹੁੰਚ ਯਕੀਨੀ ਬਣਾਈ ਜਾਵੇਗੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਕਿਸੇ ਨਾ ਕਿਸੇ ਬਹਾਨੇ ਗੈਰ-ਭਾਜਪਾ ਸਰਕਾਰਾਂ ਨੂੰ ਤੰਗ-ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਇਸੇ ਤਹਿਤ ਕੇਂਦਰੀ ਬਜਟ ਵਿਚ ਪੰਜਾਬ ਨੂੰ ਪੂਰੀ ਤਰ੍ਹਾਂ ਅਣਗੌਲਿਆ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਜਾਣ-ਬੁੱਝ ਕੇ ਪੰਜਾਬ ਨਾਲ ਮਤਰੇਆ ਸਲੂਕ ਕੀਤਾ ਜਾ ਰਿਹਾ ਹੈ, ਜਦੋਂ ਕਿ ਦੇਸ਼ ਨੂੰ ਆਜ਼ਾਦ ਕਰਾਉਣ ਤੋਂ ਲੈ ਕੇ ਅਨਾਜ ਉਤਪਾਦਨ ਵਿਚ ਆਤਮ-ਨਿਰਭਰ ਬਣਾਉਣ ਅਤੇ ਦੇਸ਼ ਦੀ ਏਕਤਾ, ਅਖੰਡਤਾ ਤੇ ਪ੍ਰਭੂਸੱਤਾ ਦੀ ਰਾਖੀ ਲਈ ਪੰਜਾਬ ਨੇ ਅਹਿਮ ਯੋਗਦਾਨ ਪਾਇਆ ਹੈ। ਇਸ ਦੇ ਬਾਵਜੂਦ ਕੇਂਦਰੀ ਬਜਟ ਵਿਚ ਪੰਜਾਬ ਨੂੰ ਪੂਰੀ ਤਰ੍ਹਾਂ ਅਣਗੌਲਿਆ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੀ ਇਸ ਧੱਕੇਸ਼ਾਹੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਨੂੰ ਮੌਜੂਦਾ ਸਮੇਂ ਵਿਸ਼ੇਸ਼ ਪੈਕੇਜ ਦੇਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਨੀਤੀ ਆਯੋਗ ਦੀਆਂ ਮੀਟਿੰਗਾਂ ਅਰਥਹੀਣ ਹਨ ਕਿਉਂਕਿ ਇੱਥੇ ਸੂਬਿਆਂ ਨੂੰ ਆਪਣੇ ਮੁੱਦਿਆਂ ਨੂੰ ਦਰਸਾਉਣ ਲਈ ਉਚਿਤ ਸਮਾਂ ਨਹੀਂ ਦਿੱਤਾ ਜਾਂਦਾ ਹੈ। ਇਸੇ ਕਾਰਨ ਇਸ ਵਾਰ ਨੀਤੀ ਆਯੋਗ ਦੀ ਮੀਟਿੰਗ ਦਾ ਬਾਈਕਾਟ ਕੀਤਾ।

## ਕੈਨੇਡਾ ਹਾਦਸੇ ਵਿਚ ਤਿੰਨ ਪੰਜਾਬੀ ਵਿਦਿਆਰਥੀਆਂ ਦੀ ਮੌਤ

**ਪਟਿਆਲਾ:** ਕੈਨੇਡਾ ਦੇ ਮਾਊਂਟੇਨ ਸਿਟੀ ਵਿਚ ਇਕ ਸੜਕ ਹਾਦਸੇ ਵਿਚ ਪੰਜਾਬ ਦੇ ਤਿੰਨ ਵਿਦਿਆਰਥੀਆਂ ਦੀ ਮੌਤ ਹੋ ਗਈ। ਮਰਨ ਵਾਲਿਆਂ ਵਿਚ ਲੁਧਿਆਣਾ ਦੇ ਮਲੌਦ ਪਿੰਡ ਦੇ ਦੋ ਚਚੇਰੇ ਭੈਣ-ਭਰਾ ਸ਼ਾਮਲ ਹਨ ਜਿਨ੍ਹਾਂ ਦੀ ਪਛਾਣ ਹਰਮਨ ਸੋਮਲ (23) ਅਤੇ ਨਵਜੋਤ ਸੋਮਲ (19) ਵਜੋਂ ਹੋਈ ਹੈ। ਇਸ ਹਾਦਸੇ ਵਿਚ ਸੰਗਰੂਰ ਜ਼ਿਲ੍ਹੇ ਦੇ ਸਮਾਣਾ ਦੀ ਰਹਿਣ ਵਾਲੀ ਰਸ਼ਮਦੀਪ ਕੌਰ (23) ਦੀ ਵੀ ਮੌਤ ਹੋ ਗਈ। ਰਸ਼ਮਦੀਪ ਕੌਰ ਦੇ ਚਾਚਾ ਚਮਕੌਰ ਸਿੰਘ ਨੇ ਦੱਸਿਆ ਕਿ ਇਹ ਸਾਰੇ ਮਾਊਂਟੇਨ ਸਿਟੀ ਵਿਚ ਆਪਣੀਆਂ ਪੀਆਰ ਫਾਈਲਾਂ ਜਮ੍ਹਾਂ ਕਰਾ ਕੇ ਟੈਕਸੀ ਰਾਹੀਂ ਵਾਪਸ ਆ ਰਹੇ ਸਨ ਜਦੋਂ ਕਾਰ ਦਾ ਇਕ ਟਾਇਰ ਫਟ ਗਿਆ ਅਤੇ ਗੱਡੀ ਪਲਟ ਗਈ। ਇਸ ਤੋਂ ਬਾਅਦ ਤਿੰਨੋਂ ਵਿਦਿਆਰਥੀਆਂ ਦੀ ਮੌਤ ਹੋ ਗਈ, ਜਦਕਿ ਟੈਕਸੀ ਡਰਾਈਵਰ ਘਟਨਾ ਵਿਚ ਵਾਲ-ਵਾਲ ਬਚ ਗਿਆ। ਰਸ਼ਮਦੀਪ ਕੌਰ ਚਾਰ ਸਾਲ ਪਹਿਲਾਂ ਕੈਨੇਡਾ ਗਈ ਸੀ।

## ਅੰਮ੍ਰਿਤਪਾਲ ਸਿੰਘ ਦੀ ਨਜ਼ਰਬੰਦੀ ਅਣਐਲਾਨੀ ਐਮਰਜੈਂਸੀ: ਚੰਨੀ

**ਨਵੀਂ ਦਿੱਲੀ:** ਕਾਂਗਰਸ ਆਗੂ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਐਨ.ਐਸ.ਏ. ਤਹਿਤ ਇਕ ਚੁਣੇ ਹੋਏ ਸੰਸਦ ਮੈਂਬਰ ਦੀ ਨਜ਼ਰਬੰਦੀ ਕੇਂਦਰ ਵੱਲੋਂ 'ਅਣਐਲਾਨੀ ਐਮਰਜੈਂਸੀ' ਦਾ ਹਿੱਸਾ ਸੀ।

ਭਾਜਪਾ ਨੇ ਕਿਹਾ ਕਿ ਉਹ ਜੇਲ੍ਹ ਵਿਚ ਬੰਦ ਸਿੱਖ ਪ੍ਰਚਾਰਕ ਅੰਮ੍ਰਿਤਪਾਲ ਸਿੰਘ ਦਾ ਹਵਾਲਾ ਦੇ ਰਹੇ ਹਨ। ਸਾਬਕਾ ਮੁੱਖ ਮੰਤਰੀ ਨੇ ਲੋਕ ਸਭਾ ਚੋਣਾਂ ਦਾ ਜ਼ਿਕਰ ਕਰਦਿਆਂ ਕਿਹਾ, 'ਇਹ ਵੀ ਇਕ ਐਮਰਜੈਂਸੀ ਹੈ ਕਿ ਪੰਜਾਬ ਵਿਚ ਵੱਡੀ ਗਿਣਤੀ ਲੋਕਾਂ ਵੱਲੋਂ ਚੁਣੇ ਗਏ ਇਕ ਸੰਸਦ ਮੈਂਬਰ ਨੂੰ ਐਨ.ਐਸ.ਏ. (ਕੌਮੀ ਸੁਰੱਖਿਆ ਐਕਟ) ਤਹਿਤ ਹਿਰਾਸਤ ਵਿਚ ਲਿਆ ਗਿਆ ਹੈ।

ਉਹ ਇੱਥੇ (ਸੰਸਦ ਵਿਚ) ਆਪਣੇ ਹਲਕੇ ਬਾਰੇ ਬੋਲਣ ਤੋਂ ਅਸਮਰੱਥ ਹੈ, ਇਹ ਵੀ ਐਮਰਜੈਂਸੀ ਹੈ।' ਕਾਂਗਰਸ ਨੇ ਚੰਨੀ ਦੇ ਇਸ ਬਿਆਨ ਤੋਂ ਪੱਲਾ ਝਾੜ ਲਿਆ ਹੈ।

## ਕਿਸਾਨਾਂ 'ਤੇ ਕਾਰਵਾਈ ਕਰਨ ਵਾਲੇ ਅਧਿਕਾਰੀਆਂ ਨੂੰ ਪੁਰਸਕਾਰ ਦਾ ਮਾਮਲਾ ਭਖਿਆ



**ਚੰਡੀਗੜ੍ਹ:** ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਰਾਸ਼ਟਰਪਤੀ ਦਰੋਪਦੀ ਮੁਰਮੂ ਨੂੰ ਪੱਤਰ ਲਿਖਿਆ ਹੈ। ਇਸ ਪੱਤਰ ਰਾਹੀਂ ਉਨ੍ਹਾਂ ਹਰਿਆਣਾ ਦੇ ਡੀ.ਜੀ.ਪੀ. ਵੱਲੋਂ ਕਿਸਾਨਾਂ ਨੂੰ ਸ਼ੰਭੂ ਤੇ ਖਨੌਰੀ ਬਾਰਡਰ 'ਤੇ ਰੋਕਣ ਵਾਲੇ ਪੁਲਿਸ ਅਧਿਕਾਰੀਆਂ ਨੂੰ ਬਹਾਦਰੀ ਪੁਰਸਕਾਰ ਦੇਣ ਦੀਆਂ ਸਿਫਾਰਸ਼ਾਂ ਰੱਦ ਕਰਨ ਦੀ ਮੰਗ ਕੀਤੀ ਹੈ।

ਸ੍ਰੀ ਬਾਜਵਾ ਨੇ ਪੱਤਰ 'ਚ ਲਿਖਿਆ ਕਿ ਇਹ ਪੁਰਸਕਾਰ ਉਨ੍ਹਾਂ ਪੁਲਿਸ ਅਧਿਕਾਰੀਆਂ ਲਈ ਤਜਵੀਜ਼ ਕੀਤੇ ਗਏ ਹਨ, ਜਿਨ੍ਹਾਂ 'ਤੇ ਸ਼ੰਭੂ ਅਤੇ ਖਨੌਰੀ ਬਾਰਡਰ 'ਤੇ ਸ਼ਾਂਤਮਈ ਵਿਰੋਧ ਪ੍ਰਦਰਸ਼ਨ ਦੌਰਾਨ ਕਿਸਾਨਾਂ 'ਤੇ ਅੰਨ੍ਹੇਵਾਹ ਗੋਲੀਆਂ ਚਲਾਉਣ ਦੇ ਹੁਕਮ ਦੇਣ ਦਾ ਦੋਸ਼ ਹੈ। ਇਸ ਲਈ ਹਰਿਆਣਾ ਪੁਲਿਸ ਅਧਿਕਾਰੀਆਂ ਲਈ ਬਹਾਦਰੀ ਪੁਰਸਕਾਰ ਦੀਆਂ ਸਿਫਾਰਸ਼ਾਂ ਨੂੰ ਰੱਦ ਕਰਨ ਕੀਤਾ ਜਾਵੇ। ਸ੍ਰੀ ਬਾਜਵਾ ਨੇ ਕਿਹਾ ਕਿ ਹਰਿਆਣਾ ਪੁਲਿਸ ਨੇ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਦੇ ਅਧਿਕਾਰਾਂ ਦੀ ਰਾਖੀ ਕਰਨ ਦੀ ਥਾਂ ਉਨ੍ਹਾਂ ਵਿਰੁੱਧ ਤਾਕਤ ਦੀ ਵਰਤੋਂ ਕੀਤੀ, ਜਿਸ ਦੇ ਨਤੀਜੇ ਵਜੋਂ ਨੌਜਵਾਨ ਕਿਸਾਨ ਸ਼ੁਭਕਰਨ ਸਿੰਘ ਦੀ ਮੌਤ ਹੋ ਗਈ ਅਤੇ ਸ਼ੰਭੂ ਤੇ ਖਨੌਰੀ ਬਾਰਡਰ 'ਤੇ ਅੰਦੋਲਨਕਾਰੀ ਕਿਸਾਨ ਵੀ ਜ਼ਖ਼ਮੀ ਹੋ ਗਏ। ਉਨ੍ਹਾਂ ਦੋਸ਼ ਲਾਇਆ ਕਿ ਹਰਿਆਣਾ ਪੁਲਿਸ ਨੇ ਕਿਸਾਨਾਂ ਨਾਲ ਧੱਕੇਸ਼ਾਹੀ ਕੀਤੀ ਅਤੇ ਉਨ੍ਹਾਂ ਵਿਰੁੱਧ ਝੂਠੇ ਕੇਸ ਦਰਜ ਕੀਤੇ ਸਨ।

ਵਿਰੋਧੀ ਧਿਰ ਦੇ ਆਗੂ ਨੇ ਕਿਹਾ ਕਿ ਉਕਤ ਪੁਲਿਸ ਅਧਿਕਾਰੀਆਂ ਨੂੰ ਬਹਾਦਰੀ ਪੁਰਸਕਾਰਾਂ ਲਈ ਹਰਿਆਣਾ ਸਰਕਾਰ ਦੀ ਸਿਫਾਰਸ਼ ਚੱਲ ਰਹੀ ਨਿਆਇਕ ਪ੍ਰਕਿਰਿਆ ਵਿਚ ਸਿੱਧੀ ਦਖਲਅੰਦਾਜ਼ੀ ਸਾਬਤ ਕਰਦੀ ਹੈ। ਹਰਿਆਣਾ ਸਰਕਾਰ ਦੇ ਅਜਿਹੇ ਰਵੱਈਏ ਕਰ ਕੇ ਹਰਿਆਣਾ ਪੁਲਿਸ ਤੋਂ ਨਿਰਪੱਖ ਜਾਂਚ ਦੀ ਉਮੀਦ ਨਹੀਂ ਕੀਤੀ ਜਾ ਸਕਦੀ।

### ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ ਕਿਸਾਨਾਂ ਦਾ ਹੱਕ: ਰਾਹੁਲ

**ਨਵੀਂ ਦਿੱਲੀ:** ਕਾਂਗਰਸ ਆਗੂ ਤੇ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਕਿਹਾ ਕਿ ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ ਕਿਸਾਨਾਂ ਦਾ ਅਧਿਕਾਰ ਹੈ ਤੇ 'ਇੰਡੀਆ' ਗੱਠਜੋੜ ਯਕੀਨੀ ਬਣਾਏਗਾ ਕਿ ਕਿਸਾਨਾਂ ਨੂੰ ਉਨ੍ਹਾਂ ਦੇ ਹੱਕ ਮਿਲਣ। ਗਾਂਧੀ ਨੇ ਸੰਸਦ ਭਵਨ ਦੇ ਅਹਾਤੇ ਵਿਚਲੇ ਆਪਣੇ ਦਫ਼ਤਰ ਵਿਚ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਦੇ 12 ਮੈਂਬਰੀ ਵਫ਼ਦ ਨਾਲ ਮੁਲਾਕਾਤ ਕੀਤੀ। ਗਾਂਧੀ ਨੇ ਕਿਸਾਨ ਆਗੂਆਂ ਨੂੰ ਦੱਸਿਆ ਕਿ ਹੁਣ ਤੱਕ ਦੀ ਸਮੀਖਿਆ ਤੋਂ ਸਾਫ਼ ਹੈ ਕਿ ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ ਨੂੰ ਲਾਗੂ ਕੀਤਾ ਜਾ ਸਕਦਾ ਹੈ।

# ਸੁਖਬੀਰ ਨੇ ਜਥੇਦਾਰ ਨੂੰ ਬੰਦ ਲਿਫਾਫੇ ਵਿਚ ਸਪਸ਼ਟੀਕਰਨ ਸੌਂਪਿਆ



**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਇਥੇ ਸ੍ਰੀ ਅਕਾਲ ਤਖਤ ਅੱਗੇ ਪੇਸ਼ ਹੋਏ। ਉਨ੍ਹਾਂ ਆਪਣਾ ਸਪਸ਼ਟੀਕਰਨ ਬੰਦ ਲਿਫਾਫੇ ਵਿਚ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਸੌਂਪਿਆ। ਜਥੇਦਾਰ ਨੇ ਕਿਹਾ ਕਿ ਇਸ ਸਪਸ਼ਟੀਕਰਨ ਨੂੰ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਵਿਚ ਵਿਚਾਰਨ ਉਪਰੰਤ ਅਗਲੀ ਕਾਰਵਾਈ ਕੀਤੀ ਜਾਵੇਗੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਵੀ ਆਪਣਾ ਸਪਸ਼ਟੀਕਰਨ ਅਕਾਲ ਤਖ਼ਤ ਵਿਖੇ ਸੌਂਪ ਦਿੱਤਾ ਹੈ। ਪੰਜ ਸਿੰਘ ਸਾਹਿਬਾਨ ਦੀ 15 ਜੁਲਾਈ ਨੂੰ ਹੋਈ ਬੈਠਕ ਵਿਚ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਵਿਰੋਧੀ ਧੜੇ ਵੱਲੋਂ ਲਾਏ ਗਏ ਦੋਸ਼ਾਂ ਸਬੰਧੀ ਸਪਸ਼ਟੀਕਰਨ ਦੇਣ ਲਈ 15 ਦਿਨਾਂ ਅੰਦਰ ਨਿੱਜੀ ਤੌਰ 'ਤੇ ਪੇਸ਼ ਹੋਣ ਦੇ ਹੁਕਮ ਦਿੱਤੇ ਸਨ। ਸ੍ਰੀ ਬਾਦਲ ਨੇ ਉਪਰੋਕਤ ਦੋਸ਼ਾਂ ਦੇ ਸਬੰਧ ਵਿਚ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਆਪਣਾ ਸਪਸ਼ਟੀਕਰਨ ਸੌਂਪਿਆ। ਇਸ ਮੌਕੇ ਉਨ੍ਹਾਂ ਦੇ ਨਾਲ ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ, ਬਲਵਿੰਦਰ ਸਿੰਘ ਭੂੰਦੜ, ਮਹੇਸ਼ ਇੰਦਰ ਸਿੰਘ ਗਰੇਵਾਲ ਤੇ ਹੋਰ ਹਾਜ਼ਰ ਸਨ।

ਇਸ ਤੋਂ ਪਹਿਲਾਂ ਉਨ੍ਹਾਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਅਤੇ ਸ੍ਰੀ ਅਕਾਲ ਤਖਤ ਵਿਖੇ ਮੱਥਾ ਟੇਕਿਆ। ਉਨ੍ਹਾਂ ਮੀਡੀਆ ਨਾਲ ਗੱਲ ਕਰਨ ਤੋਂ ਸੰਕੋਚ ਕੀਤਾ। ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਦੱਸਿਆ ਕਿ ਸੁਖਬੀਰ ਸਿੰਘ ਬਾਦਲ ਵੱਲੋਂ ਦਿੱਤਾ ਗਿਆ ਸਪਸ਼ਟੀਕਰਨ ਮਿਲ ਗਿਆ ਹੈ ਅਤੇ ਇਸ ਨੂੰ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਵਿਚ ਵਿਚਾਰਨ ਉਪਰੰਤ ਅਗਲੇਰੀ ਕਾਰਵਾਈ ਹੋਵੇਗੀ।

ਦੱਸਣਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਨਾਰਾਜ਼ ਧੜੇ ਵਿਚ ਸ਼ਾਮਲ ਆਗੂਆਂ ਬੀਬੀ ਜਗੀਰ ਕੌਰ, ਪ੍ਰੇਮ ਸਿੰਘ ਚੰਦੂਮਾਜਰਾ, ਪਰਮਿੰਦਰ ਸਿੰਘ ਢੀਂਡਸਾ ਤੇ ਹੋਰਨਾਂ ਨੇ ਪਹਿਲੀ ਜੁਲਾਈ ਨੂੰ ਸ੍ਰੀ ਅਕਾਲ ਤਖਤ ਵਿਖੇ ਇਕ ਪੱਤਰ ਦੇ ਕੇ ਖਿਮਾ ਯਾਚਨਾ ਦੀ ਅਪੀਲ ਕੀਤੀ ਸੀ। ਇਸ ਪੱਤਰ ਵਿਚ ਉਨ੍ਹਾਂ ਦੋਸ਼ ਲਾਇਆ ਸੀ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵੇਲੇ ਅਕਾਲੀ ਸਰਕਾਰ ਕੋਲੋਂ ਵੱਡੀਆਂ ਭੁੱਲਾਂ ਤੇ ਗਲਤੀਆਂ ਹੋਈਆਂ ਹਨ। ਉਸ ਵੇਲੇ ਉਹ ਵੀ ਅਕਾਲੀ ਦਲ ਦੀ ਸਰਕਾਰ ਵਿਚ ਸ਼ਾਮਲ ਸਨ ਅਤੇ ਇਨ੍ਹਾਂ ਭੁੱਲਾਂ ਅਤੇ ਗਲਤੀਆਂ ਦਾ ਬੋਝ ਮਹਿਸੂਸ ਕਰ ਰਹੇ ਹਨ। ਇਸ ਪੱਤਰ ਵਿਚ ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ 'ਤੇ ਚਾਰ ਅਹਿਮ ਦੋਸ਼ ਲਾਏ ਸਨ। ਜਿਨ੍ਹਾਂ ਵਿਚ ਸਲਾਬਤਪੁਰਾ ਕੇਸ ਵਿਚ ਡੇਰਾ ਮੁਖੀ ਖਿਲਾਫ ਕਾਰਵਾਈ ਦੀ ਥਾਂ ਦਰਜ ਕੇਸ ਵਾਪਸ ਲੈਣਾ, 2015 ਵਿਚ ਹੋਈਆਂ ਬੇਅਦਬੀਆਂ ਦੇ ਮਾਮਲੇ ਵਿਚ ਸਰਕਾਰ ਦੋਸ਼ੀਆਂ ਖਿਲਾਫ ਕਾਰਵਾਈ ਕਰਨ ਵਿਚ ਅਸਫਲ ਰਹੀ, ਡੇਰਾ ਸਿਰਸਾ ਮੁਖੀ ਨੂੰ ਮਾਫ ਕਰਵਾਉਣ ਵਾਸਤੇ ਸਰਕਾਰ ਵਲੋਂ ਪ੍ਰਭਾਵ ਵਰਤਣਾ ਅਤੇ ਸੁਮੇਧ ਸੈਣੀ ਨੂੰ ਡੀ.ਜੀ.ਪੀ. ਬਣਾਉਣਾ ਤੇ ਹੋਰ ਸ਼ਾਮਲ ਸੀ। ਸ਼੍ਰੋਮਣੀ ਅਕਾਲੀ ਦਲ ਇਸ ਵੇਲੇ ਅੰਦਰੂਨੀ ਸੰਕਟ ਨਾਲ ਜੂਝ ਰਿਹਾ ਹੈ। ਨਾਰਾਜ਼ ਧਿਰ ਵੱਲੋਂ ਸੁਖਬੀਰ ਸਿੰਘ ਬਾਦਲ ਨੂੰ ਪ੍ਰਧਾਨ ਦਾ ਅਹੁਦਾ ਛੱਡਣ ਦੀ ਵੀ ਮੰਗ ਕੀਤੀ ਜਾ ਰਹੀ ਹੈ।

ਉਧਰ, ਸ਼੍ਰੋਮਣੀ ਕਮੇਟੀ ਵਲੋਂ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਵੀ ਬੰਦ ਲਿਫਾਫਾ ਸਪਸ਼ਟੀਕਰਨ ਦਿੱਤਾ ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਗੁਰਚਰਨ ਸਿੰਘ ਗਰੇਵਾਲ, ਅਲਵਿੰਦਰ ਸਿੰਘ ਪੱਖੋਕੇ ਅਤੇ ਸਕੱਤਰ ਪ੍ਰਤਾਪ ਸਿੰਘ ਮੌਜੂਦ ਸਨ।

### ਸ਼੍ਰੋਮਣੀ ਕਮੇਟੀ ਖਿਲਾਫ ਲੱਗੇ ਦੋਸ਼ ਇਹ ਸਨ...

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਖਿਲਾਫ ਦੋਸ਼ ਹਨ ਕਿ ਉਸ ਨੇ ਡੇਰਾ ਸਿਰਸਾ ਮੁਖੀ ਨੂੰ ਮਾਫ ਕਰਨ ਦੇ ਮਾਮਲੇ ਦੀ ਪ੍ਰੋੜਤਾ ਕਰਦਿਆਂ ਲਗਭਗ 90 ਲੱਖ ਰੁਪਏ ਦੇ ਇਸ਼ਤਿਹਾਰ ਮੀਡੀਆ ਵਿਚ ਦਿੱਤੇ ਸਨ, ਜਦੋਂ ਕਿ ਸੰਗਤ ਰੋਹ ਦੇ ਕਾਰਨ ਬਾਅਦ ਵਿਚ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਡੇਰਾ ਸਿਰਸਾ ਨੂੰ ਮਾਫੀ ਦੇਣ ਦਾ ਫੈਸਲਾ ਵਾਪਸ ਲੈਣਾ ਪਿਆ ਸੀ। ਇਸ ਲਈ 90 ਲੱਖ ਰੁਪਏ ਦੀ ਖਰਚ ਕੀਤੀ ਰਕਮ ਨਾਲ ਗੁਰੂ ਦੀ ਗੋਲਕ ਉਤੇ ਵਾਧੂ ਬੋਝ ਪਾਇਆ ਗਿਆ ਸੀ।

## ਨਵੀਂ ਪੀੜ੍ਹੀ ਨੂੰ ਪੰਥਕ ਇਤਿਹਾਸ ਤੋਂ ਜਾਣੂ ਕਰਾਵਾਂਗੇ: ਚੰਦੂਮਾਜਰਾ



**ਪਟਿਆਲਾ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਸਾਬਕਾ ਸੰਸਦ ਮੈਂਬਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਅਕਾਲੀ ਸੁਧਾਰ ਲਹਿਰ ਸੈਮੀਨਾਰਾਂ ਰਾਹੀਂ ਅਕਾਲੀ ਦਲ ਲਈ ਕੁਰਬਾਨੀਆਂ ਕਰਨ ਵਾਲੇ ਆਗੂਆਂ ਦੀ ਜ਼ਿੰਦਗੀ ਬਾਰੇ ਨਵੀਂ ਪੀੜ੍ਹੀ ਨੂੰ ਜਾਣੂ ਕਰਵਾਏਗੀ। ਉਨ੍ਹਾਂ ਦੱਸਿਆ ਕਿ ਇਸ ਲੜੀ ਤਹਿਤ 5 ਅਗਸਤ ਨੂੰ ਪਹਿਲਾ ਸੈਮੀਨਾਰ ਮੱਖਣ ਸ਼ਾਹ ਲੁਬਾਣਾ ਆਡੀਟੋਰੀਅਮ, ਸੈਕਟਰ-30 ਚੰਡੀਗੜ੍ਹ 'ਚ ਕਰਵਾਇਆ ਜਾਵੇਗਾ। ਇਸ ਸੈਮੀਨਾਰ ਵਿਚ ਡਾ. ਬਲਕਾਰ ਸਿੰਘ, ਗੁਰਮੋਹਨ ਸਿੰਘ ਵਾਲੀਆ, ਪ੍ਰੋ. ਆਸ਼ਾ ਸਿੰਘ, ਮਾਲਵਿੰਦਰ ਸਿੰਘ ਮਾਲੀ, ਪੱਤਰਕਾਰ ਹਮੀਰ ਸਿੰਘ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ। ਪ੍ਰੋ. ਚੰਦੂਮਾਜਰਾ ਨੇ ਦੱਸਿਆ ਕਿ ਇਸ ਸੈਮੀਨਾਰ ਵਿਚ ਸਿੱਖ ਸਿਆਸਤ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਭੂਮਿਕਾ ਬਾਰੇ ਪਰਚੇ ਪੜ੍ਹੇ ਜਾਣਗੇ।

# ਅੰਮ੍ਰਿਤਸਰ ਤੋਂ ਅਮਰੀਕਾ ਤੇ ਕੈਨੇਡਾ ਲਈ ਸਿੱਧੀਆਂ ਉਡਾਣਾਂ ਦੀ ਮੰਗ

**ਨਵੀਂ ਦਿੱਲੀ:** 'ਆਪ' ਦੇ ਰਾਜ ਸਭਾ ਮੈਂਬਰ ਵਿਕਰਮ ਸਾਹਨੀ ਵੱਲੋਂ ਅੰਮ੍ਰਿਤਸਰ ਅਤੇ ਚੰਡੀਗੜ੍ਹ ਹਵਾਈ ਅੱਡਿਆਂ ਤੋਂ ਬਰਤਾਨੀਆ ਅਤੇ ਕੈਨੇਡਾ ਲਈ ਸਿੱਧੀਆਂ ਉਡਾਣਾਂ ਸ਼ੁਰੂ ਕਰਨ ਦਾ ਮੁੱਦਾ ਸਦਨ ਵਿਚ ਉਠਾਉਣ ਤੋਂ ਇਕ ਦਿਨ ਬਾਅਦ ਸਾਬਕਾ ਭਾਰਤੀ ਕ੍ਰਿਕਟਰ ਹਰਭਜਨ ਸਿੰਘ ਤੇ 'ਆਪ' ਦੇ ਰਾਜ ਸਭਾ ਮੈਂਬਰ ਨੇ ਗੁਰੂ ਨਗਰੀ ਵਿਚ ਹਵਾਈ ਅੱਡੇ ਦਾ ਵਿਸਥਾਰ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਏਜੰਸੀ ਨਾਲ ਗੱਲਬਾਤ ਕਰਦਿਆਂ ਕਿਹਾ, 'ਅਸੀਂ ਸਰਕਾਰ ਨੂੰ ਦੱਸਿਆ ਹੈ ਕਿ ਦੇਸ਼ ਭਰ ਵਿਚ ਹਵਾਈ ਅੱਡੇ ਬਣਾਏ ਜਾ ਰਹੇ ਹਨ, ਹਾਲਾਂਕਿ ਅੰਮ੍ਰਿਤਸਰ ਦਾ ਹਵਾਈ ਅੱਡਾ ਛੋਟਾ ਹੈ




ਅਤੇ ਇਸ ਦੇ ਵਿਸਥਾਰ ਦੀ ਲੋੜ ਹੈ। ਇਸ ਵੇਲੇ ਇੱਥੋਂ ਇਕ ਜਾਂ ਦੋ ਕੌਮਾਂਤਰੀ ਉਡਾਣਾਂ ਤੋਂ ਇਲਾਵਾ ਜ਼ਿਆਦਾਤਰ ਘਰੇਲੂ ਉਡਾਣਾਂ ਹੀ ਚਲਦੀਆਂ ਹਨ। ਅਸੀਂ ਚਾਹੁੰਦੇ ਹਾਂ ਕਿ ਉੱਥੋਂ ਸੰਯੁਕਤ ਰਾਜ ਅਤੇ ਕੈਨੇਡਾ ਲਈ ਵੀ ਸਿੱਧੀਆਂ ਉਡਾਣਾਂ ਸ਼ੁਰੂ ਹੋਣ।' ਹਰਭਜਨ ਨੇ ਕਿਹਾ, 'ਪੰਜਾਬ ਤੋਂ ਵੱਡੀ ਗਿਣਤੀ ਲੋਕ ਕੈਨੇਡਾ ਜਾਂ ਅਮਰੀਕਾ ਜਾਂਦੇ ਹਨ। ਜੇਕਰ ਪੰਜਾਬ ਤੋਂ ਅਮਰੀਕਾ ਜਾਂ ਕੈਨੇਡਾ ਲਈ ਸਿੱਧੀ ਉਡਾਣ ਸ਼ੁਰੂ ਹੁੰਦੀ ਹੈ ਤਾਂ ਇਸ ਨਾਲ ਪੰਜਾਬ ਦੇ ਲੋਕਾਂ ਦਾ ਕਾਫੀ ਖਰਚਾ ਬਚੇਗਾ। ਲੋਕ ਹੁਣ ਪਹਿਲਾਂ ਪੰਜਾਬ ਤੋਂ ਦਿੱਲੀ ਆਉਂਦੇ ਹਨ ਅਤੇ ਵਾਧੂ ਸਫ਼ਰ ਅਤੇ ਰਿਹਾਇਸ਼ ਕਾਰਨ ਉਨ੍ਹਾਂ ਦਾ ਖਰਚਾ ਵੱਧ ਜਾਂਦਾ ਹੈ। ਅਜਿਹੀ ਸਥਿਤੀ ਵਿਚ ਜੇਕਰ ਅੰਮ੍ਰਿਤਸਰ ਹਵਾਈ ਅੱਡੇ ਦਾ ਵਿਸਥਾਰ ਕੀਤਾ ਜਾਂਦਾ ਹੈ ਅਤੇ ਉਡਾਣਾਂ ਦੀ ਗਿਣਤੀ ਵਧਾਈ ਜਾਂਦੀ ਹੈ ਤਾਂ ਇਹ ਪੰਜਾਬ ਦੇ ਲੋਕਾਂ ਲਈ ਵੱਡੀ ਸਹੂਲਤ ਹੋਵੇਗੀ।

# ਗੁਰੂ ਰਾਮਦਾਸ ਤੇ ਗੁਰੂ ਅਮਰਦਾਸ ਨੂੰ ਸਮਰਪਿਤ ਸਮਾਗਮਾਂ ਦੀ ਸਮੀਖਿਆ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਗੁਰੂਆਂ ਨਾਲ ਸਬੰਧਤ ਸ਼ਤਾਬਦੀ ਸਮਾਗਮਾਂ ਸਬੰਧੀ ਰੂਪ-ਰੇਖਾ ਨੂੰ ਅੰਤਿਮ ਰੂਪ ਦਿੱਤਾ ਗਿਆ। ਇਸ ਤਹਿਤ ਗੁਰੂ ਰਾਮਦਾਸ ਦੇ ਗੁਰਤਾਗੱਦੀ ਦਿਵਸ ਅਤੇ ਗੁਰੂ ਅਮਰਦਾਸ ਦੇ ਜੋਤੀ-ਜੋਤਿ ਦਿਵਸ ਦੇ 450 ਸਾਲਾ ਸਮਾਗਮ ਅੰਮ੍ਰਿਤਸਰ ਅਤੇ ਸ੍ਰੀ ਗੋਇੰਦਵਾਲ ਵਿਚ ਕਰਵਾਉਣ ਦਾ ਫ਼ੈਸਲਾ ਕੀਤਾ ਗਿਆ ਹੈ।



ਇਸ ਤੋਂ ਇਲਾਵਾ ਨਗਰ ਕੀਰਤਨ ਤੇ ਸੈਮੀਨਾਰ ਵੀ ਕਰਵਾਏ ਜਾਣਗੇ ਅਤੇ ਸਿੱਖ ਮਾਰਸ਼ਲ ਆਰਟ ਗਤਕਾ ਦੇ ਮੁਕਾਬਲੇ ਹੋਣਗੇ। ਸ਼ਤਾਬਦੀ ਨੂੰ ਸਮਰਪਿਤ ਵਿਸ਼ੇਸ਼ ਸੋਵੀਨਰ ਵੀ ਪ੍ਰਕਾਸ਼ਿਤ ਕੀਤਾ ਜਾਵੇਗਾ। ਸ਼ਤਾਬਦੀ ਸਮਾਗਮਾਂ ਲਈ ਬਣਾਈਆਂ ਗਈਆਂ ਵੱਖ-ਵੱਖ ਸਬ-ਕਮੇਟੀਆਂ ਦੀ ਇਥੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ 'ਚ ਸਾਂਝੀ ਮੀਟਿੰਗ ਹੋਈ, ਜਿਸ ਵਿਚ ਸਮਾਗਮਾਂ ਦੀਆਂ ਤਿਆਰੀਆਂ ਦੀ ਸਮੀਖਿਆ ਕੀਤੀ ਗਈ।

ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਗੁਰੂ ਅਮਰਦਾਸ ਅਤੇ ਗੁਰੂ ਰਾਮਦਾਸ ਨਾਲ ਸਬੰਧਤ ਸ਼ਤਾਬਦੀਆਂ ਨੂੰ ਪੰਥਕ ਪ੍ਰੰਪਰਾਵਾਂ ਅਨੁਸਾਰ ਖਾਲਸਾਈ ਜਾਹੋ-ਜਲਾਲ ਨਾਲ ਮਨਾਇਆ ਜਾਵੇਗਾ। ਇਸ ਸਬੰਧੀ 13 ਤੇ 14 ਸਤੰਬਰ ਨੂੰ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਚ ਸਮਾਗਮ ਕੀਤੇ ਜਾਣਗੇ ਜਦੋਂਕਿ 15 ਤੋਂ 18 ਸਤੰਬਰ ਤੱਕ ਗੁਰਦੁਆਰਾ ਸ੍ਰੀ ਗੋਇੰਦਵਾਲ ਸਾਹਿਬ ਵਿਚ ਸ਼ਤਾਬਦੀ ਦੇ ਮੁੱਖ ਸਮਾਗਮ ਹੋਣਗੇ।

ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਸ਼ਤਾਬਦੀ ਨੂੰ ਸਮਰਪਿਤ ਗੁਰਦੁਆਰਾ ਸੰਨ੍ਹ ਸਾਹਿਬ ਬਾਸਰਕੇ ਗਿੱਲਾਂ ਵਿਚ 31 ਅਗਸਤ ਨੂੰ ਕੀਰਤਨ ਦਰਬਾਰ ਹੋਵੇਗਾ ਅਤੇ ਇਕ ਸਤੰਬਰ ਨੂੰ ਅਖੰਡ ਪਾਠ ਦੇ ਭੋਗ ਉਪਰੰਤ ਵਿਸ਼ਾਲ ਨਗਰ ਕੀਰਤਨ ਆਰੰਭ ਹੋ ਕੇ ਸ੍ਰੀ ਗੋਇੰਦਵਾਲ ਸਾਹਿਬ ਪੁੱਜੇਗਾ। ਇਸੇ ਤਰ੍ਹਾਂ 6 ਸਤੰਬਰ ਨੂੰ ਗੁਰਦੁਆਰਾ ਡੇਹਰਾ ਸਾਹਿਬ ਲੁਹਾਰ (ਤਰਨ ਤਾਰਨ) ਵਿਚ ਕੀਰਤਨ ਦਰਬਾਰ ਕਰਵਾਇਆ ਜਾਵੇਗਾ, 7 ਸਤੰਬਰ ਨੂੰ ਗੁਰਦੁਆਰਾ ਸ੍ਰੀ ਚੋਹਲਾ ਸਾਹਿਬ ਤੋਂ ਨਗਰ ਕੀਰਤਨ ਆਰੰਭ ਹੋਵੇਗਾ, ਜੋ ਗੁਰਦੁਆਰਾ ਡੇਹਰਾ ਸਾਹਿਬ ਲੁਹਾਰ ਤੋਂ ਹੁੰਦਾ ਹੋਇਆ ਗੋਇੰਦਵਾਲ ਸਾਹਿਬ ਪਹੁੰਚੇਗਾ। ਸ਼ਤਾਬਦੀ ਨੂੰ ਸਮਰਪਿਤ ਖਾਲਸਾ ਕਾਲਜ ਅੰਮ੍ਰਿਤਸਰ ਤੇ ਖਡੂਰ ਸਾਹਿਬ ਵਿਚ ਸੈਮੀਨਾਰ ਵੀ ਕਰਵਾਏ ਜਾਣਗੇ।

# ਜੀ.ਐਸ.ਟੀ. ਨਾਲ ਪੰਜਾਬ ਨੂੰ ਘਾਟਾ ਪਿਆ: ਚੀਮਾ



**ਚੰਡੀਗੜ੍ਹ:** ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਸੂਬਾ ਸਰਕਾਰ ਨੇ 16ਵੇਂ ਵਿੱਤ ਕਮਿਸ਼ਨ ਅੱਗੇ ਸੂਬੇ ਦੇ ਵਿਕਾਸ ਲਈ ਟੀਚੇ, ਚੁਣੌਤੀਆਂ ਅਤੇ ਲੋੜਾਂ ਸਬੰਧੀ ਕੇਸ ਬੜੀ ਮਜ਼ਬੂਤੀ ਨਾਲ ਉਠਾਇਆ ਹੈ। ਸੂਬਾ ਸਰਕਾਰ ਨੇ ਕੇਂਦਰੀ ਵਿੱਤ ਕਮਿਸ਼ਨ ਤੋਂ ਸੂਬੇ ਦੇ ਵਿਕਾਸ ਲਈ 1,32,247 ਕਰੋੜ ਰੁਪਏ ਦੇ ਫੰਡ ਦੀ ਮੰਗ ਕੀਤੀ ਹੈ।

ਵਿੱਤ ਮੰਤਰੀ ਨੇ ਵਿੱਤ ਕਮਿਸ਼ਨ ਨੂੰ ਦੱਸਿਆ ਕਿ ਅਟਾਰੀ-ਵਾਹਗਾ ਬਾਰਡਰ ਉਤੇ ਵਪਾਰਕ ਪਾਬੰਦੀ ਕਾਰਨ ਪੰਜਾਬ ਨੂੰ ਆਰਥਿਕ ਨੁਕਸਾਨ ਹੋ ਰਿਹਾ ਹੈ। ਹਾਲਾਂਕਿ ਇਹੀ ਵਪਾਰ ਗੁਜਰਾਤ ਦੀਆਂ ਬੰਦਰਗਾਹਾਂ ਰਾਹੀਂ ਜਾਰੀ ਹੈ। ਸੂਬਾ ਸਰਕਾਰ ਨੇ ਲਾਂਘੇ ਦੇ ਮੁੜ ਸ਼ੁਰੂ ਹੋਣ ਤੱਕ ਪੰਜਾਬ ਨੂੰ ਹੋਣ ਵਾਲੇ ਨੁਕਸਾਨ ਦੀ ਭਰਪਾਈ ਲਈ ਯਕਮੁਸ਼ਤ ਮੁਆਵਜ਼ੇ ਦੀ ਮੰਗ ਕੀਤੀ ਹੈ। ਵਿੱਤ ਮੰਤਰੀ ਨੇ ਕਿਹਾ ਕਿ ਦੇਸ਼ ਵਿਚ ਜੀ.ਐਸ.ਟੀ. ਦੇ ਲਾਗੂ ਹੋਣ ਨਾਲ ਪੰਜਾਬ ਨੂੰ ਵੱਡਾ ਵਿੱਤੀ ਘਾਟਾ ਪਿਆ ਹੈ। ਉਨ੍ਹਾਂ ਕੇਂਦਰੀ ਵਿੱਤ ਕਮਿਸ਼ਨ ਨੂੰ ਦੱਸਿਆ ਕਿ ਜੇ ਪੁਰਾਣੀ ਵੈਟ ਪ੍ਰਣਾਲੀ ਮੌਜੂਦਾ ਸਮੇਂ ਚੱਲ ਰਹੀ ਹੁੰਦੀ ਤਾਂ ਪੰਜਾਬ ਨੂੰ 25,750 ਕਰੋੜ ਜੀ.ਐਸ.ਟੀ. ਦੇ ਮੁਕਾਬਲੇ 45 ਹਜ਼ਾਰ ਕਰੋੜ ਤੋਂ ਵੱਧ ਦੀ ਕਮਾਈ ਹੋਣੀ ਸੀ। ਪੰਜਾਬ ਸਰਕਾਰ ਵੱਲੋਂ 16ਵੇਂ ਵਿੱਤ ਕਮਿਸ਼ਨ ਨਾਲ ਕੀਤੇ ਵਾਅਦਿਆਂ ਦਾ ਜ਼ਿਕਰ ਕਰਦਿਆਂ ਵਿੱਤ ਮੰਤਰੀ ਨੇ ਕਿਹਾ ਕਿ 'ਆਪ' ਸਰਕਾਰ ਨੇ ਪੂੰਜੀਗਤ ਖ਼ਰਚਿਆਂ ਨੂੰ ਵਧਾ ਕੇ ਰਾਜ ਦੇ ਕੁੱਲ ਘਰੇਲੂ ਉਤਪਾਦ ਦਾ 1.5 ਫੀਸਦੀ ਕਰਨ, ਵਿਰਾਸਤ ਵਿਚ ਮਿਲੇ ਬਕਾਇਆ ਕਰਜ਼ ਨੂੰ ਘਟਾਉਣ, ਮਾਲੀਆ ਪ੍ਰਾਪਤੀਆਂ, ਜੋ ਪਹਿਲਾਂ ਤੋਂ ਹੀ ਦੇਸ਼ ਦੀਆਂ ਔਸਤਨ ਪ੍ਰਾਪਤੀਆਂ ਤੋਂ ਵੱਧ ਹਨ, ਨੂੰ ਹੋਰ ਵਧਾਉਣ ਅਤੇ ਗ਼ੈਰ-ਤਰਕਸੰਗਤ ਖ਼ਰਚਿਆਂ ਨੂੰ ਤਰਕਸੰਗਤ ਕਰਨ ਦਾ ਵਾਅਦਾ ਕੀਤਾ ਹੈ।

ਸ੍ਰੀ ਚੀਮਾ ਨੇ ਕਿਹਾ ਕਿ ਕੇਂਦਰੀ ਵਿੱਤ ਕਮਿਸ਼ਨ ਕੋਲੋਂ ਸੂਬੇ ਦੇ ਵਿਕਾਸ ਫੰਡਾਂ ਲਈ 75,000 ਕਰੋੜ ਰੁਪਏ, ਕਿਸਾਨਾਂ ਦੀ ਖੁਸ਼ਹਾਲੀ ਅਤੇ ਆਮਦਨ ਵਿਚ ਵਾਧੇ ਵਾਸਤੇ ਖੇਤੀਬਾੜੀ ਅਤੇ ਫਸਲੀ ਵਿਭਿੰਨਤਾ ਲਈ 17,950 ਕਰੋੜ ਰੁਪਏ, ਪਰਾਲੀ ਸਾੜਨ ਦੀ ਰੋਕਥਾਮ ਅਤੇ ਬਦਲਵੇਂ ਪ੍ਰਬੰਧਾਂ ਲਈ 5025 ਕਰੋੜ ਰੁਪਏ, ਨਾਰਕੋ-ਅਤਿਵਾਦ ਅਤੇ ਨਸ਼ਿਆਂ ਦੀ ਅਲਾਮਤ ਨਾਲ ਨਜਿੱਠਣ ਲਈ 8846 ਕਰੋੜ ਰੁਪਏ, ਉਦਯੋਗ (ਐਮ.ਐਸ.ਐਮ.ਈ.) ਨੂੰ ਸੁਰਜੀਤ ਕਰਨ ਲਈ 6000 ਕਰੋੜ ਰੁਪਏ ਅਤੇ ਸ਼ਹਿਰੀ ਸਥਾਨਕ ਇਕਾਈਆਂ ਲਈ 9426 ਕਰੋੜ ਰੁਪਏ ਮੁਹੱਈਆ ਕਰਨ ਦੀ ਮੰਗ ਕੀਤੀ ਗਈ ਹੈ।

ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਨਾਲ ਲੰਬੇ ਸਮੇਂ ਤੋਂ ਵਿਤਕਰਾ ਹੋ ਰਿਹਾ ਹੈ। ਗੁਆਂਢੀ ਪਹਾੜੀ ਸੂਬਿਆਂ ਹਿਮਾਚਲ ਪ੍ਰਦੇਸ਼ ਅਤੇ ਜੰਮੂ ਕਸ਼ਮੀਰ ਨੂੰ ਵਿਸ਼ੇਸ਼ ਸਨਅਤੀ ਪੈਕੇਜ ਦਿੱਤੇ ਜਾ ਰਹੇ ਹਨ, ਜਦਕਿ ਪੰਜਾਬ ਨੂੰ ਅਣਗੌਲਿਆਂ ਕੀਤਾ ਜਾ ਰਿਹਾ ਹੈ। ਉਨ੍ਹਾਂ ਪੰਜਾਬ ਲਈ ਵੀ ਵਿਸ਼ੇਸ਼ ਸਨਅਤੀ ਪੈਕੇਜ ਦੇਣ ਦੀ ਮੰਗ ਕੀਤੀ।

# ਭਗਵੰਤ ਮਾਨ ਨੇ ਜਲੰਧਰ ਜ਼ਿਮਨੀ ਚੋਣ ਤੋਂ ਪਹਿਲਾਂ ਕੀਤਾ ਵਾਅਦਾ ਨਿਭਾਇਆ

**ਜਲੰਧਰ:** ਮੁੱਖ ਮੰਤਰੀ ਭਗਵੰਤ ਮਾਨ ਜਲੰਧਰ ਪੁੱਜੇ ਅਤੇ ਕੀਤੇ ਵਾਅਦੇ ਅਨੁਸਾਰ ਉਹ ਦੋ ਦਿਨ ਇੱਥੋਂ ਹੀ ਕੰਮ ਕੀਤਾ। ਮਾਨ ਨੇ ਜ਼ਿਮਨੀ ਚੋਣ ਤੋਂ ਪਹਿਲਾਂ ਦੋਆਬਾ ਅਤੇ ਮਾਝਾ ਖੇਤਰ ਦੇ ਲੋਕਾਂ ਦੀ ਸਹੂਲਤ ਲਈ ਜਲੰਧਰ ਵਿਚ ਦਫ਼ਤਰ ਖੋਲ੍ਹ ਕੇ ਚੋਣਾਂ ਤੋਂ ਬਾਅਦ ਵੀ ਇੱਥੋਂ ਕੰਮ ਕਰਨ ਦਾ ਵਾਅਦਾ ਕੀਤਾ ਸੀ। ਇਸ ਲਈ ਆਪਣਾ ਵਾਅਦਾ ਪੂਰਾ ਕਰਦਿਆਂ ਮਾਨ ਹਫ਼ਤੇ ਵਿਚ ਦੋ ਦਿਨ ਜਲੰਧਰ ਤੋਂ ਹੀ ਸਰਕਾਰ ਚਲਾਉਣਗੇ।

ਪਹਿਲੇ ਦਿਨ ਮੁੱਖ ਮੰਤਰੀ ਨੇ ਜਲੰਧਰ ਵਿੱਚ 'ਆਪ' ਵਾਲੰਟੀਅਰਾਂ ਤੇ ਵਰਕਰਾਂ ਨਾਲ ਖਾਣਾ ਖਾਧਾ ਅਤੇ ਉਨ੍ਹਾਂ ਨੂੰ ਜਲੰਧਰ ਪੱਛਮੀ ਜ਼ਿਮਨੀ ਚੋਣ 'ਚ ਇਤਿਹਾਸਕ ਜਿੱਤ ਲਈ ਵਧਾਈ ਦਿੱਤੀ। ਉਨ੍ਹਾਂ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਵੱਲੋਂ ਵਰਕਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਜੇਲ੍ਹ ਵਿਚ ਆਪਣੇ ਵਾਲੰਟੀਅਰਾਂ ਦੀ ਇਸ ਕਾਮਯਾਬੀ ਦਾ ਜਸ਼ਨ ਮਨਾਇਆ।

ਉਨ੍ਹਾਂ ਸ਼ੀਤਲ ਅੰਗੁਰਾਲ 'ਤੇ ਤਨਜ਼ ਕੱਸਦਿਆਂ ਕਿਹਾ ਕਿ ਸਬਰ ਰੱਖਣਾ ਬਹੁਤ ਜ਼ਰੂਰੀ ਹੈ। ਜੋ ਲੋਕ ਲਾਲਚੀ ਹੋ ਜਾਂਦੇ ਹਨ, ਪਰਮਾਤਮਾ ਉਨ੍ਹਾਂ ਦੀ ਸਹਾਇਤਾ ਨਹੀਂ ਕਰਦਾ, ਸਗੋਂ ਉਨ੍ਹਾਂ ਦੀ ਥਾਂ ਕਿਸੇ 'ਭਗਤ' ਨੂੰ ਦੇ ਦਿੰਦਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ 'ਆਪ' ਵਾਲੰਟੀਅਰਾਂ ਨੂੰ ਇਕਜੁੱਟ ਰਹਿਣ ਅਤੇ 'ਰੰਗਲਾ ਪੰਜਾਬ' ਲਈ ਕੰਮ ਕਰਦੇ ਰਹਿਣ ਦੀ ਅਪੀਲ ਕੀਤੀ।

ਉਨ੍ਹਾਂ ਕਿਹਾ ਕਿ ਅੰਦਰੂਨੀ ਝਗੜੇ ਸਿਆਸੀ ਪਾਰਟੀਆਂ ਖ਼ਤਮ ਕਰ ਦਿੰਦੇ ਹਨ। ਅਕਾਲੀ ਦਲ ਇਸ ਦੀ ਮਿਸਾਲ ਹੈ। ਉਨ੍ਹਾਂ ਵਾਲੰਟੀਅਰਾਂ ਨੂੰ ਚਾਰ ਵਿਧਾਨ ਸਭਾ ਹਲਕਿਆਂ ਦੀਆਂ ਜ਼ਿਮਨੀ ਚੋਣਾਂ ਅਤੇ ਲੋਕਲ ਬਾਡੀਜ਼ ਦੀਆਂ ਚੋਣਾਂ ਲਈ ਤਿਆਰ ਰਹਿਣ ਲਈ ਵੀ ਪ੍ਰੇਰਿਤ ਕੀਤਾ।

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 125 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸਿੱਖਾਂ ਖਿਲਾਫ ਟਿਪਣੀ ਕਰਨ ਵਾਲੇ ਵਿਰੁਧ ਤੁਰੰਤ ਕਾਰਵਾਈ ਹੋਵੇ: ਧਾਮੀ

**ਅੰਮ੍ਰਿਤਸਰ:** ਉੱਤਰ ਪ੍ਰਦੇਸ਼ ਦੇ ਲਖੀਮਪੁਰ ਖੀਰੀ 'ਚ ਬੀਤੇ ਦਿਨੀ ਇਕ ਪੁਲਿਸ ਅਧਿਕਾਰੀ ਵੱਲੋਂ ਸਿੱਖਾਂ ਨੂੰ ਅੱਤਵਾਦੀ ਕਹਿ ਕੇ ਬੁਲਾਉਣ ਦੀ ਘਟਨਾ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਤਿੱਖਾ ਪ੍ਰਤੀਕਰਮ ਦਿੰਦਿਆਂ ਕਿਹਾ ਕਿ ਸਿੱਖਾਂ ਦੀਆਂ ਕੁਰਬਾਨੀਆਂ ਬਦੌਲਤ ਹੀ ਭਾਰਤ ਦੇਸ਼ ਦਾ ਸੰਵਿਧਾਨ ਸੁਰੱਖਿਅਤ ਹੈ।

ਉਨ੍ਹਾਂ ਕਿਹਾ ਕਿ ਉੱਤਰ ਪ੍ਰਦੇਸ਼ ਦੀ ਸਰਕਾਰ ਸਬੰਧਤ ਅਧਿਕਾਰੀ ਖਿਲਾਫ਼ ਸਖ਼ਤ ਕਾਰਵਾਈ ਕਰੇ। ਐਡਵੋਕੇਟ ਧਾਮੀ ਨੇ ਕਿਹਾ ਕਿ ਸਿੱਖ ਹਮੇਸ਼ਾਂ ਹੀ ਸਰਬੱਤ ਦੇ ਭਲੇ ਦੀ ਕਾਮਨਾ ਕਰਦੇ ਹਨ। ਕੁਦਰਤੀ ਆਫ਼ਤਾਂ ਸਮੇਂ ਸਿੱਖਾਂ ਵੱਲੋਂ ਨਿਭਾਈਆਂ ਸੇਵਾਵਾਂ ਨੂੰ ਪੂਰੀ ਦੁਨੀਆਂ ਨੇ ਸਲਾਹਿਆ ਹੈ। ਉਨ੍ਹਾਂ ਕਿਹਾ ਕਿ ਪਿਛਲੇ ਕੁਝ ਸਮੇਂ ਤੋਂ ਭਾਰਤ ਅੰਦਰ ਘੱਟ ਗਿਣਤੀਆਂ ਅਤੇ ਖਾਸ ਕਰਕੇ ਸਿੱਖਾਂ 'ਤੇ ਨਫ਼ਰਤੀ ਹਮਲੇ ਕੀਤੇ ਜਾ ਰਹੇ ਹਨ। ਕੁਝ ਫ਼ਿਰਕੂ ਮਾਨਸਿਕਤਾ ਵਾਲੇ ਲੋਕ ਅਜਿਹੀਆਂ ਹਰਕਤਾਂ ਕਰਕੇ ਸਮਾਜਿਕ ਭਾਈਚਾਰੇ ਨੂੰ ਵੀ ਸੱਟ ਮਾਰਦੇ ਹਨ, ਜੋ ਦੇਸ਼ ਹਿੱਤ ਵਿਚ ਨਹੀਂ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਪੁਲਿਸ ਦਾ ਕੰਮ ਲੋਕਾਂ ਦੀ ਰਖਵਾਲੀ ਕਰਨਾ ਹੈ, ਪਰ ਜਦੋਂ ਕੋਈ ਪੁਲਿਸ ਅਧਿਕਾਰੀ ਜਾਣ ਬੁੱਝ ਕੇ ਇੱਕ ਖਾਸ ਭਾਈਚਾਰੇ ਬਾਰੇ ਨਫ਼ਰਤੀ ਟਿੱਪਣੀ ਕਰਦਾ ਹੈ ਤਾਂ ਇਹ ਹੋਰ ਵੀ ਮੰਦਭਾਗਾ ਹੈ। ਐਡਵੋਕੇਟ ਧਾਮੀ ਨੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਤੋਂ ਮੰਗ ਕੀਤੀ ਕਿ ਸਿੱਖਾਂ ਖਿਲਾਫ਼ ਟਿੱਪਣੀ ਕਰਨ ਵਾਲੇ ਪੁਲਿਸ ਅਧਿਕਾਰੀ ਵਿਰੁੱਧ ਤੁਰਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਦੇਸ਼ ਵਿਚ ਨਫ਼ਰਤੀ ਮਾਹੌਲ ਪੈਦਾ ਕਰਨ ਵਾਲੇ ਅਜਿਹੇ ਲੋਕਾਂ ਨੂੰ ਜ਼ਾਬਤੇ ਵਿਚ ਰਹਿਣ ਦੀ ਹਦਾਇਤ ਵੀ ਕੀਤੀ।

# ਸ਼੍ਰੋਮਣੀ ਕਮੇਟੀ ਚੋਣਾਂ ਲਈ ਵੋਟਾਂ ਬਣਾਉਣ ਦਾ ਰੁਝਾਨ ਮੱਠਾ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਗਾਮੀ ਚੋਣਾਂ ਲਈ ਵੋਟਾਂ ਬਣਾਉਣ ਵਾਸਤੇ ਰਜਿਸਟਰੇਸ਼ਨ ਕਰਵਾਉਣ ਵਾਲੇ ਸਿੱਖਾਂ ਦੀ ਗਿਣਤੀ ਪਿਛਲੀਆਂ ਚੋਣਾਂ ਮੁਕਾਬਲੇ ਲਗਭਗ ਅੱਧੀ ਰਹਿ ਗਈ ਹੈ। ਇਸ ਦਾ ਵੱਡਾ ਕਾਰਨ ਸਿੱਖਾਂ ਵਿਚ ਵੋਟਰ ਬਣਨ ਦਾ ਮੱਠਾ ਰੁਝਾਨ ਹੈ। ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਭਾਰਤ ਸਰਕਾਰ ਦੁਆਰਾ ਬਣਾਏ ਗਏ ਗੁਰਦੁਆਰਾ ਚੋਣ ਕਮਿਸ਼ਨ ਦੀ ਨਿਗਰਾਨੀ ਹੇਠ ਕਰਵਾਈਆਂ ਜਾਂਦੀਆਂ ਹਨ। ਮੁੱਖ ਕਮਿਸ਼ਨਰ ਗੁਰਦੁਆਰਾ ਚੋਣਾਂ ਵਲੋਂ ਵੋਟਰਾਂ ਦੀ ਰਜਿਸਟਰੇਸ਼ਨ ਦੀ ਆਖਰੀ ਮਿਤੀ ਨੂੰ ਤਿੰਨ ਵਾਰ ਅੱਗੇ ਵਧਾਉਣ ਦੇ ਬਾਵਜੂਦ, 25 ਜੁਲਾਈ ਤੱਕ ਕੁੱਲ ਰਜਿਸਟਰਡ ਵੋਟਰਾਂ ਦੀ ਗਿਣਤੀ 27.87 ਲੱਖ ਹੈ ਜਦੋਂਕਿ 2011 ਵਿਚ ਹੋਈਆਂ ਪਿਛਲੀਆਂ ਸ਼੍ਰੋਮਣੀ ਕਮੇਟੀ ਚੋਣਾਂ ਦੌਰਾਨ ਲਗਭਗ 52 ਲੱਖ ਵੋਟਰ ਸਨ। ਵੋਟਰਾਂ ਦੀ ਰਜਿਸਟਰੇਸ਼ਨ ਦੀ ਪ੍ਰਕਿਰਿਆ 21 ਅਕਤੂਬਰ, 2023 ਨੂੰ ਸ਼ੁਰੂ ਹੋਈ ਸੀ ਅਤੇ ਸ਼ੁਰੂ ਵਿਚ ਆਖਰੀ ਮਿਤੀ 15 ਨਵੰਬਰ 2023 ਸੀ। ਵੋਟਰਾਂ ਦੇ ਮੱਠੇ ਹੁੰਗਾਰੇ ਨੂੰ ਦੇਖਦੇ ਹੋਏ, ਇਸ ਸਬੰਧੀ ਤਰੀਕ ਨੂੰ ਅੱਗੇ ਵਧਾ ਕੇ 29 ਫਰਵਰੀ, 2024 ਅਤੇ ਫਿਰ 30 ਅਪਰੈਲ 2024 ਕਰ ਦਿੱਤਾ ਗਿਆ ਸੀ। ਅੰਤ ਵਿਚ ਹੁਣ ਆਖਰੀ ਮਿਤੀ 31 ਜੁਲਾਈ ਨਿਰਧਾਰਤ ਕੀਤੀ ਗਈ ਹੈ। ਇਸ ਸਬੰਧੀ ਪੰਜਾਬ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਤੋਂ 21 ਸਾਲ ਤੋਂ ਵੱਧ ਉਮਰ ਦੇ 'ਸਾਬਤ ਸੂਰਤ' ਸਿੱਖ ਵੋਟਰ ਬਣਾਏ ਜਾ ਰਹੇ ਹਨ। ਪਤਿਤ ਸਿੱਖ ਵੋਟਰ ਨਹੀਂ ਬਣ ਸਕਦੇ ਹਨ।

ਇਸੇ ਦੌਰਾਨ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਘਨਸ਼ਾਮ ਥੋਰੀ ਨੇ ਸਥਾਨਕ ਸਰਕਾਰਾਂ ਵਿਭਾਗ ਦੇ ਕਰਮਚਾਰੀ ਓਂਕਾਰ ਸਿੰਘ ਕਲਰਕ ਜੋ ਨਗਰ ਪੰਚਾਇਤ ਰਈਆ ਵਿਖੇ ਤਾਇਨਾਤ ਹੈ, ਵੱਲੋਂ ਸ਼੍ਰੋਮਣੀ ਕਮੇਟੀ ਦੀਆਂ ਵੋਟਾਂ ਲਈ ਵੋਟਰ ਰਜਿਸਟਰੇਸ਼ਨ ਕਰਨ ਵਿਚ ਕੀਤੀ ਲਾਪਰਵਾਹੀ ਕਾਰਨ ਉਸ ਨੂੰ ਮੁਅਤਲ ਕਰਨ ਲਈ ਡਾਇਰੈਕਟਰ ਸਥਾਨਕ ਸਰਕਾਰਾਂ ਵਿਭਾਗ ਨੂੰ ਸਿਫਾਰਿਸ਼ ਕੀਤੀ ਹੈ।

## ਕੇਸਰੀ ਦੀ ਥਾਂ ਸੁਰਮਈ ਤੇ ਬਸੰਤੀ ਨਿਸ਼ਾਨ ਸਾਹਿਬ ਝੁਲਾਉਣ ਦੇ ਹੁਕਮ

*(ਪਹਿਲੇ ਸਫੇ ਦੀ ਬਾਕੀ)*

ਜਿਸ ਦਾ ਅਰਥ ਹੈ ਕਿ ਸਿੱਖ ਫਲਸਫ਼ੇ ਮੁਤਾਬਕ ਧਰਮ ਅਤੇ ਰਾਜਨੀਤੀ ਇਕੱਠੇ ਚੱਲਦੇ ਹਨ।

ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਨੇ ਸਿੱਖ ਪ੍ਰਚਾਰਕਾਂ ਨੂੰ ਸਿੱਖ ਰਹਿਤ ਮਰਿਆਦਾ ਬਾਰੇ ਸੰਗਤਾਂ ਅਤੇ ਗੁਰਦੁਆਰਾ ਪ੍ਰਬੰਧਕਾਂ ਵਿਚ ਜਾਗਰੂਕਤਾ ਪੈਦਾ ਕਰਨ ਲਈ ਪੱਤਰ ਜਾਰੀ ਕੀਤਾ ਹੈ। ਸ਼੍ਰੋਮਣੀ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਗੁਰਚਰਨ ਸਿੰਘ ਗਰੇਵਾਲ ਮੁਤਾਬਕ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੱਤਰ ਜਾਰੀ ਕਰ ਕੇ ਨਿਸ਼ਾਨ ਸਾਹਿਬ ਦੇ ਰੰਗ ਤਬਦੀਲ ਕਰ ਦਿੱਤੇ ਹਨ। ਉਨ੍ਹਾਂ ਕਿਹਾ ਹੈ, "ਇਸ ਦਾ ਇਹ ਮਤਲਬ ਨਹੀਂ ਕਿ ਇਹ ਭਗਵਾ ਰੰਗ ਦੇ ਵਿਰੋਧ ਵਿਚ ਹੈ ਅਤੇ ਇਸ ਬਾਰੇ ਇਹ ਬੇਲੋੜਾ ਵਿਵਾਦ ਖੜ੍ਹਾ ਕੀਤਾ ਗਿਆ ਹੈ। ਅਸੀਂ ਸਿੱਖ ਕੌਮ ਨੂੰ ਅਪੀਲ ਕਰਦੇ ਹਾਂ ਕਿ ਅਸੀਂ ਕੁਝ ਨਵਾਂ ਨਹੀਂ ਕੀਤਾ ਸਗੋਂ ਸਿੱਖ ਰਹਿਤ ਮਰਿਆਦਾ ਦੀ ਪਾਲਣਾ ਕੀਤੀ ਹੈ ਜਿਸ ਵਿਚ ਨਿਸ਼ਾਨ ਸਾਹਿਬ ਦੇ ਦੋ ਰੰਗਾਂ- ਸੁਰਮਈ (ਨੀਲਾ) ਅਤੇ ਬਸੰਤੀ (ਪੀਲਾ) ਦਾ ਜ਼ਿਕਰ ਹੈ। ਇਸ ਨੂੰ ਕਿਸੇ ਹੋਰ ਧਰਮ ਜਾਂ ਸੰਸਥਾ ਨਾਲ ਜੋੜ ਕੇ ਵਿਵਾਦ ਪੈਦਾ ਨਹੀਂ ਕਰਨਾ ਚਾਹੀਦਾ।"

# ਸੁਖਬੀਰ ਸਿੰਘ ਬਾਦਲ ਪ੍ਰਧਾਨਗੀ ਛੱਡਣ ਦੇ ਰੌਂਅ ਵਿਚ ਨਹੀਂ

*(ਪਹਿਲੇ ਸਫੇ ਦੀ ਬਾਕੀ)*

ਅਕਾਲੀ ਦਲ ਦਾ ਬਾਗੀ ਧੜਾ ਝੂੰਦਾਂ ਕਮੇਟੀ ਦੀ ਰਿਪੋਰਟ ਲਾਗੂ ਕਰਨ ਦੀ ਮੰਗ ਕਰ ਰਿਹਾ ਹੈ ਜਿਸ ਵਿਚ ਸੁਖਬੀਰ ਬਾਦਲ ਸਣੇ ਪਾਰਟੀ ਲੀਡਰਸ਼ਿਪ ਦੀ ਤਬਦੀਲੀ ਦੀ ਸਿਫਾਰਸ਼ ਕੀਤੀ ਗਈ ਸੀ। ਇਹ ਕਮੇਟੀ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਦੇ ਮਾੜੇ ਪ੍ਰਦਰਸ਼ਨ ਤੋਂ ਬਾਅਦ ਬਣਾਈ ਗਈ ਸੀ। ਕਮੇਟੀ ਨੇ ਆਪਣੀ ਰਿਪੋਰਟ ਵਿਚ ਪਾਰਟੀ ਲੀਡਰਸ਼ਿਪ ਉਤੇ ਉਂਗਲ ਚੁੱਕੀ ਸੀ ਹਾਲਾਂਕਿ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਦੀ ਥਾਂ ਹੇਠਲੀ ਪੱਧਰ ਦੇ ਛੋਟੇ-ਮੋਟੇ ਆਗੂਆਂ ਨੂੰ ਇਧਰ-ਉਧਰ ਕਰਕੇ ਬੁੱਤਾ ਸਾਰ ਦਿੱਤਾ ਗਿਆ। ਮੌਜੂਦਾ ਹਾਲਾਤ ਇਹ ਹਨ ਕਿ ਪਾਰਟੀ ਨੂੰ ਇਕ ਤੋਂ ਬਾਅਦ ਇਕ ਹਾਰ ਮਿਲ ਰਹੀ ਹੈ। ਲੋਕ ਸਭਾ ਚੋਣਾਂ ਵਿਚ ਪਾਰਟੀ ਦੇ ਇਕ ਦੋ ਉਮੀਦਵਾਰਾਂ ਨੂੰ ਛੱਡ ਕੇ ਤਕਰੀਬਨ ਸਾਰਿਆਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ। ਇਸ ਤੋਂ ਬਾਅਦ ਜਲੰਧਰ ਜ਼ਿਮਨੀ ਚੋਣਾਂ ਵਿਚ ਸੁਖਬੀਰ ਬਾਦਲ ਧੜੇ ਨੇ ਬਸਪਾ ਨਾਲ ਗੱਠਜੋੜ ਕੀਤਾ ਸੀ, ਇਸ ਦੇ ਬਾਵਜੂਦ ਦੋਹਾਂ ਪਾਰਟੀਆਂ ਨੂੰ 734 ਵੋਟਾਂ ਮਿਲੀਆਂ, ਅਕਾਲੀ ਦਲ ਦਾ ਬਾਗੀ ਧੜਾ 1242 ਵੋਟਾਂ ਲੈਣ ਵਿਚ ਸਫਲ ਰਿਹਾ। ਬਸਪਾ ਦਾ ਜਲੰਧਰ ਖੇਤਰ ਵਿਚ ਕਾਫੀ ਆਧਾਰ ਹੈ ਅਤੇ 734 ਵਿਚੋਂ ਜ਼ਿਆਦਾਤਰ ਵੋਟਾਂ ਇਸ ਪਾਰਟੀ (ਬਸਪਾ) ਦੀਆਂ ਹੋਣ ਦਾ ਦਾਅਵਾ ਕੀਤਾ ਗਿਆ ਸੀ। ਜਿਸ ਪਿੱਛੋਂ ਸਵਾਲ ਕੀਤੇ ਗਏ ਸਨ ਜਿਸ ਪ੍ਰਧਾਨ (ਸੁਖਬੀਰ) ਦੇ ਆਖੇ 500 ਵੋਟਾਂ ਨਹੀਂ ਪਈਆਂ, ਉਸ ਨੂੰ ਕੁਰਸੀ ਦੇ ਬੈਠੇ ਰਹਿਣ ਦਾ ਹੱਕ ਹੈ? ਵਿਰੋਧੀ ਧਿਰਾਂ ਸਣੇ ਬਾਗੀ ਧੜੇ ਨੇ ਇਸ ਸਵਾਲ ਨੂੰ ਖੂਬ ਉਭਾਰਿਆ ਸੀ। ਹਾਲਾਂਕਿ ਸੁਖਬੀਰ ਬਾਦਲ ਦੀ ਬਾਗੀਆਂ ਉਤੇ ਤਾਜ਼ਾ ਕਾਰਵਾਈ ਸਾਫ ਇਸ਼ਾਰਾ ਕਰਦੀ ਹੈ ਕਿ ਉਹ ਕਿਸੇ ਵੀ ਕੀਮਤ ਉਤੇ ਕੁਰਸੀ ਤੋਂ ਲਾਂਭੇ ਹੋਣ ਦੇ ਮੂਡ ਵਿਚ ਨਹੀਂ ਹਨ।

# ਜਗਦੀਸ਼ ਭੋਲਾ ਨੂੰ ਦਸ ਸਾਲ ਦੀ ਸਜ਼ਾ

**ਚੰਡੀਗੜ੍ਹ:** ਮੁਹਾਲੀ ਦੀ ਵਿਸ਼ੇਸ਼ ਪੀ.ਐਮ.ਐਲ.ਏ. ਅਦਾਲਤ ਨੇ ਨਸ਼ਾ ਤਸਕਰੀ ਨਾਲ ਜੁੜੇ ਮਨੀ ਲਾਂਡਰਿੰਗ ਦੇ ਇਕ ਮਾਮਲੇ ਵਿਚ 'ਮੁੱਖ ਸਰਗਨੇ' ਜਗਦੀਸ਼ ਸਿੰਘ ਉਰਫ਼ ਭੋਲਾ ਸਮੇਤ 17 ਮੁਲਜ਼ਮਾਂ ਨੂੰ ਦੋਸ਼ੀ ਠਹਿਰਾਇਆ ਹੈ। ਪਹਿਲਵਾਨ ਤੋਂ ਪੁਲਿਸ ਮੁਲਾਜ਼ਮ ਤੇ ਫਿਰ ਨਸ਼ਾ ਤਸਕਰ ਬਣੇ ਭੋਲਾ ਅਤੇ ਇਕ ਹੋਰ ਮੁਲਜ਼ਮ ਅਵਤਾਰ ਸਿੰਘ ਨੂੰ 10 ਸਾਲ ਦੀ ਸਜ਼ਾ ਸੁਣਾਈ ਗਈ ਹੈ। ਸੂਤਰਾਂ ਨੇ ਦੱਸਿਆ ਕਿ ਸੰਘੀ ਜਾਂਚ ਏਜੰਸੀ ਨੇ 2015 ਵਿਚ 24 ਮੁਲਜ਼ਮਾਂ ਖ਼ਿਲਾਫ਼ ਚਾਰਜਸ਼ੀਟ ਦਾਖ਼ਲ ਕੀਤੀ ਸੀ। ਇਨ੍ਹਾਂ ਵਿਚੋਂ ਸੱਤ ਨੂੰ ਜਾਂ ਤਾਂ ਭਗੌੜਾ ਐਲਾਨਿਆ ਗਿਆ ਸੀ ਜਾਂ ਜਾਂਚ ਜਾਂ ਮੁਕੱਦਮੇ ਦੌਰਾਨ ਉਨ੍ਹਾਂ ਦੀ ਮੌਤ ਹੋ ਗਈ ਸੀ। ਉਨ੍ਹਾਂ ਦੱਸਿਆ ਕਿ ਚਾਰਜਸ਼ੀਟ ਵਿਚ ਨਾਮਜ਼ਦ ਲਗਭਗ ਸਾਰੇ 17 ਮੁਲਜ਼ਮਾਂ ਨੂੰ ਮਨੀ ਲਾਂਡਰਿੰਗ ਰੋਕੂ ਕਾਨੂੰਨ ਤਹਿਤ ਦੋਸ਼ੀ ਠਹਿਰਾਇਆ ਗਿਆ ਹੈ। ਭੋਲਾ ਤੇ ਅਵਤਾਰ ਸਿੰਘ ਤੋਂ ਇਲਾਵਾ ਇਸ ਵਿਚ ਸੰਦੀਪ ਕੌਰ, ਜਗਮਿੰਦਰ ਕੌਰ, ਗੁਰਪ੍ਰੀਤ ਕੌਰ, ਗੁਰਮੀਤ ਕੌਰ, ਸੁਖਜੀਤ ਸਿੰਘ ਸੁੱਖਾ, ਸੁਖਰਾਜ ਸਿੰਘ, ਗੁਰਦੀਪ ਸਿੰਘ ਮਨਚੰਦਾ, ਅਮਰਜੀਤ ਕੌਰ, ਦਵਿੰਦਰ ਸਿੰਘ, ਮਨਿੰਦਰ ਸਿੰਘ, ਸੁਭਾਸ਼ ਬਜਾਜ, ਸੁਨੀਲ ਬਜਾਜ, ਅੰਕੁਰ ਬਜਾਜ, ਦਲੀਪ ਸਿੰਘ ਮਾਨ ਅਤੇ ਮਨਪ੍ਰੀਤ ਸਿੰਘ ਸ਼ਾਮਲ ਹਨ।

## ਗੈਂਗਸਟਰ ਲਾਰੈਂਸ ਦੀ ਪਟੀਸ਼ਨ ਰੱਦ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਜੇਲ੍ਹ ਵਿਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਆਦੇਸ਼ ਨੂੰ ਚੁਣੌਤੀ ਦਿੰਦੀ ਪਟੀਸ਼ਨ ਰੱਦ ਕਰ ਦਿੱਤੀ। ਹਾਈ ਕੋਰਟ ਨੇ ਟੀਵੀ ਚੈਨਲ ਨੂੰ ਜੇਲ੍ਹ ਵਿਚ ਦਿੱਤੀ ਇੰਟਰਵਿਊ ਦੇ ਮਾਮਲੇ ਵਿਚ ਉਸ ਖ਼ਿਲਾਫ਼ ਵਿਸ਼ੇਸ਼ ਜਾਂਚ ਟੀਮ (ਸਿਟ) ਬਣਾਉਣ ਅਤੇ ਐਫ.ਆਈ.ਆਰ. ਦਰਜ ਕਰਨ ਦਾ ਆਦੇਸ਼ ਦਿੱਤਾ ਸੀ। ਜਸਟਿਸ ਬੇਲਾ ਐਮ ਤ੍ਰਿਵੇਦੀ ਅਤੇ ਜਸਟਿਸ ਐਸ.ਸੀ. ਸ਼ਰਮਾ ਦੀ ਬੈਂਚ ਨੇ ਕਿਹਾ ਕਿ ਉਹ ਹਾਈ ਕੋਰਟ ਦੇ ਹੁਕਮਾਂ ਵਿਚ ਦਖ਼ਲ ਦੇਣ ਦੇ ਪੱਖ ਵਿਚ ਨਹੀਂ ਹੈ। ਬੈਂਚ ਨੇ ਕਿਹਾ, "ਇਸ ਦੀ ਜਾਂਚ ਹੋਣੀ ਚਾਹੀਦੀ ਹੈ। ਇਹ ਜਾਂਚ ਦਾ ਵਿਸ਼ਾ ਹੈ। ਤੁਹਾਡੇ ਖ਼ਿਲਾਫ਼ 73 ਕੇਸ ਦਰਜ ਹਨ।" ਗੈਂਗਸਟਰ ਦੇ ਵਕੀਲ ਨੇ ਦਲੀਲ ਦਿੱਤੀ ਕਿ ਆਦੇਸ਼ ਦੇਣ ਤੋਂ ਪਹਿਲਾਂ ਉਨ੍ਹਾਂ ਦਾ ਪੱਖ ਨਹੀਂ ਸੁਣਿਆ ਗਿਆ। ਸਿਖਰਲੀ ਅਦਾਲਤ ਨੇ ਗੈਂਗਸਟਰ ਨੂੰ ਹਾਈ ਕੋਰਟ ਜਾਣ ਲਈ ਕਿਹਾ।

# ਬੈਂਕ ਧੋਖਾਧੜੀ: 'ਆਪ' ਵਿਧਾਇਕ ਨੇ ਪਟੀਸ਼ਨ ਵਾਪਸ ਲਈ

**ਨਵੀਂ ਦਿੱਲੀ:** ਪੰਜਾਬ ਦੇ 'ਆਪ' ਵਿਧਾਇਕ ਜਸਵੰਤ ਸਿੰਘ ਗੱਜਣਮਾਜਰਾ ਨੇ ਬੈਂਕ ਧੋਖਾਧੜੀ ਮਾਮਲੇ ਨਾਲ ਸਬੰਧਤ ਮਨੀ ਲਾਂਡਰਿੰਗ ਜਾਂਚ ਵਿਚ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ) ਵੱਲੋਂ ਉਨ੍ਹਾਂ ਦੀ ਗ੍ਰਿਫ਼ਤਾਰੀ ਤੇ ਰਿਮਾਂਡ ਨੂੰ ਚੁਣੌਤੀ ਦਿੰਦੀ ਆਪਣੀ ਪਟੀਸ਼ਨ ਸੁਪਰੀਮ ਕੋਰਟ 'ਚੋਂ ਵਾਪਸ ਲੈ ਲਈ ਹੈ।

ਜਸਟਿਸ ਬੇਲਾ ਐਮ ਤ੍ਰਿਵੇਦੀ ਅਤੇ ਸਤੀਸ਼ ਚੰਦਰ ਸ਼ਰਮਾ ਦੀ ਬੈਂਚ ਨੇ ਵਿਧਾਇਕ ਗੱਜਣਮਾਜਰਾ ਦੇ ਵਕੀਲ ਦੀ ਪਟੀਸ਼ਨ ਵਾਪਸ ਲੈਣ ਦੀ ਬੇਨਤੀ ਸਵੀਕਾਰ ਕਰਦਿਆਂ ਉਸ ਨੂੰ ਜ਼ਮਾਨਤ ਵਾਸਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਜਾਣ ਦੀ ਛੋਟ ਦੇ ਦਿੱਤੀ। ਸਿਖਰਲੀ ਅਦਾਲਤ ਨੇ ਇਸ ਤੋਂ ਪਹਿਲਾਂ ਅਮਰਗੜ੍ਹ ਤੋਂ ਵਿਧਾਇਕ ਜਸਵੰਤ ਸਿੰਘ ਨੂੰ ਲੋਕ ਸਭਾ ਚੋਣਾਂ ਦੌਰਾਨ ਚੋਣ ਪ੍ਰਚਾਰ ਲਈ ਅੰਤਰਿਮ ਜ਼ਮਾਨਤ ਦੇਣ ਤੋਂ ਨਾਂਹ ਕਰ ਦਿੱਤੀ ਸੀ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਵੀ ਵਿਧਾਇਕ ਦੀ ਗ੍ਰਿਫ਼ਤਾਰੀ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਇਹ ਕਹਿੰਦਿਆਂ ਰੱਦ ਕਰ ਦਿੱਤੀ ਸੀ ਕਿ ਇਸ ਵਿਚ ਕੁਝ ਵੀ ਗ਼ੈਰ-ਕਾਨੂੰਨੀ ਨਹੀਂ ਹੈ। ਸੀ.ਬੀ.ਆਈ. ਨੇ 40 ਕਰੋੜ ਦੀ ਬੈਂਕ ਧੋਖਾਧੜੀ ਦੇ ਮਾਮਲੇ ਵਿਚ ਪਿਛਲੇ ਸਾਲ ਮਈ ਵਿਚ ਗੱਜਣਮਾਜਰਾ ਦੇ ਕਈ ਟਿਕਾਣਿਆਂ 'ਤੇ ਛਾਪੇ ਮਾਰੇ ਸਨ।

## ਰਾਏ ਬੁਲਾਰ ਦੇ ਵੰਸ਼ਜਾਂ ਨੂੰ ਸੱਦਾ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਗੁਰੂ ਨਾਨਕ ਦੇਵ ਦੇ ਸ਼ਰਧਾਲੂ ਰਾਏ ਬੁਲਾਰ ਦੇ ਪਾਕਿਸਤਾਨ ਵਿਚ ਰਹਿੰਦੇ ਚਾਰ ਵੰਸ਼ਜ ਪਰਿਵਾਰਾਂ ਨੂੰ ਗੁਰੂ ਸਾਹਿਬ ਦੇ ਨਵੰਬਰ ਮਹੀਨੇ ਵਿਚ ਆ ਰਹੇ ਪ੍ਰਕਾਸ਼ ਪੁਰਬ ਸਮਾਗਮਾਂ ਵਿਚ ਸ਼ਮੂਲੀਅਤ ਲਈ ਭਾਰਤ ਆਉਣ ਦਾ ਸੱਦਾ ਭੇਜਿਆ ਹੈ। ਇਸ ਸਬੰਧ ਵਿਚ ਰਾਏ ਮੁਹੰਮਦ ਸਲੀਮ ਭੱਟੀ ਸਣੇ ਚਾਰ ਪਰਿਵਾਰਾਂ ਨੂੰ ਭੇਜੇ ਗਏ ਸੱਦਾ ਪੱਤਰ ਵਿਚ ਕਮੇਟੀ ਨੇ ਕਿਹਾ ਕਿ ਗੁਰੂ ਨਾਨਕ ਦੇਵ ਦਾ ਪ੍ਰਕਾਸ਼ ਪੁਰਬ ਇਸ ਸਾਲ 15 ਨਵੰਬਰ ਨੂੰ ਅੰਮ੍ਰਿਤਸਰ, ਸੁਲਤਾਨਪੁਰ ਲੋਧੀ, ਡੇਰਾ ਬਾਬਾ ਨਾਨਕ, ਬਟਾਲਾ, ਦਿੱਲੀ, ਨਾਨਕਮੱਤਾ (ਉਤਰਾਖੰਡ) ਵਿਚ ਮਨਾਇਆ ਜਾ ਰਿਹਾ ਹੈ। ਇਸ ਲਈ ਰਾਏ ਬੁਲਾਰ ਦੇ ਵੰਸ਼ਜ ਪਰਿਵਾਰ 1 ਤੋਂ 30 ਨਵੰਬਰ ਦੇ ਵਿਚਕਾਰ ਭਾਰਤ ਆ ਕੇ ਗੁਰੂ ਸਾਹਿਬ ਦੇ ਪ੍ਰਕਾਸ਼ ਪੁਰਬ ਸਮਾਗਮਾਂ ਵਿਚ ਸ਼ਮੂਲੀਅਤ ਕਰਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਸਰਵਣ ਸਿੰਘ ਟਿਵਾਣਾ | ਡਾ. ਗੁਰਚਰਨ ਸਿੰਘ ਗਰੇਵਾਲ | ਅਮਰੀਕ ਸਿੰਘ (ਅਮਰ ਕਾਰਪੇਟ) |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਜੈਦੇਵ ਸਿੰਘ ਭੱਠਲ | ਗੁਰਦੇਵ ਸਿੰਘ ਜੌੜਾ | ਅੰਮ੍ਰਿਤਪਾਲ ਸਿੰਘ ਸੰਘਾ |
| ਜਸਬੀਰ ਕੌਰ ਢਿੱਲੋਂ | ਪਰਮਿੰਦਰ ਸਿੰਘ ਵਾਲੀਆ | ਰਾਜਿੰਦਰ ਸਿੰਘ ਬੈਂਸ | ਭੁਪਿੰਦਰ ਸਿੰਘ ਧਾਲੀਵਾਲ |
| ਡਾ. ਇਨਕਲਾਬੀ ਬਾਂਦੀ | ਡਾ. ਹਰਗੁਰਮੁਖਪਾਲ ਸਿੰਘ | ਮਨਦੀਪ ਸਿੰਘ ਭੂਰਾ | ਹਰਵਿੰਦਰਪਾਲ ਸਿੰਘ ਲੈਲ |
| ਦਰਸ਼ਨ ਸਿੰਘ ਗਰੇਵਾਲ | ਡਾ. ਤੇਜਿੰਦਰ ਸਿੰਘ ਮੰਡੇਰ | ਗੁਲਜ਼ਾਰ ਸਿੰਘ ਮੁਲਤਾਨੀ | ਜਗਜੀਤ ਸਿੰਘ ਢੀਂਡਸਾ |
| ਹਰਦਿਆਲ ਸਿੰਘ ਢਿੱਲੋਂ | ਜਗਦੀਸ਼ਰ ਸਿੰਘ ਕਲੇਰ | ਅਵਤਾਰ ਸਿੰਘ ਸਪਰਿੰਗਫੀਲਡ | ਸੁਖਮੇਲ ਸਿੰਘ ਅਟਵਾਲ |
| ਡਾ. ਗੁਰਦਿਆਲ ਸਿੰਘ ਬਸਰਾਨ | ਰਘਬੀਰ ਸਿੰਘ ਘੁੰਨ | ਗੁਰਵੀਰ ਸਿੰਘ ਗਿੱਲ | ਹੈਪੀ ਹੀਰ |
| ਹਰਜੀਤ ਸਿੰਘ ਸਾਹੀ | ਦਰਸ਼ਨ ਸਿੰਘ ਦਰੜ | ਜਸਕਰਨ ਸਿੰਘ ਧਾਲੀਵਾਲ | ਅਮੋਲਕ ਸਿੰਘ ਗਾਖਲ |
| | | | ਜਸਵਿੰਦਰ ਸਿੰਘ (ਜੱਸੀ) ਗਿੱਲ |

# ਸਰਕਾਰ ਬਿਜਲੀ ਸਬਸਿਡੀ ਤੋਂ ਖਹਿੜਾ ਛੁਡਾਉਣ ਦੀਆਂ ਜੁਗਤਾਂ ਲੱਭਣ ਲੱਗੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਬਿਜਲੀ ਸਬਸਿਡੀ ਨੂੰ ਬਰੇਕਾਂ ਲਾਉਣ ਲਈ 'ਸੂਰਜੀ ਊਰਜਾ' ਦਾ ਆਸਰਾ ਤੱਕਿਆ ਹੈ। ਸੂਬਾ ਸਰਕਾਰ ਦੀ ਵਿਉਂਤ ਖੇਤੀ ਮੋਟਰਾਂ ਨੂੰ ਸੂਰਜੀ ਊਰਜਾ ਵਿਚ ਤਬਦੀਲ ਕਰਨ ਦੀ ਹੈ ਤਾਂ ਜੋ ਬਿਜਲੀ ਸਬਸਿਡੀ ਦਾ ਬਿੱਲ ਉਤਾਂਹ ਵੱਲ ਨਾ ਵਧੇ।



ਪੰਜਾਬ ਦੀ ਵਿੱਤੀ ਸਿਹਤ ਬਹੁਤੀ ਚੰਗੀ ਨਹੀਂ ਹੈ ਜਿਸ ਕਰਕੇ ਬਿਜਲੀ ਸਬਸਿਡੀ ਦਾ ਬਿੱਲ 21,909 ਕਰੋੜ ਰੁਪਏ 'ਤੇ ਹੀ ਸਥਿਰ ਰੱਖਣ ਦਾ ਪ੍ਰਸਤਾਵ ਹੈ। ਹਾਲਾਂਕਿ ਜੂਨ ਜੁਲਾਈ ਦੇ ਮਹੀਨੇ 'ਚ ਸੂਬੇ ਵਿਚ ਮੀਂਹ ਨਾ ਪੈਣ ਕਰਕੇ ਖੇਤੀ ਤੇ ਘਰੇਲੂ ਬਿਜਲੀ ਦੀ ਖਪਤ ਵਧ ਗਈ ਹੈ ਜਿਸ ਨਾਲ ਬਿਜਲੀ ਸਬਸਿਡੀ 'ਚ ਵੀ ਵਾਧਾ ਹੋਣਾ ਕੁਦਰਤੀ ਹੈ। ਭਾਰਤੀ ਵਿੱਤ ਕਮਿਸ਼ਨ ਦਾ ਪੰਜਾਬ ਦੌਰਾ ਖ਼ਤਮ ਹੋ ਗਿਆ ਹੈ ਅਤੇ ਵਿੱਤ ਕਮਿਸ਼ਨ ਅੱਗੇ ਪੰਜਾਬ ਸਰਕਾਰ ਨੇ ਇਹ ਤਜਵੀਜ਼ ਰੱਖੀ ਹੈ ਕਿ ਬਿਜਲੀ ਸਬਸਿਡੀ ਨੂੰ ਠੱਲ੍ਹਣ ਵਾਸਤੇ ਖੇਤੀ ਮੋਟਰਾਂ ਨੂੰ ਸੂਰਜੀ ਊਰਜਾ ਵਿਚ ਤਬਦੀਲ ਕੀਤਾ ਜਾਵੇਗਾ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਇਸ ਦੀ ਪੁਸ਼ਟੀ ਵੀ ਕੀਤੀ ਹੈ। ਸੂਬਾ ਸਰਕਾਰ ਦੀ ਦਲੀਲ ਹੈ ਕਿ ਬਿਜਲੀ ਦੀ ਲਾਗਤ 'ਚ ਤਿੰਨ ਚਾਰ ਫ਼ੀਸਦੀ ਵਾਧਾ ਹੁੰਦਾ ਹੈ ਅਤੇ ਇਵੇਂ ਹਰ ਸਾਲ ਬਿਜਲੀ ਦੀ ਖਪਤ ਵਧ ਜਾਂਦੀ ਹੈ ਪਰ ਸੂਰਜੀ ਊਰਜਾ ਉਤੇ ਖੇਤੀ ਪੰਪਾਂ ਦੇ ਤਬਦੀਲ ਹੋਣ ਨਾਲ ਨਵੇਂ ਖ਼ਰਚੇ ਨੂੰ ਠੱਲ੍ਹ ਪਵੇਗੀ।

ਪਤਾ ਲੱਗਾ ਹੈ ਕਿ ਪੰਜਾਬ ਊਰਜਾ ਵਿਕਾਸ ਏਜੰਸੀ (ਪੇਡਾ) ਨੂੰ ਖੇਤੀਬਾੜੀ ਫੀਡਰਾਂ ਦੇ ਵਿਅਕਤੀਗਤ ਸੋਲਰਾਈਜ਼ੇਸ਼ਨ ਲਈ ਪ੍ਰਸਤਾਵ ਤਿਆਰ ਕਰਨ ਦਾ ਕੰਮ ਸੌਂਪਿਆ ਗਿਆ ਹੈ। ਪ੍ਰਧਾਨ ਮੰਤਰੀ ਕੁਸਮ ਯੋਜਨਾ ਦੇ ਤਹਿਤ ਕਿਸਾਨਾਂ ਦੇ ਸਮੂਹਾਂ ਦੇ ਮੈਂਬਰ ਕਿਸਾਨ 500 ਮੈਗਾਵਾਟ ਤੋਂ 2 ਕਿੱਲੋਵਾਟ ਦੀ ਸਮਰੱਥਾ ਵਾਲੇ ਆਪਣੇ ਖ਼ੁਦ ਦੇ ਨਵਿਆਉਣ ਯੋਗ ਊਰਜਾ ਵਾਲੇ ਪਲਾਂਟ ਸਥਾਪਤ ਕਰ ਸਕਦੇ ਹਨ। ਪੰਜਾਬ ਇਸ ਸਕੀਮ ਨੂੰ ਸ਼ੁਰੂ ਕਰਨ ਲਈ ਦੇ ਰਾਹ ਪਿਆ ਜਿਸ ਵਿਚ ਕੇਂਦਰ ਵੱਲੋਂ 30 ਫ਼ੀਸਦੀ ਸਬਸਿਡੀ ਵੀ ਮਿਲੇਗੀ।

ਲੰਘੇ ਦਿਨੀਂ ਵਿੱਤ ਕਮਿਸ਼ਨ ਦੇ ਚੇਅਰਮੈਨ ਡਾ.ਅਰਵਿੰਦ ਪਨਗੜੀਆ ਨੇ ਬਿਜਲੀ ਸਬਸਿਡੀ ਨੂੰ ਸੂਬਾ ਸਰਕਾਰ ਦਾ ਮਾਮਲਾ ਦੱਸਿਆ ਸੀ। ਵਿੱਤ ਕਮਿਸ਼ਨ ਨੇ ਜਦੋਂ ਹਿਮਾਚਲ ਪ੍ਰਦੇਸ਼ ਨੂੰ ਬਿਜਲੀ ਸਬਸਿਡੀ ਘਟਾਉਣ ਲਈ ਕਿਹਾ ਤਾਂ ਸੂਬਾ ਸਰਕਾਰ ਨੇ ਬਿਜਲੀ ਸਬਸਿਡੀ ਵਿਚ ਕਟੌਤੀ ਕਰ ਦਿੱਤੀ ਸੀ। ਆਮਦਨ ਕਰ ਅਦਾ ਕਰਨ ਵਾਲਿਆਂ ਤੋਂ ਹਿਮਾਚਲ ਪ੍ਰਦੇਸ਼ ਸਰਕਾਰ ਨੇ ਸਬਸਿਡੀ ਦੀ ਸਹੂਲਤ ਵਾਪਸ ਲੈ ਲਈ ਹੈ।

ਵਿੱਤ ਮੰਤਰੀ ਆਖਦੇ ਹਨ ਕਿ ਉਨ੍ਹਾਂ ਨੇ ਵਿੱਤ ਕਮਿਸ਼ਨ ਨੂੰ ਫ਼ਾਲਤੂ ਦੇ ਖ਼ਰਚਿਆਂ ਨੂੰ ਘਟਾਉਣ ਦਾ ਭਰੋਸਾ ਦਿੱਤਾ ਹੈ ਅਤੇ ਜੀ.ਐਸ.ਡੀ.ਪੀ. ਅਨੁਪਾਤ ਵਿਚ ਆਪਣੇ ਕਰਜ਼ੇ ਨੂੰ 1-1.50 ਫ਼ੀਸਦੀ ਘਟਾਉਣ ਬਾਰੇ ਵੀ ਦੱਸਿਆ ਹੈ। ਚੀਮਾ ਨੇ ਕਿਹਾ ਕਿ ਵਿੱਤ ਕਮਿਸ਼ਨ ਤੋਂ ਪੰਜਾਬ ਸਰਕਾਰ ਨੇ ਕੇਂਦਰੀ ਪੂਲ ਵਿਚੋਂ ਆਪਣੇ ਮੌਜੂਦਾ ਹਿੱਸੇ 1.807 ਫ਼ੀਸਦੀ ਨੂੰ ਵਧਾ ਕੇ 2 ਫ਼ੀਸਦੀ ਕਰਨ ਦੀ ਮੰਗ ਕੀਤੀ ਹੈ।.

### ਵਾਹਗਾ ਬਾਰਡਰ ਮੁੜ ਖੋਲ੍ਹਣ ਦੀ ਮੰਗ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸਰਹੱਦੀ ਜ਼ਿਲ੍ਹਿਆਂ ਦੇ ਸਨਅਤੀ ਵਿਕਾਸ ਤੇ ਸਰਹੱਦ ਪਾਰੋਂ ਨਾਰਕੋ ਅਤਿਵਾਦ ਨੂੰ ਕੰਟਰੋਲ ਕਰਨ ਵਾਸਤੇ ਵੀ ਵਿੱਤ ਕਮਿਸ਼ਨ ਤੋਂ ਮਦਦ ਮੰਗੀ ਹੈ ਅਤੇ ਪੰਜਾਬ ਸਰਕਾਰ ਨੇ ਵਾਹਗਾ ਬਾਰਡਰ ਮੁੜ ਖੋਲ੍ਹਣ ਦੀ ਮੰਗ ਵੀ ਉਠਾਈ ਹੈ ਤਾਂ ਜੋ ਪੰਜਾਬ ਦੇ ਉਦਯੋਗਿਕ ਉਤਪਾਦ ਕਜ਼ਾਖ਼ਸਤਾਨ, ਅਫ਼ਗਾਨਿਸਤਾਨ, ਇਰਾਕ ਤੇ ਇਰਾਨ ਦੀਆਂ ਮੰਡੀਆਂ ਤੱਕ ਪਹੁੰਚ ਸਕਣ। ਜ਼ਿਕਰਯੋਗ ਹੈ ਕਿ 16ਵੇਂ ਵਿੱਤ ਕਮਿਸ਼ਨ ਨੇ ਪੰਜਾਬ ਦਾ ਦੌਰਾ ਕੀਤਾ ਸੀ।

# ਮਾਨ ਦੀ ਕੋਠੀ ਘੇਰਨ ਪੁੱਜੇ ਬੇਰੁਜ਼ਗਾਰਾਂ ਤੇ ਪੁਲਿਸ ਵਿਚਾਲੇ ਖਿੱਚ-ਧੂਹ

**ਸੰਗਰੂਰ:** ਇਥੇ ਮੁੱਖ ਮੰਤਰੀ ਦੀ ਕੋਠੀ ਦਾ ਘਿਰਾਓ ਕਰਨ ਲਈ ਸੂਬੇ ਭਰ ਤੋਂ ਪੁੱਜੇ ਬੇਰੁਜ਼ਗਾਰਾਂ ਅਤੇ ਪੁਲਿਸ ਵਿਚਾਲੇ ਖਿੱਚ-ਧੂਹ ਹੋਈ। ਇਸ ਦੌਰਾਨ ਪੁਲਿਸ ਨੂੰ ਝਕਾਨੀ ਦੇ ਕੇ ਇਕ ਮਹਿਲਾ ਸਣੇ ਅੱਧੀ ਦਰਜਨ ਬੇਰੁਜ਼ਗਾਰ ਬੈਰੀਕੇਡ ਟੱਪ ਕੇ ਮੁੱਖ ਮੰਤਰੀ ਦੀ ਰਿਹਾਇਸ਼ੀ ਕਲੋਨੀ ਦੇ ਗੇਟ ਨੇੜੇ ਪੁੱਜਣ 'ਚ ਸਫਲ ਹੋ ਗਏ ਸੀ ਪਰ ਪੁਲਿਸ ਨੇ ਉਨ੍ਹਾਂ ਨੂੰ ਧੂਹ ਕੇ ਪਿੱਛੇ ਲਿਆਂਦਾ।

ਬੈਰੀਕੇਡ ਟੱਪਣ ਮੌਕੇ ਮਹਿਲਾ ਬੇਰੁਜ਼ਗਾਰ ਦੇ ਗੋਡੇ ਉਤੇ ਸੱਟ ਲੱਗ ਗਈ। ਧੱਕਾ-ਮੁੱਕੀ ਦੌਰਾਨ ਇਕ-ਦੋ ਬੇਰੁਜ਼ਗਾਰਾਂ ਦੇ ਕੱਪੜੇ ਫਟ ਗਏ ਅਤੇ ਇਕ ਸਹਾਇਕ ਥਾਣੇਦਾਰ ਦੀ ਵਰਦੀ ਦਾ ਬੈਜ ਵੀ ਲਹਿ ਗਿਆ। ਬੇਰੁਜ਼ਗਾਰਾਂ ਨੇ ਸੜਕ 'ਤੇ ਆਵਾਜਾਈ ਠੱਪ ਕਰਕੇ ਰੋਸ ਧਰਨਾ ਦਿੱਤਾ ਅਤੇ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਬੇਰੁਜ਼ਗਾਰਾਂ ਸਾਂਝਾ ਮੋਰਚਾ ਦੀ ਅਗਵਾਈ ਹੇਠ ਸੂਬੇ ਭਰ ਤੋਂ ਬੇਰੁਜ਼ਗਾਰ ਵੇਰਕਾ ਮਿਲਕ ਪਲਾਂਟ ਨੇੜੇ ਇਕੱਠੇ ਹੋਏ, ਜਿੱਥੋਂ ਰੋਸ ਮਾਰਚ ਕਰਦਿਆਂ ਜਿਉਂ ਹੀ ਉਹ ਮੁੱਖ ਮੰਤਰੀ ਦੀ ਕੋਠੀ ਵੱਲ ਵਧੇ ਤਾਂ ਪੁਲਿਸ ਨੇ ਸਖ਼ਤ ਨਾਕੇਬੰਦੀ ਕਰਕੇ ਉਨ੍ਹਾਂ ਨੂੰ ਰੋਕ ਲਿਆ। ਇਸ ਦੌਰਾਨ ਦੋਵਾਂ ਧਿਰਾਂ ਵਿਚਾਲੇ ਜੰਮ ਕੇ ਖਿੱਚ-ਧੂਹ ਹੋਈ। ਬੇਰੁਜ਼ਗਾਰ ਸਾਂਝਾ ਮੋਰਚਾ ਦੇ ਆਗੂ ਸੁਖਵਿੰਦਰ ਸਿੰਘ ਢਿੱਲਵਾਂ ਨੇ ਦੋਸ਼ ਲਾਇਆ ਕਿ ਪੁਲਿਸ ਨੇ ਬੇਰੁਜ਼ਗਾਰਾਂ ਨਾਲ ਬਦਸਲੂਕੀ ਕੀਤੀ ਅਤੇ ਕਈ ਬੇਰੁਜ਼ਗਾਰਾਂ ਦੇ ਕੱਪੜੇ ਫਟ ਗਏ।

ਉਨ੍ਹਾਂ ਕਿਹਾ ਕਿ ਸੱਤ ਜੁਲਾਈ ਨੂੰ ਜਲੰਧਰ ਵਿਚ ਮੁੱਖ ਮੰਤਰੀ ਨੇ ਬੇਰੁਜ਼ਗਾਰਾਂ ਨਾਲ ਮਿਲਣੀ ਦੌਰਾਨ ਭਰੋਸਾ ਦਿੱਤਾ ਸੀ ਕਿ 15 ਜੁਲਾਈ ਮਗਰੋਂ ਚੰਡੀਗੜ੍ਹ 'ਚ ਪੈਨਲ ਮੀਟਿੰਗ ਕੀਤੀ ਜਾਵੇਗੀ ਪਰ ਦੋ ਹਫ਼ਤੇ ਬੀਤਣ ਉਪਰੰਤ ਵੀ ਮੀਟਿੰਗ ਲਈ ਸਮਾਂ ਨਹੀਂ ਦਿੱਤਾ ਗਿਆ।

ਆਗੂਆਂ ਨੇ ਮੰਗ ਕੀਤੀ ਕਿ ਉਮਰ ਹੱਦ ਛੋਟ ਦੇ ਕੇ ਮਾਸਟਰ ਕੇਡਰ ਦੇ ਸਾਰੇ ਵਿਸ਼ਿਆਂ ਦੀਆਂ ਖਾਲੀ ਅਸਾਮੀਆਂ 'ਤੇ ਭਰਤੀ ਕੀਤੀ ਜਾਵੇ, ਮਾਸਟਰ ਕੇਡਰ ਵਿਚ ਥੋਪੀ ਬੇਤੁਕੀ 55 ਫ਼ੀਸਦੀ ਦੀ ਸ਼ਰਤ ਰੱਦ ਕੀਤੀ ਜਾਵੇ, 250 ਆਰਟ ਐਂਡ ਕਰਾਫਟ ਅਧਿਆਪਕ ਭਰਤੀ ਦਾ ਲਿਖਤੀ ਪੇਪਰ ਤੁਰਤ ਲਿਆ ਜਾਵੇ।

# ਪ੍ਰਕਾਸ਼ ਸਿੰਘ ਬਾਦਲ ਦੇ ਪੁਰਾਣੇ ਪੱਤਰ ਨੇ ਚਰਚਾ ਛੇੜੀ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਸ੍ਰੀ ਅਕਾਲ ਤਖ਼ਤ ਵਿਖੇ ਸਪਸ਼ਟੀਕਰਨ ਦੇਣ ਤੋਂ ਬਾਅਦ ਮਰਹੂਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਅਕਤੂਬਰ 2015 ਵਿਚ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਦਿੱਤਾ ਪੱਤਰ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ। ਇਸ ਪੱਤਰ ਵਿਚ ਉਸ ਵੇਲੇ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ ਨੂੰ ਲੈ ਕੇ ਉਨ੍ਹਾਂ ਆਪਣੇ ਮਨ ਦੀ ਪੀੜਾ ਪ੍ਰਗਟਾਈ ਸੀ।

ਸਤੰਬਰ 2015 ਵਿਚ ਬੇਅਦਬੀ ਦੀਆਂ ਵੱਡੀਆਂ ਘਟਨਾਵਾਂ ਵਾਪਰੀਆਂ ਸਨ ਅਤੇ ਉਸ ਵੇਲੇ ਦੀ ਅਕਾਲੀ ਸਰਕਾਰ ਵੱਲੋਂ ਦੋਸ਼ੀਆਂ ਨੂੰ ਕਾਬੂ ਨਾ ਕਰਨ ਸਬੰਧੀ ਉਨ੍ਹਾਂ ਦੀ ਕਾਰਗੁਜ਼ਾਰੀ 'ਤੇ ਉਂਗਲ ਉੱਠੀ ਸੀ। ਮਰਹੂਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ 17 ਅਕਤੂਬਰ 2015 ਨੂੰ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋ ਕੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਇਹ ਪੱਤਰ ਸੌਂਪਿਆ ਸੀ। ਉਨ੍ਹਾਂ ਲਿਖਿਆ, "ਪੰਜਾਬ ਦਾ ਪ੍ਰਸ਼ਾਸਨਿਕ ਮੁਖੀ ਹੋਣ ਕਾਰਨ ਵਾਪਰ ਰਹੇ ਅਜਿਹੇ ਅਣਕਿਆਸੇ ਘਟਨਾਕ੍ਰਮ ਦਾ ਪੂਰਾ ਅਹਿਸਾਸ ਹੈ। ਮੈਂ ਸੌਂਪੇ ਫਰਜ਼ਾਂ ਦੀ ਪਾਲਣਾ ਪੂਰੀ ਤਨਦੇਹੀ ਅਤੇ ਸ਼ਿੱਦਤ ਨਾਲ ਕਰਨ ਦਾ ਯਤਨ ਕੀਤਾ ਹੈ ਪਰ ਸਿਦਕਦਿਲੀ



ਨਾਲ ਆਪਣੇ ਫਰਜ਼ਾਂ ਦੀ ਪਾਲਣਾ ਕਰਦਿਆਂ ਕਈ ਵਾਰ ਅਜਿਹਾ ਕੁਝ ਵਾਪਰ ਜਾਂਦਾ ਹੈ, ਜੋ ਕਿਆਸ ਤੋਂ ਬਾਹਰ ਹੁੰਦਾ ਹੈ, ਜਿਸ ਨਾਲ ਤੁਹਾਡੇ ਮਨ ਨੂੰ ਗਹਿਰੀ ਪੀੜਾ 'ਚੋਂ ਲੰਘਣਾ ਪੈਂਦਾ ਹੈ ਅਤੇ ਤੁਸੀਂ ਆਤਮਿਕ ਤੌਰ 'ਤੇ ਝੰਜੋੜੇ ਜਾਂਦੇ ਹੋ। ਤੁਹਾਡੇ ਅੰਦਰ ਪਸ਼ਚਾਤਾਪ ਦੀ ਭਾਵਨਾ ਪ੍ਰਬਲ ਹੋ ਜਾਂਦੀ ਹੈ।" ਮਰਹੂਮ ਮੁੱਖ ਮੰਤਰੀ ਨੇ ਪੱਤਰ 'ਚ ਅੱਗੇ ਲਿਖਿਆ, "ਅਜਿਹੇ ਸਮੇਂ ਉਹ ਵੀ ਅੰਤਰਮਨ ਦੀ ਪੀੜਾ 'ਚੋਂ ਲੰਘ ਰਹੇ ਹਨ। ਅਜਿਹੀ ਭਾਵਨਾ ਨੂੰ ਲੈ ਕੇ ਉਹ ਗੁਰੂ ਦਰ 'ਤੇ ਨਤਮਸਤਕ ਹੋ ਰਹੇ ਹਨ ਅਤੇ ਅਰਦਾਸ ਕਰਦੇ ਹਨ ਕਿ ਗੁਰੂ ਸਾਹਿਬ ਬਲ ਬਖ਼ਸ਼ਣ ਅਤੇ ਮਿਹਰ ਕਰਨ।" ਇਸ ਵੇਲੇ ਜਦੋਂ ਵੱਖ-ਵੱਖ ਸਿੱਖ ਜਥੇਬੰਦੀਆਂ ਵੱਲੋਂ ਸੁਖਬੀਰ ਸਿੰਘ ਬਾਦਲ ਖ਼ਿਲਾਫ਼ ਸਖ਼ਤ ਕਾਰਵਾਈ ਦੀ ਅਪੀਲ ਕੀਤੀ ਜਾ ਰਹੀ ਤਾਂ ਵਾਇਰਲ ਹੋਇਆ ਅਜਿਹਾ ਪੱਤਰ ਚਰਚਾ ਦਾ ਵਿਸ਼ਾ ਬਣਿਆ ਹੋਇਆ।

### ਸੁਖਬੀਰ ਦਾ ਮੁਆਫ਼ੀਨਾਮਾ ਜਨਤਕ ਹੋਵੇ: ਛੋਟੇਪੁਰ

**ਚੰਡੀਗੜ੍ਹ:** ਅਕਾਲੀ ਦਲ ਸੁਧਾਰ ਲਹਿਰ ਦੇ ਆਗੂ ਸੁੱਚਾ ਸਿੰਘ ਛੋਟੇਪੁਰ ਅਤੇ ਭਾਈ ਮਨਜੀਤ ਸਿੰਘ ਨੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਤੋਂ ਸੁਖਬੀਰ ਸਿੰਘ ਬਾਦਲ ਦੇ ਬੰਦ ਲਿਫਾਫਾ ਮੁਆਫ਼ੀਨਾਮੇ ਨੂੰ ਜਨਤਕ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਡੇਰਾ ਸਿਰਸਾ ਮੁਖੀ ਦਾ ਮੁਆਫ਼ੀਨਾਮਾ ਜਨਤਕ ਕੀਤੇ ਬਿਨਾਂ ਹੀ ਉਸ ਨੂੰ ਮੁਆਫ਼ੀ ਦੇ ਦਿੱਤੀ ਗਈ ਸੀ।

# ਕਿਸਾਨ 15 ਅਗਸਤ ਨੂੰ ਭਾਜਪਾ ਦੇ ਪੁਤਲੇ ਫੂਕਣਗੇ

**ਦੋਦਾ:** ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੀ ਮੀਟਿੰਗ ਡੇਰਾ ਬਾਬਾ ਧਿਆਨ ਦਾਸ ਦੋਦਾ ਵਿਚ ਹੋਈ। ਇਸ ਵਿਚ ਯੂਨੀਅਨ ਦੇ ਸੂਬਾ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਵਿਸ਼ੇਸ਼ ਤੌਰ 'ਤੇ ਪੁੱਜੇ। ਉਨ੍ਹਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਮੁੱਚੇ ਕਿਸਾਨਾਂ ਵੱਲੋਂ 15 ਅਗਸਤ ਨੂੰ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਖ਼ਿਲਾਫ਼ ਸੂਬੇ ਭਰ ਵਿਚ ਜ਼ਿਲ੍ਹਾ ਅਤੇ ਬਲਾਕ ਪੱਧਰ 'ਤੇ ਸਰਕਾਰ ਦੇ ਪੁਤਲੇ ਫੂਕੇ ਜਾਣਗੇ ਅਤੇ ਟਰੈਕਟਰ ਮਾਰਚ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਕਿਸਾਨਾਂ ਦੇ ਹੱਕ ਕੁਚਲਣ ਵਾਲੇ ਹਰਿਆਣਾ ਪੁਲਿਸ ਦੇ ਛੇ ਅਧਿਕਾਰੀਆਂ ਦੇ ਨਾਮ ਰਾਸ਼ਟਰਪਤੀ ਐਵਾਰਡ ਲਈ ਚੁਣੇ ਜਾਣ ਦਾ ਉਹ



ਭਾਰੀ ਵਿਰੋਧ ਕਰਦੇ ਹਨ। ਉਨ੍ਹਾਂ ਕਿਹਾ ਕਿ ਰੋਸ ਮਾਰਚ ਵਾਲੇ ਦਿਨ ਨਵੇਂ ਫੌਜਦਾਰੀ ਕਾਨੂੰਨਾਂ ਦੀਆਂ ਕਾਪੀਆਂ ਵੀ ਸਾੜੀਆਂ ਜਾਣਗੀਆਂ।

ਵਿਰੋਧੀ ਧਿਰ ਦੇ ਆਗੂਆਂ ਨਾਲ ਮਿਲਣੀ ਸਬੰਧੀ ਸ੍ਰੀ ਡੱਲੇਵਾਲ ਨੇ ਦੱਸਿਆ ਕਿ ਉਨ੍ਹਾਂ ਨੇ ਸਾਰੇ ਸੰਸਦ ਮੈਂਬਰਾਂ ਨੂੰ ਪਹਿਲਾਂ ਮੰਗ ਪੱਤਰ ਦਿੱਤੇ ਸਨ, ਜਿਸ ਵਿਚ ਕਿਹਾ ਗਿਆ ਸੀ ਕਿ ਉਹ ਕਿਸਾਨਾਂ ਲਈ ਐਮ.ਐਸ.ਪੀ. ਦੀ ਗਾਰੰਟੀ ਕਾਨੂੰਨ ਅਤੇ ਡਾ. ਸਵਾਮੀਨਾਥਨ ਦੀ ਰਿਪੋਰਟ ਲਾਗੂ ਕਰਵਾਉਣ ਲਈ ਸਰਕਾਰ 'ਤੇ ਜ਼ੋਰ ਪਾਉਣ ਤੇ ਪ੍ਰਾਈਵੇਟ ਮੈਂਬਰ ਬਿੱਲ ਲਿਆ ਕੇ ਧਾਰਾ 193 ਤਹਿਤ ਬਹਿਸ ਕਰਵਾਉਣ ਦੀ ਮੰਗ ਕਰਨ। ਇਸ ਤੋਂ ਇਲਾਵਾ ਇਥੇ ਪਿੰਡ ਦੋਦਾ, ਰੁਖਾਲਾ, ਸਮਾਗ, ਸੁਖਨਾ ਅਬਲੂ ਅਤੇ ਖੋਖਰ ਆਦਿ ਦੇ ਕਿਸਾਨਾਂ ਨੇ ਮੰਗ ਕੀਤੀ ਹੈ ਕਿ ਬੀਤੇ ਦਿਨੀਂ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਜੋ ਮਾਲਵਾ ਨਹਿਰ ਦੇ ਪ੍ਰੋਜੈਕਟ ਦਾ ਨਿਰੀਖਣ ਕੀਤਾ ਹੈ, ਇਸ 'ਤੇ ਸਰਕਾਰ ਨੂੰ ਦੁਬਾਰਾ ਵਿਚਾਰ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਨਵੀਂ ਨਹਿਰ ਦੀ ਥਾਂ ਸਰਹਿੰਦ ਨਹਿਰ ਵਿਚ ਪਾਣੀ ਵੱਧ ਛੱਡਿਆ ਜਾਵੇ।

# ਅਕਾਲੀ ਦਲ ਨੇ ਸੁਖਵਿਲਾਸ 'ਤੇ ਕਾਰਵਾਈ ਕਰਨ ਦੀ ਚੁਣੌਤੀ ਦਿੱਤੀ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਉਨ੍ਹਾਂ ਕੋਲ ਸੁਖਵਿਲਾਸ ਦੇ ਕਾਗਜ਼ ਹੋਣ ਸਬੰਧੀ ਕੀਤੇ ਦਾਅਵੇ ਮਗਰੋਂ ਸ਼੍ਰੋਮਣੀ ਅਕਾਲੀ ਦਲ ਨੇ ਕਿਹਾ ਹੈ ਕਿ ਮੁੱਖ ਮੰਤਰੀ ਇਸ ਮੁੱਦੇ 'ਤੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ। ਅਕਾਲੀ ਦਲ ਦੇ ਮੁੱਖ ਬੁਲਾਰੇ ਐਡਵੋਕੇਟ ਅਰਸ਼ਦੀਪ ਸਿੰਘ ਕਲੇਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਝੂਠ ਬੋਲ ਕੇ ਲੋਕਾਂ ਨੂੰ ਗੁਮਰਾਹ ਕਰ ਰਹੇ ਹਨ।

ਉਨ੍ਹਾਂ ਕਿਹਾ ਕਿ ਤਿੰਨ ਸਾਲ ਤੋਂ ਪੰਜਾਬ ਵਿਚ 'ਆਪ' ਦੀ ਸਰਕਾਰ ਹੈ ਤਾਂ ਉਨ੍ਹਾਂ ਹਾਲੇ ਤੱਕ ਕਾਰਵਾਈ ਕਿਉਂ ਨਹੀਂ ਕੀਤੀ। ਉਨ੍ਹਾਂ ਮੁੱਖ ਮੰਤਰੀ ਨੂੰ ਚੁਣੌਤੀ ਦਿੱਤੀ ਕਿ ਰੋਜ਼-ਰੋਜ਼ ਕਾਗਜ਼ ਹੋਣ ਦਾ ਦਾਅਵਾ ਕਰਨ ਦੀ ਥਾਂ ਉਹ ਸੁਖਵਿਲਾਸ 'ਤੇ ਬਣਦੀ ਕਾਰਵਾਈ ਕਰਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਦੇ ਅਸਲ ਮੁੱਦਿਆਂ ਨੂੰ ਛੱਡ ਕੇ ਸੂਬੇ ਦੇ ਲੋਕਾਂ ਦਾ ਧਿਆਨ ਭਟਕਾਉਣ ਲੱਗੇ ਹੋਏ ਹਨ। ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਆਦੇਸ਼ਾਂ 'ਤੇ ਬਣੀ ਸਿੱਟ ਨੇ ਸਪਸ਼ਟ ਕਰ ਦਿੱਤਾ ਕਿ ਲਾਰੈਂਸ ਬਿਸ਼ਨੋਈ ਦੀ ਇੰਟਰਵਿਊ ਪੰਜਾਬ ਵਿਚ ਹੋਈ ਸੀ ਪਰ ਮੁੱਖ ਮੰਤਰੀ ਨੇ ਪੰਜਾਬ ਦੇ ਅਸਲ ਮੁੱਦਿਆਂ ਨੂੰ ਛੱਡ ਕੇ ਆਪਣਾ ਧਿਆਨ ਸੁਖਬੀਰ ਸਿੰਘ ਬਾਦਲ 'ਤੇ ਕੇਂਦਰਿਤ ਕਰ ਲਿਆ ਹੈ। ਮੁੱਖ ਮੰਤਰੀ ਨੇ ਬੀ.ਐਮ.ਡਬਲਿਊ. ਦਾ ਪੰਜਾਬ ਵਿਚ ਪਲਾਂਟ ਲੱਗਣ ਬਾਰੇ ਅਤੇ ਹੁਣ ਸੁਖਵਿਲਾਸ ਬਾਰੇ ਝੂਠ ਬੋਲ ਕੇ ਲੋਕਾਂ ਦਾ ਧਿਆਨ ਭਟਕਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

# ਪੰਜਾਬ ਵਿਚ 128 ਟੀਮਾਂ ਕਰ ਰਹੀਆਂ ਨਰਮੇ ਦਾ ਸਰਵੇਖਣ: ਖੁੱਡੀਆਂ

**ਫਾਜ਼ਿਲਕਾ:** ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਨਰਮਾ ਪੱਟੀ ਇਲਾਕੇ ਦੇ ਖੇਤਾਂ ਦਾ ਜਾਇਜ਼ਾ ਲਿਆ। ਉਨ੍ਹਾਂ ਵਿਧਾਨ ਸਭਾ ਹਲਕਾ ਬੱਲੂਆਣਾ ਦੇ ਪਿੰਡ ਖੈਰਪੁਰਾ, ਸੱਯਦਾਂ ਵਾਲੀ, ਤਾਜਾ ਪੱਟੀ ਅਤੇ ਗੋਬਿੰਦਗੜ੍ਹ ਦੇ ਖੇਤਾਂ ਦਾ ਜਾਇਜ਼ਾ ਲਿਆ ਅਤੇ ਕਿਸਾਨਾਂ ਨਾਲ ਗੱਲਬਾਤ ਕੀਤੀ।

ਇਸ ਮੌਕੇ ਬੱਲੂਆਣਾ ਦੇ ਵਿਧਾਇਕ ਅਮਨਦੀਪ ਸਿੰਘ ਗੋਲਡੀ ਮੁਸਾਫਰ ਵਿਸ਼ੇਸ਼ ਤੌਰ 'ਤੇ ਉਨ੍ਹਾਂ ਦੇ ਨਾਲ ਹਾਜ਼ਰ ਰਹੇ। ਖੇਤੀਬਾੜੀ ਮੰਤਰੀ ਨੇ ਆਖਿਆ ਕਿ ਪੰਜਾਬ ਸਰਕਾਰ ਨੇ ਖੇਤੀ ਵਿਭਾਗ ਨੂੰ ਪੂਰੀ ਤਰ੍ਹਾਂ ਚੌਕਸ ਕੀਤਾ ਹੋਇਆ ਹੈ ਅਤੇ ਨਰਮੇ ਦੀ ਖੇਤੀ ਨੂੰ ਪ੍ਰਫੁੱਲਿਤ ਕਰਨ ਲਈ ਵਿਭਾਗ ਵੱਲੋਂ ਹਰ ਹੀਲਾ ਵਰਤਿਆ ਜਾ ਰਿਹਾ ਹੈ। ਉਨ੍ਹਾਂ



ਕਿਹਾ ਕਿ ਵਿਭਾਗ ਦੀਆਂ 128 ਟੀਮਾਂ ਲਗਾਤਾਰ ਨਰਮੇ ਦੇ ਖੇਤਾਂ ਦਾ ਸਰਵੇਖਣ ਕਰ ਰਹੀਆਂ ਹਨ। ਖੇਤੀਬਾੜੀ ਮੰਤਰੀ ਨੇ ਕਿਹਾ ਕਿ ਨਰਮੇ ਅਤੇ ਹੋਰ ਫ਼ਸਲਾਂ ਲਈ ਵਰਤੀਆਂ ਜਾਂਦੀਆਂ ਕੀੜੇਮਾਰ ਜ਼ਹਿਰਾਂ, ਉੱਲੀਨਾਸ਼ਕ ਅਤੇ ਖਾਦਾਂ ਦੀ ਉੱਚ ਗੁਣਵੱਤਾ ਯਕੀਨੀ ਬਣਾਉਣ ਲਈ ਵਿਭਾਗ ਵੱਲੋਂ ਲਗਾਤਾਰ ਨਮੂਨੇ ਭਰੇ ਜਾ ਰਹੇ ਹਨ।

ਇਸ ਮੌਕੇ ਇਕ ਸਵਾਲ ਦਾ ਜਵਾਬ ਦਿੰਦਿਆਂ ਖੇਤੀਬਾੜੀ ਮੰਤਰੀ ਨੇ ਆਖਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਨਵੀਂ ਮਾਲਵਾ ਨਹਿਰ ਦਾ ਨਿਰਮਾਣ ਕੀਤਾ ਜਾ ਰਿਹਾ ਹੈ। ਇਸ ਨਹਿਰ 'ਤੇ 2300 ਕਰੋੜ ਰੁਪਏ ਦੀ ਲਾਗਤ ਆਵੇਗੀ ਅਤੇ ਲਗਭਗ 150 ਕਿਲੋਮੀਟਰ ਇਹ ਲੰਬੀ ਨਹਿਰ ਬਣਨ ਨਾਲ ਸਭ ਤੋਂ ਵੱਧ ਫ਼ਾਇਦਾ ਅਬੋਹਰ ਬੱਲੂਆਣਾ ਇਲਾਕਿਆਂ ਨੂੰ ਹੋਵੇਗਾ। ਖੇਤੀਬਾੜੀ ਮੰਤਰੀ ਨੇ ਆਖਿਆ ਕਿ ਪਹਿਲੀ ਵਾਰ ਹੈ ਕਿ ਆਜ਼ਾਦੀ ਤੋਂ ਬਾਅਦ ਪੰਜਾਬ ਵਿਚ ਕੋਈ ਵੱਡੀ ਨਹਿਰ ਬਣਨ ਜਾ ਰਹੀ ਹੈ। ਇਸ ਮੌਕੇ ਇਕ ਹੋਰ ਸਵਾਲ ਦਾ ਜਵਾਬ ਦਿੰਦਿਆਂ ਸ੍ਰੀ ਖੁੱਡੀਆਂ ਨੇ ਆਖਿਆ ਕਿ ਪੰਜਾਬ ਸਰਕਾਰ ਵੱਲੋਂ ਕੇਂਦਰ ਸਰਕਾਰ ਕੋਲ ਨਰਮੇ ਦੇ ਬੀਟੀ ਤਿੰਨ ਬੀਜ ਜਾਰੀ ਕਰਨ ਸਬੰਧੀ ਮੁੱਦਾ ਉਠਾਇਆ ਗਿਆ ਹੈ। ਉਨ੍ਹਾਂ ਨੇ ਆਸ ਪ੍ਰਗਟਾਈ ਕਿ ਨਰਮੇ ਦੀਆਂ ਬੀਟੀ ਤਿੰਨ ਕਿਸਮਾਂ ਆਉਣ ਨਾਲ ਨਰਮੇ ਦੀ ਫ਼ਸਲ ਨੂੰ ਹੋਰ ਹੁਲਾਰਾ ਮਿਲੇਗਾ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਖੇਤੀਬਾੜੀ ਵਿਭਾਗ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ.ਏ.ਯੂ.) ਦੀਆਂ ਸਿਫਾਰਸ਼ਾਂ ਅਨੁਸਾਰ ਹੀ ਨਰਮੇ ਤੇ ਕੀਟਨਾਸ਼ਕਾਂ ਦਾ ਛਿੜਕਾਅ ਕਰਨ।

# ਹੁਣ ਸਾਬਕਾ ਫੌਜੀਆਂ ਨੇ ਅਗਨੀਵੀਰ ਯੋਜਨਾ ਉਤੇ ਸਵਾਲ ਚੁੱਕੇ



**ਚੰਡੀਗੜ੍ਹ:** ਅਗਨੀਵੀਰ ਭਰਤੀ ਯੋਜਨਾ ਦੇ ਮੁੱਦੇ ਉਤੇ ਵੱਖ-ਵੱਖ ਸਿਆਸੀ ਪਾਰਟੀਆਂ ਵੱਲੋਂ ਕੇਂਦਰ ਸਰਕਾਰ ਨੂੰ ਘੇਰੇ ਜਾਣ ਮਗਰੋਂ ਕੁਝ ਸਾਬਕਾ ਫੌਜੀ ਅਧਿਕਾਰੀਆਂ ਨੇ ਇਸ ਯੋਜਨਾ ਨਾਲ ਸਬੰਧਤ ਕੁਝ ਮਸਲੇ ਉਠਾਏ ਹਨ। ਕੁਝ ਸਾਬਕਾ ਸੈਨਿਕਾਂ ਦਾ ਕਹਿਣਾ ਹੈ ਕਿ ਅਗਨੀਵੀਰ ਭਰਤੀ ਯੋਜਨਾ ਦਾ ਪਹਿਲਾ ਗੇੜ ਅਜੇ ਮੁਕੰਮਲ ਨਹੀਂ ਹੋਇਆ ਅਤੇ ਇਸ ਦਾ ਪੂਰਾ ਅਸਰ ਦੇਖਿਆ ਜਾਣਾ ਅਜੇ ਬਾਕੀ ਹੈ ਜਦਕਿ ਕੁਝ ਸਾਬਕਾ ਸੈਨਿਕਾਂ ਦਾ ਕਹਿਣਾ ਹੈ ਕਿ ਇਸ ਯੋਜਨਾ ਦੀ ਪੂਰੀ ਸਮਰੱਥਾ ਦੇਖਣ ਲਈ ਇਸ ਦੀ ਮਿਆਦ 'ਚ ਵਾਧਾ ਕੀਤਾ ਜਾਣਾ ਚਾਹੀਦਾ ਹੈ।

ਮਾਈ ਭਾਗੋ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਦੇ ਸਾਬਕਾ ਨਿਰਦੇਸ਼ਕ ਮੇਜਰ ਜਨਰਲ (ਸੇਵਾਮੁਕਤ) ਆਈ.ਪੀ. ਸਿੰਘ ਨੇ ਕਿਹਾ ਕਿ ਇਕ ਫੌਜੀ ਨੂੰ ਜ਼ਰੂਰੀ ਹੁਨਰ ਵਿਕਸਿਤ ਕਰਨ, ਭਰੋਸਾ ਹਾਸਲ ਕਰਨ ਅਤੇ ਮੁਸ਼ਕਲ ਹਾਲਾਤ ਵਿਚ ਟੀਮ ਨਾਲ ਮਿਲ ਕੇ ਕੰਮ ਕਰਨ ਦੇ ਯੋਗ ਹੋਣ ਲਈ ਇਕ ਨਿਰਧਾਰਤ ਸਮੇਂ ਦੀ ਲੋੜ ਹੁੰਦੀ ਹੈ। ਉਨ੍ਹਾਂ ਕਿਹਾ, 'ਚਾਰ ਸਾਲ ਮਗਰੋਂ ਨੌਕਰੀ ਸਬੰਧੀ ਬੇਯਕੀਨੀ ਹੋਣਾ ਵੀ ਦੋ-ਧਾਰੀ ਹਥਿਆਰ ਹੈ। ਇਸ ਨਾਲ ਜਾਂ ਤਾਂ ਵਿਅਕਤੀ ਬਹੁਤ ਵਧੀਆ ਪ੍ਰਦਰਸ਼ਨ ਕਰਦਾ ਹੈ ਜਾਂ ਫਿਰ ਨੌਕਰੀ ਵੱਲ ਧਿਆਨ ਦਿੰਦਾ ਹੈ।' ਉਨ੍ਹਾਂ ਕਿਹਾ ਕਿ ਅਗਨੀਵੀਰ ਯੋਜਨਾ ਦਾ ਪਹਿਲਾ ਗੇੜ ਅਜੇ ਪੂਰਾ ਨਹੀਂ ਹੋਇਆ। ਇਸ ਲਈ ਇਸ ਦੀ ਪੂਰੀ ਸਮਰੱਥਾ ਦੇਖੀ ਜਾਣੀ ਅਜੇ ਬਾਕੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਭਾਰਤ ਦੇ ਸੁਰੱਖਿਆ ਹਾਲਾਤ ਨੂੰ ਦੇਖਦਿਆਂ ਉੱਚ ਪੱਧਰੀ ਫੌਜੀਆਂ ਵਾਲੀ ਪੂਰੀ ਤਰ੍ਹਾਂ ਸਿੱਖਿਅਤ ਤੇ ਪ੍ਰੇਰਿਤ ਸੁਰੱਖਿਆ ਫੋਰਸ ਦੀ ਜ਼ਰੂਰਤ ਹੈ। ਇਸ ਲਈ ਲੰਮੇ ਸਮੇਂ ਤੋਂ ਅਜ਼ਮਾਏ ਹੋਏ ਸਾਲਾਂ ਪੁਰਾਣੇ ਪ੍ਰਬੰਧ ਦੀ ਥਾਂ ਇਹ ਕੋਈ ਚੰਗਾ ਵਿਚਾਰ ਨਹੀਂ ਹੈ। ਸਾਬਕਾ ਫੌਜੀਆਂ ਅਨੁਸਾਰ ਇਸ ਸਮੇਂ ਸਾਲਾਨਾ 46 ਹਜ਼ਾਰ ਅਗਨੀਵੀਰਾਂ ਦੀ ਭਰਤੀ ਕੀਤੀ ਜਾ ਰਹੀ ਹੈ ਅਤੇ ਅਗਲੇ 4-5 ਸਾਲਾਂ 'ਚ ਇਨ੍ਹਾਂ ਦੀ ਗਿਣਤੀ 1.75 ਲੱਖ ਹੋ ਜਾਵੇਗੀ। ਅਗਲੇ 10-12 ਸਾਲਾਂ ਅੰਦਰ ਕੁੱਲ ਫੋਰਸ ਵਿਚ 66 ਫੀਸਦ ਹਿੱਸਾ ਅਗਨੀਵੀਰਾਂ ਦਾ ਹੋਵੇਗਾ।

ਸਿੱਖ ਰੈਜੀਮੈਂਟ ਸੈਂਟਰ ਦੇ ਸਾਬਕਾ ਕਮਾਂਡੈਂਟ ਬ੍ਰਿਗੇਡੀਅਰ (ਸੇਵਾਮੁਕਤ) ਆਈ.ਐਸ. ਗਾਖਲ ਨੇ ਕਿਹਾ, 'ਇਹ 66 ਫੀਸਦ ਹਿੱਸਾ ਫੋਰਸ ਨੂੰ ਚਲਾਏਗਾ।' ਉਨ੍ਹਾਂ ਕਿਹਾ, 'ਅਗਨੀਵੀਰਾਂ ਦੀ ਸਿਖਲਾਈ ਕਰੀਬ ਛੇ ਮਹੀਨਿਆਂ ਦੀ ਹੈ। ਇਸ ਤੋਂ ਪਹਿਲਾਂ ਰੰਗਰੂਟ ਨੂੰ ਨੌਂ ਮਹੀਨੇ ਦੀ ਮੁੱਢਲੀ ਸਿਖਲਾਈ ਤੋਂ ਲੰਘਣਾ ਪੈਂਦਾ ਸੀ। ਦੋ-ਤਿੰਨ ਸਾਲ ਬਾਅਦ ਉਹ ਫੌਜੀ ਵਜੋਂ ਵਿਕਸਿਤ ਹੁੰਦਾ ਹੈ।'

### ਅਗਨੀਵੀਰ ਸਕੀਮ ਰੱਦ ਕਰਾਂਗੇ: ਅਖਿਲੇਸ਼

**ਲਖਨਊ:** ਸਮਾਜਵਾਦੀ ਪਾਰਟੀ (ਸਪਾ) ਮੁਖੀ ਅਖਿਲੇਸ਼ ਯਾਦਵ ਨੇ ਕਿਹਾ ਕਿ ਅਸੀਂ ਸੱਤਾ 'ਚ ਆਉਂਦਿਆਂ ਹੀ ਅਗਨੀਪਥ ਸਕੀਮ ਰੱਦ ਕਰ ਦੇਵਾਂਗੇ। ਉਨ੍ਹਾਂ ਨੇ ਇਹ ਗੱਲ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਵੱਲੋਂ ਸੇਵਾਮੁਕਤ ਅਗਨੀਵੀਰਾਂ ਲਈ ਰਾਖਵੇਂਕਰਨ ਦਾ ਐਲਾਨ ਕਰਨ ਦੇ ਇਕ ਦਿਨ ਬਾਅਦ ਆਖੀ ਹੈ। ਅਖਿਲੇਸ਼ ਨੇ ਲੋਕ ਸਭਾ ਚੋਣਾਂ ਲਈ ਪ੍ਰਚਾਰ ਦੌਰਾਨ ਵੀ ਇਹ ਵਾਅਦਾ ਦੁਹਰਾਇਆ ਸੀ ਕਿ ਜੇਕਰ 'ਇੰਡੀਆ' ਗੱਠਜੋੜ ਸੱਤਾ 'ਚ ਆਇਆ ਤਾਂ ਫੌਜ 'ਚ ਥੋੜ੍ਹੇ ਸਮੇਂ ਲਈ ਭਰਤੀ ਦੀ ਇਹ ਸਕੀਮ ਰੱਦ ਕਰ ਦਿੱਤੀ ਜਾਵੇਗੀ।

# ਪੰਜਾਬ ਗੈਰ-ਕਾਨੂੰਨੀ ਪਰਵਾਸ ਰੋਕਣ ਲਈ ਕੇਰਲ ਮਾਡਲ ਅਪਣਾਏਗਾ

**ਰਾਮਦਾਸ:** ਪੰਜਾਬ ਦੇ ਪਰਵਾਸੀ ਭਾਰਤੀ ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਐਲਾਨ ਕੀਤਾ ਹੈ ਕਿ ਸੂਬਾ ਗੈਰ-ਕਾਨੂੰਨੀ ਪਰਵਾਸ ਰੋਕਣ ਦੇ ਨਾਲ-ਨਾਲ ਪਰਵਾਸੀ ਭਾਰਤੀਆਂ ਵਾਸਤੇ ਬੁਨਿਆਦੀ ਸਹੂਲਤਾਂ ਯਕੀਨੀ ਬਣਾਉਣ ਲਈ ਕੇਰਲਾ ਮਾਡਲ ਅਪਣਾਏਗਾ। ਇਹ ਐਲਾਨ ਉਨ੍ਹਾਂ ਆਪਣੇ ਕੇਰਲ ਦੌਰੇ ਦੌਰਾਨ ਕੀਤਾ, ਜਿੱਥੇ ਉਨ੍ਹਾਂ ਵੱਲੋਂ ਨੋਰਕਾ (ਨਾਨ-ਰੈਜ਼ੀਡੈਂਟ ਕੇਰਲਾਈਟਜ਼ ਅਫੇਅਰਜ਼) ਵਿਭਾਗ ਦੀਆਂ ਸਫ਼ਲ ਪਹਿਲਕਦਮੀਆਂ ਦਾ ਅਧਿਐਨ ਕੀਤਾ ਗਿਆ।

ਧਾਲੀਵਾਲ ਨੇ ਗੈਰ-ਕਾਨੂੰਨੀ ਪਰਵਾਸ ਰੋਕਣ ਅਤੇ ਮਜ਼ਦੂਰਾਂ ਦੇ ਸੁਰੱਖਿਅਤ ਅਤੇ ਕਾਨੂੰਨੀ ਪਰਵਾਸ ਨੂੰ ਯਕੀਨੀ ਬਣਾਉਣ ਲਈ ਕੇਰਲਾ ਮਾਡਲ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਆਪਣੇ ਨਾਗਰਿਕਾਂ ਨੂੰ ਗੈਰ-ਕਾਨੂੰਨੀ ਪਰਵਾਸ ਤੋਂ ਬਚਾਉਣ ਅਤੇ ਉਨ੍ਹਾਂ ਦੀ ਭਲਾਈ ਯਕੀਨੀ ਬਣਾਉਣ ਲਈ ਅਜਿਹੀਆਂ ਹੀ ਨੀਤੀਆਂ ਅਪਣਾਏਗਾ।

ਪੰਜਾਬ ਸਰਕਾਰ ਪਰਵਾਸ ਨੂੰ ਨਿਯਮਿਤ ਕਰਨ ਅਤੇ ਪਰਵਾਸੀ ਪੰਜਾਬੀਆਂ ਨੂੰ ਸਹਾਇਤਾ ਮੁਹੱਈਆ ਕਰਨ ਲਈ ਨੋਰਕਾ ਵਾਂਗ ਇੱਕ ਸਮਰਪਿਤ ਏਜੰਸੀ ਦੀ ਸਥਾਪਨਾ ਕਰੇਗੀ। ਏਜੰਸੀ ਗੈਰ-ਕਾਨੂੰਨੀ ਪਰਵਾਸ ਨੂੰ ਰੋਕਣ, ਸੁਰੱਖਿਅਤ ਅਤੇ ਕਾਨੂੰਨੀ ਪਰਵਾਸ ਨੂੰ ਉਤਸ਼ਾਹਿਤ ਕਰਨ, ਪਰਵਾਸੀ ਭਾਰਤੀਆਂ ਨੂੰ ਭਲਾਈ ਸੇਵਾਵਾਂ ਮੁਹੱਈਆ ਕਰਨ, ਹੁਨਰ ਵਿਕਾਸ ਅਤੇ ਰੁਜ਼ਗਾਰ ਦੇ ਮੌਕੇ ਵਧਾਉਣ 'ਤੇ ਧਿਆਨ ਕੇਂਦਰਿਤ ਕਰੇਗੀ।

# ਵਿਕਾਸ ਲਈ ਫੰਡਾਂ ਦੀ ਘਾਟ ਨਹੀਂ ਆਉਣ ਦੇਵਾਂਗੇ: ਮਾਨ



**ਜਲੰਧਰ:** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮਾਝਾ ਤੇ ਦੋਆਬਾ ਦੇ ਸਿਵਲ ਅਤੇ ਪੁਲਿਸ ਅਧਿਕਾਰੀਆਂ ਨਾਲ ਮੀਟਿੰਗ ਕਰ ਕੇ ਖੇਤਰ ਦੇ ਜ਼ਿਲ੍ਹਿਆਂ ਵਿਚ ਚੱਲ ਰਹੇ ਵਿਕਾਸ ਪ੍ਰੋਜੈਕਟਾਂ ਦਾ ਜਾਇਜ਼ਾ ਲਿਆ। ਇਸ ਮੌਕੇ ਉਨ੍ਹਾਂ ਵੱਖ-ਵੱਖ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਵਿਕਾਸ ਕਾਰਜਾਂ ਵਿਚ ਤੇਜ਼ੀ ਲਿਆਉਣ ਦੇ ਹੁਕਮ ਦਿੱਤੇ ਹਨ।

ਮੁੱਖ ਮੰਤਰੀ ਨੇ ਜਲੰਧਰ ਅਤੇ ਅੰਮ੍ਰਿਤਸਰ ਨੂੰ ਸਮਾਰਟ ਸਿਟੀ ਬਣਾਉਣ ਨਾਲ ਸਬੰਧਤ ਪ੍ਰੋਜੈਕਟਾਂ ਦੀ ਪ੍ਰਗਤੀ ਦੀ ਵੀ ਸਮੀਖਿਆ ਕੀਤੀ ਅਤੇ ਅਧਿਕਾਰੀਆਂ ਨੂੰ ਇਨ੍ਹਾਂ ਪ੍ਰੋਜੈਕਟਾਂ ਦੀ ਗਤੀ ਵਿਚ ਕੋਈ ਰੁਕਾਵਟ ਨਾ ਆਉਣ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਮਾਝੇ ਅਤੇ ਦੋਆਬੇ ਦੇ ਬਾਕੀ ਸ਼ਹਿਰਾਂ ਦੇ ਵਿਕਾਸ ਕਾਰਜਾਂ ਬਾਰੇ ਵੀ ਜਾਣਕਾਰੀ ਹਾਸਲ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਵਿਕਾਸ ਕਾਰਜਾਂ ਵਿਚ ਫੰਡਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਭਗਵੰਤ ਸਿੰਘ ਮਾਨ ਨੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਸਖ਼ਤ ਆਦੇਸ਼ ਦਿੱਤੇ ਕਿ ਦਫ਼ਤਰ ਵਿਚ ਆਉਣ ਵਾਲੇ ਹਰੇਕ ਵਿਅਕਤੀ ਦੀ ਗੱਲ ਸੁਣੀ ਜਾਵੇ ਅਤੇ ਜਦੋਂ ਤੱਕ ਦਫ਼ਤਰ ਪਹੁੰਚੇ ਹਰੇਕ ਵਿਅਕਤੀ ਦੀ ਸੁਣਵਾਈ ਨਹੀਂ ਹੁੰਦੀ, ਉਦੋਂ ਤੱਕ ਦਫ਼ਤਰ ਨਾ ਛੱਡਿਆ ਜਾਵੇ।

ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਸੂਬਾ ਸਰਕਾਰ ਦੀ ਸਭ ਤੋਂ ਵੱਧ ਤਰਜੀਹ ਆਮ ਲੋਕਾਂ ਦੇ ਰੋਜ਼ਾਨਾ ਦੇ ਦਫ਼ਤਰੀ ਕੰਮਕਾਜ ਨੂੰ ਪਹਿਲ ਦੇ ਆਧਾਰ 'ਤੇ ਨਿਬੇੜਨਾ ਹੈ ਤਾਂ ਜੋ ਲੋਕਾਂ ਨੂੰ ਕਿਸੇ ਤਰ੍ਹਾਂ ਦੀ ਖੱਜਲ-ਖੁਆਰੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਆਖਿਆ ਕਿ ਜ਼ਿਲ੍ਹਾ ਪੱਧਰ 'ਤੇ ਸੀ.ਐਮ. ਵਿੰਡੋ ਸਥਾਪਤ ਕੀਤੀ ਜਾ ਰਹੀ ਹੈ, ਜਿੱਥੇ ਪ੍ਰਸ਼ਾਸਨਿਕ ਅਧਿਕਾਰੀਆਂ ਤੋਂ ਇਲਾਵਾ ਸਬੰਧਤ ਹਲਕੇ ਦੇ ਵਿਧਾਇਕ ਲੋਕਾਂ ਦੇ ਮਸਲੇ ਹੱਲ ਕਰਵਾਉਣ ਵਿੱਚ ਯੋਗਦਾਨ ਪਾਉਣਗੇ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪੱਧਰ ਦੇ ਮਸਲਿਆਂ ਦਾ ਮੌਕੇ 'ਤੇ ਹੀ ਹੱਲ ਕਰ ਲਿਆ ਜਾਵੇਗਾ।

## ਪਾਕਿਸਤਾਨ ਸਰਕਾਰ ਭਾਰਤੀ ਸਿੱਖਾਂ ਨੂੰ ਵੀ ਆਨ ਅਰਾਈਵਲ ਵੀਜ਼ਾ ਦੇਵੇ: ਸਰਨਾ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਪਾਕਿਸਤਾਨ ਸਥਿਤ ਸ੍ਰੀ ਨਨਕਾਣਾ ਸਾਹਿਬ ਅਤੇ ਹੋਰ ਇਤਿਹਾਸਕ ਗੁਰਧਾਮਾਂ ਦੇ ਦਰਸ਼ਨਾਂ ਲਈ ਜਾਣ ਵਾਲੇ ਪਰਵਾਸੀ ਸਿੱਖਾਂ ਨੂੰ ਆਨ ਅਰਾਈਵਲ ਵੀਜ਼ਾ ਦੇਣ ਦੇ ਪਾਕਿ ਸਰਕਾਰ ਦੇ ਫ਼ੈਸਲੇ ਦੀ ਸ਼ਲਾਘਾ ਕੀਤੀ ਹੈ। ਉਨ੍ਹਾਂ ਉਮੀਦ ਪ੍ਰਗਟਾਈ ਕਿ ਪਾਕਿਸਤਾਨ ਸਰਕਾਰ ਭਾਰਤ ਵਿਚਲੇ ਸਿੱਖਾਂ ਨੂੰ ਵੀ ਇਹੀ ਸਹੂਲਤ ਦੇਵੇਗੀ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਤਰਫੋਂ ਸ੍ਰੀ ਸਰਨਾ ਨੇ ਕਿਹਾ ਕਿ ਸ੍ਰੀ ਨਨਕਾਣਾ ਸਾਹਿਬ ਆਉਣ ਵਾਲੇ ਸਿੱਖਾਂ ਲਈ ਵੀਜ਼ਾ ਆਨ ਅਰਾਈਵਲ ਪ੍ਰਾਪਤ ਕਰਨ ਦੇ ਸ਼੍ਰੋਮਣੀ ਅਕਾਲੀ ਦਲ ਦੇ ਯਤਨਾਂ ਨੂੰ ਸਫਲਤਾ ਮਿਲੀ ਹੈ।

# ਟੌਲ ਪਲਾਜ਼ੇ ਮਾਮਲਾ: 4 ਹਫਤਿਆਂ 'ਚ ਹੱਲ ਦਾ ਵਾਅਦਾ



**ਚੰਡੀਗੜ੍ਹ:** ਭਰੋਸਿਆਂ ਦੇ ਬਾਵਜੂਦ ਟੌਲ ਪਲਾਜ਼ਿਆਂ ਨੂੰ ਸੁਚਾਰੂ ਢੰਗ ਨਾਲ ਨਾ ਚਲਾਉਣ ਲਈ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਕੀਤੀ ਝਾੜਝੰਬ ਮਗਰੋਂ ਪੰਜਾਬ ਸਰਕਾਰ ਨੇ ਚਾਰ ਹਫ਼ਤਿਆਂ ਵਿਚ ਮੁੱਦੇ ਦਾ ਹੱਲ ਕੱਢਣ ਦਾ ਭਰੋਸਾ ਦਿੱਤਾ ਹੈ। ਅਦਾਲਤ ਨੇ ਰਾਜਾਂ ਨੂੰ ਹੁਕਮਾਂ ਦੀ ਪਾਲਣਾ ਸਬੰਧੀ 13 ਸਤੰਬਰ ਤੱਕ ਹਲਫ਼ਨਾਮਾ ਦਾਖ਼ਲ ਕਰਨ ਲਈ ਕਿਹਾ ਹੈ।

ਹਾਈ ਕੋਰਟ ਦੇ ਜਸਟਿਸ ਵਿਨੋਦ ਐੱਸ.ਭਾਰਦਵਾਜ ਨੇ ਕਿਹਾ ਕਿ ਵਾਰ-ਵਾਰ ਸਮੱਸਿਆ ਦਾ ਪੈਦਾ ਹੋਣਾ ਸਰਕਾਰ ਵੱਲੋਂ ਵਚਨਬੱਧਤਾ ਦੀ ਕਮੀ ਤੇ ਉਸ ਅੱਗੇ ਲਿਆਂਦੇ ਗਏ ਮੁੱਦਿਆਂ ਪ੍ਰਤੀ ਉਸ ਦੇ ਢਿੱਲੇ-ਮੱਠੇ ਰਵੱਈਏ ਨੂੰ ਦਰਸਾਉਂਦਾ ਹੈ। ਬੈਂਚ ਨੇ ਕਿਹਾ ਕਿ ਪ੍ਰਦਰਸ਼ਨਕਾਰੀਆਂ ਨੇ ਆਪਣੇ ਫ਼ਰਜ਼ਾਂ ਤੇ ਜ਼ਿੰਮੇਵਾਰੀਆਂ ਦੀ ਪੂਰੀ ਤਰ੍ਹਾਂ ਨਾਲ ਪਾਲਣਾ ਨਹੀਂ ਕੀਤੀ। ਇਸ ਦੇ ਨਾਲ ਹੀ ਇਹ ਵੀ ਕਿਹਾ ਕਿ ਪ੍ਰਦਰਸ਼ਨ ਦੌਰਾਨ ਅਮਨ-ਕਾਨੂੰਨ ਬਣਾਈ ਰੱਖਣਾ ਪੁਲਿਸ ਪ੍ਰਸ਼ਾਸਨ ਦਾ ਕੰਮ ਹੈ।

ਹਾਈ ਕੋਰਟ ਦੀਆਂ ਇਹ ਟਿੱਪਣੀਆਂ ਐਨ.ਐਚ.ਏ.ਆਈ. ਤੇ ਹੋਰ ਪਟੀਸ਼ਨਰਾਂ ਵੱਲੋਂ ਸੀਨੀਅਰ ਵਕੀਲ ਚੇਤਨ ਮਿੱਤਲ ਤੇ ਵਕੀਲ ਆਰ.ਐਸ. ਮਦਾਨ ਤੇ ਮਯੰਕ ਅਗਰਵਾਲ ਰਾਹੀਂ ਦਾਇਰ ਪਟੀਸ਼ਨ 'ਤੇ ਕੀਤੀਆਂ ਹਨ। ਕੋਰਟ ਨੇ ਇਸ ਗੱਲ ਦਾ ਨੋਟਿਸ ਲਿਆ ਕਿ ਪਿਛਲੇ ਸਾਲ 15 ਫਰਵਰੀ ਤੇ 12 ਜੁਲਾਈ ਦੇ ਹਲਫਨਾਮਿਆਂ ਵਿਚ ਭਰੋਸਾ ਦੇਣ ਦੇ ਬਾਵਜੂਦ ਪੰਜਾਬ ਸਰਕਾਰ ਟੋਲ ਪਲਾਜ਼ਾ 'ਤੇ ਗੜਬੜੀ ਤੇ ਨੁਕਸਾਨ ਨਹੀਂ ਰੋਕ ਸਕੀ।

## ਵਿਦੇਸ਼ ਜਾਣ ਲਈ ਟੈਕਸ ਸਰਟੀਫਿਕੇਟ ਸਬੰਧੀ ਸਫਾਈ ਦਿੱਤੀ

**ਨਵੀਂ ਦਿੱਲੀ:** ਵਿਦੇਸ਼ ਜਾਣ ਲਈ ਟੈਕਸ ਕਲੀਅਰੈਂਸ ਸਰਟੀਫਿਕੇਟ ਲਾਜ਼ਮੀ ਬਣਾਉਣ ਸਬੰਧੀ ਬਜਟ ਤਜਵੀਜ਼ ਦਾ ਸੋਸ਼ਲ ਮੀਡੀਆ 'ਤੇ ਵਿਰੋਧ ਕੀਤੇ ਜਾਣ ਮਗਰੋਂ ਸਰਕਾਰ ਨੇ ਸਪਸ਼ਟ ਕੀਤਾ ਕਿ ਤਜਵੀਜ਼ਤ ਸੋਧ ਸਾਰਿਆਂ ਲਈ ਨਹੀਂ ਹੈ, ਸਿਰਫ ਡਿਫਾਲਟਰਾਂ ਜਾਂ ਕਾਫੀ ਟੈਕਸ ਬਕਾਏ ਰੱਖਣ ਵਾਲੇ ਲੋਕਾਂ ਨੂੰ ਅਜਿਹੀ ਮਨਜ਼ੂਰੀ ਦੀ ਲੋੜ ਹੈ। ਵਿੱਤ ਮੰਤਰਾਲੇ ਨੇ ਵਿੱਤ ਬਿੱਲ-2024 ਵਿਚ ਬਲੈਕ ਮਨੀ ਐਕਟ-2015 ਦੇ ਹਵਾਲੇ ਨੂੰ ਐਕਟਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਤਜਵੀਜ਼ ਰੱਖੀ ਹੈ ਜਿਸ ਤਹਿਤ ਕਿਸੇ ਵੀ ਵਿਅਕਤੀ ਨੂੰ ਟੈਕਸ ਕਲੀਅਰੈਂਸ ਸਰਟੀਫਿਕੇਟ ਪ੍ਰਾਪਤ ਕਰਨ ਲਈ ਆਪਣੀਆਂ ਦੇਣਦਾਰੀਆਂ ਨੂੰ ਕਲੀਅਰ ਕਰਨਾ ਹੋਵੇਗਾ।

# ਜਸਵੀਰ ਸਿੰਘ ਗੜ੍ਹੀ ਹੀ ਰਹਿਣਗੇ ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ

**ਪਟਿਆਲਾ:** ਬਸਪਾ ਪੰਜਾਬ, ਚੰਡੀਗੜ੍ਹ, ਹਰਿਆਣਾ ਦੇ ਮੁੱਖ ਕੋਆਰਡੀਨੇਟਰ ਰਣਧੀਰ ਸਿੰਘ ਬੈਨੀਵਾਲ ਨੇ ਦੱਸਿਆ ਕਿ ਪੰਜਾਬ ਕਾਰਜਕਾਰੀ ਕਮੇਟੀ ਬਣ ਗਈ ਹੈ। ਜਸਵੀਰ ਸਿੰਘ ਗੜ੍ਹੀ ਸੂਬਾ ਪ੍ਰਧਾਨ ਬਣੇ ਰਹਿਣਗੇ। ਵਿਧਾਇਕ ਡਾ. ਨਛੱਤਰ ਪਾਲ ਸੂਬਾ ਇੰਚਾਰਜ ਹੋਣਗੇ। ਰਾਜਾ ਰਾਜਿੰਦਰ ਸਿੰਘ ਨਨਹੇੜੀਆਂ ਨੂੰ ਚੰਡੀਗੜ੍ਹ ਦਾ ਇੰਚਾਰਜ ਲਾਇਆ ਹੈ।

ਸੂਬੇ ਦੇ ਉਪ ਪ੍ਰਧਾਨ ਅਜੀਤ ਸਿੰਘ ਭੈਣੀ, ਜਨਰਲ ਸਕੱਤਰ ਬਲਦੇਵ ਮਹਿਰਾ, ਗੁਰਲਾਲ ਸੈਲਾ, ਬਲਵਿੰਦਰ ਕੁਮਾਰ, ਗੁਰਨਾਮ ਸਿੰਘ ਚੌਧਰੀ, ਹਰਭਜਨ ਸਿੰਘ ਬਜਹੇੜੀ, ਤਰਸੇਮ ਥਾਪਰ, ਚਮਕੌਰ ਸਿੰਘ ਵੀਰ, ਨਿੱਕਾ ਸਿੰਘ, ਸੁਖਦੇਵ ਸਿੰਘ ਸ਼ੀਰਾ, ਲਾਲ ਸਿੰਘ ਸੁਲਹਾਨੀ ਤੇ ਕੁਲਦੀਪ ਸਿੰਘ ਹੋਣਗੇ। ਸੂਬਾ ਦਫ਼ਤਰ ਸਕੱਤਰ ਜਸਵੰਤ ਰਾਏ ਤੇ ਸੂਬਾ ਖ਼ਜ਼ਾਨਚੀ ਪਰਮਜੀਤ ਮੱਲ ਹੋਣਗੇ। ਸੂਬਾ ਸਕੱਤਰਾਂ ਦੀ ਸੂਚੀ ਵਿਚ ਰਾਮਪਾਲ ਅਬੀਆਣਾ, ਬਲਵੰਤ ਕੇਹਰਾ, ਤਾਰਾਚੰਦ ਭਗਤ, ਤੀਰਥ ਰਾਜਪੁਰਾ ਤੇ ਓਮ ਪ੍ਰਕਾਸ਼ ਸਰੋਆ ਸ਼ਾਮਲ ਹਨ। ਸੂਬਾ ਕਾਰਜਕਾਰਨੀ ਮੈਂਬਰ ਸ਼ੀਲਾ ਰਾਣੀ, ਅਵਤਾਰ ਕ੍ਰਿਸ਼ਨ ਤੇ ਲੇਖਰਾਜ ਜਮਾਲਪੁਰੀ ਹੋਣਗੇ। ਲੋਕ ਸਭਾ ਹਲਕਾ ਫ਼ਤਿਹਗੜ੍ਹ ਸਾਹਿਬ ਦੇ ਇੰਚਾਰਜ ਕੁਲਵੰਤ ਸਿੰਘ ਮੈਹਤੋ, ਪਟਿਆਲਾ ਦੇ ਜਗਜੀਤ ਸਿੰਘ ਛੜਬੜ, ਸੰਗਰੂਰ ਦੇ ਡਾ. ਮੱਖਣ ਸਿੰਘ, ਬਠਿੰਡਾ ਦੇ ਮੀਨਾ ਰਾਣੀ, ਫ਼ਰੀਦਕੋਟ ਦੇ ਗੁਰਬਖ਼ਸ਼ ਸਿੰਘ ਚੌਹਾਨ, ਲੁਧਿਆਣਾ ਦੇ ਦਵਿੰਦਰ ਸਿੰਘ ਰਾਮਗੜ੍ਹੀਆ, ਫਿਰੋਜ਼ਪੁਰ ਦੇ ਸੁਰਿੰਦਰ ਕੰਬੋਜ, ਸ੍ਰੀ ਅਨੰਦਪੁਰ ਸਾਹਿਬ ਦੇ ਪਰਵੀਨ ਬੰਗਾ, ਹੁਸ਼ਿਆਰਪੁਰ ਦੇ ਐਡਵੋਕੇਟ ਰਣਜੀਤ ਕੁਮਾਰ, ਗੁਰਦਾਸਪੁਰ ਦੇ ਰਾਜ ਕੁਮਾਰ ਜਨੋਤਰਾ ਹੋਣਗੇ।

# ਪਰਵਾਸੀਆਂ ਨੂੰ ਖੇਤੀਯੋਗ ਜ਼ਮੀਨ ਖਰੀਦਣ ਦੀ ਆਗਿਆ ਦੇਣ ਦਾ ਮੁੱਦਾ ਚੁੱਕਾਂਗੇ: ਧਾਲੀਵਾਲ



**ਰਮਦਾਸ:** ਪੰਜਾਬ ਦੇ ਪਰਵਾਸੀ ਭਾਰਤੀ ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਉਹ ਪਰਵਾਸੀ ਭਾਰਤੀਆਂ ਨੂੰ ਖੇਤੀਬਾੜੀ ਵਾਲੀ ਜ਼ਮੀਨ ਖਰੀਦਣ ਦੀ ਇਜਾਜ਼ਤ ਦੇਣ ਦਾ ਮੁੱਦਾ ਕੇਂਦਰ ਸਰਕਾਰ ਕੋਲ ਚੁੱਕਣਗੇ। ਉਨ੍ਹਾਂ ਇਹ ਵੀ ਕਿਹਾ ਕਿ ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਤੇ ਕੇਰਲ ਦੇ ਵਸਨੀਕਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਪੰਜਾਬ ਅਤੇ ਕੇਰਲ ਸਰਕਾਰਾਂ ਮਿਲ ਕੇ ਹੰਭਲਾ ਮਾਰਨਗੀਆਂ ਅਤੇ ਪਰਵਾਸੀਆਂ ਦੀਆਂ ਸਮੱਸਿਆਵਾਂ ਹੱਲ ਕਰਵਾਉਣ ਲਈ ਸਾਂਝੇ ਤੌਰ 'ਤੇ ਕੇਂਦਰ ਸਰਕਾਰ ਨਾਲ ਗੱਲਬਾਤ ਕੀਤੀ ਜਾਵੇਗੀ।

ਸ੍ਰੀ ਧਾਲੀਵਾਲ ਨੇ ਕੇਰਲਾ ਦੇ ਮੁੱਖ ਮੰਤਰੀ ਪਿਨਾਰਾਈ ਵਿਜਯਨ, ਜਿਨ੍ਹਾਂ ਕੋਲ ਐਨ.ਆਰ.ਆਈ. ਵਿਭਾਗ ਵੀ ਹੈ, ਨਾਲ ਮੁਲਾਕਾਤ ਦੌਰਾਨ ਐਨ.ਆਰ.ਆਈਜ਼. ਨੂੰ ਆ ਰਹੀਆਂ ਸਮੱਸਿਆਵਾਂ ਬਾਰੇ ਚਰਚਾ ਕੀਤੀ ਅਤੇ ਉਨ੍ਹਾਂ ਦੇ ਹੱਲ ਲਈ ਮਿਲ ਕੇ ਕੇਂਦਰ ਸਰਕਾਰ ਨਾਲ ਗੱਲਬਾਤ ਕਰਨ ਦਾ ਫ਼ੈਸਲਾ ਕੀਤਾ। ਧਾਲੀਵਾਲ ਨੇ ਕਿਹਾ ਕਿ ਉਨ੍ਹਾਂ ਪਰਵਾਸੀ ਭਾਰਤੀਆਂ ਨੂੰ ਖੇਤੀਬਾੜੀ ਵਾਲੀ ਜ਼ਮੀਨ ਖਰੀਦਣ ਦੀ ਇਜਾਜ਼ਤ ਦੇਣ ਬਾਰੇ ਵਿਚਾਰ-ਵਟਾਂਦਰਾ ਕੀਤਾ, ਜੋ ਮੌਜੂਦਾ ਸਮੇਂ ਸਿਰਫ ਕਮਰਸ਼ੀਅਲ ਜ਼ਮੀਨ ਖਰੀਦਣ ਤੱਕ ਸੀਮਤ ਹੈ।

ਉਨ੍ਹਾਂ ਪਰਵਾਸੀ ਭਾਰਤੀਆਂ ਨੂੰ ਲਾਭ ਪਹੁੰਚਾਉਣ ਲਈ ਨੀਤੀ 'ਚ ਬਦਲਾਅ ਦੀ ਮੰਗ ਕਰਦਿਆਂ ਕੇਂਦਰ ਸਰਕਾਰ ਕੋਲ ਸਾਂਝੇ ਤੌਰ ਉਤੇ ਇਹ ਮੁੱਦਾ ਉਠਾਉਣ ਦਾ ਫ਼ੈਸਲਾ ਕੀਤਾ। ਇਸ ਤੋਂ ਇਲਾਵਾ ਉਨ੍ਹਾਂ ਕੇਂਦਰ ਸਰਕਾਰ ਨੂੰ ਇਹ ਯਕੀਨੀ ਬਣਾਉਣ ਦੀ ਅਪੀਲ ਕੀਤੀ ਕਿ ਵਿਸ਼ਵ ਭਰ ਦੇ ਭਾਰਤੀ ਦੂਤਾਵਾਸਾਂ ਕੋਲ ਅਜਿਹਾ ਸਟਾਫ਼ ਮੌਜੂਦ ਹੋਵੇ ਜੋ ਪੰਜਾਬ ਅਤੇ ਕੇਰਲਾ ਦੀਆਂ ਮੂਲ ਭਾਸ਼ਾਵਾਂ ਤੋਂ ਚੰਗੀ ਤਰ੍ਹਾਂ ਜਾਣੂ ਹੋਵੇ ਤਾਂ ਜੋ ਇਨ੍ਹਾਂ ਸੂਬਿਆਂ ਦੇ ਪਰਵਾਸੀ ਭਾਰਤੀਆਂ ਨੂੰ ਬਿਹਤਰ ਸਹਾਇਤਾ ਮੁਹੱਈਆ ਕਰਵਾਈ ਜਾ ਸਕੇ।

# ਦੇਸ਼ ਦੀ ਆਜ਼ਾਦੀ ਤੋਂ ਬਾਅਦ ਪੰਜਾਬ ਵਿਚ ਨਿਕਲੇਗੀ ਪਹਿਲੀ ਨਹਿਰ

**ਦੋਦਾ:** ਮੁੱਖ ਮੰਤਰੀ ਭਗਵੰਤ ਮਾਨ ਨੇ ਦੋਦਾ 'ਚ ਹਰੀਕੇ ਪੱਤਣ ਤੋਂ ਮਾਲਵਾ ਨਹਿਰ ਬਣਾਉਣ ਸਬੰਧੀ ਪ੍ਰੋਜੈਕਟ ਦਾ ਜਾਇਜ਼ਾ ਲਿਆ ਤੇ ਕਿਹਾ ਕਿ ਇਸ ਨਹਿਰ ਨਾਲ ਸੂਬੇ ਦੇ 62 ਪਿੰਡਾਂ ਵਿਚ ਦੋ ਲੱਖ ਏਕੜ ਤੋਂ ਵੱਧ ਰਕਬੇ ਵਿਚਲੇ ਖੇਤਾਂ ਨੂੰ ਪਾਣੀ ਪੁੱਜੇਗਾ। ਇਸ ਮੌਕੇ ਉਨ੍ਹਾਂ ਬਾਦਲ ਪਰਿਵਾਰ ਨੂੰ ਨਿਸ਼ਾਨੇ 'ਤੇ ਰੱਖਿਆ ਅਤੇ ਦਾਅਵਾ ਕੀਤਾ ਕਿ ਉਨ੍ਹਾਂ ਕੋਲ ਸੁਖਵਿਲਾਸ ਸਬੰਧੀ ਕਾਗਜ਼ ਹਨ ਤੇ ਉਹ ਜਲਦੀ ਹੀ ਇਨ੍ਹਾਂ ਨੂੰ ਜਨਤਕ ਕਰਨਗੇ।

ਪ੍ਰਾਪਤ ਜਾਣਕਾਰੀ ਅਨੁਸਾਰ ਮੁੱਖ ਮੰਤਰੀ ਭਗਵੰਤ ਮਾਨ ਨੇ ਪ੍ਰੋਜੈਕਟ ਦਾ ਜਾਇਜ਼ਾ ਲੈਣ ਮਗਰੋਂ ਕਿਹਾ ਕਿ ਦੇਸ਼ ਦੀ ਆਜ਼ਾਦੀ ਤੋਂ ਬਾਅਦ ਇਹ ਪਹਿਲੀ ਨਹਿਰ ਬਣ ਰਹੀ ਹੈ ਜਿਸ 'ਤੇ 2300 ਕਰੋੜ ਰੁਪਏ ਖਰਚ ਕੀਤੇ ਜਾਣਗੇ। ਇਸ



ਨਹਿਰ ਰਾਹੀਂ ਫਰੀਦਕੋਟ, ਸ੍ਰੀ ਮੁਕਤਸਰ ਸਾਹਿਬ ਅਤੇ ਫਾਜ਼ਿਲਕਾ ਜ਼ਿਲ੍ਹਿਆਂ ਦੇ 62 ਪਿੰਡਾਂ ਦੇ 2 ਲੱਖ ਏਕੜ ਤੋਂ ਵੱਧ ਰਕਬੇ ਨੂੰ ਸਿੰਜਾਈ ਲਈ ਨਹਿਰੀ ਪਾਣੀ ਮਿਲੇਗਾ। ਉਨ੍ਹਾਂ ਦੱਸਿਆ ਕਿ ਇਹ ਨਹਿਰ 149 ਕਿਲੋਮੀਟਰ ਲੰਮੀ, 50 ਫੁਟ ਚੌੜੀ ਤੇ ਸਾਢੇ 12 ਫੁਟ ਡੂੰਘੀ ਹੋਵੇਗੀ, ਜਿਸ ਰਾਹੀਂ 18000 ਕਿਊਸਿਕ ਪਾਣੀ ਆਵੇਗਾ। ਨਹਿਰ ਵਿਚ 500 ਮੋਘੇ ਹੋਣਗੇ ਤੇ ਇਹ ਨਹਿਰ ਤਿਆਰ ਹੋਣ ਨਾਲ ਕਿਸਾਨਾਂ ਦੀਆਂ ਫਸਲਾ ਅਤੇ ਨਸਲਾਂ ਨੂੰ ਰਾਹਤ ਮਿਲੇਗੀ। ਉਨ੍ਹਾਂ ਕਿਹਾ ਕਿ ਇਸ ਨਹਿਰ ਦਾ ਕੰਮ 40 ਸਾਲ ਪਹਿਲਾਂ ਹੋ ਸਕਦਾ ਸੀ।

ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਉਤੇ ਤਨਜ਼ ਕਸਦਿਆਂ ਕਿਹਾ ਕਿ ਇਨ੍ਹਾਂ ਨੇ ਪੰਥ ਦੇ ਨਾਮ 'ਤੇ ਲੋਕਾਂ ਨੂੰ ਮੂਰਖ ਬਣਾਈ ਰੱਖਿਆ ਅਤੇ ਨਹਿਰੀ ਪਾਣੀ ਦੀਆਂ ਕੱਸੀਆਂ ਤੇ ਮੋਘੇ ਇਨ੍ਹਾਂ ਦੇ ਖੇਤਾਂ ਵਿਚ ਜਾ ਕੇ ਖਤਮ ਹੋਏ ਹਨ। ਉਨ੍ਹਾਂ ਕਿਹਾ ਕਿ 25 ਸਾਲ ਦੇ ਰਾਜ ਵਿਚ ਬਾਦਲਾਂ ਨੇ ਲੋਕਾਂ ਦਾ ਸ਼ੋਸ਼ਣ ਕੀਤਾ ਤੇ ਉੱਚੀਆਂ ਕੰਧਾਂ ਕੱਢ ਕੇ ਮਹਿਲ ਬਣਾਏ ਹਨ ਜਿਨ੍ਹਾਂ ਉਤੇ ਇਟਲੀ ਤੋਂ ਪੱਥਰ ਲਿਆ ਕੇ ਲਾਇਆ ਗਿਆ ਹੈ। ਸੁਖਵਿਲਾਸ ਬਾਰੇ ਉਨ੍ਹਾਂ ਕਿਹਾ ਕਿ ਉਨ੍ਹਾਂ ਉਸ ਦੇ ਵੀ ਕਾਗਜ਼ ਕੱਢ ਲਏ ਹਨ ਤੇ ਜਲਦੀ ਸਾਰਾ ਕੁਝ ਜਨਤਕ ਕਰਨਗੇ।

## ਭਗਵੰਤ ਮਾਨ ਨੇ ਬਾਦਲ ਪਰਿਵਾਰ ਨੂੰ ਘੇਰਿਆ

**ਚੰਡੀਗੜ੍ਹ:** ਭਗਵੰਤ ਮਾਨ ਨੇ ਕਿਹਾ ਕਿ ਜਦੋਂ ਪੰਜਾਬ ਵਿਚ ਖ਼ੂਨ-ਖਰਾਬੇ ਵਾਲਾ ਮਾਹੌਲ ਸੀ ਤਾਂ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਪੁੱਤ ਨੂੰ ਪੜ੍ਹਨ ਦੇ ਨਾਮ 'ਤੇ ਵਿਦੇਸ਼ ਭੇਜਿਆ ਅਤੇ ਜਦੋਂ ਸੂਬੇ ਵਿਚ ਸ਼ਾਂਤੀ ਹੋਈ ਤਾਂ ਉਸ ਨੂੰ ਲਿਆ ਕੇ ਉਪ ਮੁੱਖ ਮੰਤਰੀ ਬਣਾਇਆ। ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਬਾਰੇ ਉਨ੍ਹਾਂ ਕਿਹਾ ਕਿ ਜਦੋਂ ਤੱਕ ਉਹ ਭਾਜਪਾ ਦੇ ਭਾਈਵਾਲ ਰਹੇ ਅਤੇ ਮੰਤਰੀ ਬਣੇ ਰਹੇ ਤਾਂ ਉਨ੍ਹਾਂ ਨੂੰ ਪੰਜਾਬ ਦੇ ਕਿਸਾਨਾਂ ਜਾਂ ਪਾਣੀਆਂ ਦਾ ਚੇਤਾ ਨਹੀਂ ਆਇਆ ਅਤੇ ਹੁਣ ਸੱਤਾ ਤੋਂ ਬਾਹਰ ਹੁੰਦਿਆਂ ਹੀ ਉਨ੍ਹਾਂ ਨੂੰ ਪਾਣੀ ਦੀ ਰਾਇਲਟੀ ਅਤੇ ਹੋਰ ਮਸਲੇ ਯਾਦ ਆ ਰਹੇ ਹਨ।

## ਮੂਸੇਵਾਲਾ ਕੇਸ: ਵਕੀਲਾਂ ਦੀ ਹੜਤਾਲ ਕਾਰਨ ਕੇਸ ਦੀ ਸੁਣਵਾਈ ਮੁਲਤਵੀ



**ਮਾਨਸਾ:** ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਕਤਲ ਕੇਸ ਸਬੰਧੀ ਮਾਨਸਾ ਦੀ ਅਦਾਲਤ ਵਿਚ ਵੀਡੀਓ ਕਾਨਫਰੰਸ ਰਾਹੀਂ ਮੁਲਜ਼ਮਾਂ ਦੀ ਪੇਸ਼ੀ ਸੀ ਪਰ ਕੇਸ ਨਾਲ ਸਬੰਧਤ ਦੀਪਕ ਮੁੰਡੀ, ਕਪਿਲ ਪੰਡਿਤ, ਦੀਪਕ ਟੀਨੂ ਅਤੇ ਜੱਗੂ ਭਗਵਾਨਪੁਰੀਆ ਪ੍ਰੋਡਕਸ਼ਨ ਵਾਰੰਟ 'ਤੇ ਕਿਤੇ ਹੋਰ ਗਏ ਹੋਣ ਕਾਰਨ ਪੇਸ਼ ਨਾ ਹੋ ਸਕੇ।

ਇਸੇ ਤਰ੍ਹਾਂ ਚੰਡੀਗੜ੍ਹ ਬਾਰ ਐਸੋਸੀਏਸ਼ਨ ਵੱਲੋਂ ਰਾਜ ਭਰ ਵਿਚ ਦਿੱਤੇ ਬੰਦ ਦੇ ਸੱਦੇ ਕਾਰਨ ਮੂਸੇਵਾਲਾ ਦੇ ਵਕੀਲ ਵੀ ਅਦਾਲਤ ਵਿਚ ਪੇਸ਼ ਨਾ ਹੋ ਸਕੇ, ਜਿਸ ਕਾਰਨ ਗਵਾਹੀਆਂ ਸਿਰੇ ਨਾ ਚੜ੍ਹ ਸਕੀਆਂ। ਜ਼ਿਲ੍ਹਾ ਤੇ ਸੈਸ਼ਨ ਜੱਜ ਐਚ.ਐਸ. ਗਰੇਵਾਲ ਨੇ ਮਾਮਲੇ ਦੀ ਸੁਣਵਾਈ 16 ਅਗਸਤ 'ਤੇ ਪਾ ਦਿੱਤੀ ਹੈ। ਪੇਸ਼ੀ ਤੋਂ ਬਾਅਦ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਦੱਸਿਆ ਕਿ ਅਗਲੀ ਪੇਸ਼ੀ ਮੌਕੇ ਗਵਾਹ ਪੇਸ਼ ਹੋਣਗੇ ਕਿਉਂਕਿ ਵਕੀਲਾਂ ਦੀ ਹੜਤਾਲ ਕਾਰਨ ਅਦਾਲਤ ਵਿਚ ਕੇਸ ਦੀ ਸੁਣਵਾਈ ਨਹੀਂ ਹੋ ਸਕੀ।

# ਭਗਵੰਤ ਮਾਨ ਵੱਲੋਂ ਹਰਿਆਣਾ 'ਚ ਚੋਣ ਰੈਲੀਆਂ ਦਾ ਸਿਲਸਲਾ ਸ਼ੁਰੂ

### ਡੱਬਵਾਲੀ ਵਿਚ ਚੋਣ ਰੈਲੀ; ਬੇਰੁਜ਼ਗਾਰੀ ਤੇ ਅਗਨੀਵੀਰ ਮੁੱਦਿਆਂ 'ਤੇ ਸਰਕਾਰ ਨੂੰ ਘੇਰਨ ਦਾ ਯਤਨ

**ਡੱਬਵਾਲੀ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅਗਲੇ 15 ਦਿਨਾਂ ਦੌਰਾਨ 'ਆਪ' ਵੱਲੋਂ ਹਰਿਆਣਾ 'ਚ ਕੀਤੀਆਂ ਜਾਣ ਵਾਲੀਆਂ 45 ਰੈਲੀਆਂ ਦੀ ਸ਼ੁਰੂਆਤ ਡੱਬਵਾਲੀ ਵਿਚ ਇਕ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਕੀਤੀ। ਉਨ੍ਹਾਂ ਕਰੀਬ ਪੌਣਾ ਘੰਟਾ ਲੰਬੀ ਤਰਕੀਰ ਵਿਚ ਹਰਿਆਣਾ ਦੇ ਵੋਟਰਾਂ ਨੂੰ ਲੁਭਾਉਣ ਦੀ ਕੋਸ਼ਿਸ਼ ਕੀਤੀ।

ਭਗਵੰਤ ਮਾਨ ਨੇ ਭਾਜਪਾ ਦੇ 'ਡਬਲ ਇੰਜਣ' ਜੁਮਲੇ ਉਤੇ ਤਨਜ਼ ਕਸਦਿਆਂ ਕਿਹਾ ਕਿ ਹਰਿਆਣਾ ਵਿਚ ਭਾਜਪਾ ਦਾ ਇੰਜਣ (ਮਨੋਹਰ ਲਾਲ ਖੱਟਰ) ਅੱਧ ਵਿਚਾਲੇ ਖ਼ਰਾਬ ਹੋ ਗਿਆ ਅਤੇ ਹੁਣ ਨਵਾਂ ਇੰਜਣ (ਸਾਹਿਬ ਸਿੰਘ ਸੈਣੀ) ਬਦਲ ਕੇ ਗੱਡੀ ਚਲਾਈ ਜਾ ਰਹੀ ਹੈ। ਅਸਲ ਵਿਚ ਦੇਸ਼ ਨੂੰ ਨਵੇਂ ਇੰਜਣ ਦੀ ਲੋੜ ਹੈ। ਉਨ੍ਹਾਂ ਮੋਦੀ ਸਰਕਾਰ ਨੂੰ ਰੁਜ਼ਗਾਰ ਅਤੇ ਬੇਰੁਜ਼ਗਾਰੀ ਦੇ ਮੁੱਦੇ ਉਤੇ ਘੇਰਦਿਆਂ ਕਿਹਾ ਕਿ ਅਗਨੀਵੀਰ ਦੀ 18 ਸਾਲ ਤੋਂ 22 ਸਾਲ ਉਮਰ ਤੱਕ ਨੌਕਰੀ ਦੇਸ਼ ਦੇ ਨੌਜਵਾਨ ਵਰਗ ਨਾਲ ਸਿੱਧੇ ਤੌਰ ਉਤੇ ਖਿਲਵਾੜ ਹੈ। ਭਗਵੰਤ ਮਾਨ ਨੇ 43 ਹਜ਼ਾਰ ਨੌਕਰੀਆਂ ਦੇਣ ਦਾ ਵਾਅਦਾ ਕਰਦਿਆਂ ਆਖਿਆ ਕਿ ਡੱਬਵਾਲੀ ਉਨ੍ਹਾਂ ਲਈ ਬੇਗਾਨਾ ਇਲਾਕਾ ਨਹੀਂ ਹੈ ਅਤੇ



ਇਸ ਨਾਲ ਪੰਜਾਬ ਦੀ ਹੱਦ ਖਹਿੰਦੀ ਹੈ। ਉਨ੍ਹਾਂ ਦੁੱਖ-ਤਰਲੀਫ਼ਾਂ ਅਤੇ ਸਮੱਸਿਆਵਾਂ ਸਾਂਝੀਆਂ ਹੋਣ ਕਰਕੇ ਪੰਜਾਬ, ਹਰਿਆਣਾ ਤੇ ਦਿੱਲੀ ਵਿਚ 'ਆਪ' ਦੀ ਸਾਂਝੀ ਸਰਕਾਰ ਬਣਾਉਣ ਲਈ ਲੋਕਾਂ ਨੂੰ ਵੋਟਾਂ ਦੀ ਅਪੀਲ ਕੀਤੀ। ਰੈਲੀ 'ਚ ਮੰਡੀ ਕਿਲਿਆਂਵਾਲੀ (ਲੰਬੀ ਹਲਕੇ) ਦੀ ਪੁਰਾਣੀ ਸੀਵਰੇਜ ਸਮੱਸਿਆ ਤੇ ਬੰਦ ਰਜਿਸਟਰੀਆਂ ਦਾ ਮਾਮਲਾ ਲੈ ਕੇ ਪੁੱਜੇ ਲੋਕਾਂ ਦੀ ਕੋਈ ਸੁਣਵਾਈ ਨਹੀਂ ਹੋਈ।

ਇਸ ਮੌਕੇ 'ਆਪ' ਸਿਰਸਾ ਲੋਕ ਸਭਾ ਦੇ ਪ੍ਰਧਾਨ ਅਤੇ ਰੈਲੀ ਪ੍ਰਬੰਧਕ ਕੁਲਦੀਪ ਸਿੰਘ ਗਦਰਾਨਾ ਨੇ ਕਿਹਾ ਕਿ ਪੰਜਾਬ ਅਤੇ ਦਿੱਲੀ ਵਾਂਗ ਹਰਿਆਣਾ ਵਿਚ 'ਆਪ' ਦੀ ਇਨਕਲਾਬੀ ਸਰਕਾਰ ਸਥਾਪਤ ਹੋਣ ਦਾ ਮੁੱਢ ਬੱਝ ਗਿਆ ਹੈ। ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਵਾਂਗ ਹਰਿਆਣਾ ਦੀ ਰਵਾਇਤੀ ਪਰਿਵਾਦ ਦੀ ਰਾਜਨੀਤੀ ਤੋਂ ਖਹਿੜਾ ਛੁੱਟ ਜਾਵੇਗਾ। ਭਗਵੰਤ ਮਾਨ ਨੇ ਕਿਹਾ ਕਿ 'ਆਪ' ਸਰਕਾਰ ਬਣਨ 'ਤੇ ਪਹਿਲਾਂ ਕੰਮ ਡੱਬਵਾਲੀ ਨੂੰ ਜ਼ਿਲ੍ਹਾ ਬਣਾਉਣ ਦਾ ਕੀਤਾ ਜਾਵੇਗਾ।

## 'ਆਪ' ਵੱਲੋਂ ਜ਼ਿਮਨੀ ਚੋਣਾਂ ਲਈ ਹਲਕਾ ਇੰਚਾਰਜ ਨਿਯੁਕਤ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਨੇ ਪੰਜਾਬ ਵਿਚ ਹੋਣ ਵਾਲੀਆਂ ਚਾਰ ਜ਼ਿਮਨੀ ਚੋਣਾਂ ਲਈ ਤਿਆਰੀ ਸ਼ੁਰੂ ਕਰ ਦਿੱਤੀ ਹੈ। 'ਆਪ' ਨੇ ਚਾਰੋਂ ਵਿਧਾਨ ਸਭਾ ਹਲਕਿਆਂ ਦੇ ਇੰਚਾਰਜ ਤੇ ਸਹਿ ਇੰਚਾਰਜ ਨਿਯੁਕਤ ਕਰ ਦਿੱਤੇ ਹਨ। ਪਾਰਟੀ ਨੇ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦਾ ਇੰਚਾਰਜ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਤੇ ਸਹਿ ਇੰਚਾਰਜ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੂੰ ਲਗਾਇਆ ਗਿਆ ਹੈ।

ਵਿਧਾਨ ਸਭਾ ਹਲਕਾ ਗਿੱਦੜਬਾਹਾ ਦਾ ਇੰਚਾਰਜ ਕੈਬਨਿਟ ਮੰਤਰੀ ਅਮਨ ਅਰੋੜਾ ਤੇ ਸਹਿ ਇੰਚਾਰਜ ਵਿਧਾਇਕ ਦਵਿੰਦਰ ਸਿੰਘ ਲਾਡੀ ਧੋਸ, ਵਿਧਾਨ ਸਭਾ ਹਲਕਾ ਚੱਬੇਵਾਲ ਦਾ ਇੰਚਾਰਜ ਕੈਬਨਿਟ ਮੰਤਰੀ ਹਰਜੋਤ ਬੈਂਸ ਤੇ ਸਹਿ ਇੰਚਾਰਜ ਕਰਮਬੀਰ ਸਿੰਘ ਘੁੰਮਣ ਨੂੰ ਲਗਾਇਆ ਗਿਆ ਹੈ। ਇਸੇ ਤਰ੍ਹਾਂ 'ਆਪ' ਨੇ ਵਿਧਾਨ ਸਭਾ ਹਲਕਾ ਬਰਨਾਲਾ ਦਾ ਇੰਚਾਰਜ ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਤੇ ਸਹਿ ਇੰਚਾਰਜ ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੂੰ ਲਗਾਇਆ ਗਿਆ ਹੈ।

## ਮੈਂ ਕੋਝੀ ਸਿਆਸਤ ਦਾ ਸ਼ਿਕਾਰ ਹੋਇਆ: ਜਗਦੀਸ਼ ਭੋਲਾ



**ਬਠਿੰਡਾ:** ਨਸ਼ੇ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਬਰਖ਼ਾਸਤ ਡੀ.ਐਸ.ਪੀ. ਜਗਦੀਸ਼ ਸਿੰਘ ਭੋਲਾ ਨੂੰ ਉਸ ਦੇ ਪਿਤਾ ਬਲਸ਼ਿੰਦਰ ਸਿੰਘ ਦੇ ਸਸਕਾਰ ਲਈ ਕੇਂਦਰੀ ਜੇਲ੍ਹ ਬਠਿੰਡਾ ਤੋਂ ਪਿੰਡ ਰਾਏ ਕੇ ਕਲਾਂ ਜਾਣ ਲਈ ਅਦਾਲਤ ਵੱਲੋਂ ਕੁਝ ਘੰਟਿਆਂ ਦੀ ਮੁਹਲਤ ਦਿੱਤੀ ਗਈ। ਭੋਲਾ ਨੇ ਆਪਣੇ ਪਿਤਾ ਦੀ ਮ੍ਰਿਤਕ ਦੇਹ ਨੂੰ ਅਗਨੀ ਦਿਖਾਈ। ਭੋਲਾ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਤੇ ਰਿਸ਼ਤੇਦਾਰਾਂ ਨਾਲ ਵੀ ਮੁਲਾਕਾਤ ਕੀਤੀ। ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਜਗਦੀਸ਼ ਸਿੰਘ ਭੋਲਾ ਨੇ ਕਿਹਾ ਕਿ ਉਹ ਸਿਆਸਤ ਦਾ ਸ਼ਿਕਾਰ ਹੋਇਆ ਹੈ। ਉਸ ਨੇ ਕਿਹਾ ਕਿ ਇਕੋ ਕੇਸ ਵਿਚ ਨਾਮਜ਼ਦ ਹੋਰਨਾਂ ਮੁਲਜ਼ਮਾਂ ਨੂੰ ਜ਼ਮਾਨਤ ਦੇ ਦਿੱਤੀ ਗਈ ਹੈ ਪਰ ਉਸ ਨੂੰ ਜ਼ਮਾਨਤ ਨਹੀਂ ਦਿੱਤੀ ਜਾ ਰਹੀ, ਜਦਕਿ ਉਸ ਉੱਪਰ ਹੋਰ ਕੋਈ ਵੀ ਕੇਸ ਨਹੀਂ ਹੈ। ਉਸ ਨੇ ਪੂਰੇ ਮਾਮਲੇ ਦੀ ਸੀ.ਬੀ.ਆਈ. ਜਾਂਚ ਦੀ ਮੰਗ ਕਰਦਿਆਂ ਕਿਹਾ ਕਿ ਜੇ ਉਹ ਗਲਤ ਹੋਵੇ ਤਾਂ ਉਸ ਨੂੰ ਫਾਂਸੀ ਦੀ ਸਜ਼ਾ ਦਿੱਤੀ ਜਾਵੇ।'

# ਪੰਜਾਬ ਪੁਲਿਸ ਵੱਲੋਂ ਮੁਕਾਬਲੇ ਮਗਰੋਂ ਗੈਂਗਸਟਰ ਗ੍ਰਿਫਤਾਰ



**ਬਟਾਲਾ:** ਪੁਲਿਸ ਨੇ ਗੈਂਗਸਟਰ ਹੈਰੀ ਚੱਠਾ ਦੇ ਨਾਮ ਉਤੇ ਫਿਰੌਤੀਆਂ ਮੰਗਣ ਵਾਲੇ ਗੈਂਗਸਟਰ ਨੂੰ ਮੁਕਾਬਲੇ ਮਗਰੋਂ ਗ੍ਰਿਫ਼ਤਾਰ ਕਰ ਲਿਆ। ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਲੌਂਗੋਵਾਲ ਦੇ ਖੇਤਾਂ ਵਿਚ ਪੁਲਿਸ ਨਾਲ ਮੁਕਾਬਲੇ ਦੌਰਾਨ ਜ਼ਖ਼ਮੀ ਹੋਏ ਗੈਂਗਸਟਰ ਮਲਕੀਤ ਸਿੰਘ ਵਾਸੀ ਬਟਾਲਾ ਨੂੰ ਸਿਵਲ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਹੈ। ਘਟਨਾ ਸਥਾਨ 'ਤੇ ਪਹੁੰਚੇ ਐਸ.ਐਸ.ਪੀ. ਬਟਾਲਾ ਅਸ਼ਵਨੀ ਗੋਟਿਆਲ ਨੇ ਦੱਸਿਆ ਕਿ ਸ੍ਰੀ ਹਰਗੋਬਿੰਦਪੁਰ ਸਾਹਿਬ ਵਿਚ ਇਕ ਸੁਨਿਆਰੇ ਦੀ ਦੁਕਾਨ 'ਤੇ ਕੁਝ ਅਣਪਛਾਤੇ ਨੌਜਵਾਨਾਂ ਨੇ 50 ਲੱਖ ਦੀ ਫਿਰੌਤੀ ਲਈ ਗੋਲੀਆਂ ਚਲਾਈਆਂ ਸਨ। ਉਨ੍ਹਾਂ ਦੱਸਿਆ ਕਿ ਸੀ.ਸੀ.ਟੀ.ਵੀ. ਫੁਟੇਜ ਦੀ ਜਾਂਚ ਪੜਤਾਲ ਮਗਰੋਂ ਪੁਲਿਸ ਨੇ ਗੋਲੀ ਚਲਾਉਣ ਵਾਲੇ ਨੌਜਵਾਨ ਦੀ ਪਛਾਣ ਕੀਤੀ। ਬਟਾਲਾ ਪੁਲਿਸ ਨੇ ਮੁਲਜ਼ਮ ਨੂੰ ਕਾਬੂ ਕਰਨ ਲਈ ਟੀਮਾਂ ਬਣਾਈਆਂ ਜਿਸ ਨੇ ਮੁਲਜ਼ਮ ਦੀ ਲੋਕੇਸ਼ਨ ਟਰੇਸ ਕਰਨੀ ਸ਼ੁਰੂ ਕੀਤੀ। ਐਸ.ਐਸ.ਪੀ. ਨੇ ਦੱਸਿਆ ਕਿ ਸਵੇਰੇ ਕਰੀਬ ਛੇ ਵਜੇ ਮਰਸਿਡੀਜ਼ ਕਾਰ ਵਿਚ ਘੁੰਮ ਰਹੇ ਮੁਲਜ਼ਮ ਮਲਕੀਤ ਸਿੰਘ ਨੂੰ ਗ੍ਰਿਫ਼ਤਾਰ ਕਰਨ ਲਈ ਪੁਲਿਸ ਉਸ ਦਾ ਪਿੱਛਾ ਕਰ ਰਹੀ ਸੀ ਕਿ ਕਿ ਉਹ ਨੇੜਲੇ ਪਿੰਡ ਲੌਂਗੋਵਾਲ ਅਤੇ ਨਵਾਂ ਪਿੰਡ ਦੇ ਵਿਚਕਾਰ ਪੈਂਦੇ ਖੇਤਾਂ ਵਾਲੇ ਪਾਸੇ ਚਲਾ ਗਿਆ। ਪੁਲਿਸ ਵੀ ਉਥੇ ਪੁੱਜ ਗਈ। ਮੁਲਜ਼ਮ ਕਾਰ ਛੱਡ ਕੇ ਗੋਲੀਆਂ ਚਲਾਉਂਦਾ ਝੋਨੇ ਦੇ ਖੇਤਾਂ ਵੱਲ ਭੱਜਿਆ। ਜਵਾਬੀ ਕਾਰਵਾਈ ਦੌਰਾਨ ਮੁਲਜ਼ਮ ਦੀ ਲੱਤ ਵਿਚ ਗੋਲੀ ਲੱਗ ਗਈ ਅਤੇ ਪੁਲਿਸ ਨੇ ਕਰੀਬ ਚਾਰ ਘੰਟੇ ਦੀ ਜੱਦੋ-ਜਹਿਦ ਮਗਰੋਂ ਗੈਂਗਸਟਰ ਨੂੰ ਕਾਬੂ ਕਰ ਲਿਆ। ਮੁਲਜ਼ਮ ਕੋਲੋਂ ਇਕ ਪਿਸਤੌਲ ਬਰਾਮਦ ਹੋਈ ਹੈ। ਐਸ.ਐਸ.ਪੀ. ਨੇ ਕਿਹਾ ਕਿ ਮੁਲਜ਼ਮ ਦਾ ਪਹਿਲਾਂ ਵੀ ਅਪਰਾਧਕ ਪਿਛੋਕੜ ਹੈ ਅਤੇ ਉਸ ਖਿਲਾਫ਼ ਫਿਰੌਤੀਆਂ ਮੰਗਣ ਦੇ ਤਿੰਨ ਕੇਸ ਦਰਜ ਹਨ। ਉਨ੍ਹਾਂ ਕਿਹਾ ਕਿ ਡਾਕਟਰਾਂ ਵੱਲੋਂ ਫਿੱਟ ਕਰਾਰ ਦਿੱਤੇ ਜਾਣ ਉਪਰੰਤ ਮੁਲਜ਼ਮ ਦਾ ਰਿਮਾਂਡ ਲੈ ਕੇ ਪੁੱਛ-ਪੜਤਾਲ ਕੀਤੀ ਜਾਵੇਗੀ।

## ਕੌਮਾਂਤਰੀ ਡਰੱਗ ਨੈੱਟਵਰਕ ਦਾ ਪਰਦਾਫਾਸ਼

**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਇਕ ਕੌਮਾਂਤਰੀ ਡਰੱਗ ਨੈੱਟਵਰਕ ਦਾ ਪਰਦਾਫਾਸ਼ ਕਰਦਿਆਂ ਦੋ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ ਦੇ ਕਬਜ਼ੇ ਵਿਚੋਂ 1 ਕਰੋੜ ਰੁਪਏ ਤੋਂ ਵੱਧ ਦੀ ਨਗ਼ਦੀ ਬਰਾਮਦ ਕੀਤੀ ਹੈ। ਡੀ.ਜੀ.ਪੀ. ਗੌਰਵ ਯਾਦਵ ਨੇ ਕਿਹਾ ਕਿ ਮੁਲਜ਼ਮ ਵਿਦੇਸ਼ ਬੈਠੇ ਦੋ ਨਸ਼ਾ ਤਸਕਰਾਂ ਲਈ ਕੰਮ ਕਰਦੇ ਸਨ। ਯਾਦਵ ਨੇ ਐਕਸ ਉਤੇ ਇਹ ਜਾਣਕਾਰੀ ਸਾਂਝੀ ਕਰਦਿਆਂ ਕਾਬੂ ਕੀਤੇ ਨਸ਼ਾ ਤਸਕਰਾਂ ਦੀ ਪਛਾਣ ਗੁਰਜੰਟ ਸਿੰਘ ਭੋਲੂ ਤੇ ਕਿੰਦਰਬੀਰ ਸਿੰਘ ਉਰਫ਼ ਸੰਨੀ ਦਿਆਲ ਵਜੋਂ ਦੱਸੀ ਹੈ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਦੇ ਸਟੇਟ ਸਪੈਸ਼ਲ ਸੈੱਲ ਨੇ ਕਾਬੂ ਕੀਤੇ ਦੋਵਾਂ ਨਸ਼ਾ ਤਸਕਰਾਂ ਤੇ ਉਨ੍ਹਾਂ ਦੇ ਵਿਦੇਸ਼ ਬੈਠੇ ਆਕਾਵਾਂ ਖਿਲਾਫ਼ ਕੇਸ ਦਰਜ ਕੀਤਾ ਹੈ। ਡੀ.ਜੀ.ਪੀ. ਨੇ ਕਿਹਾ ਕਿ ਮੁਲਜ਼ਮਾਂ ਕੋਲੋਂ 1.07 ਕਰੋੜ ਰੁਪਏ ਦੀ ਡਰੱਗ ਮਨੀ, ਨੋਟ ਗਿਣਨ ਵਾਲੀ ਮਸ਼ੀਨ, ਇਕ ਕਾਰ ਤੇ ਦੋ ਮੋਬਾਈਲ ਫੋਨ ਬਰਾਮਦ ਕੀਤੇ ਹਨ।

## ਲੁਧਿਆਣਾ ਦੇ ਕਾਰੋਬਾਰੀ ਨੂੰ ਵਿਦੇਸ਼ੀ ਨੰਬਰ ਤੋਂ ਧਮਕੀ

**ਲੁਧਿਆਣਾ:** ਸਨਅਤੀ ਸ਼ਹਿਰ ਦੀ ਕੇਸਰ ਗੰਜ ਮੰਡੀ 'ਚ ਮਸਾਲੇ ਦਾ ਵਪਾਰ ਕਰਨ ਵਾਲੇ ਕਾਰੋਬਾਰੀ ਨੂੰ ਪਾਕਿਸਤਾਨੀ ਨੰਬਰ ਤੋਂ ਧਮਕੀ ਭਰਿਆ ਫੋਨ ਆਇਆ ਹੈ। ਫੋਨ ਕਰਨ ਵਾਲੇ ਨੇ ਜਿਸ ਵਟਸਐਪ ਨੰਬਰ ਤੋਂ ਫੋਨ ਕੀਤਾ ਹੈ, ਉਸ 'ਤੇ ਸਾਬਕਾ ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਦੀ ਤਸਵੀਰ ਲਾਈ ਹੋਈ ਹੈ। ਵਪਾਰੀ ਨੂੰ ਫੋਨ ਕਰਨ ਵਾਲੇ ਨੇ ਖ਼ੁਦ ਨੂੰ ਪੰਜਾਬ ਪੁਲਿਸ ਦਾ ਏ.ਐਸ.ਆਈ. ਗੁਰਪ੍ਰੀਤ ਸਿੰਘ ਦੱਸ ਕੇ ਵਪਾਰੀ ਨੂੰ ਕਿਹਾ ਹੈ ਕਿ ਉਸ ਦਾ ਲੜਕਾ ਨਸ਼ੇ ਦੀ ਖੇਪ ਸਣੇ ਫੜਿਆ ਗਿਆ ਹੈ। ਵਪਾਰੀ ਨੇ ਦੱਸਿਆ ਕਿ ਫੋਨ ਕਰਨ ਵਾਲੇ ਨੇ ਇਹ ਵੀ ਧਮਕੀਆਂ ਦਿੱਤੀਆਂ ਕਿ ਉਸ ਦੇ ਲੜਕੇ ਨੂੰ ਦੋ ਚੋਰਾਂ ਦੀ ਮਦਦ ਕਰਨ ਦੇ ਦੋਸ਼ ਹੇਠ ਕਾਬੂ ਕੀਤਾ ਗਿਆ ਹੈ, ਚੋਰਾਂ ਨੇ 10 ਲੱਖ ਰੁਪਏ ਦੀ ਲੁੱਟ ਕੀਤੀ ਹੈ।

# ਇਜ਼ਰਾਈਲ ਨੇ ਗਾਜ਼ਾ ਪੱਟੀ ਵਿਚ ਸਕੂਲ 'ਤੇ ਬੰਬ ਵਰ੍ਹਾਏ; 30 ਹਲਾਕ



**ਦੀਰ-ਅਲ-ਬਲਾਹ:** ਇਜ਼ਰਾਈਲ ਵੱਲੋਂ ਕੇਂਦਰੀ ਗਾਜ਼ਾ ਪੱਟੀ 'ਚ ਸਕੂਲ ਅਤੇ ਹਸਪਤਾਲ 'ਤੇ ਹਵਾਈ ਹਮਲਾ ਕੀਤਾ ਗਿਆ ਜਿਸ ਵਿਚ ਘੱਟੋ-ਘੱਟ 30 ਵਿਅਕਤੀ ਮਾਰੇ ਗਏ। ਇਹ ਹਮਲਾ ਅਜਿਹੇ ਸਮੇਂ ਕੀਤਾ ਗਿਆ ਹੈ ਜਦੋਂ ਦੇਸ਼ ਵੱਲੋਂ ਪ੍ਰਸਤਾਵਿਤ ਗੋਲੀਬੰਦੀ ਵਾਸਤੇ ਗੱਲਬਾਤ ਲਈ ਕੌਮਾਂਤਰੀ ਵਿਚੋਲਿਆਂ ਨਾਲ ਮੁਲਾਕਾਤ ਦੀ ਤਿਆਰੀ ਕੀਤੀ ਜਾ ਰਹੀ ਹੈ।

ਇਜ਼ਰਾਇਲੀ ਫੌਜ ਨੇ ਕਿਹਾ ਕਿ ਦੀਰ-ਅਲ-ਬਲਾਹ 'ਚ ਲੜਕੀਆਂ ਦੇ ਸਕੂਲ 'ਚ ਪਨਾਹ ਲੈਣ ਵਾਲੇ ਘੱਟੋ-ਘੱਟ 30 ਵਿਅਕਤੀਆਂ ਨੂੰ ਹਮਲੇ ਤੋਂ ਬਾਅਦ ਅਲ ਅਕਸਾ ਹਸਪਤਾਲ ਲਿਜਾਇਆ ਗਿਆ, ਜਿੱਥੇ ਉਨ੍ਹਾਂ ਨੂੰ ਮ੍ਰਿਤਕ ਕਰਾਰ ਦੇ ਦਿੱਤਾ ਗਿਆ। ਫੌਜ ਨੇ ਕਿਹਾ ਕਿ ਹਮਾਸ ਦੇ ਕਮਾਂਡ ਤੇ ਕੰਟਰੋਲ ਸੈਂਟਰ ਨੂੰ ਨਿਸ਼ਾਨਾ ਬਣਾਇਆ ਗਿਆ ਸੀ, ਜਿਸ ਦੀ ਵਰਤੋਂ ਹਥਿਆਰ ਰੱਖਣ ਅਤੇ ਹਮਲਿਆਂ ਦੀ ਯੋਜਨਾ ਬਣਾਉਣ ਲਈ ਕੀਤੀ ਜਾਂਦੀ ਸੀ। ਗਾਜ਼ਾ ਦੇ ਸਿਹਤ ਮੰਤਰਾਲੇ ਨੇ ਕਿਹਾ ਕਿ ਇਕ ਹੋਰ ਹਮਲੇ 'ਚ 11 ਵਿਅਕਤੀ ਮਾਰੇ ਗਏ ਹਨ। ਦੀਰ-ਅਲ-ਬਲਾਹ ਦੇ ਅਲ ਅਕਸਾ ਹਸਪਤਾਲ ਨੇ ਮੌਤਾਂ ਦੀ ਗਿਣਤੀ ਦੀ ਪੁਸ਼ਟੀ ਕੀਤੀ ਹੈ। ਇਜ਼ਰਾਈਲ ਦੀ ਫੌਜ ਨੇ ਖ਼ਾਨ ਯੂਨਿਸ 'ਚ ਹਮਲੇ ਤੋਂ ਪਹਿਲਾਂ ਗਾਜ਼ਾ ਦੇ ਇਕ ਹਿੱਸੇ ਨੂੰ ਖਾਲੀ ਕਰਨ ਦਾ ਹੁਕਮ ਦਿੱਤਾ ਸੀ। ਇਹ ਹਮਲਾ ਅਮਰੀਕਾ, ਮਿਸਰ, ਕਤਰ ਅਤੇ ਇਜ਼ਰਾਈਲ ਦੇ ਅਧਿਕਾਰੀਆਂ ਦੀ ਇਟਲੀ 'ਚ ਹੋਣ ਵਾਲੀ ਮੁਲਾਕਾਤ ਅਤੇ ਬੰਧਕਾਂ ਦੀ ਰਿਹਾਈ ਤੇ ਗੋਲੀਬੰਦੀ ਸਬੰਧੀ ਚਰਚਾ ਤੋਂ ਇਕ ਦਿਨ ਪਹਿਲਾਂ ਹੋਇਆ ਹੈ। ਅਮਰੀਕਾ ਤੇ ਮਿਸਰ ਦੇ ਅਧਿਕਾਰੀਆਂ ਨੇ ਨਾਮ ਜ਼ਾਹਿਰ ਨਾ ਕਰਨ ਦੀ ਸ਼ਰਤ 'ਤੇ ਦੱਸਿਆ ਕਿ ਸੀ.ਆਈ.ਏ. ਡਾਇਰੈਕਟਰ ਬਿਲ ਬਰਨਸ ਵੱਲੋਂ ਕਤਰ ਦੇ ਪ੍ਰਧਾਨ ਮੰਤਰੀ ਮੁਹੰਮਦ ਬਿਨ ਅਬਦੁਲ ਰਹਿਮਾਨ ਅਲ-ਥਾਨੀ, ਮੋਸਾਦ ਡਾਇਰੈਕਟਰ ਡੇਵਿਡ ਬਰਨੀਆ ਅਤੇ ਮਿਸਰ ਦੇ ਖ਼ੁਫ਼ੀਆ ਵਿਭਾਗ ਦੇ ਮੁਖੀ ਅੱਬਾਸ ਕਾਮਲ ਨਾਲ ਮੁਲਾਕਾਤ ਕਰਨ ਦੀ ਉਮੀਦ ਹੈ।

## ਫੁਟਬਾਲ ਮੈਦਾਨ 'ਤੇ ਰਾਕੇਟ ਹਮਲੇ 'ਚ 12 ਹਲਾਕ

**ਗੋਲਨ ਹਾਈਟਸ:** ਇਜ਼ਰਾਈਲ ਦੇ ਕਬਜ਼ੇ ਵਾਲੇ ਗੋਲਨ ਹਾਈਟਸ ਵਿਚ ਫੁਟਬਾਲ ਮੈਦਾਨ 'ਤੇ ਕੀਤੇ ਰਾਕੇਟ ਹਮਲੇ ਵਿਚ ਬੱਚਿਆਂ ਤੇ ਗੱਭਰੂਆਂ ਸਣੇ 12 ਜਣਿਆਂ ਦੀ ਮੌਤ ਹੋ ਗਈ ਜਦੋਂਕਿ 20 ਹੋਰ ਜ਼ਖ਼ਮੀ ਦੱਸੇ ਜਾਂਦੇ ਹਨ। ਇਜ਼ਰਾਇਲੀ ਅਥਾਰਿਟੀਜ਼ ਨੇ ਦਾਅਵਾ ਕੀਤਾ ਕਿ ਇਸ ਹਮਲੇ ਪਿੱਛੇ ਲਿਬਨਾਨੀ ਦਹਿਸ਼ਤੀ ਸਮੂਹ ਹਿਜ਼ਬੁੱਲ੍ਹਾ ਦਾ ਹੱਥ ਹੈ। ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਹਿਜ਼ਬੁੱਲ੍ਹਾ ਨੂੰ ਇਸ ਹਮਲੇ ਲਈ ਮੋਟੀ ਕੀਮਤ ਤਾਰਨ ਵਾਸਤੇ ਤਿਆਰ ਰਹਿਣ ਦੀ ਚਿਤਾਵਨੀ ਦਿੱਤੀ ਹੈ। ਇਜ਼ਰਾਇਲੀ ਫੌਜ ਦੇ ਮੁੱਖ ਬੁਲਾਰੇ ਰੀਅਰ ਐਡਮਿਰਲ ਡੈਨੀਅਲ ਹਗਾਰੀ ਨੇ ਕਿਹਾ ਕਿ ਇਹ ਇਜ਼ਰਾਈਲ ਦੇ ਆਮ ਲੋਕਾਂ 'ਤੇ ਕੀਤਾ ਗਿਆ ਸਭ ਤੋਂ ਘਾਤਕ ਹਮਲਾ ਹੈ।

## ਵਿਦੇਸ਼ ਭੇਜਣ ਦੇ ਮਾਮਲਿਆਂ 'ਚ 48.5 ਲੱਖ ਰੁਪਏ ਠੱਗੇ

**ਚੰਡੀਗੜ੍ਹ:** ਚੰਡੀਗੜ੍ਹ ਪੁਲਿਸ ਨੇ ਵਿਦੇਸ਼ ਭੇਜਣ ਦੇ ਨਾਮ ਉਤੇ ਧੋਖਾਧੜੀ ਕਰਨ ਸਬੰਧੀ ਵੱਖ-ਵੱਖ ਥਾਣਿਆਂ ਵਿਚ ਦੋ ਕੇਸ ਦਰਜ ਕੀਤੇ ਹਨ। ਇਕ ਕੇਸ ਥਾਣਾ ਸੈਕਟਰ-3 ਦੀ ਪੁਲਿਸ ਵੱਲੋਂ ਹਰਿਆਣਾ ਦੇ ਜਗਾਧਰੀ ਵਿਚ ਰਹਿਣ ਵਾਲੀ ਔਰਤ ਦੀ ਸ਼ਿਕਾਇਤ 'ਤੇ ਚੰਡੀਗੜ੍ਹ ਵਿਚ ਰਹਿਣ ਵਾਲੀ ਔਰਤ ਵਿਰੁੱਧ ਦਰਜ ਕੀਤਾ ਗਿਆ ਹੈ। ਸ਼ਿਕਾਇਤਕਰਤਾ ਦਾ ਕਹਿਣਾ ਸੀ ਕਿ ਮੁਲਜ਼ਮ ਨੇ ਉਸ ਨੂੰ ਵਿਦੇਸ਼ ਭੇਜਣ ਦੇ ਨਾਮ 'ਤੇ 38.5 ਲੱਖ ਰੁਪਏ ਲੈ ਲਏ, ਪਰ ਬਾਅਦ ਵਿਚ ਨਾ ਵਿਦੇਸ਼ ਭੇਜਿਆ ਅਤੇ ਨਾ ਹੀ ਉਸ ਦੇ ਰੁਪਏ ਵਾਪਸ ਕੀਤੇ। ਦੂਜਾ ਮਾਮਲਾ, ਥਾਣਾ ਸੈਕਟਰ-39 ਦੀ ਪੁਲਿਸ ਨੇ ਮੁਹੰਮਦ ਇਰਸ਼ਾਦ ਆਲਮ ਵਾਸੀ ਬਿਹਾਰ ਦੀ ਸ਼ਿਕਾਇਤ 'ਤੇ ਵਿਕਰਮ ਤੇ ਰਿੰਕੂ ਵਿਰੁੱਧ ਦਰਜ ਕੀਤਾ ਹੈ। ਸ਼ਿਕਾਇਤਕਰਤਾ ਦਾ ਕਹਿਣਾ ਸੀ ਕਿ ਮੁਲਜ਼ਮਾਂ ਨੇ ਉਸ ਨੂੰ ਵਿਦੇਸ਼ ਭੇਜਣ ਦੇ ਨਾਮ 'ਤੇ 10 ਲੱਖ ਰੁਪਏ ਲੈ ਲਏ, ਪਰ ਨਾ ਤਾਂ ਵਿਦੇਸ਼ ਭੇਜਿਆ ਅਤੇ ਨਾ ਹੀ ਉਸ ਦੇ ਰੁਪਏ ਵਾਪਸ ਕੀਤੇ।

# ਪੰਜਾਬ 'ਚ ਮੋਦੀ ਨਾਲ ਹੋਏ ਵਤੀਰੇ ਨੂੰ ਦੇਸ਼ ਭੁੱਲਿਆ ਨਹੀਂ: ਠਾਕੁਰ



**ਚੰਡੀਗੜ੍ਹ:** ਹਿਮਾਚਲ ਪ੍ਰਦੇਸ਼ ਦੇ ਲੋਕ ਸਭਾ ਹਲਕਾ ਹਮੀਰਪੁਰ ਤੋਂ ਸੰਸਦ ਮੈਂਬਰ ਤੇ ਸਾਬਕਾ ਕੇਂਦਰੀ ਮੰਤਰੀ ਅਨੁਰਾਗ ਠਾਕੁਰ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਵਿੱਤੀ ਵਰ੍ਹੇ 2024-25 ਦੇ ਕੇਂਦਰੀ ਬਜਟ ਵਿਚ ਕਿਸੇ ਵੀ ਸੂਬੇ ਨਾਲ ਪੱਖਪਾਤ ਨਹੀਂ ਕੀਤਾ ਹੈ। ਸਾਰਿਆਂ ਨੂੰ ਬਣਦਾ ਹੱਕ ਦਿੱਤਾ ਗਿਆ ਹੈ। ਉਹ ਇਥੇ ਕੇਂਦਰੀ ਬਜਟ ਬਾਰੇ ਇਕ ਸੰਮੇਲਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ।

ਸ੍ਰੀ ਠਾਕੁਰ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਸ਼ਬਦੀ ਹਮਲਾ ਕਰਦਿਆਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਰੋਜ਼ਾਨਾ ਰਾਜਪਾਲ ਨਾਲ ਪੇਚ ਫਸਾ ਕੇ ਕੋਝੀ ਰਾਜਨੀਤੀ ਕਰ ਰਹੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਦੋਂ ਪੰਜਾਬ ਵਿਚ ਹਜ਼ਾਰਾਂ ਕਰੋੜ ਰੁਪਏ ਦੇ ਪ੍ਰੋਜੈਕਟਾਂ ਦੀ ਸ਼ੁਰੂਆਤ ਕਰਨ ਆਏ ਸੀ, ਉਸ ਸਮੇਂ ਪੰਜਾਬ ਸਰਕਾਰ ਵੱਲੋਂ ਅਪਣਾਏ ਰਵੱਈਏ ਨੂੰ ਦੇਸ਼ ਭੁਲਾ ਨਹੀਂ ਸਕਿਆ ਹੈ। ਉਸ ਸਮੇਂ ਪ੍ਰਧਾਨ ਮੰਤਰੀ ਦੀ ਸੁਰੱਖਿਆ ਨਾਲ ਖਿਲਵਾੜ ਕੀਤਾ ਗਿਆ ਸੀ। ਇਸ ਦੇ ਬਾਵਜੂਦ ਕੇਂਦਰ ਸਰਕਾਰ ਨੇ ਦਿਲ ਵੱਡਾ ਕਰ ਕੇ ਏਮਜ਼, ਪੀ.ਜੀ.ਆਈ. ਤੇ 32 ਹਜ਼ਾਰ ਕਰੋੜ ਰੁਪਏ ਦੇ ਸੜਕੀ ਪ੍ਰੋਜੈਕਟ ਦਿੱਤੇ ਸਨ।

ਉਨ੍ਹਾਂ ਕਿਹਾ ਕਿ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਤੇ ਚੋਣਾਂ ਤੋਂ ਬਾਅਦ 'ਆਪ' ਦੀ ਇਕ ਮਹਿਲਾ ਵਿਧਾਇਕ ਨੇ ਕਿਸਾਨਾਂ ਨੂੰ ਸਾਰੀਆਂ ਫ਼ਸਲਾਂ 'ਤੇ ਐਮ.ਐਸ.ਪੀ. ਦੇਣ ਦਾ ਦਾਅਵਾ ਕੀਤਾ ਸੀ, ਪਰ ਇਹ ਅਜੇ ਤੱਕ ਨਹੀਂ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਭਾਜਪਾ ਨੇ 10 ਸਾਲਾਂ ਦੇ ਕਾਰਜਕਾਲ ਦੌਰਾਨ ਪੰਜਾਬ ਸਣੇ ਸਾਰੇ ਸੂਬਿਆਂ ਨੂੰ ਯੂ.ਪੀ.ਏ. ਨਾਲੋਂ ਵੱਧ ਫੰਡ ਦਿੱਤੇ ਹਨ। ਸ੍ਰੀ ਠਾਕੁਰ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਸੂਬਿਆਂ ਨੂੰ ਵਿਸ਼ੇਸ਼ ਪੈਕੇਜ ਯੂ.ਪੀ.ਏ. ਸਰਕਾਰ ਸਮੇਂ ਬਣਾਏ ਨਿਯਮਾਂ ਅਨੁਸਾਰ ਦਿੱਤੇ ਜਾਂਦੇ ਹਨ। ਸਾਬਕਾ ਕੇਂਦਰੀ ਮੰਤਰੀ ਨੇ ਵਿਰੋਧੀ ਧਿਰ ਵੱਲੋਂ ਨੀਤੀ ਆਯੋਗ ਦੀ ਮੀਟਿੰਗ ਵਿਚ ਹਿੱਸਾ ਨਾ ਲੈਣ ਦੀ ਆਲੋਚਨਾ ਕਰਦਿਆਂ ਕਿਹਾ ਕਿ ਵਿਰੋਧੀ ਧਿਰ ਰਾਜਨੀਤੀ ਕਰਨ ਲਈ ਸਿਸਟਮ ਤੋਂ ਦੂਰ ਹੁੰਦੀ ਜਾ ਰਹੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਸਰਕਾਰ ਵੱਲੋਂ ਭਾਰਤ ਨੂੰ ਸਾਲ 2029 ਤੱਕ ਦੁਨੀਆਂ ਦਾ ਤੀਜਾ ਸਭ ਤੋਂ ਮਜ਼ਬੂਤ ਅਰਥਚਾਰਾ ਬਣਾਉਣ ਲਈ ਕੰਮ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਕੇਂਦਰ ਸਰਕਾਰ ਭਾਰਤ ਨੂੰ ਸਾਲ 2047 ਤੱਕ ਵਿਸ਼ਵ ਸ਼ਕਤੀ ਬਣਾਉਣ ਲਈ ਕੰਮ ਕਰ ਰਹੀ ਹੈ।

# ਹਜ਼ਾਰ ਰਿਆਲ ਵਿਚ ਵੇਚੀ ਕੁੜੀ ਦੀ ਘਰ ਵਾਪਸੀ

**ਜਲੰਧਰ:** ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਦੇ ਯਤਨਾਂ ਸਦਕਾ ਅਤੇ ਵਿਦੇਸ਼ ਮੰਤਰਾਲੇ ਦੇ ਸਹਿਯੋਗ ਨਾਲ ਮਸਕਟ (ਓਮਾਨ) ਵਿਚ ਵੇਚੀ ਪੰਜਾਬ ਦੀ ਇਕ ਹੋਰ ਧੀ ਦੀ ਘਰ ਵਾਪਸੀ ਸੰਭਵ ਹੋਈ ਹੈ। ਨਿਰਮਲ ਕੁਟੀਆ ਸੁਲਤਾਨਪੁਰ ਲੋਧੀ ਮੋਗੇ ਤੋਂ ਆਪਣੇ ਪਰਿਵਾਰ ਨਾਲ ਆਈ ਪੀੜਤਾ ਨੇ ਦੱਸਿਆ ਕਿ ਉਹ ਗਰੀਬ ਪਰਿਵਾਰ ਨਾਲ ਸਬੰਧਤ ਹੈ ਅਤੇ ਘਰ ਦੀ ਗੁਰਬਤ ਕਾਰਨ ਓਮਾਨ ਗਈ ਸੀ। ਉੱਥੇ ਰਿਸ਼ਤੇਦਾਰ ਟਰੈਵਲ ਏਜੰਟ ਨੇ ਉਸ ਨੂੰ ਇਕ ਹਜ਼ਾਰ ਰਿਆਲ (ਭਾਰਤੀ ਕਰੰਸੀ ਮੁਤਾਬਕ ਦੋ ਲੱਖ ਰੁਪਏ) ਵਿਚ ਅਰਬੀ ਪਰਿਵਾਰ ਨੂੰ ਵੇਚ ਦਿੱਤਾ ਸੀ।

ਪੀੜਤਾ ਨੇ ਦੱਸਿਆ ਕਿ 7 ਸਤੰਬਰ, 2023 ਨੂੰ ਜਦੋਂ ਉਹ ਓਮਾਨ ਹਵਾਈ ਅੱਡੇ 'ਤੇ ਉਤਰੀ ਤਾਂ ਉਸ ਨੂੰ ਲੈਣ ਆਏ ਵਿਅਕਤੀ ਨੇ ਉਨ੍ਹਾਂ ਕੋਲੋਂ ਮੋਬਾਈਲ ਅਤੇ ਪਾਸਪੋਰਟ ਜ਼ਬਰਦਸਤੀ ਖੋਹ ਲਏ। ਉਨ੍ਹਾਂ ਨੂੰ ਇਕ ਬਹੁ-ਮੰਜ਼ਲੀ ਇਮਾਰਤ ਦੇ ਦਫ਼ਤਰ ਵਿਚ ਬੰਦ ਕਰ ਦਿੱਤਾ।

ਪੀੜਤਾ ਨੇ ਦੱਸਿਆ ਕਿ ਉਸ ਨਾਲ ਉੱਥੇ ਇਕ ਕੀਨੀਆ ਦੀ ਲੜਕੀ ਵੀ ਸੀ। ਜਦੋਂ ਤੱਕ ਵੀਜ਼ੇ ਦੀ ਮਿਆਦ ਸੀ, ਉਦੋਂ ਤੱਕ ਤਾਂ ਟਰੈਵਲ ਏਜੰਟ ਨੇ ਉਸ ਦਾ ਪੂਰਾ ਖ਼ਿਆਲ ਰੱਖਿਆ ਪਰ ਜਿਉਂ ਹੀ ਉਸ ਦਾ ਵੀਜ਼ਾ ਖ਼ਤਮ ਹੋਇਆ ਤਾਂ ਉਸ 'ਤੇ ਦੁੱਖਾਂ ਦਾ ਪਹਾੜ ਟੁੱਟ ਪਿਆ। ਏਜੰਟ ਨੇ ਉਸ ਦੀ ਕੁੱਟਮਾਰ ਸ਼ੁਰੂ ਕਰ ਦਿੱਤੀ। ਪੀੜਤਾ ਨੇ ਦੱਸਿਆ ਕਿ ਕੰਮ ਦੌਰਾਨ ਹੋਈ ਇਨਫੈਕਸ਼ਨ ਕਾਰਨ ਉਸ ਦੀ ਸਿਹਤ ਵਿਗੜ ਗਈ ਅਤੇ ਏਜੰਟ ਨੇ ਉਸ ਦਾ ਇਲਾਜ ਕਰਾਉਣ ਤੋਂ ਮਨ੍ਹਾ ਕਰ ਦਿੱਤਾ। ਉਸ ਦੀ

# ਅਮਰੀਕੀ ਰਾਸ਼ਟਰਪਤੀ ਚੋਣ ਜਿੱਤਾਂਗੀ: ਕਮਲਾ ਹੈਰਿਸ



**ਵਾਸ਼ਿੰਗਟਨ:** ਡੈਮੋਕਰੈਟਿਕ ਪਾਰਟੀ ਤਰਫੋਂ ਰਾਸ਼ਟਰਪਤੀ ਅਹੁਦੇ ਦੀ ਸੰਭਾਵੀ ਉਮੀਦਵਾਰ ਕਮਲਾ ਹੈਰਿਸ ਨੇ ਕਿਹਾ ਕਿ ਉਨ੍ਹਾਂ ਨੂੰ ਵ੍ਹਾਈਟ ਹਾਊਸ ਦੀ ਦੌੜ ਵਿਚ ਭਾਵੇਂ 'ਕਮਜ਼ੋਰ' ਸਮਝਿਆ ਜਾ ਰਿਹਾ ਹੈ, ਪਰ ਉਹ ਜ਼ਮੀਨੀ ਪੱਧਰ 'ਤੇ ਆਪਣੀ ਲੋਕ ਕੇਂਦਰਿਤ ਪ੍ਰਚਾਰ ਮੁਹਿੰਮ ਦੇ ਦਮ 'ਤੇ ਨਵੰਬਰ ਵਿਚ ਹੋਣ ਵਾਲੀ ਚੋਣ ਜ਼ਰੂਰੀ ਜਿੱਤੇਗੀ।

ਉਪ ਰਾਸ਼ਟਰਪਤੀ ਹੈਰਿਸ ਨੇ ਮੈਸਾਚਿਊਸੈਟਸ ਦੇ ਪਿਟਸਫੀਲਡ ਵਿਚ ਆਪਣੇ ਲਈ ਫੰਡ ਜੁਟਾਉਣ ਵਾਲੇ 800 ਲੋਕਾਂ ਦੇ ਇਕ ਗਰੁੱਪ ਨੂੰ ਸੰਬੋਧਨ ਕਰਦਿਆਂ ਕਿਹਾ, "ਸਾਨੂੰ ਭਾਵੇਂ ਇਸ ਦੌੜ ਵਿਚ ਕਮਜ਼ੋਰ ਸਮਝਿਆ ਜਾ ਰਿਹਾ ਹੈ ਪਰ ਇਹ ਜ਼ਮੀਨੀ ਪੱਧਰ 'ਤੇ ਇਕ ਲੋਕ ਕੇਂਦਰਿਤ ਪ੍ਰਚਾਰ ਮੁਹਿੰਮ ਹੈ।" ਰਾਸ਼ਟਰਪਤੀ ਅਹੁਦੇ ਲਈ ਆਪਣੀ ਉਮੀਦਵਾਰੀ ਦੇ ਅਧਿਕਾਰਤ ਐਲਾਨ ਮਗਰੋਂ ਫੰਡ ਜੁਟਾਉਣ ਸਬੰਧੀ ਪਹਿਲੀ ਮੁਹਿੰਮ ਵਿਚ ਹੈਰਿਸ ਨੇ ਸਮਰਥਕਾਂ ਨੂੰ ਕਿਹਾ ਕਿ ਇਹ ਚੋਣ ਦੇਸ਼ ਲਈ ਦੋ ਨਜ਼ਰੀਆਂ ਦਰਮਿਆਨ ਚੋਣ ਹੈ।

## ਅਮਰੀਕਾ 'ਚ ਤਬਾਹੀ ਲੈ ਕੇ ਆਵੇਗੀ ਹੈਰਿਸ: ਟਰੰਪ

**ਵਾਸ਼ਿੰਗਟਨ:** ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੇ ਰਾਸ਼ਟਰਪਤੀ ਚੋਣ ਵਿਚ ਡੈਮੋਕਰੈਟਿਕ ਪਾਰਟੀ ਦੀ ਆਪਣੀ ਵਿਰੋਧੀ ਕਮਲਾ ਹੈਰਿਸ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਮੌਜੂਦਾ ਉਪ ਰਾਸ਼ਟਰਪਤੀ ਅਮਰੀਕਾ ਵਿਚ ਅਪਰਾਧ, ਅਰਾਜਕਤਾ, ਤਬਾਹੀ ਅਤੇ ਮੌਤ ਲੈ ਕੇ ਆਵੇਗੀ। ਇਸ ਸਾਲ ਦੇ ਅਖ਼ੀਰ ਵਿਚ ਹੋਣ ਵਾਲੀ ਰਾਸ਼ਟਰਪਤੀ ਚੋਣ ਵਿਚ ਸਿਰਫ਼ 100 ਦਿਨ ਬਚੇ ਹਨ। ਇਸ ਚੋਣ ਲਈ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਟਰੰਪ ਨੇ ਇਕ ਰੈਲੀ ਦੌਰਾਨ ਹੈਰਿਸ ਨੂੰ ਮਿਨੀਸੋਟਾ ਵਿਚ ਬਾਇਡਨ ਤੋਂ ਵੀ ਖ਼ਰਾਬ ਕਰਾਰ ਦਿੱਤਾ।

# ਅਯੁੱਧਿਆ 'ਚ ਮਸਜਿਦ ਉਸਾਰੀ ਲਈ ਦਿੱਤੀ ਜ਼ਮੀਨ 'ਤੇ ਮਹਿਲਾ ਨੇ ਜਤਾਇਆ ਦਾਅਵਾ

**ਲਖਨਊ:** ਦਿੱਲੀ ਦੀ ਇਕ ਮਹਿਲਾ ਨੇ ਦਾਅਵਾ ਕੀਤਾ ਹੈ ਕਿ ਰਾਮ ਜਨਮਭੂਮੀ-ਬਾਬਰੀ ਮਸਜਿਦ ਕੇਸ ਵਿਚ ਸੁਪਰੀਮ ਕੋਰਟ ਵੱਲੋਂ ਦਿੱਤੇ ਫੈਸਲੇ ਮਗਰੋਂ ਅਯੁੱਧਿਆ ਵਿਚ ਮਸਜਿਦ ਦੀ ਉਸਾਰੀ ਲਈ ਨਿਰਧਾਰਤ ਕੀਤੀ ਗਈ ਜ਼ਮੀਨ ਉਸ ਦੇ ਪਰਿਵਾਰ ਦੀ ਹੈ। ਉਸ ਨੇ ਕਿਹਾ ਕਿ ਉਹ ਇਸ ਦਾ ਕਬਜ਼ਾ ਲੈਣ ਲਈ ਸੁਪਰੀਮ ਕੋਰਟ ਦਾ ਰੁਖ਼ ਕਰੇਗੀ। ਹਾਲਾਂਕਿ, ਰਾਣੀ ਪੰਜਾਬੀ ਨਾਮੀਂ ਇਸ ਮਹਿਲਾ ਵੱਲੋਂ ਕੀਤੇ ਗਏ ਇਸ ਦਾਅਵੇ ਨੂੰ ਇੰਡੋ-ਇਸਲਾਮਿਕ ਕਲਚਰਲ ਫਾਊਂਡੇਸ਼ਨ ਦੇ ਮੁਖੀ ਜ਼ੁਫ਼ਰ ਫਾਰੂਕੀ ਨੇ ਰੱਦ ਕਰਦਿਆਂ ਕਿਹਾ ਕਿ ਉਸ ਦੇ ਦਾਅਵਿਆਂ ਨੂੰ ਅਲਾਹਾਬਾਦ ਹਾਈ ਕੋਰਟ ਸਾਲ 2021 ਵਿਚ ਪਹਿਲਾਂ ਹੀ ਰੱਦ ਕਰ ਚੁੱਕੀ ਹੈ।

ਸੁੰਨੀ ਸੈਂਟਰਲ ਵਕਫ਼ ਬੋਰਡ ਦੇ ਮੁਖੀ ਸ੍ਰੀ ਫਾਰੂਕੀ ਨੇ ਕਿਹਾ ਕਿ ਮਸਜਿਦ ਦੀ ਉਸਾਰੀ ਸਮੇਤ ਸਾਰੇ ਪ੍ਰਾਜੈਕਟ 'ਤੇ ਕੰਮ ਇਸ ਵਰ੍ਹੇ ਅਕਤੂਬਰ ਤੋਂ ਸ਼ੁਰੂ ਹੋ ਜਾਵੇਗਾ। ਦੂਜੇ ਪਾਸੇ, ਦਿੱਲੀ ਦੀ ਵਸਨੀਕ ਰਾਣੀ ਪੰਜਾਬੀ ਦਾ ਦਾਅਵਾ ਹੈ ਕਿ ਅਯੁੱਧਿਆ ਦੇ ਧਨੀਪੁਰ ਪਿੰਡ ਵਿਚ ਪ੍ਰਸ਼ਾਸਨ ਵੱਲੋਂ ਸੁਪਰੀਮ ਕੋਰਟ ਦੇ ਹੁਕਮਾਂ ਮਗਰੋਂ ਸੁੰਨੀ ਸੈਂਟਰਲ ਵਕਫ਼ ਬੋਰਡ ਨੂੰ ਦਿੱਤੀ ਗਈ ਪੰਜ ਏਕੜ ਜ਼ਮੀਨ, ਉਨ੍ਹਾਂ ਦੇ ਪਰਿਵਾਰ ਦੀ ਮਲਕੀਅਤ ਕੁੱਲ 28.35 ਏਕੜ ਜ਼ਮੀਨ ਦਾ ਹਿੱਸਾ ਹੈ।

ਉਨ੍ਹਾਂ ਦੱਸਿਆ ਕਿ ਉਸ ਕੋਲ ਜ਼ਮੀਨ ਦੀ ਮਲਕੀਅਤ ਸਬੰਧੀ ਸਾਰੇ ਕਾਗਜ਼ਾਤ ਮੌਜੂਦ ਹਨ ਤੇ ਉਹ ਇਸ 'ਤੇ ਕਬਜ਼ਾ ਲੈਣ ਲਈ ਸੁਪਰੀਮ ਕੋਰਟ ਜਾਣਗੇ। ਰਾਣੀ ਪੰਜਾਬੀ ਮੁਤਾਬਕ ਉਨ੍ਹਾਂ ਦੇ ਪਿਤਾ ਗਿਆਨ ਚੰਦ ਪੰਜਾਬੀ ਨੂੰ ਮੁਲਕ ਦੀ ਵੰਡ ਸਮੇਂ ਪਾਕਿਸਤਾਨ ਵਾਲੇ ਪੰਜਾਬ ਨੂੰ ਛੱਡਣਾ ਪਿਆ ਸੀ ਤੇ ਉਹ ਫੈਜ਼ਾਬਾਦ (ਹੁਣ ਜ਼ਿਲ੍ਹਾ ਅਯੁੱਧਿਆ) ਆ ਗਏ ਸਨ, ਜਿੱਥੇ ਉਨ੍ਹਾਂ ਨੂੰ ਪਿੱਛੇ ਰਹਿ ਗਈ ਜ਼ਮੀਨ ਬਦਲੇ ਇੱਥੇ 28.35 ਏਕੜ ਜ਼ਮੀਨ ਮਿਲੀ ਸੀ। ਉਸ ਨੇ ਦੱਸਿਆ ਕਿ ਪਰਿਵਾਰ ਵੱਲੋਂ ਸਾਲ 1983 ਤੱਕ ਖੇਤੀਬਾੜੀ ਲਈ ਇਸ ਜ਼ਮੀਨ ਦੀ ਵਰਤੋਂ ਕੀਤੀ ਜਾਂਦੀ ਰਹੀ ਸੀ, ਪਰ ਇਸ ਦੌਰਾਨ ਉਨ੍ਹਾਂ ਦੇ ਪਿਤਾ ਦੀ ਤਬੀਅਤ ਖ਼ਰਾਬ ਹੋਣ ਕਾਰਨ ਇਲਾਜ ਲਈ ਉਹ ਦਿੱਲੀ ਆ ਗਏ ਤੇ ਉਦੋਂ ਤੋਂ ਜ਼ਮੀਨ 'ਤੇ ਕਬਜ਼ਾ ਕੀਤਾ ਹੋਇਆ ਹੈ। ਉਸ ਨੇ ਕਿਹਾ ਕਿ ਉਸ ਨੂੰ ਮਸਜਿਦ ਦੀ ਉਸਾਰੀ ਸਬੰਧੀ ਕੋਈ ਇਤਰਾਜ਼ ਨਹੀਂ ਹੈ, ਪਰ ਉਹ ਚਾਹੁੰਦੀ ਹੈ ਕਿ ਪ੍ਰਸ਼ਾਸਨ ਉਨ੍ਹਾਂ ਨਾਲ ਇਨਸਾਫ਼ ਕਰੇ।

# ਸਰਕਾਰ ਨੇ ਮੁਲਕ ਨੂੰ ਚੱਕਰਵਿਊ ਵਿਚ ਫਸਾਇਆ: ਰਾਹੁਲ ਗਾਂਧੀ

**ਨਵੀਂ ਦਿੱਲੀ:** ਲੋਕ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਕੇਂਦਰ ਸਰਕਾਰ ਉਤੇ ਦੋਸ਼ ਲਾਇਆ ਕਿ ਹਿੰਦੁਸਤਾਨ ਦੇ ਨੌਜਵਾਨਾਂ, ਕਿਸਾਨਾਂ ਅਤੇ ਗਰੀਬਾਂ ਨੂੰ ਅਭਿਮੰਨਿਊ ਵਾਂਗ ਚੱਕਰਵਿਊ ਵਿਚ ਫਸਾ ਦਿੱਤਾ ਗਿਆ ਹੈ। ਉਨ੍ਹਾਂ ਲੋਕ ਸਭਾ ਵਿਚ ਕੇਂਦਰੀ ਬਜਟ 'ਤੇ ਚਰਚਾ ਵਿਚ ਹਿੱਸਾ ਲੈਂਦਿਆਂ ਕਿਹਾ ਕਿ ਹਜ਼ਾਰਾਂ ਸਾਲ ਪਹਿਲਾਂ ਛੇ ਜਣਿਆਂ ਨੇ ਅਭਿਮੰਨਿਊ ਨੂੰ ਚੱਕਰਵਿਊ ਵਿਚ ਫਸਾ ਕੇ ਮਾਰਿਆ ਸੀ, ਚੱਕਰਵਿਊ ਦਾ ਦੂਜਾ ਨਾਮ ਹੈ 'ਪਦਮਾਵਿਊ' ਜੋ ਕਮਲ ਦੇ ਫੁੱਲ ਦੇ ਆਕਾਰ ਦਾ ਹੁੰਦਾ ਹੈ ਜਿਸ ਵਿਚ ਡਰ ਅਤੇ ਹਿੰਸਾ ਹੁੰਦੀ ਹੈ।

ਇਸ ਦੌਰਾਨ ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ



ਗ੍ਰਹਿ ਮੰਤਰੀ ਅਮਿਤ ਸ਼ਾਹ ਤੋਂ ਇਲਾਵਾ ਚਾਰ ਹੋਰ ਵਿਅਕਤੀਆਂ ਦਾ ਨਾਮ ਲਿਆ ਜਿਨ੍ਹਾਂ 'ਤੇ ਲੋਕ ਸਭਾ ਸਪੀਕਰ ਓਮ ਬਿਰਲਾ ਨੇ ਇਤਰਾਜ਼ ਜਤਾਇਆ। ਕਾਂਗਰਸੀ ਆਗੂ ਨੇ ਦਾਅਵਾ ਕੀਤਾ ਜਿਸ ਤਰ੍ਹਾਂ ਸੈਨਾ ਦੇ ਜਵਾਨਾਂ ਨੂੰ ਅਗਨੀਪਥ ਦੇ ਚੱਕਰਵਿਊ ਵਿਚ ਫਸਾਇਆ ਗਿਆ ਹੈ, ਉਸ ਤਰ੍ਹਾਂ ਕੇਂਦਰ ਸਰਕਾਰ ਨੇ ਪੂਰੇ ਹਿੰਦੁਸਤਾਨ ਨੂੰ ਫਸਾ ਦਿੱਤਾ ਹੈ।

ਉਨ੍ਹਾਂ ਕਿਹਾ ਕਿ ਅੰਨਦਾਤਾ ਨੇ ਚੱਕਰਵਿਊ ਤੋਂ ਨਿਕਲਣ ਲਈ ਐਮ.ਐਸ.ਪੀ. ਦੀ ਮੰਗ ਕੀਤੀ ਸੀ ਪਰ ਐਮ.ਐਸ.ਪੀ. ਨਹੀਂ ਦਿੱਤੀ ਗਈ। ਰਾਹੁਲ ਗਾਂਧੀ ਨੇ ਇੰਡੀਆ ਗੱਠਜੋੜ ਵੱਲੋਂ ਕਿਹਾ ਕਿ ਅਸੀਂ ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ ਦੇਵਾਂਗੇ।

# ਅਫਸਰਾਂ ਦੀ ਨਾਲਾਇਕੀ ਕਾਰਨ ਸਰਕਾਰ ਨੂੰ ਰਗੜਾ



**ਚੰਡੀਗੜ੍ਹ:** ਪੰਜਾਬ ਨੂੰ ਫਸਲੀ ਚੱਕਰ ਵਿੱਚੋਂ ਕੱਢਣ ਲਈ ਕਿਸਾਨਾਂ ਨੂੰ ਉਤਸ਼ਾਹਿਤ ਕਰਨ ਵਾਸਤੇ ਮਿਲੀ ਕਰੋੜਾਂ ਰੁਪਏ ਦੀ ਰਾਸ਼ੀ ਖੂਹ ਖਾਤੇ ਪੈ ਗਈ ਹੈ। ਪੰਜਾਬ ਦੇ ਖੇਤੀ ਮਹਿਕਮੇ ਦੇ ਉੱਚ ਅਫ਼ਸਰਾਂ ਦੀ ਜਾਗ ਉਸ ਵੇਲੇ ਖੁੱਲ੍ਹੀ ਜਦੋਂ ਸੂਬੇ ਵਿਚ ਝੋਨੇ ਦੀ ਲੁਆਈ ਦਾ ਕੰਮ ਮੁਕੰਮਲ ਹੋ ਗਿਆ।

ਕੇਂਦਰ ਸਰਕਾਰ ਵੱਲੋਂ ਖੇਤੀ ਵਿਭਿੰਨਤਾ ਲਈ ਮਿਲੇ 289.87 ਕਰੋੜ ਦੇ ਫੰਡ ਰੱਦ ਹੋ ਜਾਣੇ ਹਨ। ਦੱਸਣਯੋਗ ਹੈ ਕਿ ਕੇਂਦਰੀ ਫਸਲੀ ਵਿਭਿੰਨਤਾ ਸਕੀਮ ਤਹਿਤ ਝੋਨੇ ਦੀ ਕਾਸ਼ਤ ਹੇਠੋਂ ਨਿਕਲ ਕੇ ਬਦਲਵੀਆਂ ਫ਼ਸਲਾਂ ਦੀ ਬਿਜਾਂਦ ਕਰਨ ਵਾਲੇ ਕਿਸਾਨਾਂ ਨੂੰ ਪ੍ਰਤੀ ਹੈਕਟੇਅਰ 17,500 ਰੁਪਏ ਦੀ ਹੱਲਾਸ਼ੇਰੀ ਰਾਸ਼ੀ ਦਿੱਤੀ ਜਾਣੀ ਸੀ। ਕੇਂਦਰੀ ਖੇਤੀਬਾੜੀ ਮੰਤਰਾਲੇ ਵੱਲੋਂ ਸੂਬਾ ਸਰਕਾਰ ਨੂੰ ਫ਼ਸਲੀ ਵਿਭਿੰਨਤਾ ਦਾ ਸੋਧਿਆ ਪ੍ਰੋਗਰਾਮ 10 ਜੂਨ ਨੂੰ ਭੇਜ ਦਿੱਤਾ ਗਿਆ ਸੀ ਪਰ ਖੇਤੀ ਮਹਿਕਮੇ ਦੇ ਉੱਚ ਅਫ਼ਸਰਾਂ ਨੇ ਕਰੀਬ 40 ਦਿਨ ਇਸ ਯੋਜਨਾ ਦੀ ਭਾਫ਼ ਹੀ ਨਹੀਂ ਨਿਕਲਣ ਦਿੱਤੀ। ਸੂਬਾ ਸਰਕਾਰ ਨੇ 20 ਜੁਲਾਈ ਨੂੰ ਇਸ ਯੋਜਨਾ ਬਾਰੇ ਦੱਸਿਆ। ਇਸ ਸਕੀਮ ਤਹਿਤ 60 ਫ਼ੀਸਦ ਰਾਸ਼ੀ 173.92 ਕਰੋੜ ਕੇਂਦਰ ਨੇ ਦੇਣੀ ਸੀ ਜਦਕਿ 115.95 ਕਰੋੜ ਰੁਪਏ ਸੂਬਾ ਸਰਕਾਰ ਨੇ ਦੇਣੇ ਸਨ। ਕੇਂਦਰ ਸਰਕਾਰ ਨੇ ਇਹ ਸਕੀਮ ਪੰਜਾਬ, ਹਰਿਆਣਾ ਅਤੇ ਯੂਪੀ ਦੇ ਕੁਝ ਜ਼ਿਲ੍ਹਿਆਂ ਵਾਸਤੇ ਦਿੱਤੀ ਸੀ। ਹਰਿਆਣਾ ਨੂੰ 136.10 ਕਰੋੜ ਅਤੇ ਯੂਪੀ ਨੂੰ 15.91 ਕਰੋੜ ਰੁਪਏ ਦਿੱਤੇ ਜਾਣੇ ਸਨ। ਜਦੋਂ ਹੁਣ ਅਗਲੇ ਵਰ੍ਹੇ ਝੋਨੇ ਦਾ ਲੁਆਈ ਸੀਜ਼ਨ ਆਵੇਗਾ, ਉਦੋਂ ਤੱਕ ਅਗਲਾ ਵਿੱਤੀ ਵਰ੍ਹਾ ਸ਼ੁਰੂ ਹੋ ਚੁੱਕਾ ਹੋਵੇਗਾ ਜਦਕਿ ਮੌਜੂਦਾ ਕੇਂਦਰੀ ਸਕੀਮ ਇਸੇ ਵਿੱਤੀ ਵਰ੍ਹੇ ਲਈ ਸੀ।

ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦਾ ਕਹਿਣਾ ਸੀ ਕਿ ਫ਼ਸਲੀ ਵਿਭਿੰਨਤਾ ਸਕੀਮ ਨੂੰ ਲਾਗੂ ਕਰਨ ਵਿਚ ਡਾਇਰੈਕਟਰ ਦੀ ਕੁਤਾਹੀ ਸਾਹਮਣੇ ਆਈ ਹੈ, ਜਿਨ੍ਹਾਂ ਦੀ ਹੁਣ ਜਵਾਬ ਤਲਬੀ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਅਧਿਕਾਰੀਆਂ ਨੇ ਕਰੀਬ ਸਵਾ ਮਹੀਨੇ ਦੀ ਦੇਰੀ ਕਰ ਦਿੱਤੀ ਹੈ ਜਿਸ ਕਰਕੇ ਜਵਾਬਦੇਹੀ ਤੈਅ ਕੀਤੀ ਜਾਵੇਗੀ।

ਖੇਤੀ ਮਹਿਕਮੇ ਦੇ ਡਾਇਰੈਕਟਰ ਜਸਵੰਤ ਸਿੰਘ ਦਾ ਕਹਿਣਾ ਸੀ ਕਿ ਐਤਕੀਂ ਮੱਕੀ ਹੇਠ ਕਰੀਬ 23 ਹਜ਼ਾਰ ਹੈਕਟੇਅਰ ਰਕਬਾ ਵਧਿਆ ਹੈ। ਉਨ੍ਹਾਂ ਕਿਹਾ ਕਿ ਨਰਮੇ ਹੇਠੋਂ ਰਕਬਾ ਨਿਕਲ ਕੇ ਐਤਕੀਂ ਝੋਨੇ ਹੇਠ ਚਲਾ ਗਿਆ ਹੈ ਪਰ ਉਹ ਫ਼ਸਲੀ ਵਿਭਿੰਨਤਾ ਸਕੀਮ ਤਹਿਤ ਹੱਲਾਸ਼ੇਰੀ ਰਾਸ਼ੀ ਦਾ ਫ਼ਾਇਦਾ ਦੇਣ ਲਈ ਕੇਂਦਰ ਨੂੰ ਪੱਤਰ ਲਿਖ ਕੇ ਕੁਝ ਛੋਟਾਂ ਮੰਗਣਗੇ।

## ਵਿਜੀਲੈਂਸ ਵੱਲੋਂ ਰਿਸ਼ਵਤ ਲੈਣ ਦੇ ਦੋਸ਼ ਹੇਠ ਪਟਵਾਰੀ ਕਾਬੂ

**ਡੇਰਾਬੱਸੀ:** ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਡੇਰਾਬੱਸੀ ਪਟਵਾਰਖਾਨੇ 'ਚ ਛਾਪਾ ਮਾਰਿਆ ਗਿਆ। ਇਸ ਦੌਰਾਨ ਪਟਵਾਰੀ ਤਜਿੰਦਰ ਸਿੰਘ ਭੱਟੀ ਅਤੇ ਉਸ ਦੇ ਸਾਥੀ ਸੁਰਿੰਦਰ ਸਿੰਘ ਨੂੰ ਰਿਸ਼ਵਤਖੋਰੀ ਦੇ ਮਾਮਲੇ ਵਿਚ ਗ੍ਰਿਫ਼ਤਾਰ ਕੀਤਾ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਇਨ੍ਹਾਂ ਦੋਵਾਂ ਨੇ ਫਰਦ ਬਦਲ ਕਰਨ ਦੇ ਮਾਮਲੇ ਵਿਚ ਡੇਢ ਲੱਖ ਰੁਪਏ ਦੀ ਮੰਗ ਕੀਤੀ ਸੀ ਅਤੇ ਇਕ ਲੱਖ 20 ਹਜ਼ਾਰ ਰੁਪਏ ਵਿਚ ਸੌਦਾ ਤੈਅ ਹੋਇਆ ਸੀ। ਇਸ ਸਬੰਧੀ ਕੇਸ ਦਰਜ ਕੀਤਾ ਗਿਆ ਸੀ ਤੇ ਵਿਅਕਤੀ ਵੱਲੋਂ ਪੈਸੇ ਦੇਣ ਲਈ ਆਉਣਾ ਸੀ ਜਿਸ ਦੌਰਾਨ ਦੋਵਾਂ ਨੂੰ ਰਿਕਾਰਡਿੰਗ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ।

# ਗੁਲਾਬ ਚੰਦ ਕਟਾਰੀਆ ਪੰਜਾਬ ਦੇ ਨਵੇਂ ਰਾਜਪਾਲ ਨਿਯੁਕਤ



**ਚੰਡੀਗੜ੍ਹ:** ਅਸਾਮ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਪੰਜਾਬ ਦੇ ਨਵੇਂ ਰਾਜਪਾਲ ਹੋਣਗੇ। ਕਟਾਰੀਆ ਰਾਜਸਥਾਨ ਭਾਜਪਾ ਦੇ ਸੀਨੀਅਰ ਆਗੂ ਹਨ ਤੇ ਉਹ ਬਨਵਾਰੀ ਲਾਲ ਪੁਰੋਹਿਤ ਦੀ ਥਾਂ ਲੈਣਗੇ। ਪੁਰੋਹਿਤ ਨੇ 3 ਫਰਵਰੀ ਨੂੰ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ, ਜਿਸ ਨੂੰ ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਸਵੀਕਾਰ ਕਰ ਲਿਆ ਹੈ।

ਪੰਜਾਬ ਵਿਚ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਬਣਨ ਤੋਂ ਬਾਅਦ ਤੋਂ ਹੀ ਸਾਬਕਾ ਰਾਜਪਾਲ ਬਨਵਾਰੀ ਲਾਲ ਪੁਰੋਹਿਤ 'ਤੇ ਸੂਬਾ ਸਰਕਾਰ ਵਿਚਕਾਰ ਕਈ ਵਾਰ ਵਿਵਾਦ ਛਿੜਿਆ ਰਿਹਾ। ਪਹਿਲਾਂ ਰਾਜਪਾਲ ਨੇ ਸੂਬਾ ਸਰਕਾਰ ਨੂੰ ਬਜਟ ਸੈਸ਼ਨ ਸੱਦਣ ਦੀ ਪ੍ਰਵਾਨਗੀ ਨਹੀਂ ਦਿੱਤੀ, ਜਿਸ ਕਰਕੇ ਸੂਬਾ ਸਰਕਾਰ ਨੂੰ ਸੁਪਰੀਮ ਕੋਰਟ ਤੱਕ ਜਾਣਾ ਪਿਆ। ਕਈ ਵਾਰ ਰਾਜਪਾਲ ਵੱਲੋਂ ਵਿਧਾਨ ਸਭਾ ਵਿਚ ਪਾਸ ਕੀਤੇ ਗਏ ਬਿੱਲਾਂ ਨੂੰ ਰੋਕਿਆ ਗਿਆ, ਜਿਸ ਕਰਕੇ ਵੀ ਰਾਜਪਾਲ ਤੇ ਸੂਬਾ ਸਰਕਾਰ ਵਿਚ ਤਕਰਾਰ ਪੈਦਾ ਹੋਈ। ਇਸ ਤੋਂ ਇਲਾਵਾ ਰਾਜਪਾਲ ਵੱਲੋਂ ਸੂਬੇ ਦੇ ਸਰਹੱਦੀ ਖੇਤਰ ਦਾ ਦੌਰਾ ਕੀਤੇ ਜਾਣਾ ਤੇ ਸੂਬੇ ਵਿਚ ਅਮਨ-ਕਾਨੂੰਨ ਦੀ ਸਥਿਤੀ 'ਤੇ ਸਵਾਲ ਚੁੱਕਣਾ ਵੀ ਵਿਵਾਦ ਦਾ ਵੱਡਾ ਕਾਰਨ ਬਣਿਆ ਰਿਹਾ। ਮਹਾਰਾਸ਼ਟਰ ਅਸੈਂਬਲੀ ਦੇ ਸਾਬਕਾ ਸਪੀਕਰ ਹਰੀਭਾਊ ਕਿਸ਼ਨਰਾਓ ਬਾਗੜੇ ਨੂੰ ਰਾਜਸਥਾਨ ਦਾ ਰਾਜਪਾਲ ਜਦੋਂਕਿ ਤ੍ਰਿਪੁਰਾ ਦੇ ਸਾਬਕਾ ਉਪ ਮੁੱਖ ਮੰਤਰੀ ਜਿਸ਼ਨੂ ਦੇਵ ਵਰਮਾ ਨੂੰ ਤਿਲੰਗਾਨਾ ਦਾ ਰਾਜਪਾਲ ਲਾਇਆ ਗਿਆ ਹੈ।

### ਨਵੇਂ ਰਾਜਪਾਲ ਨਾਲ ਮਿਲ ਕੇ ਕੰਮ ਕਰਾਂਗੇ: ਮਾਨ

**ਚੰਡੀਗੜ੍ਹ:** ਰਾਸ਼ਟਰਪਤੀ ਦਰੋਪਦੀ ਮੁਰਮੂ ਵੱਲੋਂ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਦਾ ਅਸਤੀਫ਼ਾ ਮਨਜ਼ੂਰ ਕੀਤੇ ਜਾਣ ਉਪਰੰਤ ਅਸਾਮ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੂੰ ਪੰਜਾਬ ਦਾ ਨਵਾਂ ਰਾਜਪਾਲ ਲਗਾ ਦਿੱਤਾ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸੂਬੇ ਦੇ ਨਵੇਂ ਰਾਜਪਾਲ ਗੁਲਾਬ ਚੰਦ ਕਟਾਰੀਆ ਦਾ ਸਵਾਗਤ ਕੀਤਾ। ਸ੍ਰੀ ਮਾਨ ਨੇ ਕਿਹਾ ਕਿ ਉਹ ਨਵੇਂ ਰਾਜਪਾਲ ਨਾਲ ਮਿਲ ਕੇ ਕੰਮ ਕਰਨਗੇ, ਜਿਸ ਨਾਲ ਪੰਜਾਬ ਦੇ ਹਿੱਤ ਵਿਚ ਕਈ ਅਹਿਮ ਫ਼ੈਸਲੇ ਲਏ ਜਾ ਸਕਣਗੇ।

# ਭਾਖੜਾ ਤੇ ਪੌਂਗ ਡੈਮਾਂ 'ਤੇ ਮਿਨੀ ਡੈਮ ਬਣਾਉਣ ਦੀ ਤਿਆਰੀ



**ਚੰਡੀਗੜ੍ਹ:** ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ.ਬੀ.ਐੱਮ.ਬੀ.) ਭਾਖੜਾ ਅਤੇ ਪੌਂਗ ਡੈਮਾਂ ਦੇ ਜਲ ਭੰਡਾਰਾਂ ਦੇ ਆਲੇ-ਦੁਆਲੇ ਕਈ 'ਮਿਨੀ ਡੈਮ' ਬਣਾਉਣ ਦੀਆਂ ਸੰਭਾਵਨਾਵਾਂ ਤਲਾਸ਼ ਰਿਹਾ ਹੈ ਜਿਸ ਨਾਲ ਬਿਜਲੀ ਦੀ ਵਧਦੀ ਮੰਗ ਨੂੰ ਪੂਰਾ ਕਰਨ ਲਈ ਕਈ ਹਜ਼ਾਰ ਮੈਗਾਵਾਟ ਵਾਧੂ ਗਰੀਨ ਊਰਜਾ ਪੈਦਾ ਕੀਤੀ ਜਾ ਸਕੇਗੀ।

ਬੀ.ਬੀ.ਐਮਬੀ. ਦੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਇਸ ਸਬੰਧੀ ਰਿਪੋਰਟ ਤਿਆਰ ਕੀਤੀ ਗਈ ਹੈ ਅਤੇ ਪੰਜ ਥਾਵਾਂ ਦੀ ਪਛਾਣ ਵੀ ਕਰ ਲਈ ਹੈ ਜਿੱਥੇ ਅਜਿਹੇ ਡੈਮ ਬਣਾਏ ਜਾਣਗੇ। ਉਨ੍ਹਾਂ ਕਿਹਾ ਕਿ ਇਨ੍ਹਾਂ 'ਮਿੰਨੀ ਡੈਮਾਂ' ਨੂੰ ਪੰਪ ਪਾਵਰ ਸਟੋਰੇਜ ਪਲਾਂਟ (ਪੀ.ਐਸ.ਪੀ.) ਕਿਹਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਪੀ.ਐਸ.ਪੀ. ਤਹਿਤ ਪਾਣੀ ਮੁੱਖ ਜਲ ਭੰਡਾਰ ਤੋਂ ਪੰਪ ਕਰ ਕੇ ਉੱਚੇ ਜਲ ਭੰਡਾਰ ਤੱਕ ਚੜ੍ਹਾਇਆ ਜਾਂਦਾ ਹੈ, ਜੋ ਟਰਬਾਈਨਾਂ ਰਾਹੀਂ ਵਾਪਸ ਵਹਿੰਦਾ ਹੈ। ਉਨ੍ਹਾਂ ਕਿਹਾ ਬਿਜਲੀ ਦੀ ਮੰਗ ਘਟਣ ਦੀ ਸੂਰਤ ਵਿਚ ਵਾਧੂ ਬਿਜਲੀ ਦੀ ਵਰਤੋਂ ਉੱਚੀ ਵਾਲੇ ਜਲ ਭੰਡਾਰਾਂ ਵਿਚ ਪਾਣੀ ਚੜ੍ਹਾਉਣ ਲਈ ਕੀਤੀ ਜਾ ਸਕਦੀ ਹੈ। ਇਸ ਤਰ੍ਹਾਂ ਵਿਸ਼ਾਲ ਬੈਟਰੀ ਊਰਜਾ ਭੰਡਾਰ ਬਣਾਇਆ ਜਾ ਸਕਦਾ ਹੈ। ਮੰਗ ਵਧਣ 'ਤੇ ਇਸ ਊਰਜਾ ਨਾਲ ਫੌਰੀ ਬਿਜਲੀ ਪੈਦਾ ਕੀਤੀ ਜਾ ਸਕਦੀ ਹੈ। ਥਰਮਲ ਪਲਾਂਟਾਂ ਦੇ ਛੇ-ਦਸ ਘੰਟਿਆਂ ਦੇ ਮੁਕਾਬਲੇ ਪੰਪ ਪਾਵਰ ਸਟੋਰੇਜ ਪਲਾਂਟ 75-120 ਸੈਕਿੰਡ ਵਿੱਚ ਚਾਲੂ ਹੋ ਜਾਂਦਾ ਹੈ।

ਉਨ੍ਹਾਂ ਕਿਹਾ ਕਿ ਮਿੰਨੀ ਡੈਮਾਂ ਦਾ ਆਕਾਰ 100 ਫੁੱਟ ਉੱਚਾ ਅਤੇ 400 ਫੁੱਟ ਲੰਬਾ ਹੋ ਸਕਦਾ ਹੈ। ਇਕ ਬੰਨ੍ਹ ਤੋਂ 1500 ਮੈਗਾਵਾਟ ਬਿਜਲੀ ਪੈਦਾ ਕੀਤੀ ਜਾ ਸਕਦੀ ਹੈ। ਭਾਖੜਾ ਤੇ ਪੌਂਡ 'ਤੇ ਪੀ.ਐਸ.ਪੀ. ਉਤੇ ਲਗਭਗ 6,000 ਕਰੋੜ ਰੁਪਏ ਲਾਗਤ ਆਉਣ ਦਾ ਅਨੁਮਾਨ ਹੈ।

# ਬੱਚਿਆਂ ਨੂੰ ਵਰਦੀ ਵਾਲੀ ਗਰਾਂਟ ਨਿਗੂਣੀ: ਪੀਰ ਮੁਹੰਮਦ

**ਚਮਕੌਰ ਸਾਹਿਬ:** ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਤੇ ਬੁਲਾਰੇ ਕਰਨੈਲ ਸਿੰਘ ਪੀਰ ਮੁਹੰਮਦ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲ ਦੇ ਬੱਚਿਆਂ ਲਈ ਮੁਫ਼ਤ ਵਰਦੀ ਸਕੀਮ ਤਹਿਤ 600 ਰੁਪਏ ਪ੍ਰਤੀ ਬੱਚਾ ਗਰਾਂਟ ਐਲਾਨੀ ਗਈ ਹੈ, ਜੋ ਬਹੁਤ ਹੀ ਨਿਗੂਣੀ ਹੈ ਕਿਉਂਕਿ 600 ਰੁਪਏ ਵਿਚ ਕਿਸੇ ਵੀ ਰੂਪ ਵਿਚ ਬੱਚਿਆਂ ਨੂੰ ਪੂਰੀ ਵਰਦੀ ਉਪਲੱਬਧ ਨਹੀਂ ਕਰਵਾਈ ਜਾ ਸਕਦੀ।

ਉਨ੍ਹਾਂ ਕਿਹਾ ਕਿ ਸੂਬੇ ਦੇ ਕੁਝ ਸਕੂਲਾਂ ਦੇ ਅਧਿਆਪਕਾਂ ਵੱਲੋਂ ਇਸ ਦਾ ਵਿਰੋਧ ਵੀ ਦਰਜ ਕਰਵਾਇਆ ਗਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਵੱਲੋਂ ਇਨ੍ਹਾਂ ਅਧਿਆਪਕਾਂ ਨੂੰ ਤਲਬ ਕਰ ਕੇ ਖੱਜਲ-ਖੁਆਰ ਕੀਤਾ ਜਾ ਰਿਹਾ ਹੈ, ਜਿਸ ਦੀ ਅਕਾਲੀ ਦਲ ਨਿਖੇਧੀ ਕਰਦਾ ਹੈ। ਸ੍ਰੀ ਪੀਰਮੁਹੰਮਦ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਪਹਿਲਾਂ ਔਰਤਾਂ ਦੇ ਖਾਤੇ ਵਿਚ ਇਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਪਾਉਣ ਦਾ ਵਾਅਦਾ ਪੂਰਾ ਕਰੇ।

ਅਕਾਲੀ ਆਗੂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਆਪਣੇ ਕਾਰਜਕਾਲ ਦੌਰਾਨ ਹੁਣ ਤੱਕ ਇਕ ਲੱਖ ਕਰੋੜ ਦਾ ਹੋਰ ਕਰਜ਼ਾ ਲੈ ਕੇ ਪਹਿਲਾਂ ਤੋਂ ਹੀ ਤਿੰਨ ਲੱਖ ਕਰੋੜ ਵਾਲੇ ਕਰਜ਼ੇ ਦੀ ਪੰਡ ਹੋਰ ਭਾਰੀ ਕਰ ਦਿੱਤੀ ਹੈ।

## ਸੁਪਰ ਫਾਸਟ ਰੇਲ ਦਾ ਨਾਂ ਸ਼ਹੀਦ ਊਧਮ ਸਿੰਘ ਦੇ ਨਾਂ 'ਤੇ ਰੱਖਿਆ ਜਾਵੇਗਾ: ਬਿੱਟੂ

**ਸੁਨਾਮ:** ਕੇਂਦਰੀ ਰੇਲਵੇ ਰਾਜ ਮੰਤਰੀ ਬਣਨ ਤੋਂ ਬਾਅਦ ਪਹਿਲੀ ਵਾਰ ਸੁਨਾਮ ਪੁੱਜੇ ਰਵਨੀਤ ਸਿੰਘ ਬਿੱਟੂ ਨੇ ਸਥਾਨਕ ਸ਼ਹੀਦ ਊਧਮ ਸਿੰਘ ਸਮਾਰਕ 'ਤੇ ਸ਼ਰਧਾ ਦੇ ਫੁੱਲ ਭੇਟ ਕੀਤੇ ਹਨ। ਇਸ ਉਪਰੰਤ ਉਨ੍ਹਾਂ ਨੇ ਐਲਾਨ ਕੀਤਾ ਕਿ ਪੰਜਾਬ 'ਚ ਚੱਲਣ ਵਾਲੀ ਇਕ ਸੁਪਰ ਫਾਸਟ ਰੇਲ ਗੱਡੀ ਦਾ ਨਾਂ ਸ਼ਹੀਦ ਊਧਮ ਸਿੰਘ ਦੇ ਨਾਮ 'ਤੇ ਰੱਖਿਆ ਜਾਵੇਗਾ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੇਂਦਰੀ ਰਾਜ ਮੰਤਰੀ ਸ੍ਰੀ ਬਿੱਟੂ ਨੇ ਸੁਨਾਮ ਵਿਚ ਰੇਲ ਵਿਭਾਗ ਨਾਲ ਸਬੰਧਤ ਚੱਲ ਰਹੇ ਅਤੇ ਸ਼ੁਰੂ ਹੋਣ ਵਾਲੇ ਕਾਰਜਾਂ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਨੁਮਾਇੰਦੇ ਇੱਥੋਂ ਦੇ ਲੋਕਾਂ ਨੂੰ ਗੁਮਰਾਹ ਕਰ ਕੇ ਪੰਜਾਬ ਸਰਕਾਰ ਦੀ ਮਸ਼ਹੂਰੀ ਕਰ ਰਹੇ ਹਨ, ਜੋ ਕਿ ਬਿਲਕੁਲ ਗਲਤ ਹੈ।ਕੇਂਦਰੀ ਰਾਜ ਮੰਤਰੀ ਨੇ ਸ਼ਹਿਰ ਦੀ ਇੰਦਰਾ ਬਸਤੀ ਦੀ ਪਿੱਛੇ ਕੀਤੀ ਰੇਲਵੇ ਲਾਈਨ ਵਾਲੀ ਕੰਧ ਦੇ ਬਾਰੇ ਕਿਹਾ ਕਿ ਦਾਮਨ ਬਾਜਵਾ ਤੇ ਭਾਜਪਾ ਦੇ ਸੀਨੀਅਰ ਆਗੂ ਮੋਨਿਕਾ ਗੋਇਲ ਦੀ ਮਿਹਨਤ ਸਦਕਾ ਇਹ ਸਾਰਾ ਕੰਮ ਨੇਪਰੇ ਚੜ੍ਹਨ ਜਾ ਰਿਹਾ ਹੈ ਅਤੇ ਇਸ ਤੋਂ ਇਲਾਵਾ ਅੰਡਰਬ੍ਰਿਜ ਅਤੇ ਫੁੱਟ ਓਵਰਬ੍ਰਿਜ ਦਾ ਕੰਮ ਵੀ ਜਲਦੀ ਸ਼ੁਰੂ ਕੀਤਾ ਜਾਵੇਗਾ।

# ਪੰਜਾਬ ਵਿਚ ਜੁਲਾਈ ਮਹੀਨੇ 43 ਫ਼ੀਸਦੀ ਘੱਟ ਮੀਂਹ ਪਿਆ



**ਚੰਡੀਗੜ੍ਹ:** ਪੰਜਾਬ ਵਿਚ ਇਸ ਵਾਰ ਮੌਨਸੂਨ ਮੱਠਾ ਚੱਲ ਰਿਹਾ ਹੈ ਜਿਸ ਕਾਰਨ ਲੋਕਾਂ ਨੂੰ ਅਤਿ ਦੀ ਗਰਮੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਿਛਲੇ ਕਈ ਦਿਨਾਂ ਤੋਂ ਹੁੰਮਸ ਭਰੀ ਗਰਮੀ ਕਾਰਨ ਲੋਕ ਬਿਮਾਰ ਹੋ ਰਹੇ ਹਨ। ਇਸੇ ਤਰ੍ਹਾਂ ਕਿਸਾਨਾਂ ਦੀਆਂ ਮੁਸ਼ਕਲਾਂ ਵੀ ਵਧ ਗਈਆਂ ਹਨ।

ਕਿਸਾਨਾਂ ਨੂੰ ਕੁਦਰਤੀ ਪਾਣੀ ਦੀ ਥਾਂ ਨਹਿਰੀ ਜਾਂ ਧਰਤੀ ਹੇਠਲੇ ਪਾਣੀ 'ਤੇ ਨਿਰਭਰ ਹੋਣਾ ਪੈ ਰਿਹਾ ਹੈ। ਮਾਲਵੇ ਵਿਚ ਮੀਂਹ ਨਾ ਪੈਣ ਕਾਰਨ ਕਿਸਾਨਾਂ ਨੂੰ ਝੋਨੇ ਦੀ ਫ਼ਸਲ ਨੂੰ ਪਾਣੀ ਲਾਉਣ ਲਈ ਮਹਿੰਗੇ ਭਾਅ ਦਾ ਡੀਜ਼ਲ ਫੂਕਣਾ ਪੈ ਰਿਹਾ ਹੈ। ਇਸ ਵਾਰ ਘੱਟ ਮੀਂਹ ਪੈਣ ਕਾਰਨ ਖਰਚਾ ਵੱਧ ਹੋਣ 'ਤੇ ਕਿਸਾਨਾਂ ਦੇ ਚਿਹਰੇ ਮੁਰਝਾਏ ਹੋਏ ਹਨ। ਮੌਸਮ ਵਿਗਿਆਨੀਆਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਐਤਕੀਂ ਜੁਲਾਈ ਮਹੀਨੇ ਵਿਚ ਆਮ ਨਾਲੋਂ 43 ਫ਼ੀਸਦ ਮੀਂਹ ਘੱਟ ਪਿਆ ਹੈ। ਸੂਬੇ ਵਿਚ ਸਿਰਫ਼ ਦੋ ਸ਼ਹਿਰਾਂ ਵਿਚ ਆਮ ਨਾਲੋਂ ਵੱਧ ਮੀਂਹ ਪਿਆ ਹੈ। ਇਸ ਮਹੀਨੇ ਮਾਨਸਾ ਵਿਚ 22 ਅਤੇ ਪਠਾਨਕੋਟ ਵਿਚ ਨੌਂ ਫ਼ੀਸਦ ਮੀਂਹ ਵਾਧੂ ਪਿਆ ਹੈ। ਬਠਿੰਡਾ ਵਿਚ ਆਮ ਨਾਲੋਂ 70 ਫ਼ੀਸਦ ਘੱਟ ਭਾਵ ਸਿਰਫ਼ 28 ਐਮ.ਐਮ. ਮੀਂਹ ਪਿਆ ਹੈ।

ਜਾਣਕਾਰੀ ਅਨੁਸਾਰ ਅੰਮ੍ਰਿਤਸਰ ਵਿਚ ਇਕ ਜੁਲਾਈ ਤੋਂ ਹੁਣ ਤੱਕ 97.8 ਮਿਲੀਮੀਟਰ ਮੀਂਹ ਪਿਆ ਹੈ, ਇਹ ਆਮ ਨਾਲੋਂ 33 ਫ਼ੀਸਦ ਘੱਟ ਹੈ। ਇਸੇ ਤਰ੍ਹਾਂ ਬਰਨਾਲਾ ਵਿਚ 44 ਫ਼ੀਸਦ ਘੱਟ 61.3 ਐਮ.ਐਮ, ਫ਼ਰੀਦਕੋਟ ਵਿਚ 44 ਫ਼ੀਸਦ ਘੱਟ 51.9 ਐਮ.ਐਮ, ਫ਼ਤਹਿਗੜ੍ਹ ਸਾਹਿਬ ਵਿਚ 69 ਫ਼ੀਸਦ ਘੱਟ 48.6 ਐੱਮਐੱਮ, ਫ਼ਾਜ਼ਿਲਕਾ ਵਿਚ 60 ਫ਼ੀਸਦ ਘੱਟ 37.4 ਐੱਮਐੱਮ ਮੀਂਹ ਪਿਆ ਹੈ। ਫ਼ਿਰੋਜ਼ਪੁਰ ਵਿੱਚ 63 ਫ਼ੀਸਦ ਘੱਟ 32.5 ਐੱਮਐੱਮ, ਗੁਰਦਾਸਪੁਰ ਵਿਚ 25 ਫ਼ੀਸਦ ਘੱਟ 153.4 ਐੱਮਐੱਮ, ਹੁਸ਼ਿਆਰਪੁਰ ਵਿਚ 29 ਫ਼ੀਸਦ ਘੱਟ 136.9 ਐੱਮਐੱਮ, ਜਲੰਧਰ ਵਿਚ 53 ਫ਼ੀਸਦ ਘੱਟ 81 ਐੱਮਐੱਮ, ਕਪੂਰਥਲਾ ਵਿਚ 64 ਫ਼ੀਸਦ ਘੱਟ 50.6 ਐੱਮਐੱਮ, ਲੁਧਿਆਣਾ ਵਿਚ 49 ਫ਼ੀਸਦ ਘੱਟ 72.7 ਐੱਮਐੱਮ, ਮੋਗਾ ਵਿਚ 63 ਫ਼ੀਸਦ ਘੱਟ 30.4 ਮੀਂਹ ਪਿਆ ਹੈ। ਇਸੇ ਤਰ੍ਹਾਂ ਸ੍ਰੀ ਮੁਕਤਸਰ ਸਾਹਿਬ ਵਿਚ 46 ਫ਼ੀਸਦ ਘੱਟ 59.5 ਐੱਮਐੱਮ, ਪਟਿਆਲਾ ਵਿਚ 37 ਫ਼ੀਸਦ ਘੱਟ 10.27 ਐੱਮਐੱਮ, ਰੂਪਨਗਰ ਵਿਚ 49 ਫ਼ੀਸਦ ਘੱਟ 123.8 ਐੱਮਐੱਮ, ਸੰਗਰੂਰ ਵਿਚ 59 ਫ਼ੀਸਦ ਘੱਟ 47.5 ਐੱਮਐੱਮ, ਮੁਹਾਲੀ ਵਿਚ 60 ਫ਼ੀਸਦ ਘੱਟ 72.8 ਐੱਮਐੱਮ, ਨਵਾਂ ਸ਼ਹਿਰ ਵਿਚ 58 ਫ਼ੀਸਦ ਘੱਟ 101.9 ਐੱਮਐੱਮ ਅਤੇ ਤਰਨ ਤਾਰਨ ਵਿੱਚ 12 ਫ਼ੀਸਦ ਘੱਟ 84.5 ਐੱਮਐੱਮ ਮੀਂਹ ਪਿਆ ਹੈ।

### 'ਆਪ' ਸ਼ੁੱਧ ਪਾਣੀ ਦੀ ਸਪਲਾਈ ਨਹੀਂ ਕਰਵਾ ਸਕੀ: ਬਾਜਵਾ

**ਚੰਡੀਗੜ੍ਹ:** ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ 'ਆਪ' ਦੀ ਅਗਵਾਈ ਵਾਲੀ ਪੰਜਾਬ ਸਰਕਾਰ ਅਤੇ ਸਿਹਤ ਮੰਤਰਾਲੇ ਨੂੰ ਸੂਬੇ ਵਿਚ ਪਾਣੀ ਨਾਲ ਹੋਣ ਵਾਲੀਆਂ ਬਿਮਾਰੀਆਂ ਦੇ ਵੱਧ ਰਹੇ ਮਾਮਲਿਆਂ ਨੂੰ ਗੰਭੀਰਤਾ ਨਾਲ ਲੈਣ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਲੋਕਾਂ ਨੂੰ ਸ਼ੁੱਧ ਪਾਣੀ ਮੁਹੱਈਆ ਕਰਵਾਉਣ ਵਿਚ ਨਾਕਾਮ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ 23 ਜ਼ਿਲ੍ਹਿਆਂ ਦੇ ਲਗਭਗ 27 ਫ਼ੀਸਦੀ ਪਾਣੀ ਦੇ ਨਮੂਨੇ ਮਨੁੱਖੀ ਵਰਤੋਂ ਲਈ ਫੇਲ੍ਹ ਪਾਏ ਗਏ ਹਨ। ਸੂਬੇ 'ਚ ਇਸ ਸਾਲ ਹੁਣ ਤੱਕ 24 ਬਿਮਾਰੀਆਂ ਸਾਹਮਣੇ ਆਈਆਂ ਹਨ, ਜਿਨ੍ਹਾਂ 'ਚੋਂ 12 ਮਾਮਲੇ ਦੂਸ਼ਿਤ ਪਾਣੀ ਦੇ ਸਰੋਤਾਂ ਕਾਰਨ ਸਾਹਮਣੇ ਆਏ ਹਨ। ਬਾਜਵਾ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਅਪੀਲ ਕੀਤੀ ਕਿ ਉਹ ਸੂਬੇ ਦੇ ਤਿੰਨ ਕਰੋੜ ਲੋਕਾਂ ਦੀ ਸਿਹਤ ਵੱਲ ਧਿਆਨ ਕੇਂਦਰਿਤ ਕਰਨ।

ਪੰਜਾਬ ਟਾਈਮਜ਼

ਸ਼ਨਿਚਰਵਾਰ, 3 ਅਗਸਤ, 2024

# ਆਗੂਆਂ ਦੀ ਅੜੀ

ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਸ਼੍ਰੋਮਣੀ ਅਕਾਲੀ ਦਲ ਦੀ ਪ੍ਰਧਾਨਗੀ ਛੱਡਣ ਦੇ ਮਾਮਲੇ 'ਤੇ ਅੜ ਗਿਆ ਹੈ। ਪਿੱਛੇ ਜਿਹੇ ਹੋਈਆਂ ਲੋਕ ਸਭਾ ਚੋਣਾਂ ਤੋਂ ਬਾਅਦ ਹਾਲਾਤ ਕੁਝ ਇਸ ਢੰਗ ਨਾਲ ਤਬਦੀਲ ਹੋਏ ਸਨ ਕਿ ਅਕਾਲੀ ਦਲ ਅੰਦਰ ਬਗਾਵਤ ਹੋ ਗਈ। ਇਨ੍ਹਾਂ ਬਾਗੀ ਅਕਾਲੀ ਆਗੂਆਂ ਦਾ ਕਹਿਣਾ ਸੀ ਕਿ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਦਲ ਨੂੰ ਬਹੁਤ ਜ਼ਿਆਦਾ ਪਛਾੜ ਲੱਗ ਚੁੱਕੀ ਹੈ। ਪਿਛਲੀਆਂ ਕਈ ਚੋਣਾਂ ਦੌਰਾਨ ਪਾਰਟੀ ਨੂੰ ਨਮੋਸ਼ੀਜਨਕ ਹਾਰਾਂ ਦਾ ਸਾਹਮਣਾ ਕਰਨਾ ਪਿਆ ਹੈ। ਕੁਝ ਸਮਾਂ ਪਹਿਲਾਂ ਵੀ ਦਲ ਅੰਦਰ ਬਗਾਵਤ ਉਠੀ ਸੀ ਪਰ ਉਦੋਂ ਹਾਲਾਤ ਦਾ ਜਾਇਜ਼ਾ ਲੈ ਕੇ ਰਿਪੋਰਟ ਤਿਆਰ ਕਰਨ ਲਈ ਸੀਨੀਅਰ ਆਗੂ ਇਕਬਾਲ ਸਿੰਘ ਝੂੰਦਾਂ ਦੀ ਅਗਵਾਈ ਹੇਠ ਕਮੇਟੀ ਬਣਾ ਦਿੱਤੀ ਗਈ ਸੀ। ਇਸ ਕਮੇਟੀ ਨੇ ਆਪਣੀ ਰਿਪੋਰਟ ਸਮੇਂ ਸਿਰ ਤਿਆਰ ਵੀ ਕਰ ਦਿੱਤੀ ਸੀ ਪਰ ਅੱਜ ਤੱਕ ਇਸ ਰਿਪੋਰਟ ਬਾਰੇ ਭਾਫ ਵੀ ਨਹੀਂ ਕੱਢੀ ਗਈ। ਕੁਝ ਅਕਾਲੀ ਆਗੂਆਂ ਦੇ ਦੱਸਣ ਅਨੁਸਾਰ, ਕਮੇਟੀ ਦੇ ਬਹੁਤ ਸਾਰੇ ਸੁਝਾਵਾਂ ਵਿਚੋਂ ਇਕ ਸੁਝਾਅ ਇਹ ਵੀ ਸੀ ਕਿ ਦਲ ਦੀ ਕਮਾਨ ਸੁਖਬੀਰ ਸਿੰਘ ਬਾਦਲ ਦੀ ਥਾਂ ਕਿਸੇ ਹੋਰ ਆਗੂ ਨੂੰ ਸੌਂਪੀ ਜਾਵੇ ਪਰ ਸੁਖਬੀਰ ਸਿੰਘ ਬਾਦਲ ਨੇ ਆਪਣੇ ਪੱਖ ਦੇ ਆਗੂਆਂ ਦੀ ਮਦਦ ਨਾਲ ਦਲ ਦਾ ਜਥੇਬੰਦਕ ਤਾਣਾ-ਬਾਣਾ ਤਾਂ ਭੰਗ ਕਰ ਦਿੱਤਾ ਅਤੇ ਪ੍ਰਧਾਨਗੀ ਛੱਡਣ ਤੋਂ ਕੋਰੀ ਨਾਂਹ ਕਰ ਦਿੱਤੀ। ਕਮੇਟੀ ਨੇ ਜਿਹੜੀਆਂ ਹੋਰ ਸਿਫਾਰਿਸ਼ਾਂ ਕੀਤੀਆਂ ਸਨ, ਉਨ੍ਹਾਂ ਵੱਲ ਵੀ ਕੋਈ ਖਾਸ ਤਵੱਜੋ ਨਹੀਂ ਦਿੱਤੀ ਗਈ। ਸਿੱਟੇ ਵਜੋਂ ਦਲ ਦੇ ਅੰਦਰ ਸੁਖਬੀਰ ਸਿੰਘ ਬਾਦਲ ਖ਼ਿਲਾਫ ਬਗਾਵਤ ਲਗਾਤਾਰ ਪਨਪਦੀ ਰਹੀ ਅਤੇ ਸਮਾਂ ਪਾ ਕੇ ਲੋਕ ਸਭਾ ਚੋਣਾਂ ਤੋਂ ਬਾਅਦ ਉਭਰ ਕੇ ਸਾਹਮਣੇ ਆ ਗਈ ਜਿਸ ਨੂੰ ਸੰਭਾਲਣਾ ਹੁਣ ਮੁਸ਼ਕਿਲ ਹੋ ਰਿਹਾ ਹੈ।

ਜ਼ਿਕਰਯੋਗ ਹੈ ਕਿ ਪੰਜਾਬ ਵਿਚ 2007 ਤੋਂ 2017 ਤੱਕ ਅਕਾਲੀ-ਭਾਜਪਾ ਸਰਕਾਰ ਦੌਰਾਨ ਬਾਦਲ ਪਰਿਵਾਰ ਨੇ ਚੰਮ ਦੀਆਂ ਚਲਾਈਆਂ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਹੌਲੀ-ਹੌਲੀ ਕਰ ਕੇ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਤੇ ਮੁਕੰਮਲ ਕਬਜ਼ਾ ਕਰ ਲਿਆ। ਹੁਣ ਇਹ ਤੱਥ ਪੱਕਾ ਹੋ ਚੁੱਕਾ ਹੈ ਕਿ ਬਾਦਲ ਪਰਿਵਾਰ ਨੇ ਪੰਜਾਬ ਅਤੇ ਪੰਥ ਦੀ ਥਾਂ ਆਪਣੇ ਪਰਿਵਾਰ ਨੂੰ ਹੀ ਤਰਜੀਹ ਦਿੱਤੀ। ਬੇਅਦਬੀ ਵਾਲੀਆਂ ਘਟਨਾਵਾਂ ਨੂੰ ਵੀ ਇਸੇ ਪਰਿਵਾਰਪ੍ਰਸਤੀ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਬਾਦਲ ਪਰਿਵਾਰ ਨੇ ਚੋਣਾਂ ਜਿੱਤਣ ਲਈ ਜਿਸ ਤਰ੍ਹਾਂ ਦੀਆਂ ਸਿਆਸੀ ਅਤੇ ਧਾਰਮਿਕ ਸਰਗਰਮੀਆਂ ਕੀਤੀਆਂ, ਉਸ ਨਾਲ ਪੰਥ ਅਤੇ ਪੰਜਾਬ ਅੰਦਰ ਤਕੜੀ ਟੁੱਟ-ਭੱਜ ਹੋਈ। ਇਹ ਇਸੇ ਟੁੱਟ-ਭੱਜ ਦਾ ਹੀ ਨਤੀਜਾ ਹੈ ਕਿ ਪਾਰਟੀ ਲੀਡਰਸ਼ਿਪ ਨੂੰ ਹੁਣ ਵੱਡੀ ਬਗਾਵਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਕਾਲੀ ਦਲ ਦਾ ਜਥੇਬੰਦਕ ਤਾਣਾ-ਬਾਣਾ ਭਾਵੇਂ ਅਜੇ ਜਿਉਂ ਦਾ ਤਿਉਂ ਬਰਕਰਾਰ ਹੈ ਪਰ ਪਿੰਡਾਂ ਵਿਚ ਦਲ ਦੀ ਹਾਲਤ ਹੁਣ ਪਹਿਲਾਂ ਵਰਗੀ ਨਹੀਂ। ਹੁਣ ਤਾਂ ਟਕਸਾਲੀ ਅਕਾਲੀ ਪਰਿਵਾਰ ਵੀ ਹੋਰ ਪਾਰਟੀਆਂ ਨੂੰ ਵੋਟਾਂ ਪੁਆ ਰਹੇ ਹਨ; ਸਭ ਤੋਂ ਵੱਡੀ ਗੱਲ, ਉਹ ਦਲ ਦੇ ਲੀਡਰਾਂ ਨੂੰ ਦੱਸ ਕੇ ਅਜਿਹਾ ਕਰ ਰਹੇ ਹਨ। ਇਹ ਸਿਲਸਿਲਾ ਕਈ ਸਾਲਾਂ ਤੋਂ ਚੱਲ ਰਿਹਾ ਹੈ ਅਤੇ ਲੀਡਰਸ਼ਿਪ ਇਨ੍ਹਾਂ ਹਾਲਾਤ ਨੂੰ ਸਮਝਣ ਵਿਚ ਨਾਕਾਮ ਹੀ ਰਹੀ ਹੈ। ਪਿਛਲੀਆਂ ਵੱਖ-ਵੱਖ ਚੋਣਾਂ ਦੌਰਾਨ ਅਕਾਲੀ ਦਲ ਦੀ ਵੋਟ ਫੀਸਦ ਵਿਚ ਵੀ ਵੱਡੀ ਗਿਰਾਵਟ ਦੇਖਣ ਨੂੰ ਮਿਲੀ ਹੈ।

ਸ਼੍ਰੋਮਣੀ ਅਕਾਲੀ ਦਲ ਦਾ ਆਪਣਾ ਸੌ ਸਾਲ ਪੁਰਾਣਾ ਇਤਿਹਾਸ ਹੈ। ਇਸ ਨੇ ਮੁਲਕ ਦੀ ਆਜ਼ਾਦੀ ਦੀ ਲਹਿਰ ਦੌਰਾਨ ਵੱਡੀ ਭੂਮਿਕਾ ਨਿਭਾਈ ਅਤੇ ਆਜ਼ਾਦੀ ਮਿਲਣ ਤੋਂ ਬਾਅਦ ਵੀ ਪੰਜਾਬ ਦੀ ਸਿਆਸਤ ਵਿਚ ਪੈਂਠ ਪਾਈ। ਆਜ਼ਾਦੀ ਤੋਂ ਪਹਿਲਾਂ ਨਵੰਬਰ 1920 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿਚ ਆਈ ਸੀ। ਇਹ ਗੁਰਦੁਆਰਾ ਸੁਧਾਰ ਲਹਿਰ ਦਾ ਸਮਾਂ ਸੀ। ਉਸ ਵਕਤ ਸਿਆਸੀ ਪਿੜ ਵਿਚ ਆਪਣਾ ਦਖਲ ਵਧਾਉਣ ਲਈ ਦਸੰਬਰ 1920 ਵਿਚ ਸ਼੍ਰੋਮਣੀ ਅਕਾਲੀ ਦਲ ਬਣਾਇਆ ਗਿਆ। ਇਉਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕੰਮਕਾਰ ਵਧਾਉਣ ਖਾਤਰ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਕੀਤੀ ਗਈ। ਉਸ ਵਕਤ ਧਾਰਮਿਕ ਲੀਡਰਾਂ ਦਾ ਸਿਆਸੀ ਆਗੂਆਂ 'ਤੇ ਇਕ ਪ੍ਰਕਾਰ ਦਾ ਕੁੰਡਾ ਹੁੰਦਾ ਸੀ ਪਰ ਬਾਦਲ ਪਰਿਵਾਰ ਦੇ ਕਬਜ਼ੇ ਤੋਂ ਬਾਅਦ ਇਹ ਸਭ ਉਲਟਾ ਦਿੱਤਾ ਗਿਆ। ਹੁਣ ਅਕਾਲੀ ਦਲ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਕਬਜ਼ਾ ਹੈ। ਇਹ ਸਾਰਾ ਕੁਝ ਮਰਹੂਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸਿਆਸੀ ਪਿੜ ਵਿਚ ਆਪਣੀ ਧਾਂਕ ਜਮਾਉਣ ਖਾਤਰ ਕੀਤਾ। ਉਸ ਦੇ ਰਾਜ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦਾ ਨਾਂ ਉਸ ਵੱਲੋਂ ਭੇਜੇ ਲਿਫਾਫੇ ਵਿਚੋਂ ਨਿਕਲਦਾ ਸੀ। ਆਖਰਕਾਰ ਇਸ ਕਵਾਇਦ ਵਿਚ ਇੰਨਾ ਨਿਘਾਰ ਆ ਗਿਆ ਕਿ ਹਾਲਾਤ ਹੁਣ ਵਾਲੀ ਹਾਲਤ ਤੱਕ ਜਾ ਅੱਪੜੇ ਹਨ। ਸਿਤਮਜ਼ਰੀਫੀ ਇਹ ਹੈ ਕਿ ਬਾਦਲ ਪਰਿਵਾਰ ਇੰਨੇ ਤਿੱਖੇ ਵਿਰੋਧ ਦੇ ਬਾਵਜੂਦ ਅਜੇ ਵੀ ਦਲ ਤੋਂ ਆਪਣਾ ਕਬਜ਼ਾ ਛੱਡਣ ਲਈ ਤਿਆਰ ਨਹੀਂ। ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਜਿਸ ਢੰਗ ਨਾਲ ਬਾਗੀ ਆਗੂਆਂ ਨੂੰ ਦਲ ਵਿਚੋਂ ਕੱਢਿਆ ਹੈ, ਉਸ ਤੋਂ ਸਾਫ ਜ਼ਾਹਿਰ ਹੈ ਕਿ ਉਹ ਥੋੜ੍ਹੀ ਕੀਤੇ ਲਾਂਭੇ ਹੋਣ ਵਾਲਾ ਨਹੀਂ। ਇਸ ਸੂਰਤ ਵਿਚ ਹੁਣ ਇਕ ਹੀ ਰਾਹ ਬਚਦਾ ਹੈ; ਉਹ ਇਹ ਕਿ ਦਲ ਅੰਦਰੋਂ ਕੁਝ ਹੋਰ ਆਗੂ ਬਗਾਵਤ ਕਰ ਕੇ ਉਸ ਦੇ ਨੱਕ ਵਿਚ ਦਮ ਕਰ ਦੇਣ। ਜੇ ਅਜਿਹਾ ਨਾ ਹੋ ਸਕਿਆ ਤਾਂ ਅਕਾਲੀ ਦਲ ਦੀ ਥਾਂ ਕੋਈ ਹੋਰ ਸਿਆਸੀ ਧਿਰ ਲੈ ਲਵੇਗੀ। ਇਸ ਬਾਰੇ ਕਿਆਸਆਰਾਈਆਂ ਸਿਆਸੀ ਮਾਹਿਰ ਪਹਿਲਾਂ ਹੀ ਲਗਾ ਰਹੇ ਹਨ। ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਬਾਦਲ ਪਰਿਵਾਰ ਅਕਾਲੀ ਦਲ ਦੇ ਸ਼ਾਨਾਂਮੱਤੇ ਇਤਿਹਾਸ ਨੂੰ ਮਿੱਟੀ ਵਿਚ ਮਿਲਾ ਕੇ ਹੀ ਸਾਹ ਲਵੇਗਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਬੰਦ ਕਮਰੇ-ਬੰਦ ਲਫਾਫੇ!

ਹੁੰਦੀ ਲੋੜ ਨਾ ਉਨ੍ਹਾਂ ਨੂੰ ਪਰਦਿਆਂ ਦੀ ਪੱਲੇ ਜਿਨ੍ਹਾਂ ਦੇ ਹੁੰਦਾ ਏ 'ਸੱਚ' ਯਾਰੋ।
ਬੱਜਰ ਪਾਪ ਜੋ ਕਰੇ ਛੁਪਾਉਣ ਖਾਤਰ ਬੇਸ਼ਰਮ ਹੀ ਪਾਉਂਦੇ ਐ ਖੱਚ ਯਾਰੋ।
ਦੇਖ ਦੇਖ ਕੇ ਕਪਟ 'ਦੁਰਕਾਰਿਆਂ' ਦੇ ਗੁੱਸਾ ਲੋਕਾਂ ਦਾ ਪੈਂਦਾ ਫਿਰ ਮੱਚ ਯਾਰੋ।
ਪਿਉ ਤੋਂ ਮਿ.ਲੀ ਪ੍ਰਧਾਨਗੀ ਮਾਨਣੇ ਦਾ ਪੈ ਗਿਆ 'ਭਰਦਾਨ ਨੂੰ 'ਲੱਚ' ਯਾਰੋ।
ਭੰਬ.ਲ ਭੂਸਾ ਵਧਾਇਆ ਏ ਕੌਮ ਅੰਦਰ ਬੰਦ ਕਮਰੇ ਵਿਚ ਹੁੰਦੀਆਂ ਮੀਟਿੰਗਾਂ ਨੇ।
ਤੇਲ ਬ.ਲਦੀ 'ਤੇ ਪਾਉਣ ਦਾ ਕੰਮ ਕੀਤਾ ਬੰਦ ਲਫਾਫਿਆਂ ਵਾ.ਲੀਆਂ ਚੀਟਿੰਗਾਂ ਨੇ।

# ਅਵਾਮ ਦੀਆਂ ਆਸਾਂ ਉਮੀਦਾਂ ਤੋਂ ਕੋਹਾਂ ਦੂਰ ਕੇਂਦਰੀ ਬਜਟ

**ਬਜਟ ਨੂੰ ਲੋਕ ਪੱਖੀ ਨਜ਼ਰੀਏ ਤੋਂ ਦੇਖਣ ਦਾ ਪੈਮਾਨਾ ਇਹ ਹੁੰਦਾ ਹੈ ਕਿ ਇਸ ਵਿਚ ਸਿੱਖਿਆ, ਸਿਹਤ ਅਤੇ ਰੁਜ਼ਗਾਰ ਦੇ ਮਸਲੇ ਕਿਸ ਰੂਪ ਵਿਚ ਲਏ ਹਨ। ਜਿਸ ਬਜਟ ਵਿਚ ਇਨ੍ਹਾਂ ਤਿੰਨਾਂ ਮਸਲਿਆਂ ਨੂੰ ਤਰਜੀਹ ਨਹੀਂ ਦਿੱਤੀ ਜਾਂਦੀ, ਉਸ ਨੂੰ ਲੋਕ ਪੱਖੀ ਨਹੀਂ ਮੰਨਿਆ ਜਾ ਸਕਦਾ। ਨਿੱਜੀਕਰਨ ਦੀ ਨੀਤੀ ਲਾਗੂ ਹੋਣ ਤੋਂ ਬਾਅਦ ਭਾਰਤ ਦੇ ਸਰਕਾਰੀ ਸਕੂਲ-ਕਾਲਜ ਅਤੇ ਹਸਪਤਾਲ ਮਾੜੀ ਹਾਲਤ ਵਿਚ ਹਨ। ਪ੍ਰਾਈਵੇਟ ਸਿੱਖਿਆ ਅਦਾਰਿਆਂ ਅਤੇ ਹਸਪਤਾਲਾਂ ਤੱਕ ਮੁੱਠੀ ਭਰ ਲੋਕਾਂ ਦੀ ਹੀ ਪਹੁੰਚ ਹੈ।**

ਪਿਛਲੇ ਹਫਤੇ ਕੇਂਦਰੀ ਵਿੱਤ ਮੰਤਰੀ ਡਾ. ਨਿਰਮਲਾ ਸੀਤਾਰਾਮਨ ਦਾ ਸੰਸਦ ਵਿਚ ਪੇਸ਼ ਕੀਤਾ ਬਜਟ ਕਿਸੇ ਵੀ ਪੱਖੋਂ ਲੋਕ ਪੱਖੀ ਨਹੀਂ। ਚੋਣਾਂ ਤੋਂ ਪਹਿਲਾਂ ਭਾਜਪਾ ਨੇ 'ਮੋਦੀ ਦੇ ਗਾਰੰਟੀ ਸੰਕਲਪ ਪੱਤਰ' ਰਾਹੀਂ ਕੀਤੇ ਲੁਭਾਊ ਵਾਅਦਿਆਂ ਤੋਂ ਇਹ ਬਜਟ ਕੋਹਾਂ ਦੂਰ ਹੈ। ਜਿਵੇਂ ਬੱਚੇ ਨੂੰ ਕੁਨੀਨ ਦੀ ਗੋਲੀ ਖੰਡ ਦਾ ਲੇਪ ਚਾੜ੍ਹ ਕੇ ਦਿੱਤੀ ਜਾਂਦੀ ਹੈ ਤੇ ਬੱਚਾ ਚਾਈਂ-ਚਾਈਂ ਅੰਦਰ ਲੰਘਾ ਜਾਂਦਾ ਹੈ, ਉਸੇ ਤਰ੍ਹਾਂ ਜਵਾਹਰ ਲਾਲ ਯੂਨੀਵਰਸਿਟੀ ਦੀ ਸਾਬਕਾ ਵਿਦਿਆਰਥਣ ਰਹੀ ਤੇਜ਼-ਤਰਾਰ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਮੱਧ ਵਰਗ ਨੂੰ ਟੈਕਸ ਸਲੈਬਾਂ ਦੇ ਅਖੌਤੀ ਪੂੰਜੀ ਲਾਭ ਦੇ ਮੁਲੰਮੇ ਹੇਠ ਅਜਿਹਾ ਬਜਟ ਦਿੱਤਾ ਹੈ ਜਿਸ ਵਿਚ ਸਿੱਖਿਆ, ਸਿਹਤ ਤੇ ਰੁਜ਼ਗਾਰ ਜਿਹੇ ਅਹਿਮ ਖੇਤਰਾਂ ਨੂੰ ਕੋਈ



ਅਹਿਮੀਅਤ ਨਹੀਂ ਦਿੱਤੀ ਗਈ। ਇਸ ਬਜਟ 'ਚੋਂ ਬੇਰੁਜ਼ਗਾਰਾਂ, ਕਿਸਾਨਾਂ, ਮਜ਼ਦੂਰਾਂ ਤੇ ਨੌਜਵਾਨਾਂ ਨਾਲ ਬੇਇਨਸਾਫੀ ਅਤੇ ਕਾਰਪੋਰੇਟ ਘਰਾਣਿਆਂ ਦੇ ਹਿੱਤਾਂ ਦੀ ਪੂਰਤੀ

**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਸਾਫ ਨਜ਼ਰ ਆਉਂਦੀ ਹੈ।

ਲੋਕ ਪੱਖੀ ਨਜ਼ਰੀਏ ਤੋਂ ਕਿਸੇ ਵੀ ਬਜਟ ਨੂੰ ਦੇਖਣ ਦਾ ਪੈਮਾਨਾ ਇਹ ਹੁੰਦਾ ਹੈ ਕਿ ਇਸ ਬਜਟ ਵਿਚ ਸਿੱਖਿਆ, ਸਿਹਤ ਅਤੇ ਰੁਜ਼ਗਾਰ ਦੇ ਮਸਲੇ ਨੂੰ ਕਿਸ ਰੂਪ ਵਿਚ ਸੰਬੋਧਨ ਕੀਤਾ ਗਿਆ ਹੈ। ਜਿਸ ਬਜਟ ਵਿਚ ਸਿੱਖਿਆ, ਸਿਹਤ ਤੇ ਰੁਜ਼ਗਾਰ ਨੂੰ ਤਰਜੀਹ ਨਹੀਂ ਦਿੱਤੀ ਜਾਂਦੀ, ਉਸ ਨੂੰ ਕਿਸੇ ਵੀ ਹਾਲਤ ਵਿਚ ਲੋਕ ਪੱਖੀ ਨਹੀਂ ਮੰਨਿਆ ਜਾ ਸਕਦਾ। ਸਿੱਖਿਆ ਦੇ ਨਿੱਜੀਕਰਨ ਦੀ ਨੀਤੀ ਲਾਗੂ ਹੋਣ ਤੋਂ ਬਾਅਦ ਭਾਰਤ ਦੇ ਸਰਕਾਰੀ ਸਕੂਲ ਕਾਲਜ ਬਹੁਤ ਮਾੜੀ ਹਾਲਤ ਵਿਚ ਹਨ। ਪ੍ਰਾਈਵੇਟ ਸਿੱਖਿਆ ਅਦਾਰਿਆਂ ਤੱਕ ਸਿਰਫ ਮੁੱਠੀ ਭਰ ਲੋਕਾਂ ਦੀ ਪਹੁੰਚ ਹੈ। ਇਸ ਸੂਰਤ ਵਿਚ ਸਿੱਖਿਆ ਖੇਤਰ ਲਈ ਬਜਟ ਵਿਚ ਵਿਸ਼ੇਸ਼ ਪੈਕੇਜ ਰੱਖਣ ਦੀ ਅਣਸਰਦੀ ਲੋੜ ਸੀ ਪਰ ਸਾਡੇ ਮੁਲਕ ਵਿਚ ਅਜੇ ਵੀ ਸਿੱਖਿਆ ਖੇਤਰ ਵਿਚ ਜੀਡੀਪੀ ਦੇ 3 ਫੀਸਦ ਤੋਂ ਘੱਟ ਖਰਚ ਕੀਤਾ ਜਾਂਦਾ ਹੈ। ਇਸ ਬਜਟ ਵਿਚ ਵੀ ਸਿੱਖਿਆ ਖੇਤਰ ਲਈ ਕੋਈ ਠੋਸ ਬਦਲਾਓ ਨਹੀਂ ਹੈ।

ਸਿਹਤ ਖੇਤਰ ਦੀ ਸਥਿਤੀ ਇਹ ਹੈ ਕਿ ਦੇਸ਼ ਦੇ ਗਰੀਬ ਲੋਕਾਂ ਨੂੰ ਸਰਕਾਰੀ ਹਸਪਤਾਲਾਂ ਵਿਚ ਮਿਆਰੀ ਸਿਹਤ ਸਹੂਲਤਾਂ ਨਹੀਂ ਮਿਲ ਰਹੀਆਂ। ਸਿਹਤ ਖੇਤਰ ਵਿਚ ਇਲਾਜ ਦੀਆਂ ਕਈ ਲੋਕ ਲੁਭਾਊ ਸਕੀਮਾਂ ਐਲਾਨਣ ਦੇ ਬਾਵਜੂਦ ਇਸ ਬਜਟ ਵਿਚ ਸਿਹਤ ਮੰਤਰਾਲੇ ਦੇ ਬਜਟ ਵਿਚ ਮਾਮੂਲੀ ਵਾਧਾ ਕੀਤਾ ਹੈ। ਸਿਹਤ ਖੇਤਰ ਦਾ ਸਰਕਾਰੀ ਖਰਚ ਅਜੇ ਵੀ ਜੀਡੀਪੀ ਦੇ 2.5 ਫੀਸਦ ਤੱਕ ਨਹੀਂ ਅੱਪੜ ਸਕਿਆ।

ਵਿੱਤ ਮੰਤਰੀ ਦੀ 83 ਮਿੰਟ ਦੀ ਬਜਟ ਤਕਰੀਰ ਵਿਚ ਲੱਗਭੱਗ 33 ਵਾਰ 'ਰੁਜ਼ਗਾਰ' ਸ਼ਬਦ ਆਇਆ ਪਰ ਹੈਰਾਨੀ ਵਾਲੀ ਗੱਲ ਹੈ ਕਿ ਇਹ ਜ਼ਿਕਰ ਸਰਕਾਰੀ ਜਾਂ ਸਥਾਈ ਰੁਜ਼ਗਾਰ ਨਾਲ ਜੁੜ ਕੇ ਨਹੀਂ ਬਲਕਿ ਕਾਰਪੋਰੇਟ ਘਰਾਣਿਆਂ ਦੀਆਂ ਕੰਪਨੀਆਂ ਵਿਚ ਇੰਟਰਨਸ਼ਿਪ ਜਾਂ ਨਿੱਜੀ ਖੇਤਰ ਦੇ ਰੁਜ਼ਗਾਰ ਨਾਲ ਜੁੜ ਕੇ ਆਇਆ। ਭਾਰਤ ਵਿਚ ਵਧ ਰਹੀ ਬੇਰੁਜ਼ਗਾਰੀ ਸਬੰਧੀ ਅੰਕੜੇ ਹੈਰਾਨ-ਪ੍ਰੇਸ਼ਾਨ ਕਰ ਦੇਣ ਵਾਲੇ ਹਨ। ਸੀ.ਐੱਮ.ਆਈ.ਈ ਦੀ ਰਿਪੋਰਟ ਮੁਤਾਬਕ ਭਾਰਤ ਵਿਚ ਪਿਛਲੇ ਮਹੀਨੇ ਜੂਨ ਵਿਚ ਬੇਰਜ਼ੁਗਾਰੀ 9.2 ਫੀਸਦ ਹੋ ਗਈ ਸੀ; ਪਿੰਡਾਂ ਵਿਚ ਬੇਰੁਜ਼ਗਾਰੀ ਇਸ ਸਾਲ ਦੀ ਮਈ ਵਿਚਲੀ 6.3 ਫੀਸਦ ਤੋਂ ਵਧ ਕੇ ਜੂਨ ਵਿਚ 9.3 ਫੀਸਦ ਹੋ ਗਈ; ਸ਼ਹਿਰਾਂ ਵਿਚ ਇਹ 8.6 ਤੋਂ ਵਧ ਕੇ 8.9 ਫੀਸਦ ਹੋ ਗਈ। ਭਾਜਪਾ ਨੇ ਲੋਕਾਂ ਨਾਲ 'ਹਰ ਸਾਲ ਦੋ ਕਰੋੜ ਨੌਕਰੀਆਂ' ਦਾ ਵਾਅਦਾ ਕੀਤਾ ਸੀ ਪਰ ਹਕੀਕਤ ਇਸ ਦੇ ਉਲਟ ਹੈ ਕਿ ਲੱਖਾਂ ਲੋਕ ਨੌਕਰੀਆਂ ਤੋਂ ਵਾਂਝੇ ਹੋ ਗਏ ਹਨ। 'ਯੋਗਤਾ ਅਨੁਸਾਰ ਰੁਜ਼ਗਾਰ ਤੇ ਰੁਜ਼ਗਾਰ ਅਨੁਸਾਰ ਮਿਹਨਤਾਨਾ' ਹਰ ਨੌਜਵਾਨ ਦਾ ਜਨਮ ਸਿੱਧ ਅਧਿਕਾਰ ਹੈ, ਜਦ ਤੱਕ ਸਰਕਾਰ ਰੁਜ਼ਗਾਰ ਮੁਹੱਈਆ ਨਹੀਂ ਕਰਵਾਉਂਦੀ, ਤਦ ਤੱਕ ਬੇਰੁਜ਼ਗਾਰੀ ਭੱਤਾ ਦੇਣਾ ਬਣਦਾ ਹੈ। ਸਰਕਾਰ ਨੂੰ ਇਸ ਬਜਟ ਰਾਹੀਂ ਬੇਰੁਜ਼ਗਾਰੀ ਦੇ ਹੱਲ ਅਤੇ ਹਰ ਬੇਰਜ਼ੁਗਾਰ ਤੱਕ ਬੇਰੁਜ਼ਗਾਰੀ ਭੱਤਾ ਪਹੁੰਚਾਉਣ ਦੀ ਵਿਵਸਥਾ ਕਰਨੀ ਬਣਦੀ ਸੀ ਪਰ ਸਰਕਾਰ ਨੇ ਅਜਿਹੇ ਪਾਸੇ



ਸੋਚਣ ਦੀ ਬਜਾਇ ਸ਼ੇਅਰ ਬਜ਼ਾਰ ਵਿਚ ਚੜ੍ਹਤ ਬਣਾਉਣ ਵਾਲੇ ਪਾਸੇ ਹੀ ਧਿਆਨ ਦਿੱਤਾ। ਹੁਣ ਹਾਲਤ ਇਹ ਹੈ ਕਿ ਬੇਰੁਜ਼ਗਾਰੀ ਤੋਂ ਅੱਕੇ ਸਿਰਫ ਪੰਜਾਬੀ ਹੀ ਨਹੀਂ ਬਲਕਿ ਗੁਜਰਾਤ, ਕੇਰਲਾ, ਹਰਿਆਣਾ ਸਮੇਤ ਦੇਸ਼ ਭਰ ਦੇ ਨੌਜਵਾਨ ਵਿਦੇਸ਼ ਜਾ ਰਹੇ ਹਨ। ਹੁਣ ਮਸਲਾ ਸਿਰਫ 'ਬਰੇਨ ਡਰੇਨ' ਤੱਕ ਸੀਮਤ ਨਾ ਰਹਿ ਕੇ ਦੇਸ਼ ਵਿਚੋਂ ਵੱਡੀ ਪੱਧਰ 'ਤੇ ਵਿਦੇਸ਼ਾਂ ਵਿਚ ਜਾ ਰਹੀ ਪੂੰਜੀ ਦਾ ਵੀ ਹੈ ਪਰ ਮੋਦੀ ਸਰਕਾਰ ਨੇ ਇਸ ਪਾਸੇ ਧਿਆਨ ਦੇਣ ਦੀ ਖੇਚਲ ਨਹੀਂ ਕੀਤੀ।

ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਆਉਣ ਵਾਲੇ ਸਾਲਾਂ ਵਿਚ ਜਿਨ੍ਹਾਂ 9 ਖੇਤਰਾਂ ਨੂੰ ਤਰਜੀਹ ਦੇਣ ਦਾ ਜ਼ਿਕਰ ਕੀਤਾ ਹੈ ਉਨ੍ਹਾਂ ਵਿਚ 'ਖੇਤੀਬਾੜੀ ਵਿਚ ਉਤਪਾਦਕਤਾ ਅਤੇ ਵਿਭਿੰਨਤਾ' ਪਹਿਲੇ ਨੰਬਰ 'ਤੇ ਹੈ ਪਰ ਜਦ ਬਜਟ ਵੱਲ ਨਿਗ੍ਹਾ ਮਾਰਦੇ ਹਾਂ ਤਾਂ ਮਹਿਸੂਸ ਹੁੰਦਾ ਹੈ ਕਿ ਇਸ ਮਾਮਲੇ ਵਿਚ ਸ਼ਬਦੀ ਲਿਫਾਫੇਬਾਜ਼ੀ ਤੋਂ ਵੱਧ ਕੁਝ ਵੀ ਨਹੀਂ। ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਵਾਅਦਾ ਕਰਨ ਵਾਲੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹਰ ਬਜਟ ਵਿਚ ਕਿਸਾਨਾਂ ਨੂੰ ਅੱਖੋਂ-ਪਰੋਖੇ ਕਰ ਰਹੇ ਹਨ। ਐੱਮਐੱਸਪੀ ਦੀ ਕਾਨੂੰਨੀ ਗਾਰੰਟੀ ਲਈ ਸੰਘਰਸ਼ ਦੇ ਮੈਦਾਨ ਵਿਚ ਕੁੱਦੇ ਕਿਸਾਨਾਂ ਨੂੰ ਅਣਗੌਲਿਆਂ ਕਰਦਿਆਂ ਸਰਕਾਰ ਨੇ ਬਜਟ ਵਿਚ ਇਸ ਤਰ੍ਹਾਂ ਦੀ ਕੋਈ ਤਜਵੀਜ਼ ਨਹੀਂ ਰੱਖੀ। ਸੱਚਾਈ ਇਹ ਹੈ ਕਿ ਦੇਸ਼ ਦਾ ਵੱਡਾ ਹਿੱਸਾ ਅਜੇ ਵੀ ਕਿਸੇ ਨਾ ਕਿਸੇ ਰੂਪ ਵਿਚ ਖੇਤੀ ਖੇਤਰ ਉਪਰ ਨਿਰਭਰ ਹੈ। ਬਜਟ ਵਿਚ ਵੀ ਖੇਤੀਬਾੜੀ ਅਤੇ ਖੇਤੀ ਸਹਾਇਕ ਖੇਤਰਾਂ ਲਈ ਕੁੱਲ ਬਜਟ ਦਾ ਸਿਰਫ 3.15 ਪ੍ਰਤੀਸ਼ਤ ਰੱਖਿਆ ਹੈ। ਇਸ ਸਮੇਂ ਖੇਤੀਬਾੜੀ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਕਰਨ, ਵਾਤਾਵਰਨ ਪੱਖੀ ਖੇਤੀ ਮਾਡਲ ਸਿਰਜਣ ਅਤੇ ਖੇਤੀ ਖੇਤਰ ਨੂੰ ਮਿਲ ਰਹੀਆਂ ਸਬਸਿਡੀਆਂ ਨੂੰ ਤਰਕ ਸੰਗਤ ਬਣਾਉਣ ਦੀ ਲੋੜ ਹੈ ਪਰ ਸਰਕਾਰ ਨੇ ਕੁਦਰਤੀ ਖੇਤੀ ਯੋਜਨਾ ਲਈ 2023-24 ਵਿਚ ਰੱਖੇ 459 ਕਰੋੜ ਰੁਪਏ ਦੀ ਰਾਸ਼ੀ ਇਸ ਵਾਰ ਵਧਾਉਣ ਦੀ ਬਜਾਇ ਘਟਾ ਕੇ 365.64 ਕਰੋੜ ਰੁਪਏ ਕਰ ਦਿੱਤੀ ਹੈ। ਕਰਜ਼ੇ ਕਾਰਨ ਖੁਦਕੁਸ਼ੀਆਂ ਕਰ ਰਹੇ ਕਿਸਾਨਾਂ, ਖੇਤ ਮਜ਼ਦੂਰਾਂ ਦਾ ਵੀ ਖਿਆਲ ਨਹੀਂ ਕੀਤਾ।

ਬਜਟ ਵਿਚ ਮਜ਼ਦੂਰਾਂ ਲਈ ਕੋਈ ਵਿਸ਼ੇਸ਼ ਰਾਹਤ ਨਹੀਂ ਐਲਾਨੀ ਗਈ। ਖੇਤੀ ਖੇਤਰ ਵਿਚ ਹੋਏ ਬੇਲੋੜੇ ਮਸ਼ੀਨੀਕਰਨ ਅਤੇ ਖੇਤੀ ਵਿਭਿੰਨਤਾ ਦੀ ਅਣਹੋਂਦ ਨੇ ਖੇਤ ਮਜ਼ਦੂਰਾਂ ਦੇ ਵੱਡੇ ਹਿੱਸੇ ਨੂੰ ਵਿਹਲੇ ਕਰ ਦਿੱਤਾ ਹੈ। ਇਸ ਸੂਰਤ ਵਿਚ ਮਗਨਰੇਗਾ ਹੀ ਮਜ਼ਦੂਰਾਂ ਦੇ ਰੁਜ਼ਗਾਰ ਦਾ ਇਕਮਾਤਰ ਸਹਾਰਾ ਬਣ ਰਹੀ ਹੈ। ਮਜ਼ਦੂਰਾਂ ਦੀ ਮੰਗ ਹੈ ਕਿ ਸਰਕਾਰ ਮਗਨਰੇਗਾ ਤਹਿਤ 100 ਦਿਨ ਦੀ ਬਜਾਇ ਪੂਰਾ ਸਾਲ ਕੰਮ ਦੇਵੇ ਪਰ ਮੋਦੀ ਸਰਕਾਰ ਨੇ ਇਸ ਬਜਟ ਰਾਹੀਂ ਮੌਜੂਦਾ ਵਿੱਤੀ ਵਰ੍ਹੇ ਲਈ ਮਗਨਰੇਗਾ ਤਹਿਤ ਸਿਰਫ 86 ਹਜ਼ਾਰ ਕਰੋੜ ਰੁਪਏ ਰੱਖੇ ਹਨ ਜੋ ਪਿਛਲੇ ਵਿੱਤੀ ਵਰ੍ਹੇ 2023-24 ਦੌਰਾਨ ਇਸ ਯੋਜਨਾ ਤਹਿਤ ਖਰਚ ਹੋਏ 1 ਲੱਖ 5 ਹਜ਼ਾਰ ਕਰੋੜ ਨਾਲੋਂ 19297 ਕਰੋੜ ਰੁਪਏ ਘੱਟ ਹਨ। ਪੇਂਡੂ ਮਜ਼ਦੂਰਾਂ ਦੇ ਵੱਡੇ ਹਿੱਸੇ ਦੀ ਮਗਨਰੇਗਾ ਉਪਰ ਨਿਰਭਰਤਾ ਦੇ ਬਾਵਜੂਦ ਸਰਕਾਰ ਨੇ ਮਗਨਰੇਗਾ ਲਈ ਕੁੱਲ ਬਜਟ ਦਾ ਸਿਰਫ 1.78 ਫੀਸਦੀ ਫੰਡ ਰੱਖਿਆ ਹੈ। ਮਗਨਰੇਗਾ ਲਈ ਰੱਖੀ ਪੂੰਜੀ ਨੂੰ ਜੇਕਰ ਹੋਰ ਡੂੰਘਾਈ ਨਾਲ ਦੇਖੀਏ ਤਾਂ ਹਾਲਤ ਇਹ ਹੈ ਕਿ ਇਸ ਵਿੱਤੀ ਵਰ੍ਹੇ ਦੇ ਪਹਿਲੇ ਚਾਰ ਮਹੀਨਿਆਂ ਦੌਰਾਨ ਇਸ ਯੋਜਨਾ ਤਹਿਤ 41500 ਕਰੋੜ ਰੁਪਏ ਖਰਚੇ ਜਾ ਚੁੱਕੇ ਹਨ ਜਿਸ ਦਾ ਮਤਲਬ ਹੈ ਕਿ ਬਾਕੀ 8 ਮਹੀਨਿਆਂ ਲਈ ਸਿਰਫ 44500 ਕਰੋੜ ਰੁਪਏ ਬਚੇ ਹਨ। ਮਗਨਰੇਗਾ ਲਈ ਘੱਟ ਪੈਸੇ ਰੱਖਣ ਨੂੰ ਲੈ ਕੇ ਸਰਕਾਰ ਨੂੰ ਇਹ ਕਹਿਣਾ ਪਿਆ ਕਿ ਲੋੜ ਪੈਣ 'ਤੇ ਸਰਕਾਰ ਮਗਨਰੇਗਾ ਨੂੰ ਵੱਧ ਰਕਮ ਦਿੰਦੀ ਹੈ ਪਰ ਪਿਛਲੇ ਵਿੱਤੀ ਵਰ੍ਹੇ ਦੇ ਮੁਕਾਬਲੇ ਮੌਜੂਦਾ ਵਿੱਤੀ ਵਰ੍ਹੇ ਦੇ ਪਹਿਲੇ ਤਿੰਨ ਮਹੀਨਿਆਂ ਵਿਚ ਵੱਧ ਲੋਕਾਂ ਵੱਲੋਂ ਕੰਮ ਦੀ ਮੰਗ ਕਰਨ ਦਾ ਅੰਕੜਾ ਹੋਣ ਦੇ ਬਾਵਜੂਦ ਸਰਕਾਰ ਨੇ ਸਭ ਕੁਝ ਅਣਗੌਲਿਆ ਕਰ ਦਿੱਤਾ।

ਵਿੱਤ ਮੰਤਰੀ ਨੇ ਬੜੀ ਚੁਸਤੀ ਨਾਲ ਪੇਸ਼ਕਾਰੀ ਕੀਤੀ ਹੈ ਕਿ ਭਾਰਤ ਦੀ ਚਾਲੂ ਵਿਕਾਸ ਦਰ (2024-25 ਦੌਰਾਨ) 10.5 ਫੀਸਦ ਰਹਿਣ ਦੀ ਉਮੀਦ ਹੈ ਪਰ ਜੇ ਇਸ ਵਿਕਾਸ ਦਰ ਵਿਚੋਂ ਆਰਥਿਕ ਸਰਵੇਖਣ ਦੁਆਰਾ ਅਨੁਮਾਨਤ ਮਹਿੰਗਾਈ ਦੀ ਦਰ 4.5 ਫੀਸਦ ਘਟਾ ਦਿੱਤੀ ਜਾਵੇ ਤਾਂ ਅਸਲ ਵਿਕਾਸ ਦਰ 6 ਫੀਸਦ ਦੇ ਕਰੀਬ ਬਣਦੀ ਹੈ ਜੋ ਪਿਛਲੇ ਸਾਲ ਨਾਲੋਂ ਘੱਟ ਹੈ।

ਅਸਲ ਵਿਚ ਇਸ ਬਜਟ ਦੀ ਰੂਪਰੇਖਾ ਨਿੱਜੀਕਰਨ, ਉਦਾਰੀਕਰਨ ਜਿਹੀਆਂ ਨੀਤੀਆਂ ਨੂੰ ਮੁੱਖ ਰੱਖ ਕੇ ਉਲੀਕੀ ਗਈ ਹੈ, ਇਸੇ ਕਰ ਕੇ ਪੁਰਾਣੀ ਪੈਨਸ਼ਨ ਬਹਾਲੀ ਲਈ ਸੰਘਰਸ਼ ਕਰ ਰਹੇ ਦੇਸ਼ ਦੇ ਲੱਖਾਂ ਮੁਲਾਜ਼ਮਾਂ ਦੀ ਹੱਕੀ ਮੰਗ ਨੂੰ ਅਣਗੌਲਿਆ ਕਰ ਦਿੱਤਾ ਗਿਆ। ਬਜਟ ਵਿਚੋਂ ਪੰਜਾਬ ਵਰਗੇ ਸੂਬਿਆਂ ਨਾਲ ਵਿਤਕਰਾ ਸਾਫ ਨਜ਼ਰ ਆਉਂਦਾ ਹੈ। ਦੇਸ਼ ਦੇ ਅਮੀਰ ਵਪਾਰਕ ਘਰਾਣਿਆਂ ਦੇ ਹੱਕ ਵਿਚ ਭੁਗਤ ਰਹੇ ਇਸ ਬਜਟ ਨੂੰ ਦੇਖ ਕੇ ਭਾਜਪਾ ਦਾ 'ਸਬ ਕਾ ਸਾਥ ਸਬ ਕਾ ਵਿਕਾਸ' ਦਾ ਨਾਅਰਾ ਖੋਖਲਾ ਸਾਬਤ ਹੋ ਰਿਹਾ ਹੈ। ਇਸ ਬਜਟ ਰਾਹੀਂ ਆਂਧਰਾ ਪ੍ਰਦੇਸ਼ ਤੇ ਬਿਹਾਰ ਲਈ ਕੀਤੇ ਐਲਾਨ ਸਰਕਾਰ 'ਬਚਾਉਣ' ਦੀ ਮਜਬੂਰੀ ਲੱਗ ਰਹੇ ਹਨ।

ਹਕੀਕਤ ਇਹ ਹੈ ਕਿ ਵਿਰੋਧੀ ਧਿਰਾਂ ਵੀ ਭਾਜਪਾ ਸਰਕਾਰ ਨੂੰ ਸਿੱਖਿਆ, ਸਿਹਤ, ਰੁਜ਼ਗਾਰ ਜਿਹੇ ਮਸਲਿਆਂ ਉਪਰ ਠੋਸ ਸਵਾਲ ਪੁੱਛਣ ਜਾਂ ਘੇਰਨ ਤੋਂ ਟਾਲਾ ਵੱਟ ਰਹੀਆਂ ਹਨ। ਅਸਲ ਵਿਚ ਇਨ੍ਹਾਂ ਮੁੱਦਿਆਂ ਉਪਰ ਹਾਕਮ ਜਮਾਤ ਦੀਆਂ ਬਾਕੀ ਧਿਰਾਂ ਦੀ ਪਹੁੰਚ ਵੀ ਕੋਈ ਬਹੁਤੀ ਵੱਖਰੀ ਨਹੀਂ। ਇਹ ਹੁਣ ਲੋਕਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਸੱਤਾ ਅਤੇ ਵਿਰੋਧੀ ਧਿਰ, ਦੋਹਾਂ ਨੂੰ ਲੋਕਾਂ ਦੀ ਰੋਜ਼ਮੱਰਾ ਜ਼ਿੰਦਗੀ ਨਾਲ ਜੁੜੇ ਮਾਮਲਿਆਂ ਉਪਰ ਸਵਾਲ ਪੁੱਛਣ ਲਈ ਇਕਜੁਟ ਹੋਣ।

# ਕਾਂਵੜ ਯਾਤਰਾ ਦੇ ਨਾਂ 'ਤੇ ਹਿੰਸਾ ਤੇ ਨਫ਼ਰਤ ਦੀ ਸਿਆਸਤ

**ਸਰਕਾਰੀ ਕਹਿਰ ਤੋਂ ਭੈਅਭੀਤ ਮੁਸਲਮਾਨ ਦੁਕਾਨਦਾਰਾਂ ਨੂੰ ਦੁਕਾਨਾਂ/ਖੋਖਿਆਂ ਦੇ ਬਾਹਰ ਆਪਣੇ ਤੇ ਆਪਣੇ ਨੌਕਰਾਂ ਦੇ ਨਾਵਾਂ ਦੀਆਂ ਤਖ਼ਤੀਆਂ ਲਾਉਣੀਆਂ ਪਈਆਂ। ਅਸਲ ਵਿਚ, ਸੰਘ ਬ੍ਰਿਗੇਡ ਸਿਲਸਿਲੇਵਾਰ ਤਰੀਕੇ ਨਾਲ ਹਰ ਮੌਕੇ ਅਤੇ ਮੰਚ ਨੂੰ ਫਿਰਕੂ ਪਾਲਾਬੰਦੀ ਲਈ ਵਰਤ ਰਿਹਾ ਹੈ। ਸੁਪਰੀਮ ਕੋਰਟ ਨੇ ਭਾਜਪਾ ਦੀਆਂ ਰਾਜ ਸਰਕਾਰਾਂ ਦੇ ਉਪਰੋਕਤ ਹੁਕਮਾਂ ਉਪਰ ਆਰਜ਼ੀ ਤੌਰ 'ਤੇ ਰੋਕ ਜ਼ਰੂਰ ਲਾ ਦਿੱਤੀ ਹੈ ਪਰ ਅਦਾਲਤ ਦੀ ਦਖ਼ਲਅੰਦਾਜ਼ੀ ਸਮੁੱਚੇ ਰੂਪ 'ਚ ਨਫ਼ਰਤੀ ਮੁਹਿੰਮ ਨੂੰ ਰੋਕਣ ਲਈ ਵਿਹਾਰਕ ਤੌਰ 'ਤੇ ਕਿੰਨੀ ਕੁ ਅਸਰਦਾਰ ਸਾਬਤ ਹੁੰਦੀ ਹੈ, ਹੁੰਦੀ ਵੀ ਹੈ ਜਾਂ ਨਹੀਂ, ਤੇ 5 ਅਗਸਤ ਨੂੰ ਸੁਪਰੀਮ ਕੋਰਟ ਕੀ ਅੰਤਿਮ ਆਦੇਸ਼ ਦਿੰਦੀ ਹੈ, ਇਹ ਆਉਣ ਵਾਲੇ ਦਿਨਾਂ 'ਚ ਸਾਹਮਣੇ ਆਵੇਗਾ।**

ਭਾਰਤ ਦੀ ਸੁਪਰੀਮ ਕੋਰਟ ਵੱਲੋਂ ਭਾਜਪਾ ਦੀਆਂ ਰਾਜ ਸਰਕਾਰਾਂ ਦੇ ਕਾਂਵੜ ਯਾਤਰਾ ਸਬੰਧੀ ਹੁਕਮਾਂ ਉਪਰ 5 ਅਗਸਤ ਤੱਕ ਆਰਜ਼ੀ ਤੌਰ 'ਤੇ ਰੋਕ ਲਾਉਣਾ ਬੇਸ਼ੱਕ ਮੁਸਲਮਾਨ ਘੱਟਗਿਣਤੀ ਨੂੰ ਕੁਝ ਰਾਹਤ ਦੇਣ ਵਾਲਾ ਆਦੇਸ਼ ਹੈ ਪਰ ਇਸ ਦਾ ਮਤਲਬ ਇਹ ਨਹੀਂ ਕਿ ਅਜਿਹੇ ਅਦਾਲਤੀ ਹੁਕਮਾਂ ਨੂੰ ਟਿੱਚ ਸਮਝਣ ਵਾਲੇ ਨਫ਼ਰਤ-ਜੀਵੀ ਸੰਘ ਬ੍ਰਿਗੇਡ ਦੀ ਨਫ਼ਰਤ ਭੜਕਾਊ ਮਸ਼ੀਨ ਬੰਦ ਹੋ ਗਈ ਹੈ। ਭਾਜਪਾ ਦੀਆਂ ਉਤਰ ਪ੍ਰਦੇਸ਼ ਤੇ ਉਤਰਾਖੰਡ ਸਰਕਾਰਾਂ ਨੇ ਹੁਕਮ ਜਾਰੀ ਕੀਤੇ ਸਨ ਕਿ 22 ਜੁਲਾਈ ਤੋਂ ਸ਼ੁਰੂ ਹੋਣ ਵਾਲੀ ਕਾਂਵੜ ਯਾਤਰਾ ਦੀ ਸੁਰੱਖਿਆ ਦੇ ਮੱਦੇਨਜ਼ਰ ਯਾਤਰਾ ਮਾਰਗ ਉਪਰਲੇ ਸਾਰੇ ਦੁਕਾਨਦਾਰ ਆਪਣੇ ਅਤੇ ਆਪਣੇ ਨੌਕਰਾਂ ਦੇ ਨਾਮ ਬਾਹਰ ਤਖ਼ਤੀਆਂ 'ਤੇ ਲਿਖ ਕੇ ਲਾਉਣ। ਪਿਛਲੇ ਸਾਲ ਵੀ ਮੁਜ਼ੱਫਰਨਗਰ ਜ਼ਿਲ੍ਹੇ ਵਿਚ ਕਾਂਵੜ ਯਾਤਰਾ ਮਾਰਗ ਉਪਰਲੇ ਮੁਸਲਮਾਨ ਮਾਲਕੀ ਵਾਲੇ ਸਾਰੇ ਹੋਟਲ ਬੰਦ ਕਰਵਾ ਦਿੱਤੇ ਗਏ ਸਨ, ਇਨ੍ਹਾਂ ਵਿਚ ਸ਼ਾਕਾਹਾਰੀ ਹੋਟਲ ਵੀ ਸਨ ਜਿੱਥੇ ਲਸਣ/ਪਿਆਜ ਵੀ ਨਹੀਂ ਵਰਤਿਆ ਜਾਂਦਾ। ਇਸ ਵਾਰ ਇਸ ਮੁਹਿੰਮ ਨੂੰ ਹੋਰ ਵੀ ਹਮਲਾਵਰ ਰੂਪ ਦੇ ਕੇ ਭਾਜਪਾ ਦੀਆਂ

ਬੂਟਾ ਸਿੰਘ ਮਹਿਮੂਦਪੁਰ
ਫੋਨ: +91-94634-74342

ਰਾਜ ਸਰਕਾਰਾਂ ਨੇ ਯਾਤਰਾ ਮਾਰਗ ਉਪਰਲੇ ਦੁਕਾਨਾਂ ਦੀ ਧਾਰਮਿਕ ਸ਼ਨਾਖ਼ਤ ਕਰਨ ਦੀ ਸ਼ਰੇਆਮ ਫਿਰਕੂ ਚਾਲ ਖੇਡੀ। ਢੌਂਗੀ ਬਾਬੇ ਸਵਾਮੀ ਯਸ਼ਵੀਰ ਨੇ ਤਾਂ ਇੱਥੋਂ ਤੱਕ ਅਫ਼ਵਾਹ ਫੈਲਾਈ ਕਿ "ਇਹ ਲੋਕ ਭੋਜਨ ਵਿਚ ਥੁੱਕ ਰਹੇ ਹਨ ਅਤੇ ਪਿਸ਼ਾਬ ਵੀ ਕਰ ਰਹੇ ਹਨ।" ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਇਹ ਅਫ਼ਵਾਹ ਸੋਸ਼ਲ ਮੀਡੀਆ ਰਾਹੀਂ ਕਿੰਨੇ ਵਿਆਪਕ ਪੈਮਾਨੇ 'ਤੇ ਪ੍ਰਚਾਰੀ ਗਈ ਹੋਵੇਗੀ ਅਤੇ ਇਸ ਨੇ ਮੁਸਮਲਾਨਾਂ ਵਿਰੁੱਧ ਜ਼ਹਿਰੀਲੀ ਨਫ਼ਰਤ ਨੂੰ ਕਿਵੇਂ ਜ਼ਰਬਾਂ ਦਿੱਤੀਆਂ ਹੋਣਗੀਆਂ। ਉਸ ਵਿਰੁੱਧ ਕਾਰਵਾਈ ਕਰਨ ਦੀ ਬਜਾਇ ਭਾਜਪਾ ਸਰਕਾਰਾਂ ਨੇ ਕਾਂਵੜੀਆਂ ਨੂੰ 'ਸਾਤਵਿਕ ਭੋਜਨ' ਮੁਹੱਈਆ ਕਰਾਉਣ ਲਈ ਪੂਰੀ ਪ੍ਰਸ਼ਾਸਨਿਕ ਮਸ਼ੀਨਰੀ ਝੋਕ ਦਿੱਤੀ।

ਭਗਵਾਨ ਸ਼ਿਵ ਜੀ ਦੇ ਭਗਤ ਹਰ ਸਾਲ ਸਾਉਣ ਮਹੀਨੇ ਉਤਰਾਖੰਡ, ਉਤਰ ਪ੍ਰਦੇਸ਼ ਅਤੇ ਬਿਹਾਰ ਦੇ ਗੰਗਾ ਨਦੀ ਕਿਨਾਰੇ ਬਣੇ ਧਾਰਮਿਕ ਸਥਾਨਾਂ ਦੀ ਪੈਦਲ ਯਾਤਰਾ ਕਰ ਕੇ ਉਥੋਂ ਜਲ ਬਾਂਸ ਦੇ ਡੰਡੇ ਨਾਲ ਵਹਿੰਗੀ ਵਾਂਗ ਬੰਨ੍ਹੇ ਬਰਤਨਾਂ 'ਚ ਲੈ ਕੇ ਆਉਂਦੇ ਹਨ ਜਿਸ ਨੂੰ ਮੁਲਕ ਦੇ ਵੱਖ-ਵੱਖ ਥਾਵਾਂ ਉਪਰ 12 'ਜਯੋਤਿਰਲਿੰਗ' ਸਥਾਨਾਂ ਅਤੇ ਹੋਰ ਮਸ਼ਹੂਰ ਸ਼ਿਵ ਮੰਦਰਾਂ 'ਚ ਭੇਟ ਕੀਤਾ ਜਾਂਦਾ ਹੈ। ਇਸ ਨੂੰ ਕਾਂਵੜ ਯਾਤਰਾ ਕਿਹਾ ਜਾਂਦਾ ਹੈ। ਸਰਕਾਰੀ ਅੰਕੜਿਆਂ ਅਨੁਸਾਰ 4 ਕਰੋੜ ਤੋਂ ਵੱਧ ਕਾਂਵੜੀਏ ਹਰ ਸਾਲ ਯਾਤਰਾ ਵਿਚ ਹਿੱਸਾ ਲੈਂਦੇ ਹਨ। ਸੰਘ ਬ੍ਰਿਗੇਡ ਵੱਲੋਂ ਹੋਰ ਧਾਰਮਿਕ ਮੌਕਿਆਂ ਵਾਂਗ ਇਸ ਯਾਤਰਾ ਨੂੰ ਵੀ ਰਾਜਨੀਤਕ ਹਥਿਆਰ ਬਣਾਇਆ ਗਿਆ ਹੈ। ਬੇਰੁਜ਼ਗਾਰ ਨੌਜਵਾਨਾਂ ਨੂੰ ਕਾਂਵੜ ਯਾਤਰਾ 'ਚ ਉਲਝਾ ਕੇ ਹਕੂਮਤ ਦੀਆਂ ਲੋਕ ਵਿਰੋਧੀ ਨੀਤੀਆਂ ਅਤੇ ਅਵਾਮ ਦੀ ਜ਼ਿੰਦਗੀ ਦੇ ਅਸਲ ਮੁੱਦਿਆਂ ਤੋਂ ਧਿਆਨ ਹਟਾਇਆ ਜਾ ਰਿਹਾ ਹੈ। ਸੱਤਾਧਾਰੀ ਹੋਣ ਦਾ ਲਾਹਾ ਲੈ ਕੇ ਯਾਤਰਾ ਨੂੰ ਫਿਰਕੂ ਪਾਲਾਬੰਦੀ ਵਧਾਉਣ ਅਤੇ ਬਹੁਗਿਣਤੀਵਾਦੀ ਧੌਂਸ ਜਮਾਉਣ ਲਈ ਵਰਤਿਆ ਜਾ ਰਿਹਾ ਹੈ।

ਜਿਸ ਉਤਰ ਪ੍ਰਦੇਸ਼ ਦੇ ਸਰਕਾਰੀ ਮੈਡੀਕਲ ਕਾਲਜ 'ਚ ਆਕਸੀਜਨ ਨਾ ਹੋਣ ਕਾਰਨ ਸੌ ਦੇ ਕਰੀਬ ਨਵ-ਜੰਮੇ ਬਾਲਾਂ ਦੇ ਦਮ ਤੋੜ ਜਾਣ ਦਾ ਰਿਕਾਰਡ ਹੈ, ਉਸ ਨੇ ਕਾਂਵੜ ਯਾਤਰਾ ਨੂੰ 'ਪੁਰਅਮਨ ਨੇਪਰੇ ਚਾੜ੍ਹਨ ਲਈ' ਜੰਗੀ ਪੈਮਾਨੇ 'ਤੇ ਇੰਤਜ਼ਾਮ ਕੀਤੇ ਹੋਏ ਹਨ। ਹਥਿਆਰਬੰਦ ਪੁਲਿਸ ਦੀਆਂ 213 ਕੰਪਨੀਆਂ ਤੋਂ ਇਲਾਵਾ ਸੀ.ਆਰ.ਪੀ.ਐੱਫ. ਦੀਆਂ 7 ਕੰਪਨੀਆਂ, ਐੱਸ.ਡੀ.ਆਰ.ਐੱਫ. ਦੀਆਂ 3 ਕੰਪਨੀਆਂ ਅਤੇ ਏ.ਟੀ.ਐੱਸ. ਕਮਾਂਡੋ ਦੀ ਵੱਡੀ ਨਫ਼ਰੀ ਤਾਇਨਾਤ ਕੀਤੀ ਹੋਈ ਹੈ। ਅਧਿਕਾਰਕ ਜਾਣਕਾਰੀ ਅਨੁਸਾਰ ਇਕੱਲੇ ਉਤਰ ਪ੍ਰਦੇਸ਼ ਵਿਚ ਹੀ 13 ਐੱਸ.ਪੀ., 33 ਡੀ.ਐੱਸ.ਪੀ., 75 ਇੰਸਪੈਕਟਰ, 244 ਸਬ-ਇੰਸਪੈਕਟਰ ਅਤੇ 1250 ਕਾਂਸਟੇਬਲ ਲਗਾਏ ਹੋਏ ਹਨ ਅਤੇ 1448 ਕਵਿੱਕ-ਰਿਸਪਾਂਸ ਟੀਮਾਂ ਬਣਾਈਆਂ ਹਨ। ਇਨ੍ਹਾਂ ਵਿਆਪਕ ਸੁਰੱਖਿਆ ਇੰਤਜ਼ਾਮਾਂ ਦਾ ਮਨੋਰਥ ਅਮਨ-ਚੈਨ ਬਣਾਈ ਰੱਖਣਾ ਨਹੀਂ ਸਗੋਂ ਹਕੂਮਤੀ ਪੁਸ਼ਤਪਨਾਹੀ ਰਾਹੀਂ ਇਸ ਯਾਤਰਾ ਦਾ ਫਿਰਕੂ ਰਾਜਨੀਤਕ ਲਾਹਾ ਲੈਣਾ, ਕਾਂਵੜੀਆਂ ਵਿਚਲੇ ਅਰਾਜਕ ਅਨਸਰਾਂ ਨੂੰ ਹੁੜਦੰਗ ਮਚਾਉਣ ਲਈ ਹੱਲਾਸ਼ੇਰੀ ਦੇਣਾ, ਮੁਸਲਮਾਨਾਂ ਦਾ ਆਰਥਿਕ ਨੁਕਸਾਨ ਕਰਨਾ ਅਤੇ ਘੱਟਗਿਣਤੀਆਂ ਤੇ ਹੋਰ ਨਿਤਾਣੇ ਹਿੱਸਿਆਂ ਉਪਰ ਦਹਿਸ਼ਤ ਪਾਉਣਾ ਹੈ।

ਸਰਕਾਰੀ ਕਹਿਰ ਤੋਂ ਭੈਅਭੀਤ ਮੁਸਲਮਾਨ ਦੁਕਾਨਦਾਰਾਂ ਨੂੰ ਦੁਕਾਨਾਂ/ਖੋਖਿਆਂ ਦੇ ਬਾਹਰ ਆਪਣੇ ਤੇ ਆਪਣੇ ਨੌਕਰਾਂ ਦੇ ਨਾਵਾਂ ਦੀਆਂ ਤਖ਼ਤੀਆਂ ਲਾਉਣੀਆਂ ਪਈਆਂ। ਜੇ ਉਹ ਹੁਕਮਾਂ ਦੀ ਤਾਮੀਲ ਨਹੀਂ ਕਰਨਗੇ ਤਾਂ ਉਨ੍ਹਾਂ ਨੂੰ 'ਬੁਲਡੋਜ਼ਰ ਨਿਆਂ' ਦਾ ਸਾਹਮਣਾ ਕਰਨਾ ਪਵੇਗਾ। ਭਾਜਪਾ ਸਰਕਾਰਾਂ ਕੁਝ ਵੀ ਦਾਅਵਾ ਕਰੀ ਜਾਣ ਕਿ ਉਨ੍ਹਾਂ ਦੇ ਆਦੇਸ਼ ਧਾਰਮਿਕ ਜਾਂ ਕਿਸੇ ਹੋਰ ਆਧਾਰ 'ਤੇ ਵਿਤਕਰਾ ਨਹੀਂ ਕਰਦੇ ਪਰ ਪੁਲਿਸ-ਪ੍ਰਸ਼ਾਸਨ ਜ਼ਮੀਨੀ ਪੱਧਰ 'ਤੇ 'ਗ਼ੈਰ-ਹਿੰਦੂ' ਮਾਲਕਾਂ ਦੀ ਨਿਸ਼ਾਨਦੇਹੀ ਕਰ ਰਿਹਾ ਹੈ ਜਿਸ ਦੀ ਉਘੜਵੀਂ ਮਿਸਾਲ ਮੁਕਾਮੀ ਪ੍ਰਸ਼ਾਸਨ ਵੱਲੋਂ ਸਹਾਰਨਪੁਰ ਪ੍ਰਸ਼ਾਸਨਿਕ ਡਿਵੀਜ਼ਨ ਦੇ ਤਿੰਨ ਜ਼ਿਲ੍ਹਿਆਂ ਦੀਆਂ ਖਾਣ-ਪੀਣ ਦਾ ਸਮਾਨ ਵੇਚਣ ਵਾਲੀਆਂ ਉਨ੍ਹਾਂ ਸਾਰੀਆਂ ਦੁਕਾਨਾਂ ਦੀ ਨਿਸ਼ਾਨਦੇਹੀ ਕਰਨ ਦੀਆਂ ਹਦਾਇਤ ਹੈ ਜਿਨ੍ਹਾਂ ਦੇ ਨਾਮ ਹਿੰਦੂ ਦੇਵੀ-ਦੇਵਤਿਆਂ ਦੇ ਨਾਮ 'ਤੇ ਰੱਖੇ ਗਏ ਹਨ ਪਰ ਉਨ੍ਹਾਂ ਦੇ ਮਾਲਕ ਹੋਰ ਫਿਰਕਿਆਂ ਦੇ ਹਨ। ਇਹ ਤੱਥ ਸਰਕਾਰ ਵੱਲੋਂ ਸੁਪਰੀਮ ਕੋਰਟ ਵਿਚ ਦਿੱਤੇ ਜਵਾਬ ਵਿਚ ਮੰਨਿਆ ਗਿਆ ਹੈ।




ਮੁਲਕ ਵਿਚ ਇਸ ਫਿਰਕੂ ਚਾਲ ਦਾ ਜ਼ੋਰਦਾਰ ਵਿਰੋਧ ਹੋਇਆ ਅਤੇ ਸੁਪਰੀਮ ਕੋਰਟ ਨੇ ਵੀ ਇਸ ਉਪਰ ਆਰਜ਼ੀ ਰੋਕ ਲਾ ਦਿੱਤੀ ਪਰ ਮਹੰਤ ਅਦਿੱਤਿਆਨਾਥ ਦੀ ਸਰਕਾਰ ਅਜੇ ਵੀ ਆਪਣੇ ਹੁਕਮ ਨੂੰ ਇਹ ਕਹਿ ਕੇ ਵਾਜਿਬ ਠਹਿਰਾ ਰਹੀ ਹੈ ਕਿ ਇਹ ਕਦਮ ਕਾਂਵੜੀਆਂ ਦੀਆਂ 'ਧਾਰਮਿਕ ਭਾਵਨਾਵਾਂ' ਨੂੰ ਮੱਦੇਨਜ਼ਰ ਰੱਖਦਿਆਂ ਚੁੱਕਿਆ ਸੀ ਤਾਂ ਜੋ ਯਾਤਰਾ ਦੌਰਾਨ ਉਨ੍ਹਾਂ ਲਈ 'ਪਸੰਦ ਅਨੁਸਾਰ ਅਤੇ ਪਾਰਦਰਸ਼ੀ' ਰੂਪ 'ਚ 'ਸਾਤਵਿਕ ਭੋਜਨ' ਯਕੀਨੀ ਬਣਾਇਆ ਜਾ ਸਕੇ ਅਤੇ ਗ਼ਲਤਫਹਿਮੀ ਨਾਲ ਕਿਸੇ ਟਕਰਾਅ ਦੀ ਨੌਬਤ ਨਾ ਆਵੇ। ਕਿਸੇ ਵੀ ਹਿੰਦੂ ਧਾਰਮਿਕ ਗ੍ਰੰਥ ਵਿਚ ਇਹ ਨਹੀਂ ਲਿਖਿਆ ਹੋਇਆ ਕਿ ਗ਼ੈਰ-ਹਿੰਦੂਆਂ ਦੇ ਬਣਾਏ ਭੋਜਨ ਸਾਤਵਿਕ/ਸ਼ੁੱਧ ਨਹੀਂ ਹੁੰਦੇ ਪਰ ਸੰਘ ਬ੍ਰਿਗੇਡ ਧਾਰਮਿਕ ਗ੍ਰੰਥਾਂ ਤੋਂ ਉਪਰ ਹੈ ਅਤੇ ਇਨ੍ਹਾਂ ਦੇ ਆਪਣੇ ਹੀ ਕਾਨੂੰਨ ਹਨ। ਸਰਕਾਰ ਨੇ ਇਹ ਵੀ ਨਹੀਂ ਦੱਸਿਆ ਕਿ ਸਰਟੀਫਿਕੇਸ਼ਨ ਦੀ ਬਜਾਇ ਦੁਕਾਨਦਾਰਾਂ ਦੇ ਨਾਮ ਨਸ਼ਰ ਕਰਨ ਨਾਲ 'ਸ਼ੁੱਧ' ਭੋਜਨ ਕਿਵੇਂ ਮੁਹੱਈਆ ਹੋ ਜਾਵੇਗਾ? ਘਿਨਾਉਣੀ ਭਗਵਾ ਸਿਆਸਤ ਬਦਸਤੂਰ ਜਾਰੀ ਹੈ। ਇਸ ਸਿਆਸਤ ਨੇ ਸ਼ਾਂਤਮਈ ਧਾਰਮਿਕ ਯਾਤਰਾ ਨੂੰ ਹਕੂਮਤੀ ਪੁਸ਼ਤਪਨਾਹੀ ਵਾਲਾ ਹੁੜਦੰਗ ਮਚਾਊ ਹਜੂਮ ਬਣਾ ਦਿੱਤਾ ਹੈ ਅਤੇ ਕਾਂਵੜੀਆਂ ਦੇ ਨਾਮ 'ਤੇ ਜੁੜੇ ਹਜੂਮ ਨੂੰ ਹਿੰਸਾ ਕਰਨ ਦਾ ਕਾਨੂੰਨੀ ਲਾਇਸੰਸ ਦੇ ਦਿੱਤਾ ਹੈ। ਯਾਤਰਾ ਦੌਰਾਨ ਬਹੁਤ ਸਾਰੇ ਥਾਵਾਂ 'ਤੇ ਕਥਿਤ ਕਾਂਵੜੀਏ ਮਾਮੂਲੀ ਗੱਲਾਂ ਉਪਰ ਭੰਨਤੋੜ ਅਤੇ ਝਗੜੇ ਕਰਦੇ ਦੇਖੇ ਜਾ ਸਕਦੇ ਹਨ। ਹਿੰਦੂ ਸ਼ਰਧਾਲੂਆਂ ਨੂੰ ਸੰਘ ਬ੍ਰਿਗੇਡ ਦੀ ਇਸ ਰਾਜਨੀਤਕ ਚਾਲ ਨੂੰ ਸਮਝਣਾ ਚਾਹੀਦਾ ਹੈ।

ਆਨਲਾਈਨ ਨਿਊਜ਼ ਪੋਰਟਲ 'ਨਿਊਜ਼ਲਾਂਡਰੀ' ਵੱਲੋਂ ਅਜਿਹੀਆਂ ਕੁਝ ਘਟਨਾਵਾਂ ਦੀ ਛਾਣਬੀਣ ਕਰਕੇ ਜੁਟਾਏ ਤੱਥ ਇਸ ਤਰ੍ਹਾਂ ਹਨ:

21 ਜੁਲਾਈ ਨੂੰ ਕਾਂਵੜੀਆਂ ਦੇ ਹਜੂਮ ਨੇ ਹਰਿਦਵਾਰ-ਮੇਰਠ ਹਾਈਵੇਅ ਉਪਰ ਮੁਜ਼ੱਫਰਨਗਰ ਵਿਚ ਸ੍ਰੀਲਕਸ਼ਮੀ ਫੂਡ ਪਲਾਜ਼ਾ ਵਿਖੇ ਅਕੀਬ ਨਾਂ ਦੇ ਮੁਸਲਮਾਨ ਕਾਰ ਸਵਾਰ ਉਪਰ ਇਸ ਬਹਾਨੇ ਹਮਲਾ ਕਰ ਦਿੱਤਾ ਕਿ ਦੋ ਕਿਲੋਮੀਟਰ ਪਿੱਛੇ ਉਸ ਦੀ ਕਾਰ ਕਾਂਵੜੀਏ ਦਾ ਕਾਂਵੜ ਤੋੜ ਕੇ ਆਈ ਹੈ। ਉਨ੍ਹਾਂ ਨੇ ਉਸ ਦੇ ਸਿਰ ਅਤੇ ਪਿੱਠ ਉਪਰ ਸੱਟਾਂ ਮਾਰੀਆਂ। ਵਾਇਰਲ ਹੋਈ ਵੀਡੀਓ ਵਿਚ ਕਾਂਵੜੀਏ ਕਾਰ ਸਵਾਰ ਨੂੰ ਕੁੱਟਦੇ, ਕਾਰ ਦੀ ਭੰਨਤੋੜ ਕਰਦੇ, ਰੇਸਤਰਾਂ ਦੀਆਂ ਕੁਰਸੀਆਂ ਚੁੱਕ ਕੇ ਬਾਹਰ ਸੁੱਟਦੇ ਅਤੇ ਰੋਕਣ ਦੀ ਕੋਸ਼ਿਸ਼ ਕਰਦੇ ਪੁਲਸੀਆਂ ਵੱਲ ਕੁਰਸੀਆਂ ਸੁੱਟਦੇ ਦੇਖੇ ਜਾ ਸਕਦੇ ਹਨ। ਰੇਸਤਰਾਂ ਦੇ ਮਾਲਕ ਨੇ ਦੱਸਿਆ ਕਿ ਰੇਸਤਰਾਂ 'ਚ ਮੌਜੂਦ ਕਾਂਵੜੀਆਂ ਨੂੰ 'ਉਨ੍ਹਾਂ ਦੇ ਕਿਸੇ ਮਿੱਤਰ' ਦਾ ਫੋਨ ਆਇਆ ਅਤੇ ਇਸ ਤੋਂ ਬਾਅਦ 25-30 ਕਾਂਵੜੀਆਂ ਨੇ ਫਟਾਫਟ ਹਾਈਵੇਅ ਉਪਰ ਜਾ ਕੇ ਸੜਕ ਜਾਮ ਕਰ ਕੇ ਕਾਰ ਰੋਕ ਲਈ ਅਤੇ ਡਰਾਈਵਰ ਦੀ ਕੁੱਟਮਾਰ ਸ਼ੁਰੂ ਕਰ ਦਿੱਤੀ। ਕਾਰ ਉਪਰ ਚੜ੍ਹ ਕੇ ਉਸ ਦੀ ਭੰਨਤੋੜ ਕੀਤੀ। ਪੁਲਿਸ ਨੇ ਆ ਕੇ ਰੇਸਤਰਾਂ ਤੇ ਡਰਾਈਵਰ ਨੂੰ ਬਚਾਇਆ। ਉਨ੍ਹਾਂ ਨੇ ਪੁਲਿਸ ਉਪਰ ਵੀ ਕੁਰਸੀਆਂ ਸੁੱਟੀਆਂ। ਪੁਲਿਸ ਦੀ ਐੱਫ.ਆਈ.ਆਰ. ਕਹਿੰਦੀ ਹੈ ਕਿ ਜਾਂਚ ਕੀਤੇ ਜਾਣ 'ਤੇ ਕਾਂਵੜੀਆਂ ਵੱਲੋਂ ਲਾਇਆ ਦੋਸ਼ ਸਾਬਤ ਨਹੀਂ ਹੋਇਆ। ਐੱਫ.ਆਈ.ਆਰ. ਅਣਪਛਾਤਿਆਂ ਵਿਰੁੱਧ ਦਰਜ ਕੀਤੀ ਗਈ, ਗ੍ਰਿਫ਼ਤਾਰੀ ਕੋਈ ਨਹੀਂ ਕੀਤੀ ਗਈ।

ਅਗਲੇ ਦਿਨ ਮੁਜ਼ੱਫਰਪੁਰ ਵਿਚ ਇਕ ਹੋਰ ਕਾਂਡ ਵਾਪਰਿਆ। ਰਿਲਾਇੰਸ ਪੈਟਰੋਲ ਪੰਪ ਦੇ ਮੁਲਾਜ਼ਮ ਮਨੋਜ ਕੁਮਾਰ ਨੇ ਕਾਂਵੜੀਏ ਨੂੰ ਸੁਲਫ਼ਾ ਪੀਣ ਤੋਂ ਰੋਕਿਆ ਕਿ ਪੈਟਰੋਲ ਪੰਪ ਉਪਰ ਕੋਈ ਜਲਣ ਵਾਲਾ ਪਦਾਰਥ ਸੇਵਨ ਨਹੀਂ ਕੀਤਾ ਜਾ ਸਕਦਾ। ਇਸ ਤੋਂ ਭੜਕੇ ਕਾਂਵੜੀਏ ਨੇ ਉਸ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਜਦੋਂ ਮੁਲਾਜ਼ਮਾਂ ਨੇ ਇਸ ਦਾ ਵਿਰੋਧ ਕੀਤਾ ਤਾਂ ਸੈਂਕੜੇ ਕਾਂਵੜੀਏ ਇਕੱਠੇ ਹੋ ਕੇ ਉਨ੍ਹਾਂ ਉਪਰ ਟੁੱਟ ਪਏ ਅਤੇ ਭੰਨਤੋੜ ਕੀਤੀ। ਉਨ੍ਹਾਂ ਨੇ ਬੜੀ ਮੁਸ਼ਕਿਲ ਨਾਲ ਆਪਣਾ ਬਚਾਓ ਕੀਤਾ। ਇਹ ਸਾਰਾ ਵਾਕਿਆ ਕੈਮਰਿਆਂ 'ਚ ਰਿਕਾਰਡ ਹੋਣ ਕਾਂਵੜੀਏ ਪਛਾਣੇ ਵੀ ਗਏ ਪਰ ਕਿਸੇ ਨੂੰ ਵੀ ਗ੍ਰਿਫ਼ਤਾਰ ਨਹੀਂ ਕੀਤਾ ਗਿਆ।

23 ਜੁਲਾਈ ਨੂੰ ਸਹਾਰਨਪੁਰ ਵਿਚ ਕਾਂਵੜੀਆਂ ਨੇ ਇਹ ਕਹਿੰਦੇ ਹੋਏ ਮੋਟਰਸਾਈਕਲ 'ਤੇ ਸਵਾਰ ਦੋ ਨੌਜਵਾਨਾਂ ਅਮਨ ਤੇ ਸੋਨੂ ਉਪਰ ਹਮਲਾ ਕਰ ਦਿੱਤਾ ਕਿ ਉਨ੍ਹਾਂ ਦੇ ਮੋਟਰਸਾਈਕਲ ਨੇ ਕਾਂਵੜ ਤੋੜ ਦਿੱਤਾ ਹੈ। ਕੁੱਟ-ਮਾਰ ਕਰ ਕੇ ਇਕ ਦੀ ਬਾਂਹ ਤੋੜ ਦਿੱਤੀ, ਸਿਰ ਉਪਰ ਵੀ ਸੱਟਾਂ ਮਾਰੀਆਂ ਗਈਆਂ ਅਤੇ ਨਵਾਂ ਮੋਟਰਸਾਈਕਲ ਵੀ ਭੰਨ ਦਿੱਤਾ। ਇਹ ਸਾਰਾ ਵਾਕਿਆ ਵੀ ਕੈਮਰੇ 'ਚ ਬੰਦ ਹੈ। ਉਥੇ ਮੌਜੂਦ ਦੋ ਪੁਲਸੀਏ ਖੜ੍ਹੇ ਦੇਖਦੇ ਰਹੇ। ਹਮਲਾ ਕਰਨ ਵਾਲੇ ਸੱਤ ਕਾਂਵੜੀਏ ਪਛਾਣੇ ਵੀ ਗਏ। ਐੱਫ.ਆਈ.ਆਰ. ਵੀ ਦਰਜ ਹੋ ਗਈ ਪਰ ਕਿਸੇ ਨੂੰ ਗ੍ਰਿਫ਼ਤਾਰ ਨਹੀਂ ਕੀਤਾ।

23 ਜੁਲਾਈ ਨੂੰ ਇਕ ਹੋਰ ਵਾਕਿਆ ਹਰਿਦੁਆਰ ਨੇੜੇ ਵਾਪਰਿਆ ਜਿੱਥੇ ਕਾਂਵੜੀਆਂ ਨੇ ਲਿਬਰਹੇਰੀ ਤੋਂ ਮੰਗਲੌਰ ਜਾ ਰਹੇ ਈ-ਰਿਕਸ਼ਾ ਚਾਲਕ ਸੰਜੇ ਕੁਮਾਰ ਉਪਰ ਹਮਲਾ ਕਰ ਕੇ ਉਸ ਦਾ ਵਾਹਨ ਭੰਨ ਦਿੱਤਾ। ਦਰਅਸਲ ਇਹ ਕਾਂਵੜੀਏ ਦੇ ਅਚਾਨਕ ਈ-ਰਿਕਸ਼ੇ ਅੱਗੇ ਆ ਜਾਣ ਦੀ ਮਾਮੂਲੀ ਘਟਨਾ ਸੀ; ਹਾਲਾਂਕਿ ਕੋਈ ਨੁਕਸਾਨ ਨਹੀਂ ਹੋਇਆ, ਫਿਰ ਵੀ ਕਾਂਵੜੀਆਂ ਨੇ ਡਰਾਈਵਰ ਦੀ ਕੁੱਟਮਾਰ ਕੀਤੀ ਅਤੇ ਈ-ਰਿਕਸ਼ਾ ਤੋੜ ਦਿੱਤਾ। 26 ਜੁਲਾਈ ਨੂੰ ਦਿੱਲੀ-ਮੇਰਠ ਐਕਸਪ੍ਰੈੱਸ ਹਾਈਵੇਅ ਉਪਰ ਭੜਕੇ ਹੋਏ ਕਾਂਵੜੀਆਂ ਨੇ ਇਕ ਕਾਰ ਇਸ ਬਹਾਨੇ ਘੇਰ ਲਈ ਕਿ ਕਾਰ ਕਾਂਵੜ ਨਾਲ ਟਕਰਾਈ ਹੈ। ਮੁਸਲਮਾਨ ਪਰਿਵਾਰ ਨੇ ਭੱਜ ਕੇ ਆਪਣੀ ਜਾਨ ਬਚਾਈ ਅਤੇ ਕਾਂਵੜੀਆਂ ਨੇ ਕਾਰ ਭੰਨ ਦਿੱਤੀ। 'ਦਿ ਵਾਇਰ' ਦੀ ਰਿਪੋਰਟ ਅਨੁਸਾਰ 27 ਜੁਲਾਈ ਨੂੰ ਗਾਜ਼ੀਆਬਾਦ ਵਿਚ ਕਾਂਵੜੀਆਂ ਨੇ ਡਰਾਈਵਰ ਦੀ ਕੁੱਟਮਾਰ ਕੀਤੀ; ਲਾਠੀਆਂ, ਰਾਡਾਂ ਅਤੇ ਬੈਟਾਂ ਨਾਲ ਕਾਰ ਤੋੜ ਕੇ ਉਲਟਾ ਦਿੱਤੀ। ਵਾਰਦਾਤ ਕੈਮਰਾਬੰਦ ਹੋਣ ਦੇ ਬਾਵਜੂਦ ਪੁਲਿਸ ਨੇ ਉਲਟਾ ਡਰਾਈਵਰ ਨੌਵਾਰ ਚੌਧਰੀ ਵਿਰੁੱਧ ਓਵਰ-ਸਪੀਡ ਡਰਾਈਵਿੰਗ ਦਾ ਕੇਸ ਪਾ ਦਿੱਤਾ।

ਇਹ ਘਟਨਾਵਾਂ ਦੱਸਦੀਆਂ ਹਨ ਕਿ ਕਾਂਵੜ ਯਾਤਰਾ ਦੇ ਬਹਾਨੇ ਕਿਵੇਂ ਦਹਿਸ਼ਤ ਦਾ ਮਾਹੌਲ ਬਣਾਇਆ ਗਿਆ। ਕਾਂਵੜੀਆਂ ਲਈ ਬਾਹਰ ਲੱਗੀ ਤਖ਼ਤੀ ਦੇ ਆਧਾਰ 'ਤੇ ਮੁਸਲਮਾਨ ਦੁਕਾਨਾਂ ਦੀ ਤੁਰੰਤ ਪਛਾਣ ਕਰ ਕੇ ਉਨ੍ਹਾਂ ਨੂੰ ਨਿਸ਼ਾਨਾ ਬਣਾਉਣਾ ਸੌਖਾ ਹੈ। ਫ਼ੌਰੀ ਉਦੇਸ਼ ਦੇ ਨਾਲ-ਨਾਲ ਗ਼ੈਰ-ਹਿੰਦੂਆਂ ਦੇ ਨਾਮ 'ਤੇ ਮੁਸਲਮਾਨਾਂ ਦੇ ਕਾਰੋਬਾਰਾਂ ਦੀ ਨਿਸ਼ਾਨਦੇਹੀ ਦੂਰਗਾਮੀ ਫਾਸ਼ੀਵਾਦੀ ਯੁੱਧਨੀਤੀ ਦਾ ਹਿੱਸਾ ਵੀ ਹੋ ਸਕਦਾ ਹੈ। ਹਿਟਲਰ ਦੇ ਰਾਜ ਵਿਚ ਯਹੂਦੀ ਅਤੇ ਖੱਬੇ ਪੱਖੀ ਕਲਪਿਤ ਦੁਸ਼ਮਣ ਸਨ। ਭਾਰਤ ਵਿਚ ਹਿਟਲਰ ਦੇ ਪੈਰੋਕਾਰਾਂ ਦੇ ਨਿਸ਼ਾਨੇ 'ਤੇ ਮੁਸਲਮਾਨ, ਕਮਿਊਨਿਸਟ, ਇਸਾਈ/ਹੋਰ ਘੱਟਗਿਣਤੀਆਂ ਹਨ। ਜਰਮਨੀ 'ਚ ਯਹੂਦੀਆਂ ਦੇ ਘਰਾਂ 'ਤੇ ਨਿਸ਼ਾਨ ਲਗਾ ਦਿੱਤੇ ਜਾਂਦੇ ਸਨ ਤਾਂ ਜੋ ਕਾਤਲ ਗਰੋਹਾਂ ਨੂੰ ਉਨ੍ਹਾਂ ਦੀ ਤੁਰੰਤ ਪਛਾਣ ਕਰਨ 'ਚ ਮੁਸ਼ਕਿਲ ਨਾ ਆਵੇ। 1984 'ਚ ਦਿੱਲੀ 'ਚ ਸਿੱਖ ਵਿਰੋਧੀ ਕਤਲੇਆਮ ਅਤੇ 2002 'ਚ ਗੁਜਰਾਤ 'ਚ ਮੁਸਲਮਾਨਾਂ ਦੇ ਕਤਲੇਆਮ ਸਮੇਂ ਵੀ ਖ਼ਾਸ ਫਿਰਕੇ ਦੀ ਅਗੇਤੀ ਨਿਸ਼ਾਨਦੇਹੀ ਕੀਤੇ ਜਾਣ ਦੇ ਸੰਕੇਤ ਮਿਲੇ ਸਨ।

ਨਫ਼ਰਤ ਦੀ ਸਿਆਸਤ ਹੋਰ ਸ਼ਕਲਾਂ 'ਚ ਵੀ ਘੱਟਗਿਣਤੀ ਮੁਸਲਮਾਨਾਂ ਨੂੰ ਲਗਾਤਾਰ ਨਿਸ਼ਾਨਾ ਬਣਾ ਰਹੀ ਹੈ। ਤੀਜੀ ਵਾਰ ਮੋਦੀ ਦੀ ਸਰਕਾਰ ਬਣਦੇ ਸਾਰ ਇਕ ਮਹੀਨੇ 'ਚ ਹੀ ਹਜੂਮੀ ਕਤਲਾਂ/ਹਿੰਸਾ ਨੇ ਜ਼ੋਰ ਫੜ ਲਿਆ। 7 ਜੂਨ ਨੂੰ ਰਾਏਪੁਰ (ਛੱਤੀਸਗੜ੍ਹ) ਵਿਚ ਮੁਸਲਮਾਨ ਨੌਜਵਾਨ ਦਾ ਕਤਲ, ਮੁਰਾਦਾਬਾਦ ਤੇ ਅਲੀਗੜ੍ਹ (ਉਤਰ ਪ੍ਰਦੇਸ਼) ਵਿਚ ਮੁਸਲਮਾਨਾਂ ਦੇ ਕਤਲ, ਰਾਜਸਥਾਨ ਵਿਚ ਗਊ ਹੱਤਿਆ ਦੇ ਬਹਾਨੇ ਦੋ ਹਿੰਦੂ ਨੌਜਵਾਨਾਂ ਦਾ ਕਤਲ ਅਤੇ ਉੜੀਸਾ ਵਿਚ ਹਜੂਮੀ ਹਿੰਸਾ ਦੀਆਂ ਕਈ ਵਾਰਦਾਤਾਂ, ਗੁਜਰਾਤ ਵਿਚ ਕ੍ਰਿਕਟ ਦੇ ਮੈਚ ਸਮੇਂ ਮੁਸਲਮਾਨ ਕ੍ਰਿਕਟ ਖਿਡਾਰੀ ਉਪਰ ਹਮਲਾ ਅਤੇ ਉਸ ਨੂੰ ਜੈ ਸ੍ਰੀਰਾਮ ਦੇ ਨਾਅਰੇ ਲਾਉਣ ਲਈ ਮਜਬੂਰ ਕਰਨਾ ਜ਼ੋਰ ਫੜ ਰਹੀ ਫਾਸ਼ੀਵਾਦੀ ਮੁਹਿੰਮ ਦੇ ਸੰਕੇਤ ਹਨ।

ਭਾਜਪਾ ਅਤੇ ਸੰਘ ਪਰਿਵਾਰ ਦੇ ਹੋਰ ਆਗੂਆਂ ਦੇ ਨਫ਼ਰਤੀ ਭਾਸ਼ਣਾਂ ਦੀ ਸੁਰ ਵੀ ਤਿੱਖੀ ਹੋ ਗਈ ਹੈ। 17 ਅਗਸਤ ਨੂੰ ਝਾਰਖੰਡ ਵਿਚ ਭਾਸ਼ਣ ਦਿੰਦਿਆਂ ਅਸਾਮ ਦੇ ਮੁੱਖ ਮੰਤਰੀ ਹਿਮਾਂਤ ਬਿਸਵ ਸਰਮਾ ਨੇ ਕਿਹਾ ਕਿ ਅਸਾਮ ਵਿਚ ਮੁਸਲਮਾਨਾਂ ਦੀ ਆਬਾਦੀ 1951 'ਚ 12% ਸੀ ਜੋ ਹੁਣ ਵਧ ਕੇ 40% ਹੋ ਗਈ ਹੈ। ਤੱਥ ਇਹ ਹੈ ਕਿ 1951 'ਚ ਮੁਸਲਮਾਨਾਂ ਦੀ ਆਬਾਦੀ 24.68% ਸੀ ਅਤੇ 2011 ਤੋਂ ਬਾਅਦ ਕੋਈ ਮਰਦਮਸ਼ੁਮਾਰੀ ਨਹੀਂ ਹੋਈ ਜਿਸ ਤੋਂ ਆਬਾਦੀ ਦੇ ਮੌਜੂਦਾ ਅੰਕੜੇ ਪਤਾ ਲੱਗਣ। 7 ਜੂਨ ਨੂੰ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਮਹਿਲਾ ਵਿੰਗ, ਦੁਰਗਾ ਵਾਹਿਨੀ ਦੀ ਮੈਂਬਰ ਨੇ ਅਜਮੇਰ ਵਿਖੇ ਜ਼ਹਿਰੀਲਾ ਭਾਸ਼ਣ ਦਿੱਤਾ। 8 ਜੂਨ 2024 ਨੂੰ ਜ਼ਹਿਰੀਲੇ ਫਿਰਕੂ ਭਾਸ਼ਣਾਂ ਲਈ ਬਦਨਾਮ ਸਵਾਮੀ ਸਚਿਦਾਨੰਦ ਨੇ ਜੋਧਪੁਰ (ਰਾਜਸਥਾਨ) ਵਿਚ ਦਿੱਤੇ ਭਾਸ਼ਣ ਵਿਚ ਮੁਸਲਮਾਨਾਂ ਵਿਰੁੱਧ ਨਫ਼ਰਤ ਫੈਲਾਈ ਕਿ 'ਗੋਲ ਟੋਪੀਆਂ ਵਾਲਿਆਂ ਨੇ ਗ਼ੈਰ-ਕਾਨੂੰਨੀ ਤਰੀਕੇ ਨਾਲ ਆਪਣੀ ਆਬਾਦੀ 44% ਤੱਕ ਵਧਾ ਲਈ ਹੈ, 'ਤੁਹਾਡੇ ਇਕ ਬੱਚਾ ਹੈ ਅਤੇ ਉਨ੍ਹਾਂ ਦੇ ਸਤਾਰਾਂ', ਤੁਸੀਂ ਉਨ੍ਹਾਂ ਦਾ ਮੁਕਾਬਲਾ ਕਿਵੇਂ ਕਰੋਗੇ... ਇਹ ਉਨ੍ਹਾਂ ਦੀ 'ਗਜ਼ਵਾ-ਏ-ਹਿੰਦ' ਜਹਾਦ ਤਹਿਤ ਭਾਰਤ ਦੀ ਧਰਤੀ ਉਪਰ ਕਬਜ਼ਾ ਕਰਨ ਦੀ ਸਾਜ਼ਿਸ਼ ਹੈ। ਉਸ ਨੇ ਹਿੰਦੂਆਂ ਨੂੰ ਹਥਿਆਰ ਚੁੱਕਣ, ਮੁਸਲਮਾਨਾਂ ਨੂੰ ਕਤਲ ਕਰਨ, ਮੁਸਲਮਾਨ ਔਰਤਾਂ ਦੇ ਬਲਾਤਕਾਰ ਕਰਨ ਅਤੇ ਉਨ੍ਹਾਂ ਦੀਆਂ ਜਾਇਦਾਦਾਂ ਉਪਰ ਕਬਜ਼ੇ ਕਰਨ ਦਾ ਸ਼ਰੇਆਮ ਸੱਦਾ ਦਿੱਤਾ ਜਿਸ ਦੇ ਵੀਡੀਓ ਸਬੂਤ ਹਨ। ਇਹ ਸ਼ਖ਼ਸ ਸੰਘ ਬ੍ਰਿਗੇਡ ਦੇ ਉੱਘੇ ਨਫ਼ਰਤੀ ਭਾਸ਼ਣਬਾਜ਼ਾਂ ਵਿਚੋਂ ਸਿਰਕੱਢ ਨਾਮ ਹੈ ਜੋ ਅਕਸਰ ਮੁਸਲਮਾਨਾਂ ਤੇ ਇਸਾਈਆਂ ਵਿਰੁੱਧ 'ਲਵ ਜਿਹਾਦ', 'ਨਾਈ ਜਿਹਾਦ' 'ਜ਼ਮੀਨ ਜਿਹਾਦ' ਆਦਿ ਝੂਠ ਪ੍ਰਚਾਰ ਕੇ ਵਿਵਾਦਾਂ 'ਚ ਘਿਰਿਆ ਰਹਿੰਦਾ ਹੈ। ਇਹ ਚੋਣ ਰੈਲੀਆਂ ਵਿਚ ਮੋਦੀ ਅਤੇ ਹੋਰ ਭਗਵਾ ਆਗੂਆਂ ਦੇ ਨਫ਼ਰਤੀ ਭਾਸ਼ਣਾਂ ਦੀ ਲਗਾਤਾਰਤਾ ਹੈ ਕਿ ਜੇ ਕਾਂਗਰਸ ਦੀ ਸਰਕਾਰ ਬਣ ਗਈ ਤਾਂ ਹਿੰਦੂ ਔਰਤਾਂ ਦੇ ਮੰਗਲ-ਸੂਤਰ ਲਾਹ ਲਏ ਜਾਣਗੇ ਅਤੇ ਹਿੰਦੂਆਂ ਦੀਆਂ ਜਾਇਦਾਦਾਂ ਖੋਹ ਕੇ ਮੁਸਲਮਾਨਾਂ 'ਚ ਵੰਡ ਦਿੱਤੀਆਂ ਜਾਣਗੀਆਂ।

ਇਹ ਮਿਸਾਲਾਂ ਮੁਲਕ ਵਿਚ ਮੁਸਲਮਾਨਾਂ ਵਿਰੁੱਧ ਲਗਾਤਾਰ ਭੜਕਾਈ ਜਾ ਰਹੀ ਨਫ਼ਰਤ ਦੇ ਵਿਆਪਕ ਵਰਤਾਰੇ ਦੀ ਜਿਹੀ ਝਲਕ ਹਨ। ਸਪਸ਼ਟ ਹੈ ਕਿ ਸੰਘ ਬ੍ਰਿਗੇਡ ਸਿਲਸਿਲੇਵਾਰ ਤਰੀਕੇ ਨਾਲ ਹਰ ਮੌਕੇ ਤੇ ਮੰਚ ਨੂੰ ਫਿਰਕੂ ਪਾਲਾਬੰਦੀ ਲਈ ਵਰਤ ਰਿਹਾ ਹੈ। ਇਸ ਸਾਜ਼ਿਸ਼ ਤੋਂ ਫ਼ਿਕਰਮੰਦ ਕੁਝ ਉਘੀਆਂ ਸ਼ਖ਼ਸੀਅਤਾਂ ਪ੍ਰੋ. ਅਪੂਰਵਾਨੰਦ, ਅਕਾਰ ਪਟੇਲ, ਮਹੂਆ ਮੋਇਤਰਾ, ਤੀਸਤਾ ਸੀਤਲਵਾੜ ਦੀ ਅਗਵਾਈ ਹੇਠਲੀ ਸੰਸਥਾ 'ਸਿਟੀਜ਼ਨ ਫਾਰ ਜਸਟਿਸ ਐਂਡ ਪੀਸ', 'ਐਸੋਸੀਏਸ਼ਨ ਆਫ ਪ੍ਰੋਟੈਕਸ਼ਨ ਆਫ ਸਿਵਲ ਰਾਈਟਸ' ਆਦਿ ਸੰਸਥਾਵਾਂ ਨੇ ਇਸ ਵਰਤਾਰੇ ਵਿਰੁੱਧ ਸੁਪਰੀਮ ਕੋਰਟ ਵਿਚ ਪਟੀਸ਼ਨਾਂ ਦਾਇਰ ਕਰ ਕੇ ਦਖ਼ਲ ਦੇਣ ਅਤੇ ਮੁਸਲਮਾਨਾਂ ਵਿਰੁੱਧ ਜ਼ਹਿਰੀਲੀ ਮੁਹਿੰਮ ਉਪਰ ਰੋਕ ਲਾਉਣ ਦੀ ਮੰਗ ਕੀਤੀ ਹੈ। ਸੁਪਰੀਮ ਕੋਰਟ ਨੇ ਭਾਜਪਾ ਦੀਆਂ ਰਾਜ ਸਰਕਾਰਾਂ ਦੇ ਉਪਰੋਕਤ ਹੁਕਮਾਂ ਉਪਰ ਆਰਜ਼ੀ ਤੌਰ 'ਤੇ ਰੋਕ ਜ਼ਰੂਰ ਲਾ ਦਿੱਤੀ ਹੈ ਪਰ ਅਦਾਲਤ ਦੀ ਦਖ਼ਲਅੰਦਾਜ਼ੀ ਸਮੁੱਚੇ ਰੂਪ 'ਚ ਨਫ਼ਰਤੀ ਮੁਹਿੰਮ ਨੂੰ ਰੋਕਣ ਲਈ ਵਿਹਾਰਕ ਤੌਰ 'ਤੇ ਕਿੰਨੀ ਕੁ ਅਸਰਦਾਰ ਸਾਬਤ ਹੁੰਦੀ ਹੈ, ਹੁੰਦੀ ਵੀ ਹੈ ਜਾਂ ਨਹੀਂ, ਤੇ 5 ਅਗਸਤ ਨੂੰ ਸੁਪਰੀਮ ਕੋਰਟ ਕੀ ਅੰਤਿਮ ਆਦੇਸ਼ ਦਿੰਦੀ ਹੈ, ਇਹ ਆਉਣ ਵਾਲੇ ਦਿਨਾਂ 'ਚ ਸਾਹਮਣੇ ਆਵੇਗਾ।

ਇਨਸਾਫ਼ਪਸੰਦ ਲੋਕ ਪੱਖੀ ਤਾਕਤਾਂ ਨੂੰ ਅਦਾਲਤੀ ਦਖ਼ਲਅੰਦਾਜ਼ੀ ਵੱਲ ਦੇਖਣ ਦੀ ਬਜਾਇ ਆਪਣੀ ਪੂਰੀ ਤਾਕਤ ਇਸ ਨਫ਼ਰਤੀ ਮੁਹਿੰਮ ਨੂੰ ਰੋਕਣ ਲਈ ਵਿਆਪਕ ਲੋਕ ਰਾਇ ਉਸਾਰਨ ਅਤੇ ਇਸ ਦਾ ਮੁਕਾਬਲਾ ਸੜਕਾਂ ਉਪਰ ਆ ਕੇ ਕਰਨ ਉਪਰ ਲਗਾਉਣੀ ਚਾਹੀਦੀ ਹੈ।

# ਭਾਰਤ ਵਿਚ ਸਿਹਤ ਤੇ ਸਿੱਖਿਆ ਦਾ ਏਜੰਡਾ ਖਤਮ?

ਹਲਕੀਆਂ ਭੂਰੀਆਂ ਧਾਰੀਆਂ ਵਾਲਾ ਜੈਤੂਨੀ, ਹਰੇ ਰੰਗ ਦਾ ਬੰਦਗਲਾ ਪਹਿਨ ਕੇ ਸ਼ੁੱਕਰਵਾਰ ਨੂੰ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਾਰਗਿਲ ਮੈਮੋਰੀਅਲ 'ਤੇ ਪਹੁੰਚ ਕੇ ਪਾਕਿਸਤਾਨ ਨੂੰ ਸਰਹੱਦ ਪਾਰੋਂ ਦਹਿਸ਼ਤਗਰਦੀ ਨੂੰ ਸ਼ਹਿ ਦੇਣ ਬਦਲੇ ਖ਼ਰੀਆਂ-ਖੋਟੀਆਂ ਸੁਣਾ ਰਹੇ ਸਨ ਤਾਂ ਸਾਫ਼ ਦਿਸ ਰਿਹਾ ਸੀ ਕਿ ਕੁਝ ਚੀਜ਼ਾਂ 25 ਸਾਲਾਂ ਬਾਅਦ ਵੀ ਨਹੀਂ ਬਦਲੀਆਂ।

ਉਂਝ, ਚੰਡੀਗੜ੍ਹ ਵਿਚ ਬਜਟ ਦਸਤਾਵੇਜ਼ਾਂ ਦੇ ਅਧਿਐਨ ਦੀ ਉਡੀਕ ਹੋ ਰਹੀ ਸੀ। ਇੱਕ ਪਲ ਲਈ ਲੱਗਿਆ ਜਿਵੇਂ 'ਸਿਹਤ' ਅਤੇ 'ਸਿੱਖਿਆ' ਵਾਲੇ ਭਾਗ ਕਿਤੇ ਗੁੰਮ ਹੀ ਹੋ ਗਏ ਹਨ। ਪਿਛਲੇ

**ਜਯੋਤੀ ਮਲਹੋਤਰਾ**

ਹਫ਼ਤੇ ਜਦੋਂ ਬਜਟ ਪੇਸ਼ ਕੀਤਾ ਗਿਆ ਸੀ ਤਾਂ ਭਾਰਤ ਦੇ ਸ਼ੇਅਰ ਬਾਜ਼ਾਰ ਦੇ ਸ਼ੈਦਾਈ ਦਰਸ਼ਕਾਂ ਨੇ ਬਜਟ ਦੇ ਪੂੰਜੀ ਲਾਭ 'ਤੇ ਟੈਕਸ ਵਾਲੇ ਭਾਗ ਨੂੰ ਬਹੁਤ ਗਹੁ ਨਾਲ ਵਾਚਿਆ ਸੀ ਤੇ ਸ਼ਾਇਦ ਸਿਹਤ ਤੇ ਸਿੱਖਿਆ ਵਾਲੇ ਭਾਗਾਂ ਨੂੰ ਪੂੰਜੀ ਲਾਭ ਵਾਲੇ ਭਾਗ ਵਿਚ ਲੀਕ ਕਰ ਦਿੱਤਾ ਗਿਆ ਸੀ। ਗ਼ੌਰਤਲਬ ਹੈ ਕਿ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਆਪਣੇ ਭਾਸ਼ਣ ਵਿਚ ਸ਼ੇਅਰ ਬਾਜ਼ਾਰ ਦੀਆਂ 'ਮੁਹਾਰਾਂ' ਦੇ ਜ਼ਿਕਰ ਮਾਤਰ ਨਾਲ ਹੀ ਬਾਜ਼ਾਰ ਨੂੰ ਤਾਅ ਚੜ੍ਹ ਗਿਆ ਸੀ ਪਰ ਹਰ ਕੋਈ ਜਾਣਦਾ ਹੈ ਕਿ ਮੰਗਲਾਗਿਰੀ ਸਾੜੀ ਪਹਿਨ ਕੇ ਆਈ ਅਡੋਲ ਨਿਰਮਲਾ ਬਹੁਤ ਜਬ੍ਹੇ ਵਾਲੀ ਔਰਤ ਹੈ ਅਤੇ ਇਹ ਉਥੇ ਜਾ ਰਹੀ ਹੈ ਜਿੱਥੇ ਦੇਵਤੇ ਅਤੇ ਸਾਬਕਾ ਵਿੱਤ ਮੰਤਰੀ ਪੀ. ਚਿਦੰਬਰਮ ਵੀ ਜਾਣ ਤੋਂ ਡਰਦੇ ਸਨ। ਕੋਈ ਉਨ੍ਹਾਂ ਨੂੰ 'ਪਲਟੂ ਵਿੱਤ ਮੰਤਰੀ' ਦਾ ਲਕਬ ਨਹੀਂ ਦੇ ਸਕਦਾ।

ਇਸ ਦੇ ਨਾਲ ਹੀ ਇੱਕ ਹੋਰ ਸਵਾਲ ਪੈਦਾ ਹੁੰਦਾ ਹੈ: ਨਿਰਮਲਾ ਸੀਤਾਰਮਨ ਨੇ ਸਿਹਤ ਅਤੇ ਸਿੱਖਿਆ ਖੇਤਰਾਂ ਦੇ ਸੁਧਾਰ, ਕਾਇਆ ਕਲਪ ਅਤੇ ਆਧੁਨਿਕੀਕਰਨ ਦੀ ਅਣਸਰਦੀ ਪੁਕਾਰ ਨੂੰ ਨਜ਼ਰ ਅੰਦਾਜ਼ ਕਿਉਂ ਕੀਤਾ? ਮਰਦ ਪ੍ਰਧਾਨ ਸਿਆਸੀ ਪਾਰਟੀ ਦੀਆਂ ਮੋਹਰੀ ਸਫ਼ਾਂ ਤੱਕ ਅੱਪੜਨ ਵਿਚ ਕਾਮਯਾਬ ਹੋਣ ਅਤੇ ਇਸ ਤੋਂ ਪਹਿਲਾਂ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਵਿਚ ਪੜ੍ਹਨ ਵਾਲੀ ਬੀਬੀ ਨਿਰਮਲਾ ਬਾਖ਼ੂਬੀ ਜਾਣਦੀ ਹੈ ਕਿ ਕਣਕ ਤੇ ਕੋਕੜੂ ਨੂੰ ਕਿਵੇਂ ਵੱਖ ਕਰੀਦਾ; ਭਾਵ, ਚੰਗੇ ਤੇ ਮਾੜੇ ਵਿਚ ਫ਼ਰਕ ਕਿਵੇਂ ਕਰਨਾ ਹੁੰਦਾ ਹੈ (ਮਸਲਨ, ਉਸ ਮੁਤੱਲਕ ਆਪਣੀ ਪੁਰਾਣੀ ਵਜ਼ਾਰਤੀ ਸਾਥਣ ਤੇ 2014 ਵਿਚ ਮਨੁੱਖੀ ਸਰੋਤ ਵਿਕਾਸ ਮੰਤਰੀ ਹੁੰਦਿਆਂ ਸਿਮ੍ਰਤੀ ਇਰਾਨੀ ਵਾਂਗ ਆਪਣੇ ਮਾਤਹਿਤ ਅਫ਼ਸਰਾਂ 'ਤੇ ਫਾਈਲਾਂ ਵਗਾਹ ਮਾਰਨ ਜਿਹੀ ਕਦੇ ਕੋਈ ਗੱਲ ਸੁਣਨ ਨੂੰ ਨਹੀਂ ਮਿਲੀ)। ਦਰਅਸਲ, ਉਹ ਅੰਕੜਿਆਂ ਦਾ ਇਹਤਰਾਮ ਕਰਦੇ ਹਨ, ਉਦੋਂ ਵੀ ਜਦੋਂ ਇਹ ਪ੍ਰਤੱਖ ਰੂਪ ਵਿਚ ਛੁਪੇ ਹੁੰਦੇ ਹਨ।



ਉਹ ਜਾਣਦੇ ਹਨ ਕਿ ਬਜਟ ਅਨੁਮਾਨਾਂ ਦੀ ਸੋਧੇ ਹੋਏ ਅਨੁਮਾਨਾਂ ਨਾਲ ਤੁਲਨਾ ਕਰਨਾ ਨਿਹਾਇਤ ਗ਼ਲਤ ਹੈ ਕਿਉਂਕਿ ਦੋਵਾਂ ਵਿਚ ਓਨਾ ਹੀ ਫ਼ਰਕ ਹੈ ਜਿੰਨਾ ਫੱਕ ਤੇ ਪਨੀਰ ਵਿਚ ਹੁੰਦਾ ਹੈ; ਬਜਟ ਅਨੁਮਾਨ ਦਾ ਸਬੰਧ ਆਊਟਲੇਅ ਭਾਵ ਕਿਸੇ ਮੰਤਵ ਲਈ ਮੁਕੱਰਰ ਕੀਤੀ ਰਕਮ ਨਾਲ ਹੁੰਦਾ ਹੈ ਤੇ ਸੋਧੇ ਹੋਏ ਅਨੁਮਾਨ ਦਾ ਤਾਅਲੁਕ ਉਸ ਬਾਬਤ ਹਕੀਕੀ ਰੂਪ ਵਿਚ ਖਰਚ ਕੀਤੀ ਰਕਮ ਨਾਲ ਹੁੰਦਾ ਹੈ। ਇਸ ਲਈ ਇਸ ਸਾਲ ਦੇ ਬਜਟ ਅਨੁਮਾਨ ਦੀ ਪਿਛਲੇ ਸਾਲ ਦੇ ਸੋਧੇ ਹੋਏ ਅਨੁਮਾਨ ਨਾਲ ਤੁਲਨਾ ਕਰ ਕੇ ਇਹ ਕਹਿਣਾ ਬਿਲਕੁਲ ਗ਼ਲਤ ਹੋਵੇਗਾ ਕਿ ਇਸ ਸਾਲ ਸਿਹਤ ਖੇਤਰ ਲਈ 12 ਫ਼ੀਸਦੀ ਜ਼ਿਆਦਾ ਫੰਡ ਮਿਲੇ ਹਨ ਕਿਉਂਕਿ ਇਹ ਸੇਬਾਂ ਦੀ ਸੰਤਰਿਆਂ ਨਾਲ ਤੁਲਨਾ ਕਰਨ ਵਰਗੀ ਗੱਲ ਹੋ ਜਾਂਦੀ ਹੈ। ਮੁਨਾਸਿਬ ਗੱਲ ਇਹ ਹੋਵੇਗੀ ਕਿ ਇਸ ਸਾਲ ਦੇ ਬਜਟ ਅਨੁਮਾਨ (90958.63 ਕਰੋੜ ਰੁਪਏ) ਦੀ ਪਿਛਲੇ ਸਾਲ ਦੇ ਬਜਟ ਅਨੁਮਾਨ (89155 ਕਰੋੜ ਰੁਪਏ) ਨਾਲ ਤੁਲਨਾ ਕੀਤੀ ਜਾਵੇ। ਇਸ ਤਰ੍ਹਾਂ ਸਿਹਤ ਮੰਤਰਾਲੇ ਦੇ ਬਜਟ ਵਿਚ 1803.63 ਕਰੋੜ ਰੁਪਏ ਦਾ ਮਾਮੂਲੀ ਵਾਧਾ ਹੋਇਆ ਹੈ ਜੋ ਸਿਰਫ਼ 1.98% ਬਣਦਾ ਹੈ। ਇਸ ਤੋਂ ਇਲਾਵਾ ਕੌਮੀ ਸਿਹਤ ਮਿਸ਼ਨ ਲਈ 1.16% ਅਤੇ ਪੀ.ਐੱਮ.-ਜੇ.ਏ.ਵਾਈ. ਜੋ ਹੇਠਲੇ ਵਰਗ ਦੇ 55 ਕਰੋੜ ਲੋਕਾਂ ਵਾਸਤੇ ਸਕੀਮ ਹੈ, ਲਈ 1.4% ਵਾਧਾ ਹੋਇਆ ਹੈ। ਇਹ ਦੋਵੇਂ ਸਕੀਮਾਂ ਨਰਿੰਦਰ ਮੋਦੀ ਸਰਕਾਰ ਦੀ 2018 ਵਿਚ ਐਲਾਨੀ ਬਹੁ-ਚਰਚਿਤ ਆਯੂਸ਼ਮਾਨ ਭਾਰਤ ਯੋਜਨਾ ਦਾ ਮੁੱਖ ਆਧਾਰ ਹਨ।

ਇਸ ਮਾਮੂਲੀ ਵਾਧੇ ਨਾਲ ਤਪਦਿਕ (ਟੀ.ਬੀ.) ਦੇ ਖਾਤਮੇ (ਟੀਚਾ 2025) ਲਈ ਜਾਂ ਬਾਲ ਟੀਕਾਕਰਨ ਨੂੰ ਸਰਬਵਿਆਪੀ ਬਣਾਉਣ ਜਾਂ ਲੜਕੀਆਂ ਅਤੇ ਔਰਤਾਂ ਵਿਚ ਸਰਵਾਈਕਲ ਕੈਂਸਰ ਦੇ ਇਲਾਜ ਲਈ ਐੱਚ.ਪੀ.ਵੀ. ਵੈਕਸੀਨ ਸ਼ੁਰੂ ਕਰਨ (ਜਿਸ ਦਾ ਲੰਘੀ ਫਰਵਰੀ ਵਿਚ ਅੰਤਰਿਮ ਬਜਟ ਵਿਚ ਵਾਅਦਾ ਕੀਤਾ ਗਿਆ ਸੀ) ਲਈ ਫੰਡ ਕਿੱਥੋਂ ਆਉਣਗੇ? ਫਿਰ ਇਹ ਯਖ ਸਚਾਈ ਹੈ ਕਿ ਸਿਹਤ ਉਪਰ ਕੀਤਾ ਜਾਣ ਵਾਲਾ ਸਰਕਾਰੀ ਖਰਚ ਅਜੇ ਵੀ ਜੀ.ਡੀ.ਪੀ. ਦਾ ਸਿਰਫ਼ 1.9 ਫ਼ੀਸਦੀ ਹੈ; 2017 ਦੀ ਕੌਮੀ ਸਿਹਤ ਨੀਤੀ ਵਿਚ ਇਹ ਖਰਚ ਵਧਾ ਕੇ 2.5 ਫ਼ੀਸਦੀ ਕਰਨ ਦਾ ਟੀਚਾ ਮਿੱਥਿਆ ਸੀ। ਕੋਵਿਡ-19 ਮਹਾਮਾਰੀ (ਜਿਸ ਦੀ ਭਾਰਤ ਉਪਰ ਬਹੁਤ ਬੁਰੀ ਮਾਰ ਪਈ, ਸਰਕਾਰੀ ਅੰਕੜਿਆਂ ਮੁਤਾਬਿਕ ਕੋਵਿਡ ਕਾਰਨ ਕਰੀਬ 532000 ਲੋਕਾਂ ਦੀ ਮੌਤ ਹੋਈ), ਦੇ ਮੱਦੇਨਜ਼ਰ ਅਸੀਂ ਸੋਚਦੇ ਸਾਂ ਕਿ ਕੁਝ ਸਬਕ ਲਏ ਜਾਣਗੇ ਪਰ ਮੋਦੀ ਸਰਕਾਰ ਨੇ ਇਹ ਸਬਕ ਲੈਣ ਤੋਂ ਇਨਕਾਰ ਕਿਉਂ ਕੀਤਾ ਹੈ?

ਸਿੱਖਿਆ ਖੇਤਰ ਵੀ ਇਸ ਤੋਂ ਬਹੁਤਾ ਪਿੱਛੇ ਨਹੀਂ। ਪਿਛਲੇ ਸਾਲ ਦੇ ਬਜਟ ਅਨੁਮਾਨ ਵਿਚ ਸਿੱਖਿਆ ਲਈ 112899.47 ਕਰੋੜ ਰੁਪਏ ਦਾ ਇੰਤਜ਼ਾਮ ਕੀਤਾ ਸੀ ਜੋ ਇਸ ਸਾਲ ਵਧਾ ਕੇ 120627.87 ਕਰੋੜ ਰੁਪਏ ਕੀਤਾ ਗਿਆ; ਭਾਵ, ਸਿਰਫ਼ 7728.4 ਕਰੋੜ ਰੁਪਏ ਦਾ ਮਾਮੂਲੀ ਵਾਧਾ। ਆਰਥਿਕ ਸਰਵੇਖਣ ਮੁਤਾਬਿਕ ਜੀ.ਡੀ.ਪੀ. ਦੇ ਅਨੁਪਾਤ ਵਿਚ ਸਿੱਖਿਆ ਲਈ ਫੰਡ 2.8 ਫ਼ੀਸਦੀ ਤੋਂ ਘਟ ਕੇ ਦਰਅਸਲ 2010 ਦੇ 2.7 ਫ਼ੀਸਦੀ ਦੇ ਪੱਧਰ 'ਤੇ ਚਲੇ ਗਏ ਹਨ (ਯੂਨੈਸਕੋ ਦਾ ਕਹਿਣਾ ਹੈ ਕਿ ਇਸ ਦਾ ਆਲਮੀ ਪੈਮਾਨਾ 4-6 ਫ਼ੀਸਦੀ ਹੈ)। ਤੁਸੀਂ ਇਸ ਗੱਲੋਂ ਹੈਰਾਨ ਨਹੀਂ ਹੋਵੋਗੇ ਕਿ ਚੀਨ ਆਪਣੀ ਜੀ.ਡੀ.ਪੀ. ਦਾ 3.3 ਫ਼ੀਸਦੀ ਹਿੱਸਾ ਸਿੱਖਿਆ ਲਈ ਰੱਖਦਾ ਹੈ ਅਤੇ ਦੁਨੀਆ ਦੀਆਂ ਚੋਟੀ ਦੀਆਂ ਯੂਨੀਵਰਸਿਟੀਆਂ ਨੂੰ ਆਪਣੇ ਦੇਸ਼ ਵਿਚ ਫ੍ਰੈਂਚਾਇਜ਼ੀਜ਼ ਖੋਲ੍ਹਣ ਦੇ ਸੱਦੇ ਦਿੰਦਾ ਹੈ; ਹੋਰ ਤਾਂ ਹੋਰ, ਅਫ਼ਗਾਨਿਸਤਾਨ ਨੇ ਵੀ 2020 ਵਿਚ (ਸੱਤਾ ਦੀ ਵਾਗਡੋਰ ਤਾਲਿਬਾਨ ਦੇ ਹੱਥਾਂ ਵਿਚ ਚਲੀ ਜਾਣ ਤੋਂ ਬਾਅਦ ਇਸ ਦਾ ਕਬਾੜਾ ਹੋ ਗਿਆ ਸੀ) ਸਿੱਖਿਆ ਲਈ 2.8 ਫ਼ੀਸਦੀ ਹਿੱਸਾ ਰੱਖਿਆ ਸੀ, ਇਉਂ ਨਜ਼ਰ ਇਹੀ ਆਉਂਦਾ ਹੈ ਕਿ ਨਵੀਂ ਦਿੱਲੀ ਵਿਚ ਕੋਈ ਨਾ ਕੋਈ ਵੱਡੀ ਗੜਬੜ ਹੈ।

ਦੇਸ਼ ਦੇ ਬੱਚੇ ਪੜ੍ਹਨ ਭਾਵੇਂ ਨਾ ਪੜ੍ਹਨ ਜਾਂ ਉਹ ਸਿਹਤਮੰਦ ਹੋਣ ਜਾਂ ਨਾ, ਭਾਰਤ ਦੀ ਸਿਆਸੀ ਜਮਾਤ ਨੂੰ ਇਸ ਦੀ ਉਕਾ ਹੀ ਫ਼ਿਕਰ ਕਿਉਂ ਨਹੀਂ? ਇਸ ਸਵਾਲ ਦਾ ਸਪਸ਼ਟ ਉਤਰ ਪ੍ਰਾਈਵੇਟ ਖੇਤਰ ਦਿੰਦਾ ਹੈ। ਇਨ੍ਹਾਂ ਦੋਵੇਂ ਖੇਤਰਾਂ ਵਿਚ ਲੋਕਾਂ ਦੀਆਂ ਜੇਬ੍ਹਾਂ 'ਚੋਂ ਹੋਣ ਵਾਲਾ ਖਰਚਾ ਕਈ ਗੁਣਾ ਵਧ ਗਿਆ ਹੈ। ਨਵੇਂ ਭਾਰਤ ਅੰਦਰ ਜੇ ਤੁਹਾਡੀ ਜੇਬ੍ਹ ਵਿਚ ਪੈਸਾ ਹੈ ਤਾਂ ਤੁਸੀਂ ਬਿਹਤਰੀਨ ਹਸਪਤਾਲਾਂ ਅਤੇ ਸਕੂਲਾਂ ਕਾਲਜਾਂ ਦੀਆਂ ਸੇਵਾਵਾਂ ਹਾਸਿਲ ਕਰ ਸਕਦੇ ਹੋ; ਜੇ ਨਹੀਂ ਤਾਂ ਤੁਸੀਂ ਚਿੱਕੜ ਵਿਚ ਫਸੇ ਰਹੋਗੇ।

ਇਸ ਸਵਾਲ ਦਾ ਸਹੀ ਜਵਾਬ ਦੇਣ ਵਾਲੇ ਦੋ ਦੇਸ਼ ਹਨ- ਸਾਬਕਾ ਸੋਵੀਅਤ ਸੰਘ, ਇਸ ਦਾ ਵਾਰਸ ਰੂਸ ਤੇ ਚੀਨ। ਇਨ੍ਹਾਂ ਦੋਵਾਂ ਨੂੰ ਕਮਿਊਨਿਸਟ ਦੇਸ਼ ਕਹਿ ਕੇ ਭੰਡਣਾ ਸੌਖਾ ਹੈ; ਭਾਵ, ਲੋਕਰਾਜ ਤਰਕਸੰਗਤ ਅਤੇ ਕਮਿਊਨਿਸਟ ਨਿਰੰਕੁਸ਼ਵਾਦੀ ਹੁੰਦੇ ਹਨ ਪਰ ਜਦੋਂ ਸਵਾਲ ਤੁਹਾਡੇ ਬੱਚਿਆਂ ਦੀ ਸਿੱਖਿਆ ਦਾ ਆਉਂਦਾ ਹੈ ਤਾਂ ਇਹ ਮਹਿਜ਼ ਬਹਾਨਾ ਹੁੰਦਾ ਹੈ।

ਤੱਥ ਇਹ ਹੈ ਕਿ ਰੂਸ ਅਤੇ ਚੀਨ ਇਹ ਸਮਝਦੇ ਹਨ ਕਿ ਪੜ੍ਹਿਆ ਲਿਖਿਆ ਦੇਸ਼ ਬਣਨ ਲਈ ਸਾਰੇ ਬੱਚਿਆਂ ਨੂੰ ਮਿਆਰੀ ਸਿੱਖਿਆ ਦੇਣੀ ਜ਼ਰੂਰੀ ਹੈ ਨਾ ਕਿ ਮੁੱਠੀ ਭਰ ਕੁਲੀਨਾਂ ਦੇ ਬੱਚਿਆਂ ਨੂੰ; ਤੇ ਇੰਝ ਸਮੁੱਚੇ ਦੇਸ਼ ਅੰਦਰ ਸਾਰੇ ਪ੍ਰਾਇਮਰੀ ਸਕੂਲਾਂ ਅਤੇ ਪ੍ਰਾਇਮਰੀ ਸਿਹਤ ਕੇਂਦਰਾਂ ਲਈ ਫੰਡ ਮੁਹੱਈਆ ਕਰਵਾ ਕੇ ਤੁਸੀਂ ਇਸ ਦੀ ਸ਼ੁਰੂਆਤ ਕਰਦੇ ਹੋ। ਭਾਰਤ ਦੇ ਦੱਖਣੀ ਸੂਬਿਆਂ ਨੇ ਛੇਤੀ ਹੀ ਕੇਰਲਾ ਤੋਂ ਸਿੱਖ ਲਿਆ ਸੀ ਜਿਸ ਨੇ ਇਹ ਸਬਕ ਸਵਾਤੀ ਤਿਰੂਨਲ ਵਰਗੇ ਆਪਣੇ ਰਾਜਿਆਂ ਅਤੇ ਈ.ਐੱਮ.ਐੱਸ. ਨੰਬੂਦਰੀਪਾਦ ਦੀ ਕਮਿਊਨਿਸਟ ਸਰਕਾਰ ਤੋਂ ਲਿਆ ਸੀ ਜਿਸ ਨੇ ਸਮਾਜਿਕ ਖੇਤਰ ਲਈ ਫੰਡਿੰਗ ਦਾ ਪੈਮਾਨਾ ਤੈਅ ਕਰ ਦਿੱਤਾ ਸੀ ਜੋ ਅੱਜ ਤਕ ਟਿਕਿਆ ਹੋਇਆ ਹੈ।

ਇਸ ਲਈ ਆਖ਼ਿਰ ਸਾਰੇ ਫਟਕਿਆਂ ਅਤੇ ਨੈਤਿਕ ਧਮਾਕਿਆਂ ਤੋਂ ਬਾਅਦ 'ਕਿਉਂ' ਦਾ ਜਵਾਬ ਕਾਫ਼ੀ ਸਰਲ ਹੈ। ਹਾਂ, ਸਿੱਖਿਆ ਅਤੇ ਸਿਹਤ ਭਾਜਪਾ ਲਈ ਤਰਜੀਹ ਨਹੀਂ ਹਨ ਕਿਉਂਕਿ ਸ਼ੇਅਰ ਬਾਜ਼ਾਰ ਵੱਲ ਧਿਆਨ ਦੇਣਾ ਜ਼ਿਆਦਾ ਅਹਿਮ ਹੈ; ਇਸ ਨਾਲ ਦੇਸ਼ ਦੇ ਲੋਕਾਂ ਅਤੇ ਬਾਹਰ ਬੈਠੀਆਂ ਕੰਪਨੀਆਂ ਨੂੰ ਸ਼ੇਅਰ ਬਾਜ਼ਾਰ ਵਿਚ ਪੈਸਾ ਨਿਵੇਸ਼ ਕਰਨ ਲਈ ਸ਼ੁਭ ਸੰਕੇਤ ਮਿਲਦੇ ਹਨ। ਖ਼ੈਰ ਇਹ ਸਰਲ ਜਵਾਬ ਹੈ। ਸਚਾਈ ਇਹ ਹੈ ਕਿ ਅਸੀਂ ਸਾਰੇ ਗੁਨਾਹਗਾਰ ਹਾਂ। ਸੱਤਾਧਾਰੀ ਪਾਰਟੀ ਅਤੇ ਵਿਰੋਧੀ ਧਿਰ; ਭਾਵ, ਭਾਜਪਾ, ਕਾਂਗਰਸ, ਸਮਾਜਵਾਦੀ ਪਾਰਟੀ, ਡੀ.ਐੱਮ.ਕੇ., ਐੱਨ.ਸੀ.ਪੀ., ਤ੍ਰਿਣਮੂਲ ਕਾਂਗਰਸ ਅਤੇ ਹਰ ਸਿਆਸੀ ਪਾਰਟੀ ਦੇ ਹੱਥ ਖ਼ੂਨ ਨਾਲ ਰੰਗੇ ਹੋਏ ਹਨ। ਸਾਡੇ 'ਚੋਂ ਕੋਈ ਵੀ ਭਾਜਪਾ ਨੂੰ ਘੇਰ ਕੇ ਸਖ਼ਤ ਸਵਾਲ ਪੁੱਛਣ ਦੀ ਖੇਚਲ ਨਹੀਂ ਕਰਦਾ ਕਿ ਸਿੱਖਿਆ ਅਤੇ ਸਿਹਤ ਉਸ ਦੀ ਤਰਜੀਹ ਕਿਉਂ ਨਹੀਂ ਹਨ ਕਿਉਂਕਿ ਅਸੀਂ ਡਰਦੇ ਹਾਂ ਕਿ ਲੋਕ ਸਾਡੇ ਦੁਆਲੇ ਘੇਰਾ ਘੱਤ ਕੇ ਇਹੀ ਸਵਾਲ ਸਾਥੋਂ ਵੀ ਪੁੱਛਣਗੇ। ਜਦੋਂ ਅਸੀਂ ਸੱਤਾ ਵਿਚ ਸੀ ਤਾਂ ਉਦੋਂ ਅਸੀਂ ਕੁਝ ਕਿਉਂ ਨਹੀਂ ਕੀਤਾ?

ਇਸ ਲਈ ਅਸੀਂ ਦੋਸ਼ ਅਤੇ ਗੁਨਾਹ ਦੀ ਚਾਦਰ ਚੌੜੀ ਕਰ ਦਿੰਦੇ ਹਾਂ। ਅਸੀਂ ਸਾਰੇ ਗੁਨਾਹਗਾਰ ਹਾਂ। ਇਸ ਕਰ ਕੇ ਕੋਈ ਵੀ ਗੁਨਾਹਗਾਰ ਨਹੀਂ ਹੈ। ਇਸ ਦੀ ਬਜਾਇ ਅਸੀਂ ਕਾਰਗਿਲ ਵਿਚ ਪ੍ਰਧਾਨ ਮੰਤਰੀ ਨੂੰ ਗੱਜਦੇ ਹੋਏ ਦੇਖਦੇ ਹਾਂ; ਜਾਂ ਫਿਰ ਸ਼ੇਅਰ ਬਾਜ਼ਾਰ 'ਤੇ ਨੀਝ ਲਾ ਕੇ ਤੱਕਦੇ ਹਾਂ ਕਿਉਂਕਿ ਇਸ ਦਾ ਸੰਵੇਦੀ ਸੂਚਕ ਅੰਕ ਓਲੰਪਿਕ ਖੇਡਾਂ ਵਿਚ ਮੇਰੇ ਪਸੰਦੀਦਾ ਅਥਲੀਟ ਦੇ ਦਿਲ ਦੀ ਧੜਕਣ ਨਾਲ ਮੇਲ ਖਾਂਦਾ ਹੈ ਹਾਂ ਸੱਚ! ਓਲੰਪਿਕ ਖੇਡਾਂ ਵੀ ਸ਼ੁਰੂ ਹੋ ਗਈਆਂ ਹਨ।

---

# ਬਜਟ ਵਿਚ ਵੀ ਸਿਆਸਤ

ਨਵੀਂ ਸਰਕਾਰ ਦਾ ਪਹਿਲਾ ਬਜਟ ਸਿਆਸਤ ਦੀਆਂ ਨਵੀਆਂ ਹਕੀਕਤਾਂ ਦਰਸਾ ਰਿਹਾ ਹੈ; ਇਸ ਦੀ ਚਾਹਨਾ ਉਚੇਰੇ ਅਤੇ ਵਧੇਰੇ ਸਮਾਵੇਸ਼ੀ ਵਿਕਾਸ ਵੱਲ ਵਧਣ ਦੀ ਹੋ ਸਕਦੀ ਹੈ। ਖੇਤੀਬਾੜੀ ਅਤੇ ਰੁਜ਼ਗਾਰ ਨੂੰ ਮਾਣਮੱਤਾ ਸਥਾਨ ਦਿੱਤਾ ਗਿਆ ਹੈ, ਸ਼ੇਅਰ ਬਾਜ਼ਾਰ ਨੂੰ ਚੜ੍ਹ ਤੋਂ ਠੱਲ੍ਹ ਪਾਉਣ ਦੇ ਤਰੱਦਦ ਵੀ ਕੀਤੇ ਹਨ। ਬੁਨਿਆਦੀ ਢਾਂਚੇ ਲਈ ਠੁੰਮਣਾ ਜਾਰੀ ਰਿਹਾ ਹੈ ਪਰ ਪ੍ਰਾਈਵੇਟ ਖੇਤਰ ਤੋਂ ਹੁਣ

**ਸੁਸ਼ਮਾ ਰਾਮਚੰਦਰਨ**

ਪ੍ਰਤੱਖ ਰੂਪ ਵਿਚ ਤਵੱਕੋ ਕੀਤੀ ਜਾ ਰਹੀ ਹੈ ਕਿ ਉਹ ਉਚੇਰੇ ਨਿਵੇਸ਼ ਲਈ ਆਪਣਾ ਯੋਗਦਾਨ ਦੇਵੇ। ਜਿੱਥੋਂ ਤੱਕ ਪਿਛਲੇ ਕਈ ਸਾਲਾਂ ਤੋਂ ਤੜਫ ਰਹੇ ਤਨਖ਼ਾਹਦਾਰ ਮੱਧ ਵਰਗ ਦਾ ਤਾਅਲੁਕ ਹੈ, ਇਸ ਨੂੰ ਸਟੈਂਡਰਡ ਕਟੌਤੀ ਅਤੇ ਟੈਕਸ ਦਰਾਂ ਵਿਚ ਕਟੌਤੀ ਦੇ ਰੂਪ ਵਿਚ ਰਾਹਤ ਦਿੱਤੀ ਹੈ। ਸ਼ੇਅਰ ਬਾਜ਼ਾਰ ਕੁਝ ਲੈਵੀਆਂ ਲੱਗਣ ਕਰ ਕੇ ਨਾਖ਼ੁਸ਼ ਹੋ ਸਕਦਾ ਹੈ ਪਰ ਏਂਜਲ ਟੈਕਸ ਖ਼ਤਮ ਕਰਨ ਅਤੇ ਵਿਦੇਸ਼ੀ ਕੰਪਨੀਆਂ 'ਤੇ ਕਾਰਪੋਰੇਟ ਟੈਕਸ ਵਿਚ ਕਮੀ ਨਾਲ ਵਿਦੇਸ਼ੀ ਨਿਵੇਸ਼ ਨੂੰ ਹੁਲਾਰਾ ਮਿਲਣ ਦੇ ਆਸਾਰ ਹਨ। ਇਨ੍ਹਾਂ ਕਟੌਤੀਆਂ ਦੇ ਬਾਵਜੂਦ ਵਿੱਤੀ ਸੰਜਮ ਪ੍ਰਮੁੱਖ ਪ੍ਰਾਪਤੀ ਬਣੀ ਰਹੀ ਹੈ ਜਿਸ ਤਹਿਤ ਰਾਜਕੋਸ਼ੀ ਘਾਟਾ ਅੰਤਰਿਮ ਬਜਟ ਵਿਚ 5.1 ਫ਼ੀਸਦੀ ਤੋਂ ਘਟਾ ਕੇ 4.9 ਫ਼ੀਸਦੀ 'ਤੇ ਲਿਆਉਣ ਦਾ ਟੀਚਾ ਮਿੱਥਿਆ ਗਿਆ ਹੈ।

ਵਿੱਤ ਮੰਤਰੀ ਨਿਰਮਲਾ ਸੀਤਾਰਮਨ ਦਾ ਇਹ ਸੱਤਵਾਂ ਬਜਟ ਸੀ ਜਿਸ ਦੀ ਨਜ਼ਰ ਭਵਿੱਖ 'ਤੇ ਟਿਕੀ ਹੋਈ ਹੈ ਪਰ ਨਵੇਂ ਆਰਥਿਕ ਨੀਤੀ ਚੌਖਟੇ ਵਿਚ ਨਵੀਂ ਪੀੜ੍ਹੀ ਦੇ ਸੁਧਾਰਾਂ ਨੂੰ ਲਾਂਭੇ ਕਰ ਦਿੱਤਾ ਗਿਆ ਹੈ। ਜ਼ਮੀਨ ਸੁਧਾਰਾਂ ਦੇ ਅਹਿਮ ਖੇਤਰ ਵਿਚ ਕੁਝ ਕਦਮ ਚੁੱਕਣ ਦੀ ਤਜਵੀਜ਼ ਹੈ ਜਿਨ੍ਹਾਂ ਤਹਿਤ ਦਿਹਾਤੀ ਤੇ ਸ਼ਹਿਰੀ ਜ਼ਮੀਨੀ ਰਿਕਾਰਡ ਦੇ ਡਿਜੀਟਾਈਜ਼ੇਸ਼ਨ ਦੀ ਯੋਜਨਾ ਉਲੀਕੀ ਗਈ ਹੈ ਪਰ ਬਾਕੀ ਦੇ ਕਦਮਾਂ ਨੂੰ ਨਵੀਂ ਨੀਤੀ ਦੇ ਐਲਾਨ ਤੱਕ ਛੱਡ ਦਿੱਤਾ ਗਿਆ ਹੈ। ਦਰਮਿਆਨੀਆਂ ਅਤੇ ਛੋਟੀਆਂ ਸਨਅਤਾਂ ਨੂੰ ਵੀ ਉਦੋਂ ਤੱਕ ਉਡੀਕ ਕਰਨੀ ਪਵੇਗੀ ਜਦੋਂ ਤੱਕ ਲਾਇਸੈਂਸਿੰਗ ਅਤੇ ਪਾਲਣਾ ਨੇਮ ਜੋ ਇਸ ਖੇਤਰ ਲਈ ਵੱਡਾ ਬੋਝ ਬਣੇ ਹੋਏ ਹਨ, ਤੋਂ ਨਿਜਾਤ ਪਾਉਣ ਲਈ ਵਧੇਰੇ ਤਫ਼ਸੀਲੀ ਤਜਵੀਜ਼ ਤਿਆਰ ਨਹੀਂ ਕਰ ਲਈ ਜਾਂਦੀ।

ਖੇਤੀਬਾੜੀ ਦੇ ਸਬੰਧ ਵਿਚ ਬਜਟ ਦਾ ਫੋਕਸ ਉਤਪਾਦਕਤਾ ਅਤੇ ਜਲਵਾਯੂ ਤਬਦੀਲੀ ਦੇ ਖੇਤਰਾਂ ਵਿਚ ਖੋਜ 'ਤੇ ਲੱਗਿਆ ਹੋਇਆ ਹੈ ਜਿਵੇਂ ਮਾਹਿਰਾਂ ਵਿਚ ਇਸ ਗੱਲੋਂ ਸਹਿਮਤੀ ਹੈ ਕਿ ਸਮਾਂ ਆ ਗਿਆ ਹੈ, ਇਸ ਖੇਤਰ ਨੂੰ ਨਵੀਂ ਦਿਸ਼ਾ ਦੀ ਚੂਲ ਬਣਾਇਆ ਜਾਵੇ। ਖ਼ੁਸ਼ਹਾਲੀ ਅਤੇ ਅਨਾਜ ਪੈਦਾਵਾਰ ਵਿਚ ਭਰਵਾਂ ਇਜ਼ਾਫ਼ਾ ਲੈ ਕੇ ਆਉਣ ਵਾਲੇ ਹਰੇ ਇਨਕਲਾਬ ਤੋਂ ਕਈ ਦਹਾਕਿਆਂ ਬਾਅਦ ਖੇਤੀ ਅਰਥਚਾਰਾ ਹੁਣ ਹੋਰਨਾਂ ਫ਼ਸਲਾਂ ਵੱਲ ਕਦਮ ਵਧਾ ਰਿਹਾ ਹੈ ਅਤੇ ਇਸ ਦੀ ਕੁਸ਼ਲਤਾ ਵਿਚ ਸੁਧਾਰ ਹੋ ਰਿਹਾ ਹੈ। ਇਸ ਕਰ ਕੇ ਸਬਜ਼ੀਆਂ, ਤੇਲ ਬੀਜਾਂ ਤੇ ਦਾਲਾਂ ਦੀ ਕਾਸ਼ਤ ਅਤੇ ਝੀਂਗਿਆਂ ਜਿਹੇ ਸਮੁੰਦਰੀ ਉਤਪਾਦਾਂ ਨੂੰ ਬਜਟ ਵਿਚ ਉਚੇਰੀ ਤਰਜੀਹ ਦਿੱਤੀ ਗਈ ਹੈ ਜਿਨ੍ਹਾਂ ਦਾ ਬਰਾਮਦੀ ਮਾਰਕੀਟ ਵਿਚ ਕਾਫ਼ੀ ਦਬਦਬਾ ਹੈ।

ਉਂਝ, ਬਜਟ ਤਜਵੀਜ਼ਾਂ ਵਿਚ ਜਿਹੜੀ ਗੱਲ ਨਿੱਤਰ ਕੇ ਸਾਹਮਣੇ ਆਈ ਹੈ, ਉਸ ਵਿਚ ਰੁਜ਼ਗਾਰ ਅਤੇ ਹੁਨਰਮੰਦੀ ਲਈ ਤਫ਼ਸੀਲੀ ਯੋਜਨਾ ਦਾ ਖ਼ਾਕਾ ਸ਼ਾਮਲ ਹੈ। ਹਾਲੀਆ ਲੋਕ ਸਭਾ ਚੋਣਾਂ ਵਿਚ ਰੁਜ਼ਗਾਰ ਦਾ ਮੁੱਦਾ ਕਾਫ਼ੀ ਜ਼ੋਰ ਸ਼ੋਰ ਨਾਲ ਉੱਭਰਿਆ ਸੀ। ਰਸਮੀ ਖੇਤਰ ਵਿਚ ਰੁਜ਼ਗਾਰ ਸਬਸਿਡੀਆਂ ਲਈ ਚਾਲੂ ਮਾਲੀ ਸਾਲ ਵਿਚ 1.48 ਲੱਖ ਕਰੋੜ ਰੁਪਏ ਦਿੱਤੇ ਜਾਣਗੇ। ਪ੍ਰਾਵੀਡੈਂਟ ਫੰਡ ਦੀ ਕਟੌਤੀ ਵਿਚ ਪਹਿਲੇ ਮਹੀਨੇ ਦੀ ਤਨਖ਼ਾਹ ਦੇ ਕੇ ਮਦਦ ਦੇ ਰੂਪ ਵਿਚ ਕੁਝ ਸਕੀਮਾਂ ਨਾਲ 2.9 ਕਰੋੜ ਨੌਜਵਾਨਾਂ ਨੂੰ ਨਵੀਆਂ ਨੌਕਰੀਆਂ ਲੈਣ ਵਿਚ ਮਦਦ ਮਿਲਣ ਦੀ ਆਸ ਹੈ। ਹੁਣ ਕਾਰੋਬਾਰੀ ਕੰਪਨੀਆਂ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਇਹ ਯਕੀਨੀ ਬਣਾਉਣ ਉਨ੍ਹਾਂ ਦੇ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ ਫੰਡ 'ਚੋਂ ਵੀ ਇਸ ਵਾਸਤੇ ਕੁਝ ਯੋਗਦਾਨ ਪਾਇਆ ਜਾਵੇ। ਹੁਨਰ ਸਿਖਲਾਈ ਨੂੰ ਵੀ ਪਾਸੇ ਨਹੀਂ ਛੱਡਿਆ ਗਿਆ ਅਤੇ ਇਸ ਮੰਤਵ ਲਈ ਨਵੀਂ ਕੇਂਦਰੀ ਸਪਾਂਸਰਡ ਸਕੀਮ ਲਿਆਂਦੀ ਗਈ ਹੈ ਜੋ ਸਨਅਤ ਦੀਆਂ ਲੋੜਾਂ ਦੇ ਅਨੁਰੂਪ ਆਈਟੀਆਈਜ਼ ਨੂੰ ਅਪਗ੍ਰੇਡ ਕਰੇਗੀ। ਇਸ ਨਾਲ ਵੀਹ ਲੱਖ ਨੌਜਵਾਨਾਂ ਨੂੰ ਲਾਭ ਮਿਲਣ ਦੀ ਆਸ ਹੈ।

ਹੁਣ ਤੱਕ ਇਕੋ ਘਾਟ ਇਹ ਰਹੀ ਹੈ ਕਿ ਇਸ ਕਿਸਮ ਦੀ ਹੁਨਰ ਸਿੱਖਿਆ ਬਹੁਤ ਸਾਰੇ ਖੇਤਰਾਂ ਦੀਆਂ ਲੋੜਾਂ ਦੀ ਪੂਰਤੀ ਕਰਨ ਦੇ ਯੋਗ ਨਹੀਂ ਨਿੱਕਲ ਰਹੀ। ਨੌਕਰੀਆਂ ਦੀ ਹਾਲਤ ਵੀ ਇਹੀ ਹੈ ਪਰ ਇਸ ਦੀ ਪੂਰਤੀ ਲਈ ਲੋੜੀਂਦੇ ਸਿਖਲਾਈਯਾਫ਼ਤਾ ਕਰਮੀ ਨਹੀਂ ਮਿਲਦੇ। ਇਸ ਕਿਸਮ ਦੇ ਹੁਨਰ ਸਿਖਲਾਈ ਪ੍ਰੋਗਰਾਮਾਂ ਲਈ ਮੋਹਰੀ ਏਜੰਸੀਆਂ ਦੀ ਸ਼ਮੂਲੀਅਤ ਜ਼ਰੀਏ ਵਧੇਰੇ ਸੁਚੱਜੀ ਪਹੁੰਚ ਦੀ ਲੋੜ ਹੈ ਤਾਂ ਕਿ ਨੌਕਰੀ 'ਤੇ ਲੱਗਣ ਲਾਇਕ ਨੌਜਵਾਨ ਤਿਆਰ ਹੋ ਸਕਣ।

ਔਰਤ ਕਿਰਤ ਸ਼ਕਤੀ ਦੀ ਹਿੱਸੇਦਾਰੀ ਵਧਾਉਣ ਖ਼ਾਤਿਰ ਸਰਕਾਰੀ ਪ੍ਰਾਈਵੇਟ ਭਿਆਲੀ ਰਾਹੀਂ ਔਰਤਾਂ ਦੇ ਹੋਸਟਲ ਅਤੇ ਕ੍ਰੈਚ ਸਥਾਪਤ ਕਰਨ ਦਾ ਜ਼ਿਕਰ ਕੀਤਾ ਗਿਆ ਹੈ ਪਰ ਇਸ ਸਕੀਮ ਦੇ ਵੇਰਵੇ ਨਹੀਂ ਦਿੱਤੇ ਗਏ। ਔਰਤਾਂ ਦੀ ਅਗਵਾਈ ਵਾਲੇ ਸਹਿਕਾਰੀ ਉਦਮਾਂ ਦੀ ਮੰਡੀ ਰਸਾਈ ਵਧਾਉਣ ਲਈ ਕੁਝ ਹੋਰਨਾਂ ਸਕੀਮਾਂ ਦਾ ਵੀ ਜ਼ਿਕਰ ਕੀਤਾ ਗਿਆ ਹੈ ਪਰ ਗਹਿਰੀਆਂ ਜੜ੍ਹਾਂ ਵਾਲੇ ਸਾਡੇ ਪਿੱਤਰਵਾਦੀ ਸਮਾਜ ਵਿਚ ਕਿਰਤ ਮੰਡੀ ਵਿਚ ਔਰਤਾਂ ਦੀ ਹਿੱਸੇਦਾਰੀ ਨੂੰ ਵਧਾਉਣ ਲਈ ਮਦਦ ਦੇਣ 'ਤੇ ਹੋਰ ਜ਼ੋਰ ਦੇਣ ਦੀ ਲੋੜ ਹੈ।

ਬਜਟ ਵਿਚਲਾ ਇੱਕ ਹੋਰ ਤੱਤ ਇਹ ਹੈ ਕਿ ਇਹ ਸਪੱਸ਼ਟ ਤੌਰ 'ਤੇ ਗੱਠਜੋੜ ਸਰਕਾਰ ਦੀਆਂ ਸਿਆਸੀ ਮਜਬੂਰੀਆਂ ਦਾ ਸਿੱਟਾ ਹੈ ਜੋ ਬਿਹਾਰ ਤੇ ਆਂਧਰਾ ਪ੍ਰਦੇਸ਼ ਨੂੰ ਦਿੱਤੇ ਖੁੱਲ੍ਹੇ ਗੱਫਿਆਂ ਵਿਚੋਂ ਸਾਫ਼ ਝਲਕਦਾ ਹੈ। ਪੂਰਬੀ ਹਿੱਸੇ ਲਈ ਐਲਾਨੀ ਨਵੀਂ 'ਪੂਰਬੋਦਯਾ' ਯੋਜਨਾ ਦੇਸ਼ ਦੇ ਸਭ ਤੋਂ ਧੀਮੀ ਗਤੀ ਨਾਲ ਤਰੱਕੀ ਕਰ ਰਹੇ ਇਸ ਇਲਾਕੇ 'ਚ ਬੁਨਿਆਦੀ ਢਾਂਚੇ ਨੂੰ ਲੋੜੀਂਦਾ ਸਹਾਰਾ ਦੇ ਸਕਦੀ ਹੈ। ਅਹਿਮ ਤੱਥ ਇਹ ਹੈ ਕਿ ਪੈਸਾ ਸਿਰਫ਼ ਕੇਂਦਰ ਸਰਕਾਰ ਨੇ ਹੀ ਮੁਹੱਈਆ ਨਹੀਂ ਕਰਵਾਉਣਾ ਬਲਕਿ ਕਈ ਬਹੁਮਖੀ ਵਿੱਤੀ ਸੰਸਥਾਵਾਂ ਫੰਡਿੰਗ ਕਰ ਰਹੀਆਂ ਹਨ।

ਆਂਧਰਾ ਪ੍ਰਦੇਸ਼ ਆਰਥਿਕ ਵਿਕਾਸ ਪੱਖੋਂ ਪੂਰਬੀ ਖੇਤਰ 'ਚ ਅਪਵਾਦ ਹੈ। ਫਿਰ ਵੀ ਦੇਖਿਆ ਜਾਵੇ ਤਾਂ ਇਸ ਨੂੰ ਨਵੀਂ ਰਾਜਧਾਨੀ ਅਤੇ ਮਹੱਤਵਪੂਰਨ ਪੋਲਾਵਰਮ ਸਿੰਜਾਈ ਪ੍ਰਾਜੈਕਟ ਲਈ ਪੈਸੇ ਦੀ ਕਾਫ਼ੀ ਲੋੜ ਹੈ। ਇੱਥੇ ਵੀ ਵਿੱਤੀ ਸਹਾਇਤਾ ਕੇਂਦਰ ਤੇ ਬਹੁਮੁਖੀ ਵਿੱਤੀ ਸੰਸਥਾਵਾਂ ਤੋਂ ਆਏਗੀ ਪਰ ਸੱਤਾਧਾਰੀ ਗੱਠਜੋੜ ਦੇ ਮੁੱਖ ਭਿਆਲਾਂ- ਨਿਤੀਸ਼ ਕੁਮਾਰ ਤੇ ਚੰਦਰਬਾਬੂ ਨਾਇਡੂ ਨੂੰ ਸਪਸ਼ਟ ਸੁਨੇਹਾ ਦੇ ਕੇ ਮੁੜ ਭਰੋਸਾ ਦਿਵਾਇਆ ਗਿਆ ਹੈ ਕਿ ਉਨ੍ਹਾਂ ਦੇ ਸੂਬਿਆਂ ਨੂੰ ਅਹਿਮ ਬੁਨਿਆਦੀ ਢਾਂਚਿਆਂ ਲਈ ਵਿੱਤ ਮੁਹੱਈਆ ਕਰਵਾਇਆ ਜਾਵੇਗਾ।

ਟੈਕਸ ਵਾਲੇ ਪਾਸੇ ਬਜਟ ਦੀਆਂ ਤਜਵੀਜ਼ਾਂ ਨੇ ਵੱਖ-ਵੱਖ ਵਰਗਾਂ ਨੂੰ ਸਭ ਤੋਂ ਵੱਧ ਖ਼ੁਸ਼ੀ ਤੇ ਰਾਹਤ ਦਿੱਤੀ ਹੈ। ਸਟੈਂਡਰਡ ਕਟੌਤੀ 'ਚ ਵਾਧੇ ਦੇ ਨਾਲ-ਨਾਲ ਨਿੱਜੀ ਆਮਦਨ ਕਰ ਦਰਾਂ 'ਚ ਰੱਦੋਬਦਲ ਤਨਖਾਹਦਾਰ ਮੱਧਵਰਗ ਨੂੰ ਖ਼ੁਸ਼ ਕਰਨ ਵਾਲੀ ਹੈ। ਸਮਝਣ ਵਾਲੀ ਗੱਲ ਇਹ ਵੀ ਹੈ ਕਿ ਕਰਦਾਤਾਵਾਂ ਨੂੰ ਹੁਣ ਨਵੀਆਂ ਦਰਾਂ 'ਚੋਂ ਆਪਣੇ ਲਈ ਕਿਸੇ ਛੋਟ ਤੋਂ ਬਿਨਾਂ ਨਵੀਂ ਟੈਕਸ ਵਿਵਸਥਾ ਅਪਣਾਉਣੀ ਪਏਗੀ। ਫਿਰ ਵੀ ਇਹ ਤਬਦੀਲੀ ਲੰਮੇ ਸਮੇਂ ਤੋਂ ਉਡੀਕੀ ਜਾ ਰਹੀ ਸੀ ਤੇ ਆਖ਼ਿਰ ਸੀਤਾਰਾਮਨ ਕੋਲ ਇਸ ਸਾਲ ਤਨਖਾਹਦਾਰ ਵਰਗ ਦੀਆਂ ਉਮੀਦਾਂ 'ਤੇ ਖ਼ਰਾ ਉਤਰਨ ਲਈ ਵਿੱਤੀ ਗੁੰਜਾਇਸ਼ ਬਚ ਗਈ।

ਵਿਦੇਸ਼ੀ ਕੰਪਨੀਆਂ ਨੂੰ ਵੀ ਕਾਰਪੋਰੇਟ ਟੈਕਸ ਵਿਚ 40 ਤੋਂ 35 ਪ੍ਰਤੀਸ਼ਤ ਤੱਕ ਦੀ ਛੋਟ ਦਿੱਤੀ ਗਈ ਹੈ। ਇਸ ਨਾਲ ਘਟ ਰਹੇ ਸਿੱਧੇ ਵਿਦੇਸ਼ੀ ਨਿਵੇਸ਼ ਦੇ ਰੁਝਾਨ ਨੂੰ ਠੱਲ੍ਹ ਪੈ ਸਕਦੀ ਹੈ। ਏਂਜਲ ਟੈਕਸ ਹਟਾਉਣ ਦਾ ਵੀ ਸਟਾਰਟਅਪ ਭਾਈਚਾਰੇ ਨੇ ਸਵਾਗਤ ਕੀਤਾ ਹੈ ਜਿਸ ਦਾ ਮੰਤਵ ਇਸ ਵਰਗ 'ਚ ਕੰਪਨੀਆਂ ਨੂੰ ਨਵੀਆਂ ਉਚਾਈਆਂ ਤੱਕ ਲਿਜਾਣਾ ਹੈ। ਜਿੱਥੋਂ ਤੱਕ ਪੂੰਜੀ ਲਾਭ ਟੈਕਸ ਅਤੇ 'ਫਿਊਚਰ ਤੇ ਆਪਸ਼ਨਜ਼' ਕਾਰੋਬਾਰ ਉਤੇ ਸਕਿਉਰਿਟੀ ਟੈਕਸ ਵਿਚ ਵਾਧੇ ਦਾ ਸਵਾਲ ਹੈ, ਸ਼ੇਅਰ ਬਾਜ਼ਾਰ ਤੋਂ ਕੋਈ ਬਹੁਤੀ ਚੰਗੀ ਪ੍ਰਤੀਕਿਰਿਆ ਨਹੀਂ ਆਈ। ਪੂਰਾ ਦਿਨ ਬਾਜ਼ਾਰ ਵਿਚ ਮੰਦੀ ਛਾਈ ਰਹੀ ਜੋ ਸਾਫ਼ ਤੌਰ 'ਤੇ ਟੈਕਸ ਵਿਚ ਵਾਧੇ ਦਾ ਨਤੀਜਾ ਸੀ।

ਇਉਂ ਮੋਦੀ 3.0 ਦਾ ਪਹਿਲਾ ਬਜਟ ਲੋਕ ਲੁਭਾਉਣਾ ਹੋਣ ਦੀ ਥਾਂ ਵਿਹਾਰਕ ਹੈ। ਖ਼ਜ਼ਾਨੇ ਨੂੰ ਇਸ ਸਾਲ ਦੇ ਸ਼ੁਰੂ 'ਚ ਆਰ.ਬੀ.ਆਈ. ਤੋਂ ਮਿਲੀ ਰਾਸ਼ੀ ਦਾ ਲਾਭ ਮਿਲਿਆ ਹੈ ਜਿਸ ਨੇ ਵਿੱਤੀ ਸਾਵਧਾਨੀਆਂ ਦੇ ਨਾਲ-ਨਾਲ ਸਰਕਾਰੀ ਖੇਤਰ 'ਚ ਲਗਾਤਾਰ ਪੂੰਜੀ ਖ਼ਰਚ ਸੰਭਵ ਬਣਾਇਆ। ਫਿਰ ਵੀ ਅਜੇ ਅਤਿ ਲੋੜੀਂਦੇ ਅਗਲੀ ਪੀੜ੍ਹੀ ਦੇ ਸੁਧਾਰ ਬਕਾਇਆ ਹਨ, ਖਾਸ ਤੌਰ 'ਤੇ ਕਾਰੋਬਾਰੀ ਸੌਖ ਦੇ ਪੱਖ ਤੋਂ ਕਿਉਂਕਿ ਇਹੀ ਅਰਥ ਵਿਵਸਥਾ ਨੂੰ ਜ਼ੋਰਦਾਰ ਹੁਲਾਰਾ ਦੇਣਗੇ।

# ਪੰਜਾਬੀਆਂ ਲਈ ਹੀਰ ਪੜ੍ਹਨੀ ਜ਼ਰੂਰੀ ਕਿਉਂ ਏ?

## ਸੁਣੀ-ਸੁਣਾਈ ਨਾਲੋਂ ਪੜ੍ਹੀ ਹੀਰ ਦਾ ਬਹੁਤ ਫ਼ਰਕ



*ਲਹਿੰਦੇ ਪੰਜਾਬ ਦੇ ਸ਼ੇਖ਼ੂਪੁਰਾ ਜ਼ਿਲ੍ਹੇ ਦੇ ਪਿੰਡ ਜੰਡਿਆਲਾ ਸ਼ੇਰ ਖਾਨ ਵਿਚ ਵਾਰਿਸ ਸ਼ਾਹ ਦੀ ਯਾਦਗਾਰ।*

***ਤਕਰੀਬਨ 250 ਸਾਲ ਪਹਿਲਾਂ ਵਾਰਿਸ ਸ਼ਾਹ ਦੀ ਲਿਖੀ ਹੀਰ ਦਾ ਪੰਜਾਬੀ ਸਮਾਜ ਅਤੇ ਸੱਭਿਆਚਾਰ ਵਿਚ ਆਪਣਾ ਵੱਖਰਾ ਅਤੇ ਨਿਆਰਾ ਮੁਕਾਮ ਹੈ। ਕਈ ਸ਼ਾਇਰਾਂ ਨੇ ਹੀਰ ਦਾ ਕਿੱਸਾ ਲਿਖਿਆ ਪਰ ਜੋ ਗੱਲ ਵਾਰਿਸ ਸ਼ਾਹ ਦੇ ਕਿੱਸੇ ਵਿਚ ਹੈ, ਉਹ ਕਿਸੇ ਵਿਚ ਵੀ ਨਹੀਂ। ਵਾਰਿਸ ਸ਼ਾਹ ਨੇ ਇਹ ਕਿੱਸਾ ਹੱਥ ਨਾਲ ਲਿਖਿਆ ਸੀ। ਉਦੋਂ ਤੋਂ ਹੀ ਕਈ ਲੋਕਾਂ ਨੇ ਹੀਰ ਜ਼ੁਬਾਨੀ ਯਾਦ ਕਰ ਲਈ। ਹੁਣ ਵੀ ਤੁਹਾਨੂੰ ਪਿੰਡਾਂ 'ਚ ਹੀਰ ਦੇ ਕਈ ਹਾਫ਼ਿਜ਼ ਮਿਲ ਜਾਂਦੇ ਹਨ ਪਰ ਜਿਵੇਂ-ਜਿਵੇਂ ਵਕਤ ਬੀਤਦਾ ਗਿਆ, ਇਸ ਵਿਚ ਰਲਾ ਪੈਂਦਾ ਗਿਆ। ਲਹਿੰਦੇ ਪੰਜਾਬ ਦੇ ਉਘੇ ਪੱਤਰਕਾਰ ਮੁਹੰਮਦ ਹਨੀਫ਼ ਨੇ ਮਸਲੇ ਗੱਲਾਂ ਸਾਂਝੀਆਂ ਕੀਤੀਆਂ ਹਨ।***

ਕਈ ਵਰ੍ਹੇ ਪਹਿਲਾਂ ਕਿਸੇ ਬਜ਼ੁਰਗ ਨੇ ਪੁੱਛਿਆ ਕਿ ਮੁੰਡਿਆ, ਤੂੰ ਆਪਣੇ ਆਪ ਨੂੰ ਪੰਜਾਬੀ ਕਹਿੰਨਾ ਏਂ, ਤੇ ਹੀਰ ਵਾਰਿਸ ਸ਼ਾਹ ਤਾਂ ਪੜ੍ਹੀ ਹੋਣੀ ਹੈ। ਮੈਂ ਕਿਹਾ, "ਜੀ ਪੜ੍ਹੀ ਤਾਂ ਘੱਟ ਵੱਧ ਹੀ ਹੈ ਪਰ ਸੁਣੀ ਵਾਹਵਾ (ਬਹੁਤ ਵਾਰ) ਹੈ। ਕਦੇ ਕਿਸੇ ਮੇਲੇ 'ਤੇ, ਕਦੇ ਆਪਣੇ ਹੀ ਵਿਹੜੇ 'ਚ ਕਿਸੇ ਪ੍ਰਾਹੁਣੇ ਨੇ ਰਾਤ ਨੂੰ ਹੀਰ



ਗਾਉਣੀ ਸ਼ੁਰੂ ਕਰ ਦਿੱਤੀ।" ਬਜ਼ੁਰਗਾਂ ਨੇ ਕਿਹਾ, "ਜੰਮਪਲ ਤੂੰ ਪੰਜਾਬ ਦਾ ਏਂ ਤੇ ਹੀਰ ਬਸ ਸੁਣੀ ਸੁਣਾਈ 'ਤੇ ਚੱਲ ਰਿਹਾ ਏਂ।"

ਫਿਰ ਉਨ੍ਹਾਂ

ਮੁਹੰਮਦ ਹਨੀਫ਼

ਬੜੇ ਹੀ ਪਿਆਰ ਨਾਲ ਹੀਰ ਵਾਰਿਸ ਸ਼ਾਹ ਪੜ੍ਹਾਉਣੀ ਸ਼ੁਰੂ ਕੀਤੀ ਅਤੇ ਸਾਨੂੰ ਚਾਨਣ ਹੋਇਆ ਕਿ ਜਿਹੜੀ ਹੀਰ ਅਸੀਂ ਸੁਣਦੇ ਆਏ ਹਾਂ ਅਤੇ ਜਿਹੜੀ ਹੀਰ ਵਾਰਿਸ ਸ਼ਾਹ ਲਿਖ ਗਏ ਹਨ, ਉਸ 'ਚ ਬੜਾ ਫਰਕ ਹੈ। ਬਾਅਦ 'ਚ ਗਾਉਣ ਵਾਲਿਆਂ ਨੇ ਤਾਂ ਹੀਰ ਨੂੰ ਪੁੱਠਾ ਹੀ ਟੰਗ ਦਿੱਤਾ ਹੈ ਤੇ ਕਈਆਂ ਨੇ ਤਾਂ ਆਪਣੀ ਹੀ ਮਰਜ਼ੀ ਦੀ ਹੀਰ ਬਣਾ ਲਈ। ਇਉਂ ਵਾਰਿਸ ਸ਼ਾਹ ਦੀ ਹੀਰ ਵਿਚ ਬਹੁਤ ਰਲਾ ਪੈ ਗਿਆ।

ਜੇ ਤੁਸੀਂ ਵੀ ਸੁਣੀ ਸੁਣਾਈ ਹੀਰ 'ਤੇ ਗੁਜ਼ਾਰਾ ਕਰਦੇ ਆਏ ਹੋ ਤਾਂ ਤੁਸੀਂ ਉਹ ਵਾਲੀ ਹੀਰ ਜ਼ਰੂਰ ਸੁਣੀ ਹੋਵੇਗੀ ਜਿਸ ਵਿਚ ਇਹ ਕਿਹਾ ਗਿਆ ਹੈ:

ਡੋਲੀ ਚੜ੍ਹਦਿਆਂ ਮਾਰੀਆਂ ਹੀਰ ਚੀਕਾਂ
ਮੈਨੂੰ ਲੈ ਚੱਲੇ ਬਾਬਲਾ ਲੈ ਚੱਲੇ
ਮੇਰਾ ਆਖਿਆ ਕਦੀ ਨਾ ਮੋੜਦਾ ਸੈਂ
ਉਹ ਦਿਨ ਬਾਬਲਾ ਕਿਤੇ ਗੈ ਚੱਲੇ...।

ਇਹ ਹੀਰ ਲਤਾ ਮੰਗੇਸ਼ਕਰ ਤੋਂ ਲੈ ਕੇ ਆਬਿਦਾ ਪ੍ਰਵੀਨ ਤੱਕ ਵੱਡੇ-ਵੱਡੇ ਗੁਲੂਕਾਰਾਂ (ਕਲਾਕਾਰਾਂ) ਨੇ ਗਾਈ ਹੈ ਤੇ ਬਹੁਤ ਮਸ਼ਹੂਰ ਵੀ ਹੋਈ ਹੈ।

ਕਿਤਾਬ ਖੋਲ੍ਹ ਕੇ ਵਾਰਿਸ ਸ਼ਾਹ ਦੀ ਹੀਰ ਪੜ੍ਹੀ ਤਾਂ ਪਤਾ ਲੱਗਿਆ ਕਿ ਹੀਰ ਨਾ ਰੋਈ ਤੇ ਨਾ ਹੀ ਕੁਰਲਾਈ, ਤੇ ਨਾ ਉਸ ਨੇ ਕੋਈ ਚੀਕਾਂ ਮਾਰੀਆਂ ਬਲਕਿ ਮੂੰਹ 'ਤੇ ਹੱਥ ਫੇਰ ਕੇ ਨਿਕਾਹ ਪੜ੍ਹਾਉਣ ਵਾਲੇ ਮੌਲਵੀ ਅਤੇ ਪਿਓ ਤੇ ਚਾਚਿਆਂ ਜਿਹੜੇ ਉਸ ਨੂੰ ਰਾਂਝੇ ਤੋਂ ਖੋਹ ਕੇ ਜ਼ਬਰਦਸਤੀ ਡੋਲੀ 'ਚ ਪਾ ਰਹੇ ਸਨ, ਉਨ੍ਹਾਂ ਸਾਰਿਆਂ ਨੂੰ ਤਾਹਨੇ-ਮਿਹਣੇ ਮਾਰਦੀ ਗਈ।

ਮੌਲਵੀ ਸਾਹਿਬ ਨਾਲ ਤਾਂ ਉਸ ਨੇ ਬਹਿਸ ਵੀ ਪਾ ਦਿੱਤੀ ਕਿ ਮੈਂ ਤਾਂ ਅਜ਼ਲਾਂ ਤੋਂ ਰਾਂਝੇ ਨਾਲ ਵਿਆਹੀ ਹਾਂ ਤੇ ਤੂੰ ਨਿਕਾਹ 'ਤੇ ਨਿਕਾਹ ਪੜ੍ਹਾ ਕੇ ਕਿਹੜਾ ਕੁਫ਼ਰ ਕਮਾਉਣ ਲੱਗਾ ਹੈ। ਜਾਂਦੇ-ਜਾਂਦੇ ਮੌਲਵੀ ਸਾਹਿਬ ਬਾਰੇ ਇਹ ਵੀ ਕਹਿ ਗਈ:

ਖਾਣ ਵੱਢੀਆਂ ਨਿੱਤ ਇਮਾਨ ਵੇਚਣ
ਇਹੋ ਮਾਰ ਹੈ ਕਾਜ਼ੀਆਂ ਸਾਰਿਆਂ ਨੂੰ।

ਪਿੰਡਾਂ 'ਚੋਂ ਜਿਹੜੀ ਜਿਣਸ ਵੀ ਸ਼ਹਿਰ ਆਉਂਦੀ ਹੈ, ਉਸ ਵਿਚ ਸ਼ਹਿਰ ਦੇ ਵਪਾਰੀ ਚਾਰ ਪੈਸੇ, ਬਹੁਤਾ ਮੁਨਾਫ਼ਾ ਕਮਾਉਣ ਲਈ ਛੋਟੀ-ਮੋਟੀ ਮਿਲਾਵਟ ਕਰਦੇ ਹੀ ਰਹਿੰਦੇ ਹਨ। ਦੁੱਧ 'ਚ ਕਮੇਟੀ ਦੇ ਨਲਕੇ ਦਾ ਪਾਣੀ, ਆਟੇ 'ਚ ਰੋੜੀ-ਵੱਟੇ ਅਤੇ ਮਿਰਚਾਂ 'ਚ ਲਾਲ ਇੱਟਾਂ ਪੀਸ ਕੇ ਪਾ ਛੱਡਦੇ ਹਨ। ਵਾਰਿਸ ਸ਼ਾਹ ਦੀ ਹੀਰ ਨਾਲ ਵੀ ਅਸੀਂ ਇੰਝ ਹੀ ਕੀਤਾ ਹੈ।

### ਵਾਰਿਸ ਸ਼ਾਹ ਦੀ ਲਿਖਤ ਹੀਰ

ਵਾਰਿਸ ਸ਼ਾਹ ਨੇ ਹੀਰ ਹੱਥ ਨਾਲ ਲਿਖੀ ਸੀ। ਕਈ ਲੋਕਾਂ ਨੇ ਸਾਰੀ ਹੀਰ ਜ਼ੁਬਾਨੀ ਯਾਦ ਕਰ ਲਈ। ਹੁਣ ਵੀ ਤੁਹਾਨੂੰ ਪਿੰਡਾਂ 'ਚ ਹੀਰ ਦੇ ਕਈ ਹਾਫ਼ਿਜ਼ ਮਿਲ ਜਾਂਦੇ ਹਨ। ਕਈ ਸਿਆਣਿਆਂ ਨੇ ਕਲਮੀ ਨੁਸਖ਼ੇ ਲਿਖੇ ਅਤੇ ਆਪੋ-ਆਪਣੀ ਤਬੀਅਤ ਮੁਤਾਬਕ ਉਨ੍ਹਾਂ ਵਿਚੋਂ ਕੁਝ ਬੋਲ ਕੱਢਦੇ ਗਏ ਅਤੇ ਕੁਝ ਨਵੇਂ ਪਾਉਂਦੇ ਗਏ। ਜਦੋਂ ਪੰਜਾਬ 'ਚ ਛਾਪੇਖਾਨੇ ਆਏ ਤਾਂ ਹੀਰ ਛਾਪਣ ਦਾ ਧੰਦਾ ਟੁਰ ਪਿਆ।

ਅਸੀਂ ਰੋਣਾ ਹਮੇਸ਼ਾ ਇਹੀ ਰੋਈਦਾ ਹੈ ਕਿ ਲੋਕ ਪੰਜਾਬੀ ਪੜ੍ਹਦੇ ਨਹੀਂ ਪਰ ਉਦੋਂ ਪੰਜਾਬੀ ਪੜ੍ਹਨ ਵਾਲੇ ਇੰਨੇ ਕੁ ਹੈ ਸਨ ਕਿ ਛਾਪੇਖਾਨੇ ਆਲਿਆਂ 'ਚ ਹੀਰ ਛਾਪਣ ਦਾ ਮੁਕਾਬਲਾ ਸ਼ੁਰੂ ਹੋ ਗਿਆ। ਇੱਕ ਤੋਂ ਇੱਕ ਅਸਲੀ ਅਤੇ ਵੱਡੀ ਹੀਰ ਬਾਜ਼ਾਰ 'ਚ ਮਿਲਣ ਲੱਗ ਪਈ। ਜਿੰਨੀ ਵੱਡੀ ਅਤੇ ਅਸਲੀ ਹੀਰ, ਓਨੀ ਉਸ 'ਚ ਜ਼ਿਆਦਾ ਮਿਲਾਵਟ।

### ਹੀਰ ਸੂਫ਼ੀ ਕਲਾਮ ਜਾਂ ਇਸ਼ਕ ਕਹਾਣੀ

ਵੱਡੇ-ਵੱਡੇ ਆਲਮਾਂ ਨੇ ਸਾਰੀ ਜ਼ਿੰਦਗੀ ਖੋਜ ਕਰ ਕੇ ਹੀਰ ਦਾ ਨਿਤਾਰਾ ਕੀਤਾ ਹੈ ਅਤੇ ਵਾਰਿਸ ਸ਼ਾਹ ਦੇ ਬੋਲਾਂ ਨੂੰ ਸਿਆਣਿਆ ਹੈ ਪਰ ਲੋਕਾਂ ਦੀ ਜ਼ੁਬਾਨ 'ਤੇ ਜਿਹੜੇ ਬੋਲ ਇੱਕ ਵਾਰੀ ਚੜ੍ਹ ਜਾਣ, ਉਹ ਫਿਰ ਭੁੱਲਦੇ ਨਹੀਂ। ਕਈ ਲੋਕ ਹੀਰ ਨੂੰ ਸੂਫ਼ੀ ਕਲਾਮ ਸਮਝ ਕੇ ਪੜ੍ਹਦੇ ਹਨ, ਕੋਈ ਇਸ਼ਕ ਕਹਾਣੀ ਸਮਝ ਕੇ ਅਤੇ ਕਈ ਪੰਜਾਬ ਦੀ ਰਹਿਤਲ ਦਾ ਇਨਸਾਈਕਲੋਪੀਡੀਆ ਵੀ ਸਮਝਦੇ ਹਨ। ਬਾਕੀ ਬਜ਼ੁਰਗ ਸ਼ਾਇਰਾਂ ਨਾਲ ਵੀ ਇਹੀ ਹੋਇਆ ਹੈ।

ਕਈ ਲੋਕਾਂ ਨੇ ਸੈਫਲ ਮਲੂਕ ਆਪਣੀ ਹੀ ਬਣਾਈ ਹੈ। ਜਿਹੜਾ ਬੁੱਲ੍ਹਾ ਗਾਇਆ ਜਾਂਦਾ ਹੈ, ਉਸ 'ਚ ਜ਼ਿਆਦਾਤਰ ਬੁੱਲ੍ਹਾ ਹੈ ਹੀ ਨਹੀਂ। ਵੈਸੇ ਤਾਂ ਇਹ ਇਸ਼ਕ ਦੇ ਕੰਮ ਹਨ। ਕਈ ਸ਼ਾਇਰ ਬਜ਼ੁਰਗਾਂ ਦੇ ਰੰਗ 'ਚ ਰੰਗੇ ਜਾਂਦੇ ਹਨ ਅਤੇ ਉਨ੍ਹਾਂ ਦੇ ਅੰਗ 'ਚ ਹੀ ਕਲਾਮ ਕਹਿੰਦੇ ਹਨ। ਹੀਰ ਵਾਰਿਸ ਸ਼ਾਹ ਵੀ ਕੋਈ ਅਸਮਾਨੀ ਕਿਤਾਬ ਨਹੀਂ ਹੈ। ਵਾਰਿਸ ਸ਼ਾਹ ਨੇ ਜੰਡਿਆਲੇ ਦੀ ਮਸੀਤ ਦੇ ਹੁਜਰੇ 'ਚ ਬੈਠ ਕੇ ਲਿਖੀ ਸੀ। ਅਸੀਂ ਵਾਰਿਸ ਸ਼ਾਹ ਨਾਲ ਵੀ ਉਹੀ ਵਾਰਦਾਤ ਪਾਈ ਹੈ ਜਿਹੜੀ ਕਈ ਵਲੀਆਂ, ਪੈਗੰਬਰਾਂ ਅਤੇ ਉਨ੍ਹਾਂ ਦੇ ਕਲਾਮ ਨਾਲ ਕਰਦੇ ਆਏ ਹਾਂ।

ਜੇ ਉਹ ਲੋਕਾਂ ਨੂੰ ਜੋੜਨ ਦੀ ਗੱਲ ਕਰਦੇ ਸਨ ਤਾਂ ਅਸੀਂ ਉਨ੍ਹਾਂ ਦਾ ਨਾਮ ਲੈ ਕੇ ਕਾਫ਼ਰ-ਕਾਫ਼ਰ ਦੇ ਨਾਅਰੇ ਮਾਰ ਛੱਡੀਦੇ ਹਨ। ਜੇ ਉਹ ਫ਼ਰਮਾ ਗਏ ਸਨ ਕਿ ਜ਼ਮੀਨ 'ਤੇ ਧੌਣ ਨੀਵੀਂ ਕਰ ਕੇ ਟੁਰੋ ਤਾਂ ਸਾਨੂੰ ਜੇਕਰ ਕਿਸੇ ਬੰਦੇ ਦੀ ਗੱਲ ਪਸੰਦ ਨਾ ਆਵੇ ਤਾਂ ਅਸੀਂ 'ਸਿਰ ਤਨ ਸੇ ਯੁਦਾ' ਦਾ ਨਾਅਰਾ ਮਾਰ ਛੱਡੀਦਾ ਹੈ ਅਤੇ ਜੇਕਰ ਫਿਰ ਵੀ ਤਸੱਲੀ ਨਾ ਹੋਵੇ, ਬੰਦਾ ਸਾੜ ਕੇ ਭੰਗੜੇ ਪਾਉਂਦੇ ਹਾਂ ਅਤੇ ਕਹਿੰਦੇ ਹਾਂ ਕਿ ਅਸੀਂ ਪੈਗੰਬਰੀ ਕੰਮ ਕਰ ਛੱਡਿਆ ਹੈ। ਜਿਹਦਾ ਵੀ ਦਿਲ ਕਰੇ, ਉਹ ਹੀਰ ਸੁਣੇ ਪਰ ਅਗਲੀ ਦਫਾ ਕੋਈ ਗਾਵੇ-'ਡੋਲੀ ਚੜ੍ਹਦਿਆਂ ਮਾਰੀਆਂ ਹੀਰ ਚੀਕਾਂ' ਤਾਂ ਯਾਦ ਰੱਖੋ ਕਿ ਵਾਰਿਸ ਸ਼ਾਹ ਦੀ ਹੀਰ ਤਾਂ ਆਪਣੇ ਵਕਤ ਦੇ ਜ਼ਾਲਮਾਂ ਦੀਆਂ ਚੀਕਾਂ ਕੱਢਵਾ ਕੇ ਗਈ ਸੀ ਤੇ ਬਾਕੀ ਆਸ਼ਿਕ ਲੋਕਾਂ ਲਈ ਵਾਰਿਸ ਸ਼ਾਹ ਆਪ ਫ਼ਰਮਾ ਗਏ ਹਨ:

ਮਾਣ ਮੱਤੀਏ ਰੂਪ ਗੁਮਾਨ ਭਰੀਏ,
ਅਠਖੇਲੀਏ ਰੰਗ ਰੰਗੀਲੀਏ ਨੀ।
ਆਸ਼ਕ, ਭੌਰ, ਫ਼ਕੀਰ ਤੇ ਨਾਗ ਕਾਲੇ,
ਬਾਝ ਮੰਤਰੋਂ ਮੂਲ ਨਾ ਕੀਲੀਏ ਨੀ।



*ਉਘੇ ਚਿੱਤਰਕਾਰ ਅਬਦੁਰ ਰਹਿਮਾਨ ਚੁਗਤਾਈ ਦੇ ਬਣਾਏ ਹੀਰ ਰਾਂਝੇ ਦੇ ਚਿੱਤਰ।*

## ਕਿੱਸਾ ਹੀਰ: ਕੁਝ ਵੰਨਗੀ

### ਹੀਰ ਦਾ ਮਾਂ ਨਾਲ ਕਲੇਸ਼

ਹੀਰ ਮਾਉਂ ਦੇ ਨਾਲ ਆ ਲੜਨ ਲੱਗੀ,
ਤੁਸਾਂ ਸਾਕ ਕੀਤਾ ਨਾਲ ਜ਼ੋਰੀਆਂ ਦੇ।
ਕਦੋ ਮੰਗਿਆ ਮੁਣਸ ਮੈਂ ਆਖ ਤੈਨੂੰ,
ਵੈਰ ਕੱਢਿਉਈ ਕਿਨ੍ਹਾਂ ਖੋਰੀਆਂ ਦੇ।
ਹੁਣ ਕਰੇਂ ਵਲਾ ਕਿਉਂ ਅਸਾਂ ਕੋਲੋਂ,
ਇਹ ਕੰਮ ਨਾ ਹੁੰਦੇ ਨੀ ਚੋਰੀਆਂ ਦੇ।
ਜਿਹੜੇ ਹੋਣ ਬੇਅਕਲ ਚਾ ਲਾਂਵਦੇ ਨੀ,
ਇੱਟ ਮਾੜੀਆਂ ਦੀ ਵਿਚ ਮੋਰੀਆਂ ਦੇ।
ਚਾਇ ਚੁਗ਼ਦ ਨੂੰ ਕੂੰਜ ਦਾ ਸਾਕ ਦਿੱਤੋ,
ਪਰੀ ਬਧੀਆ ਜੇ ਗਲ ਢੋਰੀਆਂ ਦੇ।
ਵਾਰਿਸ ਸ਼ਾਹ ਮੀਆਂ ਗੰਨਾ ਚੱਖ ਸਾਰਾ,
ਮਜ਼ੇ ਵੱਖ ਨੇ ਪੋਰੀਆਂ ਪੋਰੀਆਂ ਦੇ।

### ਹੀਰ ਨੇ ਰਾਂਝੇ ਨਾਲ ਸਲਾਹ ਕਰਨੀ

ਹੀਰ ਆਖਦੀ ਰਾਂਝਿਆ ਕਹਿਰ ਹੋਇਆ,
ਏਥੋਂ ਉਠ ਕੇ ਚਲ ਜੇ ਚੱਲਣਾ ਈ।
ਦੋਨੋਂ ਉਠ ਕੇ ਲੰਮੜੇ ਰਾਹ ਪਈਏ,
ਕੋਈ ਅਸਾਂ ਨੇ ਦੇਸ ਨਾ ਮੱਲਣਾ ਈ।
ਜਦੋਂ ਝੁੱਗੜੇ ਵੜੀ ਮੈਂ ਖੇੜਿਆਂ ਦੇ,
ਕਿਸੇ ਅਸਾਂ ਨੂੰ ਮੋੜ ਨਾ ਘੱਲਣਾ ਈ।
ਮਾਂ ਬਾਪ ਨੇ ਜਦੋਂ ਵਿਆਹ ਟੋਰੀ,
ਕੋਈ ਅਸਾਂ ਦਾ ਵੱਸ ਨਾ ਚੱਲਣਾ ਈ।
ਅਸੀਂ ਇਸ਼ਕੇ ਦੇ ਆਣ ਮੈਦਾਨ ਰੁਧੇ,
ਬੁਰਾ ਸੂਰਮੇ ਨੂੰ ਰਣੋਂ ਹੱਲਣਾ ਈ।
ਵਾਰਿਸ ਸ਼ਾਹ ਜੇ ਇਸ਼ਕ ਫ਼ਿਰਾਕ ਛੁੱਟੇ,
ਇਹ ਕਟਕ ਫਿਰ ਆਖ ਕਿਸ ਝੱਲਣਾ ਈ।

### ਰਾਂਝੇ ਦਾ ਹੀਰ ਨੂੰ ਉੱਤਰ

ਹੀਰੇ ਇਸ਼ਕ ਨਾ ਮੂਲ ਸਵਾਦ ਦਿੰਦਾ,
ਨਾਲ ਚੋਰੀਆਂ ਅਤੇ ਉਧਾਲਿਆਂ ਦੇ।
ਕਿੜਾਂ ਪੌਂਦੀਆਂ ਮੁਠੇ ਸਾਂ ਦੇਸ ਵਿਚੋਂ,
ਕਿਸੇ ਸੁਣੇ ਸਨ ਖ਼ੂਹਣੀਆਂ ਗਾਲਿਆਂ ਦੇ।
ਠੱਗੀ ਨਾਲ ਤੂੰ ਮਝੀਂ ਚਰਾ ਲਈਆਂ,
ਏਹੋ ਰਾਹ ਨੇ ਰੰਨਾਂ ਦੀਆਂ ਚਾਲਿਆਂ ਦੇ।
ਵਾਰਿਸ ਸ਼ਾਹ ਸਰਾਫ ਸਭ ਜਾਣਦੇ ਨੀ,
ਐਬ ਖੋਟਿਆਂ ਭੰਨਿਆਂ ਰਾਲਿਆਂ ਦੇ।

### ਹੀਰ ਦੇ ਵਿਆਹ ਦੀ ਤਿਆਰੀ


ਚੂਚਕ ਸਿਆਲ ਨੇ ਕੌਲ ਵਸਾਰ ਘੱਤੇ,
ਜਦੋਂ ਹੀਰ ਨੂੰ ਪਾਇਆ ਮਾਈਆਂ ਨੇ।
ਕੁੜੀਆਂ ਝੰਗ ਸਿਆਲ ਦੀਆਂ ਧੁੰਮਲਾ ਹੋ,
ਸਭੇ ਪਾਸ ਰੰਝੇਟੇ ਦੇ ਆਈਆਂ ਨੇ।
ਉਹਦੇ ਵਿਆਹ ਦੇ ਸਭ ਸਾਮਾਨ ਹੋਏ,
ਗੰਢੀਂ ਫੇਰੀਆਂ ਦੇਸ ਤੇ ਨਾਈਆਂ ਨੇ।
ਹੁਣ ਤੇਰੀ ਰੰਝੇਟਿਆ ਗੱਲ ਕੀਕੂੰ,
ਤੂੰ ਭੀ ਰਾਤ ਦਿੰਹੁ ਮਹੀਂ ਚਰਾਈਆਂ ਨੇ।
ਆ ਵੇ ਮੂਰਖਾ ਪੁੱਛ ਤੂੰ ਨਢੜੀ ਨੂੰ,
ਮੇਰੇ ਨਾਲ ਤੂੰ ਕੇਹੀਆਂ ਚਾਈਆਂ ਨੇ।
ਹੀਰੇ ਕਹਿਰ ਕੀਤੋ ਰਲ ਨਾਲ ਭਾਈਆਂ,
ਸਭਾ ਗਲੋ ਗਲ ਚਾ ਗਵਾਈਆਂ ਨੇ।
ਜੇ ਤੂੰ ਅੰਤ ਮੈਨੂੰ ਪਿੱਛਾ ਦੇਵਣਾ ਸੀ,
ਏਡੀਆਂ ਮਿਹਨਤਾਂ ਕਾਹੇ ਕਰਾਈਆਂ ਨੇ।
ਏਹੀ ਹੱਦ ਹੀਰੇ ਤੇਰੇ ਨਾਲ ਸਾਡੀ,
ਮਹਿਲ ਚਾੜ੍ਹ ਕੇ ਪੌੜੀਆਂ ਚਾਈਆਂ ਨੇ।

ਤੈਨੂੰ ਵਿਆਹ ਦੇ ਹਾਰ ਸ਼ਿੰਗਾਰ ਬੱਧੇ,
ਅਤੇ ਖੇੜਿਆਂ ਘਰੀਂ ਵਧਾਈਆਂ ਨੇ।
ਖਾ ਕਸਮ ਸੌਗੰਦ ਤੂੰ ਘੋਲ ਪੀਤੀ,
ਡੋਬ ਸੁੱਟਿਉ ਪੂਰੀਆਂ ਪਾਈਆਂ ਨੇ।
ਬਾਹੋਂ ਪਕੜ ਕੇ ਟੋਰ ਦੇ ਕਢ ਦੇਸੋਂ,
ਓਵੇਂ ਤੋੜ ਨੈਣਾਂ ਜਿਵੇਂ ਲਾਈਆਂ ਨੇ।
ਯਾਰ ਯਾਰ ਥੀਂ ਜੁਦਾ ਕਰ ਦੂਰ ਹੋਵੇ,
ਮੇਰੇ ਬਾਬ ਤਕਦੀਰ ਲਿਖਾਈਆਂ ਨੇ।
ਵਾਰਿਸ ਸ਼ਾਹ ਨੂੰ ਠਗਿਉ ਦਗ਼ਾ ਦੇ ਕੇ,
ਜੇਹੀਆਂ ਕੀਤੀਆਂ ਸੋ ਅਸਾਂ ਪਾਈਆਂ ਨੇ।

# ਵੇਖੀ ਮਾਣੀ ਦੁਨੀਆਂ

**ਪ੍ਰਸਿੱਧ ਢਾਡੀ ਸੋਹਣ ਸਿੰਘ ਸੀਤਲ ਅਜਿਹਾ ਲਿਖਾਰੀ ਸੀ ਜਿਸ ਨੇ ਇਤਿਹਾਸ, ਨਾਵਲ, ਕਵਿਤਾ ਅਤੇ ਵਾਰਾਂ ਦੇ ਖੇਤਰ ਵਿਚ ਚੋਖਾ ਨਾਮਣਾ ਖੱਟਿਆ। ਇਹ ਲੇਖ ਉਸ ਦੀ ਸਵੈ-ਜੀਵਨੀ 'ਵੇਖੀ ਮਾਣੀ ਦੁਨੀਆਂ' ਦਾ ਮੁਢਲਾ ਹਿੱਸਾ ਹੈ। ਇਸ ਦਾ ਬਿਰਤਾਂਤ ਦੱਸਦਾ ਹੈ ਕਿ ਇਸ ਵਿਚ ਇਤਿਹਾਸ ਦਾ ਰੰਗ ਬਹੁਤ ਗੂੜ੍ਹਾ ਨਜ਼ਰੀਂ ਪੈਂਦਾ ਹੈ; ਆਪਣੀ ਗੱਲ ਰੱਖਣ ਲਈ ਉਹ ਇਤਿਹਾਸ ਹੀ ਨਹੀਂ, ਮਿਥਿਹਾਸ ਦੀਆਂ ਘਾਟੀਆਂ ਦੀ ਯਾਤਰਾ ਵੀ ਕਰਦਾ ਹੈ। ਇਸੇ ਕਰ ਕੇ ਇਹ ਸਾਰੇ ਪ੍ਰਸੰਗ ਉਸ ਦੀਆਂ ਵਾਰਾਂ ਜਿੰਨੇ ਹੀ ਦਿਲਚਸਪ ਅਤੇ ਨਿਰਾਲੇ ਹਨ।**

**ਸੋਹਣ ਸਿੰਘ ਸੀਤਲ**



*ਖੱਬਿਓਂ: ਸੋਹਣ ਸਿੰਘ ਸੀਤਲ, ਉਨ੍ਹਾਂ ਦੀਆਂ ਲਿਖੀਆਂ ਕਿਤਾਬਾਂ ਅਤੇ (ਐਨ ਸੱਜੇ) ਸਵੈ-ਜੀਵਨੀ 'ਵੇਖੀ ਮਾਣੀ ਦੁਨੀਆਂ' ਦੇ ਪਹਿਲੇ ਐਡੀਸ਼ਨ ਦਾ ਮੁਖੜਾ।*

ਆਪਣੀ ਕਹਾਣੀ, ਆਪਣੀ ਜ਼ਬਾਨੀ, ਬਹੁਤ ਔਖਾ ਕੰਮ ਹੈ। 'ਅਬ੍ਰਹਾਮ ਕਾਊਲੇ' ਤੇ ਫਿਰ ਲਿਖਤੀ ਰੂਪ ਵਿਚ? ਕਹਿੰਦਾ ਹੈ, "ਆਪਣੇ ਬਾਰੇ ਆਪ ਲਿਖਣਾ ਮੁਸ਼ਕਲ ਵੀ ਹੈ, ਤੇ ਦਿਲਚਸਪ ਵੀ। ਆਪਣੀ ਬੁਰਾਈ ਜਾਂ ਨਿੰਦਿਆ ਲਿਖਣਾ ਸਾਨੂੰ ਆਪ ਨੂੰ ਬੁਰਾ ਮਾਲੂਮ ਹੁੰਦਾ ਹੈ, ਤੇ ਜੇ ਆਪਣੀ ਤਾਰੀਫ਼ ਲਿਖਾਂਗੇ ਤਾਂ ਪਾਠਕ ਪਸੰਦ ਨਹੀਂ ਕਰਨਗੇ।"

"ਰਹਿਮਨ! ਮੁਸਕਲ ਅਤਿ ਬਨੀ, ਗਾੜੇ ਦੋਊ ਕਾਮ।
ਸਾਚ ਕਹੇਂ ਤੋ ਜਗ ਨਹੀਂ, ਝੂਠੇ ਮਿਲੇ ਨਾ ਰਾਮ।"

ਫਰਾਂਸ ਦਾ ਮਹਾਨ ਚਿੰਤਕ ਜੀਨ ਜੈਕ ਰੂਸੋ (ਜਨਮ 1712 ਈ.) ਆਪਣੀ ਜੀਵਨੀ ਵਿਚ ਲਿਖਦਾ ਹੈ, "ਮੈਂ ਇਕ ਆਦਮੀ ਨੂੰ ਆਮ ਲੋਕਾਂ ਦੇ ਸਾਹਮਣੇ ਨੰਗਾ ਕਰਨ ਲੱਗਾ ਹਾਂ, ਤੇ ਉਹ ਆਦਮੀ ਮੈਂ ਆਪ ਹਾਂ।"

ਸੱਚਮੁੱਚ ਇਹ ਦਲੇਰੀ ਭਰਿਆ ਕਦਮ ਹੈ ਪਰ ਕਈ ਵਾਰ ਏਨਾ 'ਨੰਗਾ' ਸੱਚ ਪਾਠਕ ਜਾਂ ਸਰੋਤੇ ਵਾਸਤੇ ਅਰੁਚੀ-ਕਰ ਬਣ ਜਾਂਦਾ ਹੈ, ਹਜ਼ਮ ਕਰਨਾ ਔਖਾ ਹੋ ਜਾਂਦਾ ਹੈ।

ਮਹਾਂਭਾਰਤ ਕਾਲ ਵਿਚ ਯੁਧਿਸ਼ਟਰ ਨੂੰ 'ਸੱਚ ਪੁੱਤਰ' ਕਿਹਾ ਜਾਂਦਾ ਹੈ। ਉਸ ਦੀ ਉਤਪਤੀ ਹੀ 'ਸੱਚ' (ਧਰਮ) ਤੋਂ ਮੰਨੀ ਜਾਂਦੀ ਹੈ। ਏਸੇ ਵਾਸਤੇ ਉਸ ਨੂੰ 'ਪਾਂਡੂ ਪੁੱਤਰ' ਕਹਿਣ ਦੀ ਥਾਂ 'ਕੁੰਤੀ ਪੁੱਤਰ' ਜਾਂ 'ਸੱਚ ਪੁੱਤਰ' ਕਿਹਾ ਜਾਂਦਾ ਹੈ। ਉਸ ਦੇ ਕਹੇ ਉਤੇ ਵੈਰੀ ਵੀ ਭਰੋਸਾ ਕਰ ਲੈਂਦੇ ਸਨ। ਉਹਦਾ ਪ੍ਰਣ ਤੇ ਦਾਅਵਾ ਸੀ ਕਿ ਮੈਂ ਉਮਰ ਭਰ ਕਦੇ ਝੂਠ ਨਹੀਂ ਬੋਲਿਆ ਪਰ ਨੀਤੀ ਦੇ ਚੱਕਰ ਵਿਚ ਆ ਕੇ ਉਸ ਨੂੰ ਪਹਾੜ ਜਿੱਡਾ ਝੂਠ ਬੋਲਣਾ ਪੈ ਗਿਆ।

ਮਹਾਂਭਾਰਤ ਦੀ ਕਥਾ ਹੈ, ਦ੍ਰੋਣਾਚਾਰਯ ਪਾਂਡਵ ਸੈਨਾ ਦੀ ਤਬਾਹੀ ਕਰ ਰਿਹਾ ਸੀ। ਭਗਵਾਨ ਕ੍ਰਿਸ਼ਨ ਨੇ ਕਿਹਾ ਕਿ ਜਿੰਨਾ ਚਿਰ ਦ੍ਰੋਣਾਚਾਰਯ ਨਹੀਂ ਮਰੇਗਾ, ਪਾਂਡਵਾਂ ਦੀ ਖ਼ੈਰ ਨਹੀਂ ਪਰ ਸਵਾਲ ਹੈ ਕਿ ਉਹਨੂੰ ਮਾਰਿਆ ਕਿਵੇਂ ਜਾਵੇ? ਜਵਾਬ ਮਿਲਿਆ ਕਿ ਉਸ ਨੂੰ ਯਕੀਨ ਕਰਾ ਦਿਓ ਕਿ ਉਸ ਦਾ ਪੁੱਤਰ ਅਸ਼ਵਥਾਮਾ ਮਾਰਿਆ ਗਿਆ ਹੈ ਤਾਂ ਉਹ ਬੇਹੌਸਲਾ ਹੋ ਕੇ ਹਥਿਆਰ ਸੁੱਟ ਦੇਵੇਗਾ।

ਹੁਣ ਸਵਾਲ ਸੀ ਕਿ ਝੂਠ ਨੂੰ ਯਕੀਨੀ ਬਨਾਉਣ ਵਾਸਤੇ ਸੱਚ ਦੀ ਦੁਰ-ਵਰਤੋਂ ਕਿੱਥੋਂ ਤਕ ਕੀਤੀ ਜਾਵੇ। ਪਾਂਡੋ ਜਾਣਦੇ ਸਨ ਕਿ ਦਰੋਣਾਚਾਰਯ ਨੇ ਯੁਧਿਸ਼ਟਰ ਤੋਂ ਬਿਨਾਂ ਕਿਸੇ ਹੋਰ ਦੀ ਗੱਲ ਉਤੇ ਇਤਬਾਰ ਨਹੀਂ ਕਰਨਾ। ਉਹਨਾਂ ਯੁਧਿਸ਼ਟਰ 'ਤੇ ਜ਼ੋਰ ਪਾਇਆ ਕਿ ਤੂੰ ਇਕ ਵਾਰ ਕਹਿ ਦੇਈਂ ਕਿ ਅਸ਼ਵਥਾਮਾ ਮਾਰਿਆ ਗਿਆ ਹੈ। ਯੁਧਿਸ਼ਟਰ ਮੰਨੇ ਨਾ। ਉਹ ਕਹੇ, ਮੈਂ ਤਾਂ 'ਸੱਚ ਪੁੱਤਰ' ਹਾਂ, ਇਸ ਤਰ੍ਹਾਂ ਮੇਰੇ ਨਾਮ ਨੂੰ ਲਾਜ ਲੱਗੇਗੀ। ਅਖ਼ੀਰ ਸਾਰੇ ਪਾਂਡਵਾਂ ਨੇ ਦਬਾ ਪਾ ਕੇ ਯੁਧਿਸ਼ਟਰ ਨੂੰ ਬਹੁਤ ਹੱਦ ਤੱਕ ਜਾਂ ਸਮਝੋ, ਬਹਾਨੇ ਨਾਲ ਰਜ਼ਾਮੰਦ ਕਰ ਲਿਆ। ਮਾਲਵਾ ਦੇਸ ਦੇ ਰਾਜਾ ਇੰਦਰਵਰਮਾ ਦੇ ਇਕ ਹਾਥੀ ਦਾ ਨਾਮ ਅਸ਼ਵਥਾਮਾ ਸੀ (ਜਾਂ ਉਸ ਦਾ ਨਾਮ ਅਸ਼ਵਥਾਮਾ ਰੱਖ ਦਿੱਤਾ ਗਿਆ)। ਭੀਮ ਸੈਨ ਨੇ ਉਸ ਹਾਥੀ ਨੂੰ ਗੁਰਜ ਮਾਰ ਕੇ ਮਾਰ ਦਿਤਾ। ਫਿਰ ਭੀਮ ਸੈਨ ਨੇ ਉੱਚੀ ਆਵਾਜ਼ ਵਿਚ ਦਰੋਣਾਚਾਰਯ ਨੂੰ ਕਿਹਾ ਕਿ ਅਸ਼ਵਥਾਮਾ ਮਾਰਿਆ ਗਿਆ ਹੈ।

ਦਰੋਣਾਚਾਰਯ ਨੇ ਉਤਰ ਵਿਚ ਕਿਹਾ, "ਤੁਸੀਂ ਸਭ ਝੂਠੇ ਹੋ। ਮੈਂ ਤੁਹਾਡੇ ਉਤੇ ਇਤਬਾਰ ਨਹੀਂ ਕਰਦਾ। ਹਾਂ, ਯੁਧਿਸ਼ਟਰ ਕਹਿ ਦੇਵੇ ਤਾਂ ਮੈਂ ਯਕੀਨ ਕਰ ਲਵਾਂਗਾ।"

ਇਹ ਸੀ ਪ੍ਰੀਖਿਆ ਦਾ ਸਮਾਂ। ਅੰਤ ਸੱਚ ਦਾ ਦਾਅਵਾ ਕਰਨ ਵਾਲੇ ਸੱਚ ਪੁੱਤਰ ਯੁਧਿਸ਼ਟਰ ਨੇ ਉੱਚੀ ਆਵਾਜ਼ ਵਿਚ ਕਹਿ ਦਿੱਤਾ, "ਅਸ਼ਵਥਾਮਾ ਮਾਰਿਆ ਗਿਆ ਹੈ।" ਤੇ ਨਾਲ ਹੀ ਹੌਲੀ ਜਿਹੀ ਕਹਿ ਦਿਤਾ ਕਿ 'ਉਹ ਅਸ਼ਵਥਾਮਾ ਹਾਥੀ ਹੈ, ਪੁਰਸ਼ ਨਹੀਂ।'

ਯੁਧਿਸ਼ਟਰ ਦੀ ਜ਼ਬਾਨ ਉਤੇ ਇਤਬਾਰ ਕਰ ਕੇ ਦਰੋਣਾਚਾਰਯ ਨੇ ਹਥਿਆਰ ਤਿਆਗ ਦਿਤੇ, ਤੇ ਉਸ ਹਾਲਤ ਵਿਚ ਧ੍ਰਿਸ਼ਟਦੁਮਨ ਨੇ ਦਰੋਣਾਚਾਰਯ ਦਾ ਸਿਰ ਵੱਢ ਲਿਆ।

ਜੇ 'ਸੱਚ ਪੁੱਤਰ' ਅਖਵਾਉਣ ਵਾਲੇ ਦਾ ਇਹ ਹਾਲ ਹੈ ਤਾਂ ਸਧਾਰਨ ਆਦਮੀ 'ਨਿਰੋਲ ਸੱਚ' ਬੋਲਣ ਦਾ ਦਾਅਵਾ ਕਿੱਥੋਂ ਤਕ ਨਿਭਾ ਸਕਦਾ ਹੈ।

ਮਹਾਤਮਾ ਗਾਂਧੀ ਜੀ ਵੀ ਆਪਣੀ ਜੀਵਨ ਕਥਾ ਵਿਚ ਸੱਚ ਬੋਲਣ ਦਾ ਦਾਅਵਾ ਕਰਦੇ ਹਨ। ਮੈਂ ਉਹਨਾਂ ਦੇ 'ਸੱਚ' ਬਾਰੇ ਸ਼ੱਕ ਨਹੀਂ ਕਰਦਾ ਪਰ ਸਵਾਲ ਹੈ ਕਿ ਕਿਹੜਾ ਸੱਚ। 'ਸੱਚ' ਦੀਆਂ ਵੀ ਕਿਸਮਾਂ ਹਨ, ਕੁਝ ਦਰਜੇ ਹਨ। ਇਕ 'ਨਿੱਜੀ ਸੱਚ' ਹੈ ਜਿਸ ਦਾ ਸਬੰਧ ਕੇਵਲ ਸਾਡੀ ਜ਼ਾਤ ਨਾਲ ਹੈ ਪਰ ਜੇ ਉਹਦਾ ਅਸਰ ਗਵਾਂਢੀ ਲੋਕਾਂ 'ਤੇ ਵੀ ਪੈਂਦਾ ਹੋਵੇ ਤਾਂ ਉਹ ਨਿੱਜੀ ਸੱਚ ਹੁੰਦਿਆਂ ਹੋਇਆਂ ਵੀ 'ਸਮਾਜਕ ਸੱਚ' ਬਣ ਗਿਆ। ਸੋ, ਜਿਸ ਸੱਚ ਦਾ ਅਸਰ ਆਸਪਾਸ ਦੇ ਸਮਾਜ ਉਤੇ ਪਵੇ, ਉਸ ਦੀ ਵਰਤੋਂ ਬੜੀ ਸੋਚ ਸਮਝ ਕੇ ਕਰਨੀ ਚਾਹੀਦੀ ਹੈ ਕਿਉਂਕਿ ਕੋਈ ਸੱਚ ਸਮਾਜ ਦਾ ਸੁਧਾਰ ਕਰਦਾ ਹੈ ਪਰ ਕੋਈ ਸਮਾਜ ਨੂੰ ਵਿਗਾੜ ਵੀ ਦੇਂਦਾ ਹੈ। ਉਸ ਤੋਂ ਅੱਗੇ 'ਧਾਰਮਿਕ ਸੱਚ' ਹੈ। ਇਸ ਉਤੇ ਅਮਲ ਕਰਨਾ ਬਹੁਤ ਔਖਾ ਹੈ। ਕਈ ਵਾਰ ਜਿਸ ਧਰਮ ਨੂੰ ਅਸੀਂ ਮੰਨਦੇ ਹਾਂ (ਭਾਵੇਂ ਉਹ ਮੰਨਣਾ ਮਰਦਮਸ਼ੁਮਾਰੀ ਤਕ ਹੀ ਸੀਮਿਤ ਹੋਵੇ), ਉਸ ਦੀ ਕਿਸੇ ਸਚਾਈ ਉਤੇ ਸਾਨੂੰ ਸ਼ੰਕਾ ਵੀ ਹੋਵੇ ਤਾਂ ਅਸੀਂ ਇਸ ਵਾਸਤੇ ਸੱਚ ਕਹਿਣ ਦੀ ਹਿੰਮਤ ਨਹੀਂ ਕਰਦੇ ਕਿ ਸਾਡੇ ਧਰਮ-ਭਾਈ ਸਾਨੂੰ ਧਰਮ ਤੋਂ ਖਾਰਜ ਨਾ ਕਰ ਦੇਣ। ਉਸ ਹਾਲਤ ਵਿਚ ਅਸੀਂ ਧਰਮ ਦੋਖੀ ਜਾਂ ਅਧਰਮੀ ਮੰਨੇ ਜਾਵਾਂਗੇ, ਤੇ ਲੋਕਾਂ ਵਿਚ ਸਾਡੀ ਸਾਖ ਕਮਜ਼ੋਰ ਹੋ ਜਾਵੇਗੀ।

ਇਕ ਹੈ 'ਰਾਜਨੀਤਕ ਸੱਚ'। ਇਸ ਦਾ ਦਾਅਵਾ ਤਾਂ ਅਸਲੋਂ ਹੀ ਨਿਰਮੂਲ ਹੈ। ਰਾਜਨੀਤੀ ਦਾ ਅਰਥ ਹੈ, ਵਿਰੋਧੀ ਨੂੰ ਧੋਖਾ ਦੇ ਕੇ ਆਪ ਜੇਤੂ ਬਣਨਾ। ਜੋ ਮਨੁੱਖ ਰਾਜਨੀਤੀ ਵਿਚ ਹਿੱਸਾ ਲੈਂਦਾ ਹੈ, ਉਸ ਦਾ ਸੱਚ ਦਾ ਦਾਅਵਾ ਕਰਨਾ ਬੜੀ ਹਾਸੋਹੀਣੀ ਗੱਲ ਹੈ। ਮਿਸਾਲ ਵਜੋਂ ਵੱਡੀ ਕੌਮ ਛੋਟੀ ਕੌਮ ਨੂੰ ਖਾ ਜਾਣਾ ਚਾਹੁੰਦੀ ਹੈ ਪਰ ਉਸ ਦੇ ਨੀਤੀਵਾਨ ਆਗੂ ਬੜੇ ਮਿੱਠੇ ਸ਼ਬਦਾਂ ਵਿਚ ਕਹਿਣਗੇ, 'ਇਸ ਛੋਟੀ ਜਿਹੀ ਕੌਮ ਨੂੰ ਹਰ ਪਾਸਿਓਂ ਖ਼ਤਰਾ ਹੈ। ਇਸ ਲਈ ਅਸੀਂ ਇਸ 'ਤੇ ਤਰਸ ਖਾ ਕੇ ਇਸ ਨੂੰ ਆਪਣੇ ਵਿਚ ਮਿਲਾ ਲੈਣਾ ਚਾਹੁੰਦੇ ਹਾਂ ਤਾਂ ਕਿ ਇਹ ਖ਼ਤਰਾ ਹਮੇਸ਼ਾ ਵਾਸਤੇ ਦੂਰ ਹੋ ਜਾਵੇ।'

ਬੱਸ, ਛੋਟੀ ਕੌਮ ਵੱਡੀ ਕੌਮ ਵਿਚ ਮਿਲ ਗਈ ਜਾਂ ਦੂਸਰੇ ਸ਼ਬਦਾਂ ਵਿਚ ਵੱਡੀ ਕੌਮ ਨੇ ਛੋਟੀ ਨੂੰ ਖਾ ਲਿਆ, ਤੇ ਹਜ਼ਮ ਕਰ ਲਿਆ। ਸੋ ਖ਼ਤਰਾ ਹਮੇਸ਼ਾ ਵਾਸਤੇ ਮਿਟ ਗਿਆ।

ਇਹ ਵੀ ਸੱਚ ਹੈ। ਸੱਚ ਦੀਆਂ ਕਿੰਨੀਆਂ ਕੁ ਵੰਨਗੀਆਂ ਦਾ ਜ਼ਿਕਰ ਕੀਤਾ ਜਾਵੇ।

ਆਖਰੀ ਸਵਾਲ ਹੈ, ਫਿਰ ਕਹਾਣੀ ਲਿਖਣ ਵਾਸਤੇ ਕਿਹੜਾ ਸਿਧਾਂਤ ਅਪਣਾਇਆ ਜਾਵੇ।

ਮੇਰੀ ਰਾਏ ਹੈ ਇਕ ਸਾਦਾ ਜਿਹਾ ਰਸਤਾ। "ਝੂਠ ਤੋਂ ਪੂਰੀ ਤਰ੍ਹਾਂ ਪਰਹੇਜ਼ ਕਰੋ। ਸੱਚ ਦਾ ਸਾਥ ਨਾ ਛੱਡੋ ਪਰ ਜਿਸ ਸੱਚ ਦਾ ਦੂਸਰੇ ਉਤੇ ਮਾੜਾ ਅਸਰ ਪੈਂਦਾ ਹੋਵੇ, ਉਸ ਨੂੰ ਥੋੜ੍ਹਾ ਜਿਹਾ ਅੱਖਾਂ ਤੋਂ ਉਹਲੇ ਵੀ ਕਰ ਦਿਓ।"

(2)

ਮੇਰੀ ਕਹਾਣੀ ਮੇਰੇ ਜਨਮ ਤੋਂ ਸ਼ੁਰੂ ਹੋਵੇਗੀ ਪਰ ਉਸ ਦੇ ਪਿਛੋਕੜ ਉਤੇ ਵੀ ਨਜ਼ਰ ਮਾਰਨੀ ਪਵੇਗੀ। ਜਿੰਨਾ ਚਿਰ ਬੁਨਿਆਦ ਨਹੀਂ ਬਣੇਗੀ, ਓਨਾ ਚਿਰ ਮਕਾਨ ਕਿਵੇਂ ਹੋਂਦ ਵਿਚ ਆਵੇਗਾ, ਭਾਵੇਂ ਉਹ ਛੋਟਾ ਹੀ ਹੋਵੇ। ਜੀਵਨ ਰੂਪੀ ਮਕਾਨ ਦੀ ਨੀਂਹ ਉਸ ਦਾ ਪਿਛੋਕੜ ਹੈ।

ਮੌਜੂਦਾ ਜ਼ਿਲ੍ਹਾ ਗੁਰਦਾਸ ਪੁਰ ਵਿਚ 'ਪੰਨੂਆਂ ਦੀਆਂ ਮਾੜੀਆਂ' ਪ੍ਰਸਿੱਧ ਹਨ, ਉਹਨਾਂ ਵਿਚੋਂ ਕੋਈ ਵੀ ਵੱਡਾ ਪਿੰਡ ਨਹੀਂ। ਨਾ ਹੀ ਉਹਨਾਂ ਦਾ ਰਕਬਾ ਬਹੁਤੇ ਖਿਲਾਰ ਵਾਲਾ ਹੈ। ਜੱਟ ਬਰਾਦਰੀ ਦੀ ਪੰਨੂੰ ਗੋਤ ਉਹਨਾਂ ਦੀ ਮਾਲਕ ਸੀ, ਤੇ ਅੱਜ ਵੀ ਹੈ। ਸਭ ਦਾ ਪਿਤਾ ਪੁਰਖੀ ਕਿੱਤਾ ਵਾਹੀ ਸੀ। ਜਿਸ ਘਰ ਦੇ ਜੀਆਂ ਦੀ ਗਿਣਤੀ ਵਧ ਗਈ; ਉਹਨਾਂ ਕੋਲ ਹਿੱਸੇ ਆਉਂਦੀ ਧਰਤੀ ਲੋੜ ਨਾਲੋਂ ਘਟ ਗਈ। ਵਾਹੀ ਤੋਂ ਬਿਨਾਂ ਉਹ ਹੋਰ ਕੁਝ ਕਰਨਾ ਨਹੀਂ ਸਨ ਜਾਣਦੇ। ਸੋ ਧਰਤੀ ਦੀ ਥੁੜ ਤੋਂ ਤੰਗ ਆ ਕੇ ਕੁਝ ਲੋਕ ਘਰ ਛੱਡ ਕੇ ਨਿਕਲ ਤੁਰੇ।

ਤਰਨ ਤਾਰਨ ਦਾ ਉਦਾਲਾ ਓਦੋਂ ਬਹੁਤਾ ਆਬਾਦ ਨਹੀਂ ਸੀ। ਬਹੁਤੀ ਧਰਤੀ ਵੀ ਮਾਲਕਾਂ ਦੇ ਕਬਜ਼ੇ ਤੋਂ ਮੁਕਤ ਖ਼ਾਲੀ ਪਈ ਸੀ। ਮਾੜੀਆਂ ਤੋਂ ਨਿਕਲ ਕੇ ਆਏ ਪੰਨੂੰਆਂ ਨੇ ਓਥੇ ਦੋ ਨਵੇਂ ਪਿੰਡ ਆ ਵਸਾਏ। ਇਕ ਹੈ 'ਜੌੜਾ' ਜੋ ਤਰਨ ਤਾਰਨ ਤੋਂ ਨੇੜੇ ਹੀ ਹੈ, ਤੇ ਦੂਸਰਾ ਹੈ 'ਨੌਸ਼ਹਿਰਾ ਪੰਨੂੰਆਂ' ਜੋ ਤਰਨ ਤਾਰਨ ਤੋਂ ਹਰੀ ਕੇ ਪੱਤਣ ਨੂੰ ਜਾਣ ਵਾਲੀ ਸੜਕ ਉਤੇ ਹੈ। ਅੱਜ ਕੱਲ੍ਹ ਵਸੋਂ ਦੇ ਪੱਖੋਂ ਨੌਸ਼ਹਿਰਾ ਪੰਨੂੰਆਂ ਕਾਫ਼ੀ ਵੱਡਾ ਪਿੰਡ ਹੈ ਪਰ ਜੌੜਾ ਛੋਟਾ ਹੀ ਹੈ। ਉਹਨਾਂ ਪਿੰਡਾਂ ਦੇ ਵੱਸਣ ਬਾਰੇ ਤਿੰਨ ਰਾਵਾਂ ਹਨ। ਨੌਸ਼ਹਿਰੇ ਵਾਲੇ ਕਹਿੰਦੇ ਹਨ ਕਿ ਪਹਿਲਾਂ ਨੌਸ਼ਹਿਰਾ ਬੱਝਾ, ਤੇ ਪਿਛੋਂ ਉਸ ਵਿਚੋਂ ਨਿਕਲ ਕੇ ਕੁਝ ਘਰਾਂ ਨੇ ਜੌੜਾ ਪਿੰਡ ਜਾ ਬੱਧਾ ਪਰ ਜੌੜੇ ਦੇ ਕੁਝ ਬਜ਼ੁਰਗ ਦੱਸਿਆ ਕਰਦੇ ਸਨ ਕਿ ਮਾੜੀਆ ਵਿਚੋਂ ਆ ਕੇ ਪਹਿਲਾਂ ਜੌੜਾ ਆਬਾਦ ਹੋਇਆ। ਪਿਛੋਂ ਜੌੜ ਵਿਚੋਂ ਨਿਕਲ ਕੇ ਨੌਸ਼ਹਿਰਾ ਵੱਸਿਆ; ਤੇ ਤੀਸਰੇ ਪੱਖ ਦੀ ਰਾਏ ਹੈ ਕਿ ਮਾੜੀਆਂ ਤੋਂ ਆ ਕੇ ਦੋਵੇਂ ਪਿੰਡ ਇਕੋ ਸਮੇਂ ਆਬਾਦ ਹੋਏ। ਕੁਝ ਘਰ ਜੌੜੇ ਵਿਚ ਬਹਿ ਗਏ ਤੇ ਕੁਝ ਨੌਸ਼ਹਿਰੇ। ਚਲੋ, ਇਹ ਵਿਚ-ਵਿਚਾਲੇ ਵਾਲਾ ਰਸਤਾ ਠੀਕ ਹੈ। ਨਾ ਕੋਈ ਵੱਡਾ, ਨਾ ਛੋਟਾ, ਦੋਵੇਂ ਭਰਾ (ਪਿੰਡ) ਜੌੜੇ ਜੰਮੇ ਹੀ ਮੰਨ ਲਵੋ ਪਰ ਇਹ ਪਿੰਡ ਕਦੋਂ ਵੱਸੇ, ਇਹ ਕਿਸੇ ਬਜ਼ੁਰਗ ਨੇ ਵੀ ਸਾਨੂੰ ਨਹੀਂ ਸੀ ਦੱਸਿਆ। ਪੁਰਾਣੇ ਲੋਕਾਂ ਨੂੰ ਆਪਣੇ ਜਨਮ ਦਾ ਚੇਤਾ ਨਹੀਂ ਸੀ ਹੁੰਦਾ ਤਾਂ ਪਿੰਡ ਦੇ ਜਨਮ ਦਾ ਕੌਣ ਚੇਤਾ ਰੱਖਦਾ।

ਆਪਣੇ ਪਿੰਡ 'ਕਾਦੀਵਿੰਡ' ਬਾਰੇ ਮੈਂ ਦੱਸ ਸਕਦਾ ਹਾਂ ਕਿ ਸਾਡੇ ਵੱਡੇ ਜੌੜੇ ਵਿਚੋਂ ਆਏ ਸਨ। ਇਸ ਦਾ ਸਬੂਤ? ਮੈਂ ਛੋਟਾ ਜਿਹਾ ਸਾਂ ਜਾਂ ਜੋੜੇ ਵਿਚ ਵੱਸਣ ਵਾਲਾ ਬਿਰਧ ਪੰਡਤ (ਖ਼ਾਨਦਾਨੀ ਪ੍ਰੋਹਤ) ਸਾਡੇ ਵੀ ਸਾਲ ਛਿਮਾਹੀਂ ਦੱਛਣਾ (ਉਗਰਾਹੀ) ਲੈਣ ਆਇਆ ਕਰਦਾ ਸੀ। ਉਹ ਦੱਸਦਾ ਹੁੰਦਾ ਸੀ, ਤੁਸੀਂ ਸਾਡੇ ਪੀੜ੍ਹੀਆਂ ਤੋਂ ਚਲੇ ਆ ਰਹੇ ਜਜਮਾਨ ਹੋ। ਤੁਸੀਂ ਜੌੜੇ ਵਿਚੋਂ ਆ ਕੇ ਏਥੇ ਆਬਾਦ ਹੋਏ ਹੋ। ਜੌੜੇ ਦੇ ਕੁਝ ਬਜ਼ੁਰਗ ਵੀ ਮੈਨੂੰ ਬੜੇ ਤੇਹ ਨਾਲ ਕਿਹਾ ਕਰਦੇ ਸਨ, "ਭਈ, ਤੂੰ ਸਾਡਾ ਲਹੂ ਹੈਂ। ਤੁਹਾਡੇ ਵੱਡੇ ਸਾਡੇ ਵਿਚੋਂ ਹੀ ਜਾ ਕੇ ਕਾਦੀਵਿੰਡ ਵੱਸੇ ਸਨ।"

ਹੁਣ ਸਵਾਲ ਹੈ ਕਿ ਕਾਦੀਵਿੰਡ ਕਦੋਂ ਵੱਸਿਆ? ਇਸ ਦਾ ਉੱਤਰ ਮੁਸ਼ਕਲ ਹੈ। ਕਸੂਰ ਤੋਂ ਚਾਰ ਮੀਲ ਦੂਰ ਉੱਤਰ ਵੱਲ ਇਹ ਕਾਜ਼ੀਆਂ ਦਾ ਪਿੰਡ ਸੀ। ਇਸ ਦੀ ਉਮਰ ਕਸੂਰ ਜਿੰਨੀ ਤਾਂ ਪੁਰਾਣੀ ਨਹੀਂ ਹੋ ਸਕਦੀ ਕਿਉਂਕਿ ਕਸੂਰ ਤੇ ਲਾਹੌਰ ਭਗਵਾਨ ਰਾਮ ਚੰਦਰ ਜੀ ਦੇ ਸਾਹਿਬਜ਼ਾਦਿਆਂ 'ਲਊ' ਤੇ 'ਕੁਸ਼' ਦੇ ਵਸਾਏ ਮੰਨੇ ਜਾਂਦੇ ਹਨ। ਉਸ ਵੇਲੇ ਅਜੇ ਇਸਲਾਮ ਹੀ ਹੋਂਦ ਵਿਚ ਨਹੀਂ ਸੀ ਆਇਆ ਤਾਂ ਕਾਜ਼ੀ ਕਿੱਥੋਂ ਆ ਜਾਂਦੇ ਪਰ ਅੰਦਾਜ਼ਾ ਹੈ ਕਿ ਜਦੋਂ ਕਸੂਰ ਉਤੇ ਪਠਾਣਾਂ ਦਾ ਕਬਜ਼ਾ ਹੋ ਗਿਆ, ਓਦੋਂ ਉਹਨਾਂ ਇਹ ਕਾਜ਼ੀਆਂ ਦਾ ਪਿੰਡ 'ਕਾਦੀਵਿੰਡ' ਵਸਾਇਆ। ਇਹ ਕਦੇ ਇਸਲਾਮੀ ਤਾਲੀਮ ਦਾ ਗੜ੍ਹ ਸੀ, ਤੇ ਏਥੇ ਵਧੇਰੇ ਵਸੋਂ ਕਾਜ਼ੀਆਂ ਦੀ ਸੀ। ਮੁਗ਼ਲਾਂ ਦੇ ਸਮੇਂ ਏਥੋਂ ਦੇ ਕਈ ਨਾਮਵਰ ਆਦਮੀ ਸਰਕਾਰੀ ਅਦਾਲਤਾਂ ਵਿਚ 'ਮੁਫ਼ਤੀ' ਦੇ ਉੱਚੇ ਅਹੁਦਿਆਂ ਉਤੇ ਹੁੰਦੇ ਸਨ। ਇਹ ਗੱਲਾਂ ਮੈਂ ਆਪਣੇ ਬਜ਼ੁਰਗਾਂ ਤੋਂ ਸੁਣੀਆਂ ਸਨ। ਫਿਰ ਉਸ ਥੇਹ ਤੋਂ ਕਈ ਵਾਰ ਪੁਰਾਣੀਆਂ ਇੱਟਾਂ ਨਿਕਲਿਆ ਕਰਦੀਆਂ ਸਨ ਜੋ ਨੌਂ ਇੰਚ ਚੌੜੀਆਂ, ਏਨੀਆਂ ਹੀ ਲੰਮੀਆਂ ਤੇ ਢਾਈ-ਕੁ ਇੰਚ ਮੋਟੀਆਂ ਹੁੰਦੀਆਂ ਸਨ। ਕਈ ਇੱਟਾਂ ਦੇ ਸੱਚੇ ਵਿਚ ਅਰਬੀ ਦੇ ਅੱਖਰ ਉੱਕਰੇ ਹੁੰਦੇ ਸਨ।

ਅਸਾਂ ਇਹ ਵੇਖਣਾ ਹੈ ਕਿ ਸਾਡੇ ਵੱਡੇ ਓਥੇ ਕਦੋਂ ਕਾਬਜ਼ ਹੋਏ।

1763 ਈ. ਦੇ ਮਈ (ਜੇਠ) ਮਹੀਨੇ ਵਿਚ ਸ. ਹਰੀ ਸਿੰਘ ਭੰਗੀ ਨੇ ਕਸੂਰ ਮਾਰਿਆ ਸੀ। ਅੰਮ੍ਰਿਤਸਰ ਵਿਸਾਖੀ ਦੇ ਸਮੇਂ ਕਸੂਰ ਦੇ ਇਕ ਦੁਖੀ ਪੰਡਤ ਨੇ ਪੰਥ ਅੱਗੇ ਫਰਯਾਦ ਕੀਤੀ ਕਿ ਕਸੂਰ ਦੇ ਪਠਾਣ ਹਾਕਮ ਉਸਮਾਨ ਖ਼ਾਂ ਨੇ ਮੇਰੀ ਸੱਜ-ਵਿਆਹੀ ਪਤਨੀ ਖੋਹ ਲਈ ਹੈ। ਏਥੇ ਹੀ ਬੱਸ ਨਹੀਂ, ਉਹ ਪਠਾਣ ਹਾਕਮ ਤੇ ਮੁੱਲਾਂ ਮੁਲਾਣੇ ਬਾਜ਼ਾਰਾਂ ਤੇ ਹਿੰਦੂਆਂ ਦੇ ਘਰਾਂ ਵਿਚ ਜਾ ਕੇ ਗਾਈਂ ਹਲਾਲ ਕਰਦੇ ਹਨ। ਫੇਰ ਕੀ ਸੀ, ਸਿੰਘ ਜੈਕਾਰੇ ਛੱਡ ਕੇ ਤਿਆਰ ਹੋ ਪਏ। ਸਭ ਤੋਂ ਅੱਗੇ ਸ. ਹਰੀ ਸਿੰਘ ਦੀ ਜਥੇਦਾਰੀ ਥੱਲੇ ਮਿਸਲ ਭੰਗੀਆਂ ਲੱਗੀ। ਉਹਦੇ ਨਾਲ ਮਿਸਲ ਸ਼ੁਕਰਚੱਕੀਆਂ, ਰਾਮਗੜ੍ਹੀਆਂ, ਕਨ੍ਹਈਆਂ ਤੇ ਨਕਈਆਂ ਵਾਲੀਆਂ ਵੀ ਤੁਰ ਪਈਆਂ। ਇਹਨਾਂ ਮਿਸਲਾਂ ਦੀ ਫ਼ੌਜ ਵਿਚ ਵਧੇਰੇ ਸਿੰਘ ਮਾਝੇ ਦੇ ਸਨ। ਕਸੂਰੀ ਪੰਡਤ ਉਹਨਾਂ ਦੀ ਅਗਵਾਈ ਕਰ ਰਿਹਾ ਸੀ।

ਕਸੂਰ ਦੇ ਪਠਾਣਾਂ ਦੀ ਤਾਕਤ ਉਸ ਵੇਲੇ ਸਿਖ਼ਰ 'ਤੇ ਸੀ। ਕਸੂਰ ਤੋਂ ਚਾਰ ਮੀਲ ਉੱਤਰ ਵੱਲ ਕਾਜ਼ੀਆਂ ਦਾ ਪਿੰਡ 'ਕਾਦੀਵਿੰਡ' ਸੀ। ਉਸ ਦੇ ਪਏ ਪੁਰਾਣੇ ਥੇਹ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਕਦੇ ਉਹ ਚਾਰ-ਪੰਜ ਹਜ਼ਾਰ ਵਸੋਂ ਦਾ ਨੱਗਰ ਹੋਵੇਗਾ। ਅਸਲ ਵਿਚ ਉਹ ਕਸੂਰੀ ਹਾਕਮਾਂ ਦੀ ਉੱਤਰੀ ਬਾਹੀ ਦੀ ਰਖਵਾਲੀ ਕਰਨ ਵਾਲੀ ਮਜ਼ਬੂਤ ਧਿਰ ਸੀ। ਪਿੰਡ ਦੇ ਚੜ੍ਹਦੇ ਤੇ ਲਹਿੰਦੇ ਪਾਸੇ ਦੋ ਵੱਡੀਆਂ ਡਿਉਢੀਆਂ ਸਨ, ਦੋ ਮੰਜ਼ਲੀਆਂ। ਪੱਛਮੀ ਪਾਸੇ ਦੀ ਡਿਉਢੀ ਦੀ ਉਪਰਲੀ ਮੰਜ਼ਲ ਵਿਚ ਬਹੁਤ ਵੱਡੀ ਨੌਬਤ ਪਈ ਹੁੰਦੀ ਸੀ ਜਿਸ ਕੋਲ ਇਕ ਪਹਿਰੇਦਾਰ ਹਰ ਵੇਲੇ ਸੁਚੇਤ ਰਹਿੰਦਾ ਸੀ। ਕਿਸੇ ਕਿਸਮ ਦਾ ਖ਼ਤਰਾ ਨਜ਼ਰ ਆਏ ਤਾਂ ਉਸ ਪਹਿਰੇਦਾਰ (ਟਾਂਗੂ) ਦਾ ਫ਼ਰਜ਼ ਸੀ ਕਿ ਉਹ ਨੌਬਤ ਉਤੇ ਮਿਥੇ ਹੋਏ ਸੰਕੇਤ ਅਨੁਸਾਰ ਡੱਗਾ ਲਾ ਕੇ ਇਕ ਪਾਸੇ ਕਸੂਰ ਤੇ ਦੂਸਰੇ ਪਾਸੇ ਅਲਗੋਂ ਤੇ ਘਰਿਆਲੇ ਖ਼ਬਰ ਪਚਾਏ। ਕਸੂਰ ਤਾਂ ਨੌਬਤ ਦੀ ਆਵਾਜ਼ ਆਸਾਨੀ ਨਾਲ ਪੁੱਜ ਜਾਂਦੀ ਸੀ ਪਰ ਅਲਗੋਂ ਤੇ ਘਰਿਆਲੇ ਦੇ ਸੰਨ ਵਿਚ ਛੋਟੀਆਂ ਪਿਕਟਾਂ (ਖ਼ਾਸ ਕਰ ਨੱਗਰ ਭੂਰੇ) ਵੀ ਹੈ ਸਨ।

ਪਿੰਡ ਦੀ ਪਹਾੜ ਦੀ ਬਾਹੀ ਲਹਿੰਦੇ ਚੜ੍ਹਦੇ ਜਾਂਦਾ ਸ਼ਾਹੀ ਰਸਤਾ ਸੀ। ਉਸ ਰਾਹ ਉਤੇ (ਪਿੰਡੋਂ ਚੜ੍ਹਦੇ ਪਾਸੇ) ਗੁਰੂ ਹਰਿਗੋਬਿੰਦ ਸਾਹਿਬ ਦਾ ਗੁਰਦੁਆਰਾ 'ਗੁਰੂ ਕਾ ਝਾੜ' ਸੀ, ਤੇ ਪਿੰਡੋਂ ਲਹਿੰਦੇ ਪਾਸੇ ਗੁਰੂ ਨਾਨਕ ਦੇਵ ਜੀ ਦਾ ਅਸਥਾਨ ਸੀ ਜੋ ਹਜ਼ੂਰ ਦੇ ਸ਼ਰਧਾਲੂ ਸਿੱਖ 'ਭਾਈ ਬਹਿਲੋਲ' ਦੇ ਨਾਮ ਉਤੇ ਪ੍ਰਸਿਧ ਸੀ। ਭਾਈ ਬਹਿਲੋਲ ਭਾਈ ਫੇਰੂ ਦਾ ਚੇਲਾ ਸੀ।

ਉਸ ਸਮੇਂ ਗੁਰਦੁਆਰਾ ਭਾਈ ਬਹਿਲੋਲ ਦੇ ਆਸ ਪਾਸ ਬੜਾ ਸੰਘਣਾ ਜੰਗਲ ਸੀ। ਪੰਡਤ ਕੇ ਦੱਸੇ ਰਸਤੇ ਚੱਲ ਕੇ ਸਿੰਘ ਚੁੱਪ ਚੁਪੀਤੇ ਭਾਈ ਬਹਿਲੋਲ ਦੇ ਜੰਗਲ ਵਿਚ ਆ ਉੱਤਰੇ। ਉਸ ਸਮੇਂ ਰੋਜ਼ਿਆਂ ਦੇ ਦਿਨ ਸਨ। ਕਾਜ਼ੀ ਸਾਰੇ ਸਰਘੀ ਵੇਲਾ ਖਾ ਕੇ ਆਰਾਮ ਕਰ ਰਹੇ ਸਨ। ਉਹਨਾਂ ਦਾ ਪਹਿਰੇਦਾਰ ਹੀ ਡਿਉਢੀ ਵਿਚ ਖਲਾ ਪਹਿਰਾ ਦੇ ਰਿਹਾ ਸੀ। ਸਿੰਘਾਂ ਨੇ ਪੈਂਦੀ ਸੱਟੇ ਧਾਵਾ ਬੋਲ ਕੇ ਉਹ ਪਹਿਰੇਦਾਰ ਮਾਰ ਦਿਤਾ, ਤੇ ਫਿਰ ਤਲਵਾਰਾਂ ਧੂਹ ਕੇ ਪਿੰਡ ਵਿਚ ਵੜ ਗਏ। ਪੰਡਤ ਦੀ ਜ਼ਬਾਨੀ ਸੁਣੀ ਹੋਈ ਉਹਨਾਂ ਕਾਜ਼ੀਆਂ ਦੇ ਜ਼ੁਲਮਾਂ ਦੀ ਕਹਾਣੀ ਸਿੰਘਾਂ ਦੇ ਦਿਲਾਂ ਵਿਚ ਕੰਡੇ ਵਾਂਗ ਰੜਕ ਰਹੀ ਸੀ। ਸੋ, ਬਚਿਆ ਓਹੀ ਜਿਸ ਨੇ ਨੱਸ ਕੇ ਜਾਨ ਬਚਾ ਲਈ। ਦੋ ਘੜੀਆਂ ਵਿਚ ਸਾਰਾ ਪਿੰਡ ਹੀ ਉੱਜੜ ਗਿਆ।

ਏਧਰੋਂ ਵਿਹਲੇ ਹੋ ਕੇ ਸਿੰਘ ਕਸੂਰ ਉਤੇ ਜਾ ਪਏ। ਕਸੂਰ ਧਨੀਆਂ ਦਾ ਸ਼ਹਿਰ ਸੀ। ਉਸਮਾਨ ਖ਼ਾਂ ਮਾਰਿਆ ਗਿਆ, ਹਮੀਦ ਖ਼ਾਂ ਖ਼ਾਲਸੇ ਦੇ ਚਰਨੀ ਆ ਢੱਠਾ, ਪੰਡਤ ਦੀ ਪਤਨੀ ਉਸ ਨੂੰ ਮਿਲ ਗਈ। ਸਿੰਘਾਂ ਨੇ ਤਿੰਨ ਦਿਨ ਬੜੀ ਤਸੱਲੀ ਨਾਲ ਕਸੂਰ ਲੁੱਟਿਆ। ਕਰੋੜਾਂ ਰੁਪੈ ਦਾ ਮਾਲ ਸਿੰਘਾਂ ਦੇ ਹੱਥ ਆਇਆ। ਏਥੋਂ ਵਿਹਲੇ ਹੋ ਕੇ ਸਿੰਘ ਫਿਰ ਕਾਦੀਵਿੰਡ ਆ ਬੈਠੇ। ਕਾਜ਼ੀ ਤਾਂ ਬਹੁਤੇ ਘਰ-ਬਾਰ ਛੱਡ ਕੇ ਨੱਸ ਗਏ ਸਨ। ਉਹਨਾਂ ਦੇ ਫ਼ਤਵਿਆਂ ਦੀਆਂ ਗੱਲਾਂ ਯਾਦ ਕਰ ਕੇ ਸਿੰਘਾਂ ਦਾ ਗੁੱਸਾ ਭੜਕ ਉਠਿਆ, ਤੇ ਉਹਨਾਂ ਸਾਰਾ ਪਿੰਡ ਢਾਹ ਕੇ ਥੇਹ ਕਰ ਦਿਤਾ। ਵਿਹਲੇ ਹੋ ਕੇ ਸਿੰਘ ਫਿਰ ਅੰਮ੍ਰਿਤਸਰ ਜਾ ਬੈਠੇ।

14 ਜਨਵਰੀ 1764 ਈ. ਦਾ ਦਿਨ ਸਿੱਖ ਇਤਿਹਾਸ ਵਿਚ ਆਪਣੀ ਉਚੇਚੀ ਥਾਂ ਰਖਦਾ ਹੈ। ਉਸ ਦਿਨ ਸਰਹਿੰਦ ਦੇ ਆਖਰੀ ਨਾਮਵਰ ਸੂਬੇਦਾਰ ਜ਼ੈਨ ਖ਼ਾਂ ਨੂੰ ਮਾਰ ਕੇ ਸਿੰਘਾਂ ਨੇ ਸਾਰੇ ਸੂਬਾ ਸਰਹਿੰਦ ਉਤੇ ਕਬਜ਼ਾ ਕਰ ਲਿਆ ਸੀ।

ਏਥੇ ਹੀ ਬੱਸ ਨਹੀਂ, ਸਿੰਘਾਂ ਨੇ ਬਾਰੀ ਦੁਆਬਾ (ਮਾਝਾ ਤੇ ਰਿਆੜਕੀ) ਤੇ ਦੁਆਬਾ ਰਚਨਾ ਵਿਚ ਵੀ ਬਹੁਤ ਸਾਰੇ ਇਲਾਕੇ ਮੱਲ ਲਏ। ਏਸੇ ਸਮੇਂ ਸਾਡੇ ਵੱਡਿਆਂ ਨੇ ਕਾਜ਼ੀਆਂ ਦੇ ਉਜੜੇ ਹੋਏ ਪਿੰਡ ਕਾਦੀਵਿੰਡ ਉਤੇ ਜਾ ਕਬਜ਼ਾ ਕੀਤਾ। ਉਹਨਾਂ ਸੂਰਮਿਆਂ ਦੀ ਦਲੇਰੀ ਵੇਖੋ, ਐਨ ਕਸੂਰ ਦੇ ਸਿਰ ਉਤੇ ਜਾ ਡੇਰੇ ਲਾਏ।

ਜੱਟ ਸਿੱਖਾਂ ਦੀਆਂ ਦੋ ਗੋਤਾਂ (ਪੰਨੂੰ ਤੇ ਵਿਰਕ) ਨੇ ਉਹ ਸਾਰਾ ਪਿੰਡ ਮੱਲ ਲਿਆ। ਪੰਨੂੰ ਤਾਂ ਪਿੰਡ ਜੌੜਾ ਵਿਚੋਂ ਗਏ ਸਨ ਤੇ ਵਿਰਕ ਸ਼ਾਇਦ ਜ਼ਿਲ੍ਹਾ ਗੁੱਜਰਾਂ ਵਾਲੇ ਵਿਚੋਂ (ਓਦੋਂ ਸ਼ੇਖ਼ੂਪੁਰਾ ਵੱਖਰਾ ਜ਼ਿਲ੍ਹਾ ਨਹੀਂ ਸੀ ਹੁੰਦਾ)। ਮਿਸਲ ਸ਼ੁਕਰਚੱਕੀਆਂ ਦੀ ਫ਼ੌਜ ਵਿਚ ਵਿਰਕਾਂ ਦੀ ਕਾਫ਼ੀ ਗਿਣਤੀ ਸੀ। ਸੋ ਪਿੰਡ ਉਤੇ ਕਬਜ਼ਾ ਕਰਨ ਵਾਲੇ ਓਹਾ ਲੋਕ ਸਨ ਜੋ ਕਸੂਰ ਦੀ ਮੁਹਿੰਮ ਵਿਚ ਸ਼ਾਮਲ ਸਨ। ਏਥੋਂ ਕਾਦੀਵਿੰਡ ਦਾ ਨਵਾਂ ਇਤਿਹਾਸ ਸ਼ੁਰੂ ਹੋ ਗਿਆ। ਪਹਿਲਾਂ ਪਿੰਡ ਦੇ ਮਾਲਕ ਕਾਜ਼ੀ ਸਨ, ਫਿਰ ਜੱਟ ਸਿੱਖ ਬਣ ਗਏ।

ਸਿੱਖਾਂ ਦੇ ਰਾਜ ਸਮੇਂ ਸਿੱਖਾਂ ਤੇ ਮੁਸਲਮਾਨਾਂ ਵਿਚ ਚਲਿਆ ਆ ਰਿਹਾ ਵੈਰ-ਭਾਵ ਮਿਟ ਗਿਆ ਤਾਂ ਪਿੰਡ ਵਿਚ ਬਹੁਤ ਸਾਰੇ ਮੁਸਲਮਾਨ ਤੇ ਹਰੀਜਨ ਵੀ ਆ ਵੱਸੇ।

ਸਾਡੇ ਬਜ਼ੁਰਗ ਜੌੜੇ ਦੀਆਂ ਤੰਗ ਜ਼ਮੀਨਾਂ ਛੱਡ ਕੇ ਕਾਦੀਵਿੰਡ ਦੇ ਖੁੱਲ੍ਹੇ ਰਕਬੇ ਦੇ ਮਾਲਕ ਤਾਂ ਬਣ ਗਏ ਪਰ ਆਰੰਭ ਵਿਚ ਉਹਨਾਂ ਨੂੰ ਬੜੀਆਂ

(ਬਾਕੀ ਅਗਲੇ ਸਫੇ 'ਤੇ)

# ਹੋਇਆ ਦੇਸ ਪਰਾਇਆ

**ਉਘੇ ਲਿਖਾਰੀ ਅਵਤਾਰ ਸਿੰਘ ਬਿਲਿੰਗ ਦਾ ਨਵਾਂ ਨਾਵਲ 'ਹੋਇਆ ਦੇਸ ਪਰਾਇਆ' ਹਾਲ ਹੀ ਵਿਚ ਪ੍ਰਕਾਸ਼ਿਤ ਹੋਇਆ ਹੈ ਜਿਸ ਵਿਚ ਪਰਦੇਸ ਵਿਚ ਪੁੱਜੇ ਜਿਊੜਿਆਂ ਦੀਆਂ ਦੁੱਖ-ਸੁੱਖ ਦੀਆਂ ਗੱਲਾਂ-ਬਾਤਾਂ ਹਨ। ਇਸ ਦਿਲਚਸਪ ਨਾਵਲ ਦਾ ਇਕ ਕਾਂਡ ਅਸੀਂ ਆਪਣੇ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ।**

ਇਕ ਦਿਨ ਇਸ਼ਪ੍ਰੀਤ ਨੇ ਆਪਣੇ ਪਿੰਡ ਫੋਨ ਕੀਤਾ। ਉਹ ਹਰ ਹਫ਼ਤੇ ਛੁੱਟੀ ਵਾਲੇ ਦਿਨ ਆਪਣੀ ਮੰਮੀ ਤੇ ਦਾਦਾ-ਦਾਦੀ ਨਾਲ ਖੁੱਲ੍ਹ ਕੇ ਗੱਲਾਂ ਕਰਦਾ। ਪਿੰਡ ਦੀ ਸੁੱਖ-ਸਾਂਦ ਪੁੱਛਦਾ। ਆਪਣੇ ਨਾਲ ਹੁੰਦੇ ਰੁੱਖੇ ਵਰਤਾਓ ਬਾਰੇ ਹੁਣ ਉਸ ਨੇ ਕਦੇ ਜ਼ਿਕਰ ਨਹੀਂ ਕੀਤਾ ਸੀ। ਪਹਿਲਾਂ-ਪਹਿਲ ਦਾਦੇ ਦੇ ਜ਼ਿਆਦਾ ਜ਼ੋਰ ਪਾਏ ਤੋਂ ਇਕ ਦੋ ਵਾਰ ਆਰੀਅਨ ਤੇ ਪਰਮੀਤ ਦੇ ਖੁਸ਼ਕ ਵਤੀਰੇ ਬਾਰੇ ਉਧੜ ਪਿਆ ਸੀ। ਹੁਣ ਉਹ ਸੰਭਲ ਗਿਆ ਸੀ। ਜੇ ਗਿਲੇ-ਸ਼ਿਕਵੇ ਕਰੇਗਾ, ਘਰ ਦੇ ਵਾਧੂ ਫ਼ਿਕਰ ਕਰਨਗੇ। ਦਾਦੇ ਨੂੰ ਤਾਂ ਨੀਂਦ ਨਹੀਂ ਆਵੇਗੀ। ਜੇ ਪੰਜਾਬ ਗਏ ਛਿੰਦੇ ਅੰਕਲ ਕੋਲ ਗੱਲ ਪਹੁੰਚ ਗਈ ਤਾਂ ਅੰਕਲ ਦੇ ਪਰਿਵਾਰ ਵਿਚ ਕਲੇਸ ਹੋਵੇਗਾ। ਅੰਕਲ-ਆਂਟੀ ਨੇ ਜਲਦੀ ਆ ਹੀ ਜਾਣਾ ਸੀ। ਫੇਰ ਸ਼ਾਇਦ ਮਾਹੌਲ ਮੁੜ ਕੇ ਕੁਝ ਸੁਧਰ ਜਾਵੇ। ਜਦੋਂ ਉਸ ਦਾ ਮਨ ਉਚਾਟ ਹੁੰਦਾ, ਉਸ ਨੂੰ ਬਿਜ਼ਨਸ ਮੈਨੇਜਮੈਂਟ ਵਾਲਾ ਗੋਰਾ ਟੀਚਰ ਬਿਲਕੁਲ ਨੇੜਿਓਂ ਬੋਲਦਾ ਸੁਣਾਈ ਦਿੰਦਾ:

'ਡੌਂਟ ਕੰਪਲੇਨ ਐਬਾਊਟ ਦਾ ਸਰਕੰਮਸਟਾਂਸਿਜ਼। ਦੇ ਵੌਂਟ ਚੇਂਜ। ਟਰਾਈ ਟੂ ਐਜੱਸਟ ਇਨ ਦਾ ਨਿਊ ਸਿੱਚੁਏਸ਼ਨ।' (ਹਾਲਾਤ

**ਅਵਤਾਰ ਸਿੰਘ ਬਿਲਿੰਗ**
**ਫੋਨ: +91-82840-09596**

ਨਹੀਂ ਬਦਲਦੇ। ਉਹਨਾਂ ਅਨੁਸਾਰ ਰਹਿਣਾ ਸਿੱਖੋ।) ਕੈਨੇਡਾ ਵਿਚਲੇ ਅਧਿਆਪਕ ਦੇ ਅਜਿਹੇ ਕਈ ਕਥਨ ਉਸ ਨੇ ਘੁੱਟ ਕੇ ਲੜ ਬੰਨ੍ਹ ਲਏ ਸਨ।

'ਕੇਵਲ ਜਿਉਂਦੇ ਹੋਣਾ ਹੀ ਕੁਦਰਤ ਵਲੋਂ ਮਿਲਿਆ ਅਮੁੱਲਾ ਤੋਹਫ਼ਾ ਹੈ। ਜੋ ਅਸੀਂ ਚਿਤਵਿਆ ਸੀ, ਉਹ ਨਹੀਂ ਮਿਲਿਆ ਜਾਂ ਜੋ ਮਿਲਿਆ ਹੈ, ਉਹ ਅਸੀਂ ਮੰਗਿਆ ਨਹੀਂ ਸੀ। ਉਸ ਨੂੰ ਸਵੀਕਾਰ ਕਰੋ ਕਿਉਂਕਿ ਜੀਵਨ ਬਾਰੇ ਭਵਿੱਖਬਾਣੀ ਨਹੀਂ ਕੀਤੀ ਜਾ ਸਕਦੀ।' ਸੋ ਟੀਚਰ ਦੇ ਕਹਿਣ ਅਨੁਸਾਰ, ਬਦਲੀਆਂ ਹਾਲਤਾਂ ਮੁਤਾਬਕ, ਆਪਣੇ ਆਪ ਨੂੰ ਢਾਲਣ ਵਿਚ ਹੀ ਭਲਾਈ ਸੀ। ਸ਼ਿਕਾਇਤ ਕਰਨ ਦਾ ਲਾਭ ਨਹੀਂ ਸੀ ਹੋਣ ਲੱਗਿਆ। ਪਰਮੀਤ ਦਾ ਆਪਣਾ ਸੁਭਾਅ ਸੀ ਤੇ ਆਰੀਅਨ ਦਾ ਆਪਣਾ। ਇਸ਼ਪ੍ਰੀਤ ਨੇ ਤਾਂ ਆਪਣੇ ਵਲੋਂ ਉਹਨਾਂ ਦੀ ਕੰਪਨੀ ਵਿਚ ਚਾਰ ਮਹੀਨਿਆਂ ਲਈ ਮੁਫ਼ਤੋ-ਮੁਫ਼ਤੀ ਕੀਤੇ ਕੰਮ ਦਾ ਕਦੇ ਵੇਰਵਾ ਨਹੀਂ ਸੀ ਪਾਇਆ। ਆਖ਼ਰ ਉਹਨਾਂ ਨੇ ਉਸ ਨੂੰ ਆਪਣੀ ਛੱਤ ਹੇਠ ਆਸਰਾ ਦਿੱਤਾ ਹੋਇਆ ਸੀ। ਉਸ ਦੇ ਦੋ ਕਲਾਸਫੈਲੋ ਇਧਰ ਉਧਰ ਰੁਲ਼ਦੇ ਫਿਰਦੇ, ਖੇਤਾਂ ਵਿਚਲੇ ਕੈਬਿਨਾਂ ਵਿਚ ਦਿਨ ਕੱਟਦੇ। ਬੇਸ਼ੱਕ ਕੈਨੇਡੀਅਨ ਕਿਸਾਨ ਦੋਹਾਂ ਤੋਂ ਕੋਈ ਕੰਮ ਕਰਵਾਉਂਦੇ ਤਾਂ ਮਜ਼ਦੂਰੀ ਅਦਾ ਕਰਨ ਵਿਚ ਘੌਲ਼ ਨਾ ਕਰਦੇ। ਵਗਾਰ ਕਰਵਾਉਣ ਦੀ ਬਿਮਾਰੀ ਚੀਨਿਆਂ ਅਤੇ ਭਾਰਤੀਆਂ ਵਿਚ ਆਮ ਸੀ। ਉਹਨਾਂ ਇਸ ਨੂੰ 'ਵੌਲੰਟਰੀ ਜੌਬ' ਦਾ ਨਾਂ ਦਿੱਤਾ ਹੋਇਆ ਸੀ। ਸੋ ਹਮਦਰਦੀ ਵਿਖਾਉਂਦੇ, ਬਸ ਡਰਾਈਵਰ ਕੋਲ ਵੀ ਅਜਿਹੀ ਗੱਲ ਉਧੇੜਨ ਦਾ ਸਵਾਲ ਪੈਦਾ ਨਾ ਹੁੰਦਾ। ਉਹ 'ਹੂੰ-ਹੂੰ, 'ਹਾਂ ਜੀ ਹਾਂ ਜੀ' ਕਹਿੰਦਾ, ਡਰਾਈਵਰ ਦੀਆਂ ਗੱਲਾਂ ਸੁਣਦਾ, ਮੁਸਕਰਾਈ ਜਾਂਦਾ।

"ਬਈ, ਤੂੰ ਬੜਾ ਗੁੱਝਾ ਬੰਦਾ ਹੈਂ ਇਸ਼ਪ੍ਰੀਤ ਸਿੰਘ।" ਇਕ ਦਿਨ ਆਪਣਾ ਨਸੀਹਤ ਪੁਰਾਣ ਸੁਣਾ ਕੇ ਹਟਿਆ ਡਰਾਈਵਰ ਦਰਸ਼ਨ ਸਿੰਘ ਬੋਲਿਆ। ਉਸ ਦਾ ਲੰਬਾ ਤਜਰਬਾ ਸੀ। ਪਹਿਲਾਂ ਤਾਂ ਉਸ ਵਲੋਂ ਹਮਦਰਦੀ ਦੇ ਅਜਿਹੇ ਦੋ ਬੋਲ ਸੁਣਦਿਆਂ ਹੀ ਕੈਨੇਡਾ ਪੜ੍ਹਨ ਆਏ ਕਈ ਪੜ੍ਹਾਕੂ ਮੁੰਡੇ-ਕੁੜੀਆਂ ਤੁਰੰਤ 'ਮੁਸ-ਮੁਸ' ਕਰਦੇ, ਹੰਝੂ ਕੇਰਨ ਲੱਗ ਜਾਂਦੇ।

"ਨਹੀਂ ਅੰਕਲ ਜੀ। ਕੋਈ ਸਮੱਸਿਆ ਹੋਵੇ ਤਾਂ ਹੀ ਦੱਸਾਂ?" ਇਸ਼ਪ੍ਰੀਤ ਹਮੇਸ਼ਾ ਹੱਸ ਕੇ ਟਾਲ਼ ਦਿੰਦਾ।

ਕੁਝ ਦਿਨ ਲੰਘੇ। ਇਕ ਸ਼ੁੱਕਰਵਾਰ ਦੀ ਸ਼ਾਮ ਉਹ ਆਮ ਵਾਂਗ ਕਾਲਜ ਤੋਂ ਪਰਤਿਆ ਤਾਂ ਘਰ ਦੇ ਵਰਾਂਡੇ ਵਿਚ ਪਿਆ ਆਪਣਾ ਸਮਾਨ ਵੇਖ ਕੇ ਸੁੰਨ ਹੋ ਗਿਆ। ਉਸ ਦੇ ਅਟੈਚੀ ਉਪਰ ਪਰਚੀ ਪਈ ਸੀ ਜਿਸ ਉੱਤੇ ਲਿਖਿਆ ਸੀ: "ਅਫਸੋਸ, ਮੈਂ ਤੈਨੂੰ ਦੱਸਣਾ ਭੁੱਲ ਗਈ। ਸਾਡੀ ਫੈਮਿਲੀ ਦਸ ਦਿਨਾਂ ਲਈ ਕੈਂਪਿੰਗ ਉੱਤੇ ਜਾ ਰਹੀ। ਉਮੀਦ ਹੈ, ਤੈਨੂੰ




*ਨਾਵਲ 'ਹੋਇਆ ਦੇਸ ਪਰਾਇਆ' ਦਾ ਮੁਖੜਾ।*

**ਬਦਲੀਆਂ ਹਾਲਤਾਂ ਮੁਤਾਬਕ, ਆਪਣੇ ਆਪ ਨੂੰ ਢਾਲਣ ਵਿਚ ਹੀ ਭਲਾਈ ਸੀ।...ਪਰਮੀਤ ਦਾ ਆਪਣਾ ਸੁਭਾਅ ਸੀ ਤੇ ਆਰੀਅਨ ਦਾ ਆਪਣਾ। ਇਸ਼ਪ੍ਰੀਤ ਨੇ ਤਾਂ ਆਪਣੇ ਵਲੋਂ ਉਹਨਾਂ ਦੀ ਕੰਪਨੀ ਵਿਚ ਚਾਰ ਮਹੀਨੇ ਮੁਫ਼ਤ ਕੀਤੇ ਕੰਮ ਦਾ ਕਦੇ ਵੇਰਵਾ ਨਹੀਂ ਸੀ ਪਾਇਆ। ਆਖ਼ਰ ਉਹਨਾਂ ਨੇ ਉਸ ਨੂੰ ਆਪਣੀ ਛੱਤ ਹੇਠ ਆਸਰਾ ਦਿੱਤਾ ਹੋਇਆ ਸੀ। ਉਸ ਦੇ ਦੋ ਕਲਾਸਫੈਲੋ ਇਧਰ ਉਧਰ ਰੁਲ਼ਦੇ ਫਿਰਦੇ, ਖੇਤਾਂ ਵਿਚਲੇ ਕੈਬਿਨਾਂ ਵਿਚ ਦਿਨ ਕੱਟਦੇ। ਬੇਸ਼ੱਕ ਕੈਨੇਡੀਅਨ ਕਿਸਾਨ ਦੋਹਾਂ ਤੋਂ ਕੋਈ ਕੰਮ ਕਰਵਾਉਂਦੇ ਤਾਂ ਮਜ਼ਦੂਰੀ ਅਦਾ ਕਰਨ 'ਚ ਘੌਲ਼ ਨਾ ਕਰਦੇ। ਵਗਾਰ ਕਰਵਾਉਣ ਦੀ ਬਿਮਾਰੀ ਚੀਨਿਆਂ ਤੇ ਭਾਰਤੀਆਂ 'ਚ ਆਮ ਸੀ।**



*ਨਾਵਲ ਦਾ ਲੇਖਕ ਅਵਤਾਰ ਸਿੰਘ ਬਿਲਿੰਗ।*

ਕੋਈ ਮੁਸ਼ਕਲ ਪੇਸ਼ ਨਹੀਂ ਆਵੇਗੀ। ਤੇਰੇ ਫਰੈਂਡ ਜੋ ਹੈਗੇ ਆ।" ਇਸ਼ਪ੍ਰੀਤ ਨੂੰ ਲੱਗਿਆ ਜਿਵੇਂ ਪਰਮੀਤ ਉਸ ਦੇ ਸਾਹਮਣੇ ਖੜੋਤੀ ਆਪਣੇ ਸੱਜੇ ਹੱਥ ਦੀ ਪਹਿਲੀ ਉਂਗਲੀ ਲਹਿਰਾ ਰਹੀ ਹੋਵੇ। ਹੁਣ ਚਿੱਟਾ ਚਾਨਣ ਹੋ ਚੁੱਕਾ ਸੀ। ਸਾਰੀ ਸਥਿਤੀ ਸਪਸ਼ਟ ਸੀ। ਉਹ ਵਰਾਂਡੇ ਵਿਚ ਪਈ ਪਲਾਸਟਿਕ ਦੀ ਕਾਲੀ ਕੁਰਸੀ ਉਪਰ ਬੈਠ ਗਿਆ। ਕੀ ਕਰੇ? ਕਿਸ ਦੀ ਮਾਂ ਨੂੰ ਮਾਸੀ ਆਖੇ? ਅੱਜ ਬਸ ਡਰਾਈਵਰ ਦਰਸ਼ਨ ਸਿੰਘ ਦੀ ਯਾਦ ਆਈ ਜਿਸ ਦੀਆਂ ਗੱਲਾਂ ਸੁਣ ਕੇ ਕੈਂਪਸ ਵੱਲ ਤੁਰੇ ਆਉਂਦੇ ਉਹ ਅਤੇ ਉਸ ਦੇ ਸਾਥੀ ਮਸ਼ਕਰੀਆਂ ਕਰਦੇ।...

'ਏਸ ਡਰਾਈਵਰ ਦੀਆਂ ਫਰੌਟੀਆਂ ਸੁਣ ਕੇ ਤੂੰ ਆਪਣਾ ਟਿਕਾਣਾ ਨਾ ਛੱਡ ਬੈਠੀਂ ਇਸ਼ਪ੍ਰੀਤ। ਏਹਨੇ ਆਪ ਦੀ ਬੇਸਮੈਂਟ ਕਿਰਾਏ 'ਤੇ ਦੇਣੀ ਹੋਊ।' ਕੋਈ ਆਖਦਾ।

'ਮੈਨੂੰ ਹੋਰ ਸ਼ੱਕ ਐ ਯਾਰੋ। ਇਕ ਦਿਨ ਗਿੱਲ ਪਿੰਡ ਵਾਲਾ ਸੋਹਣ ਜੀਤ ਚਹਿਕਿਆ, 'ਏਹਦੀ ਕੁੜੀ ਵਿਆਹੁਣ ਵਾਲ਼ੀ ਹੋਣੀ ਐਂ। ਏਹ ਤਾਂ ਹੀ ਇਸ਼ਪ੍ਰੀਤ 'ਤੇ ਡੋਰੇ ਸਿੱਟਦਾ। ਬਈ, ਕਿਸੇ ਤਰੀਕੇ ਸੋਹਣਾ-ਸੁਨੱਖਾ, ਲੰਬਾ-ਲੰਝਾ ਮੁੰਡਾ ਅੜਿੱਕੇ ਚੜ੍ਹ ਜਾਏ।' ਸੋਹਣ ਜੀਤ ਉਹਨਾਂ ਗਿਆਰਾਂ ਵਿਦਿਆਰਥੀਆਂ ਵਿਚੋਂ ਸੀ ਜਿਹੜੇ ਇਸ਼ਪ੍ਰੀਤ ਨਾਲ ਇਕੋ ਜਹਾਜ਼ ਵਿਚ ਇਕ ਹੀ ਏਜੰਟ ਵਲੋਂ ਆਏ ਸਨ ਪਰ ਸੋਹਣ ਜੀਤ ਗਿੱਲ ਅਤੇ ਸਾਹਨੇਵਾਲੀਆ ਸੰਧੂ ਦੋਵੇਂ ਇਕੱਠੇ ਬੇਸਮੈਂਟ ਵਿਚ ਰਹਿੰਦੇ। ਅੱਧੋ-ਅੱਧ ਖਰਚਾ ਵੰਡ ਲੈਂਦੇ। ਪੜ੍ਹਾਈ ਵਿਚ ਇਸ਼ਪ੍ਰੀਤ ਵਾਂਗ ਧੂੜਾਂ ਪੁੱਟਦੇ।

'ਮੈਨੂੰ ਤਾਂ ਏਹੋ ਜਿਹੀ 'ਡੀਲ' ਮਾੜੀ ਕੋਈ ਨ੍ਹੀਂ ਲੱਗਦੀ ਵੀਰੇ। ਮੌਜ ਕਰੇ। ਡਰਾਈਵਰ ਦੇ ਘਰ ਫਰੀ ਦੀ ਰਿਹਾਇਸ਼, ਮੁਫ਼ਤ 'ਚ ਕੈਨੇਡਾ ਦੀ ਸਿਟੀਜ਼ਨ ਕੁੜੀ ਨਾਲ ਮੈਰਿਜ ਹੋ ਜਾਣੀ। ਹੋਰ ਚਾਹੀਦਾ ਕੀ ਐ? ਸਾਨੂੰ ਪਤਾ ਕੋਈ ਨਹੀਂ, ਸਾਡੀ ਪੀ.ਆਰ. ਕਦੋਂ ਆਊ। ਐਲ.ਐਮ.ਆਈ. ਲੈਣੀ ਪਊ ਜਾਂ ਸਪਾਂਸਰਸ਼ਿਪ ਲਈ ਇੰਪਲਾਇਰ ਮੂਹਰੇ ਲਿਲ੍ਹਕੜੀਆਂ ਕੱਢਣੀਆਂ ਪੈਣਗੀਆਂ।' ਹੁਸਨ ਪ੍ਰੀਤ ਸੰਧੂ ਦਾ ਤਰਕ ਸੀ।

'ਓਏ ਏਧਰ ਕੰਨ ਕਰੀਂ ਖਾਂ ਕਾਕੇ। ਤੂੰ ਮੰਨ ਜਾਹ, ਜੇ ਚੰਗੀ ਚਾਹੁੰਦੈਂ। ਏਸ ਸੌਦੇ 'ਚ ਘਾਟਾ ਕੋਈ ਨਹੀਂ।' ਨਾਲ ਤੁਰਦੀ ਡਿਗਰੀ ਕਰਦੀ, ਇਹਨਾਂ ਸਾਰਿਆਂ ਤੋਂ ਸੀਨੀਅਰ ਦਿਲਜੀਤ ਮਿੰਨ੍ਹੀ ਮੁਸਕਰਾਈ ਤਾਂ ਠੰਢ ਨਾਲ ਉਸ ਦੀਆਂ ਗੱਲ੍ਹਾਂ ਸੁਰਖ਼ ਭਾਅ ਮਾਰਨ ਲੱਗੀਆਂ, 'ਚੁੱਪ ਕਰ ਕੇ ਏਸ ਡਰਾਈਵਰ ਨਾਲ ਚੇਪੀ ਹੋ ਜਾ। ਤੈਨੂੰ 'ਗਾੜੀ ਵੇਖਣ ਦੀ ਲੋੜ ਕੋਈ ਨਹੀਂ।'

'ਹੁਣ ਦੇਇ ਦੀਦੀ ਦਾ ਜਵਾਬ! ਤੂੰ 'ਗਾੜੀ ਬੋਲਦਾ ਕਿਉਂ ਨਹੀਂ? ਗੂੰਗਾ ਹੈਂ ਜਾਂ ਬੋਲ਼ਾ? ਮੈਨੂੰ ਜੇ ਡਰਾਈਵਰ ਆਖੇ, ਮੈਂ ਤਾਂ ਉਹਦਾ ਪਿੱਛਾ ਨਾ ਛੱਡਾਂ, ਡਾਂਡੇ-ਮੀਂਡੇ ਤੁਰਦਾ ਉਹਦੇ ਘਰ ਜਾ ਵੱਜਾਂ; ਮੈਨੂੰ ਕਲਾਸਾਂ ਬੇਸ਼ੱਕ ਮਿੱਸ ਕਰਨੀਆਂ ਪੈਣ।' ਕੈਬਿਨਾਂ ਵਿਚ ਆਪਣੇ ਹਰਿਆਣਵੀ ਜਾਟ ਸਾਥੀ ਨਾਲ ਰਾਤਾਂ ਗੁਜ਼ਾਰਦਾ ਦੀਦੀ ਦੀ ਸਾਂਗ ਲਾਉਂਦਾ ਬਠਿੰਡੇ ਵਾਲਾ ਬਾਈ ਲੱਖਾ ਹੱਸਿਆ।

'ਤੰਨੈ ਉਸ ਨੇ ਕਬ ਕਹਾ ਲੱਖੇ ਭਾਅਈ? ਤੂ ਕਾਹੇ ਕੋ ਨਿਮੰਤਰਣ ਉਡੀਕ ਰਹਾ? ਵੋ ਡਰੈਵਰ ਤੋ ਇਸ ਕੀ ਪੱਗੜੀ ਔਰ ਸਮਾਰਟ ਪਰਸਨੈਲਿਟੀ ਪਰ ਲੱਟੂ ਹੂਆ।' ਮਜ਼ਾਕ ਕਰਦੇ ਚੌਧਰੀ ਨੇ ਬਾਈ ਦੇ ਮੋਢੇ ਉਪਰ ਥੱਫਾ ਮਾਰਿਆ।

'ਕਿਉਂ ਤੁਸੀਂ ਸਾਰੇ ਹੀ ਸਾਡੇ ਢਾਹੇ ਵਾਲ਼ਿਆਂ ਦੇ ਪਿੱਛੇ ਪਏ ਓ? ਜੇ ਡਰਾਈਵਰ ਅੰਕਲ ਏਸ ਨਾਲ ਸਰਸਰੀ ਗੱਲਾਂ ਕਰ ਲੈਂਦਾ, ਉਹਦਾ ਮਤਲਬ ਏਹਨੂੰ ਆਪ ਦਾ ਜਵਾਈ ਬਣਾਉਣਾ ਥੋੜੋ ਹੈ? ਹੋ ਸਕਦੈ, ਉਸ ਦੇ ਕੋਈ ਲੜਕੀ ਹੋਵੇ ਈ ਨਾ? ਹੋ ਸਕਦੈ, ਉਸ ਦਾ ਆਪਦਾ ਵੀ ਡਾਈਵੋਰਸ ਹੋਇਆ ਹੋਵੇ?' ਸਿੰਮੀ ਦੇ ਦਖ਼ਲ ਨਾਲ ਸਾਰੇ ਚੁੱਪ ਕਰ ਗਏ। ਦਿਲਜੀਤ ਦੀਦੀ ਨਾਲ ਰਹਿੰਦੀ, ਬਹੁਤ ਘੱਟ ਬੋਲਣ ਵਾਲੀ, ਸੰਗਾਊ ਜਿਹੀ ਸਿਮਰਜੀਤ ਸਮਰਾਲੇ ਦੇ ਇਲਾਕੇ ਵਿਚਲੇ ਪਿੰਡ ਸਰਵਰਪੁਰ ਦੀ ਹੋਣ ਕਰ ਕੇ ਪਹਿਲਾਂ ਵੀ ਇਸ਼ਪ੍ਰੀਤ ਦਾ ਪੱਖ ਪੂਰਦੀ। ਮੁੰਡੇ ਉਸ ਨੂੰ ਪਿੱਠ ਪਿੱਛੇ 'ਘੁੱਗੀ' ਆਖਦੇ।

'ਸਿਮਰੀ ਯਾਰ, ਹੈਰਾਨੀ ਹੋਈ! ਮੈਨੂੰ ਨਹੀਂ ਸੀ ਪਤਾ, ਉਸ ਡਰਾਈਵਰ ਨਾਲੋਂ ਵੱਧ ਦਿਲਚਸਪੀ ਸਾਡੇ 'ਚੋਂ ਕਿਸੇ ਹੋਰ ਦੀ ਵੀ ਏਸ ਮੁੰਡੇ 'ਚ ਹੋ ਸਕਦੀ?' ਦਿਲਜੀਤ ਮੁਸਕੜੀਆਂ ਹੱਸੀ।

'ਹੋਵੇ ਕਿਉਂ ਨਾ ਦੀਦੀ? ਸਾਡੇ ਦੋਹਾਂ ਦੇ ਪਿੰਡ ਐਨ ਨਾਲੋ-ਨਾਲ ਨੇ।'

'ਬੱਸ! ਬੱਸ! ਇਬ ਨਾ ਕੋਈ ਭੂਅਲ ਕਰ ਬੀ ਬੋਲੈ। ਇਨ ਦੋਨੋ ਕੀ ਤੋ ਜੂਨੀਅਨ ਬਨ ਗਈ, ਰੇ ਭਾਈਓ।' ਚੌਧਰੀ ਨੇ ਕੰਨਾਂ ਨੂੰ ਹੱਥ ਲਗਾਏ। 'ਏਕ ਏਕੇਲਾ! ਦੋ ਗਿਆਰਹ।'

'ਦੋ ਨਹੀਂ, ਤਿੰਨ ਆਖੋ ਚੌਧਰੀ ਡੀਅਰ। ਇਕ ਸੌ ਗਿਆਰਾਂ। ਵੱਡੀ ਦੀਦੀ ਵੀ ਨਾਲ ਐ।' ਹੁਸਨਪ੍ਰੀਤ ਸੰਧੂ ਨੇ ਮੁੜ ਦਲੀਲ ਦਿੱਤੀ। ਸਾਰੇ ਚੁੱਪ ਵਰਤ ਗਈ। ਆਪਣੀ ਕਲਾਸ ਵੱਲ ਇਕੱਲਾ ਤੁਰਿਆ ਜਾਂਦਾ ਇਸ਼ਪ੍ਰੀਤ ਮਨ ਹੀ ਮਨ ਆਪਣੇ ਪਿੰਡ ਨੇੜਲੀ ਆਪਣੀ ਕਲਾਸਫੈਲੋ ਸਿਮਰਜੀਤ ਤੋਂ ਸਦਕੇ ਜਾ ਰਿਹਾ ਸੀ ਜਦੋਂ ਗੁਆਂਢੀ ਗੋਰੇ ਦੀ ਆਵਾਜ਼ ਨੇ ਉਸ ਦੀ ਬਿਰਤੀ ਭੰਗ ਕਰ ਦਿੱਤੀ,

"ਹੈਵ ਯੂ ਲੌਸਟ ਯੋਅਰ ਕੀਅ? ਆਰ ਯੂ ਮੂਵਿੰਗ?" (ਤੇਰੀ ਚਾਬੀ ਗੁੰਮ ਹੋ ਗਈ? ਜਾਂ ਤੂੰ ਇਥੋਂ ਜਾ ਰਿਹੈਂ?) ਇਹ ਪੈਨਸ਼ਨੀਆਂ ਗੋਰਾ ਅਕਸਰ ਉਸ ਨਾਲ ਗੱਲਬਾਤ ਕਰ ਲੈਂਦਾ।

"ਨੋਅ! ਜੈਸ!" ਬੰਦ ਘਰ ਦੇ ਦਰਵਾਜ਼ੇ ਮੂਹਰੇ ਵਰਾਂਡੇ ਵਿਚ ਬੈਠੇ ਸੋਚਦੇ ਇਸ਼ਪ੍ਰੀਤ ਤੋਂ ਘਬਰਾਹਟ ਵਿਚ ਆਖਿਆ ਗਿਆ। ਅਸਲ ਵਿਚ ਦੋਵੇਂ ਜਵਾਬ ਸਹੀ ਸਨ। ਮਕਾਨ ਦੀ ਚਾਬੀ ਗਵਾਚ ਚੁੱਕੀ ਸੀ ਅਤੇ ਹਰ ਹੀਲੇ ਇਥੋਂ 'ਮੂਵ' ਵੀ ਕਰਨਾ ਪੈਣਾ ਸੀ। ਉਹ ਸੋਚ ਰਿਹਾ ਸੀ, ਜਾਵੇ ਤਾਂ ਕਿੱਥੇ? ਡਰਾਈਵਰ ਕੋਲ? ਕੈਬਿਨਾਂ ਵਿਚ? ਜਾਂ ਗਿੱਲ-ਸੰਧੂ ਦੀ ਜੋੜੀ ਕੋਲ?

"ਡੂ ਟੈੱਲ ਮੀ ਇਫ ਆਈ ਕੁੱਡ ਹੈਲਪ ਯੂ ਇਨ ਐਨੀ ਵੇਅ?" (ਦੱਸਣਾ ਜ਼ਰੂਰ। ਜੇ ਕਿਸੇ ਤਰ੍ਹਾਂ ਮੈਂ ਤੇਰੀ ਕੋਈ ਮਦਦ ਕਰ ਸਕਾਂ?) ਉਸ ਦਾ ਮੋਢਾ ਥਪਥਪਾਉਂਦਾ ਗੋਰਾ ਆਪਣੇ ਘਰ ਜਾ ਵੜਿਆ।

ਸੁਰਤ ਸਿਰ ਹੋਏ ਇਸ਼ਪ੍ਰੀਤ ਨੇ ਸੋਹਣ ਜੀਤ ਗਿੱਲ ਨੂੰ ਫੋਨ ਮਿਲਾਇਆ। ਕੋਈ ਜਵਾਬ ਨਹੀਂ। ਸ਼ਾਇਦ ਅੱਗੇ ਆਉਂਦੇ ਵੀਕ-ਐਂਡ ਕਾਰਨ ਦੋਵੇਂ ਕਿਤੇ ਬਾਹਰ ਨਿਕਲੇ ਹੋਣ। ਬਠਿੰਡੇ ਵਾਲੇ ਬਾਈ ਲੱਖੇ ਨੂੰ ਕਾਲ ਕੀਤੀ। ਉਹ ਹਮੇਸ਼ਾ ਪਿੰਡ ਨੂੰ ਫੋਨ ਮਿਲਾ ਰੱਖਦਾ। 'ਓਏ, ਕਿਉਂ ਤੈਨੂੰ ਬਠਿੰਡੇ ਦੇ ਟਿੱਬੇ ਨ੍ਹੀਂ ਟਿਕਣ ਦਿੰਦੇ?' ਮੁੰਡੇ ਬੇਸ਼ੱਕ 'ਬਾਈ' ਨੂੰ ਮਜ਼ਾਕ ਕਰਦੇ। ਅੱਜ ਵੀ ਤਾਂ ਹੀ ਉਸ ਦਾ ਫੋਨ 'ਬਿਜ਼ੀ' ਆ ਰਿਹਾ ਸੀ। ਕਾਹਲੀ ਵਿਚ ਚੌਧਰੀ ਦਾ ਨੰਬਰ ਦੱਬਿਆ ਤਾਂ ਤੁਰੰਤ ਆਵਾਜ਼ ਆਈ:

"ਕੇ ਹੋਆ ਭਾਅਈ? ਬੋਲੀ ਸੁਨਾਨੇ ਵਾਲੇ ਡਰੈਬਰ ਕੇ ਸਾਥ ਤੋ ਨਹੀਂ ਰਹਨੇ ਕਾ ਮਨ ਬਨ ਗਯਾ?" ਚੌਧਰੀ ਹਲਕੇ ਅੰਦਾਜ਼ ਵਿਚ ਬੋਲਿਆ।

"ਯਾਰ ਮੈਂ ਤੁਮਾਰੇ ਸਾਥ ਰਹਿਨਾ ਚਾਹਤਾ ਹੂੰ? ਮੇਰਾ ਸਾਮਾਨ ਘਰ ਵਾਲੋਂ ਨੇ ਬਾਹਰ ਰੱਖ ਦਿਆ।"

"ਅਰੇ! ਅਰੇ? ਕਯਾ ਖਾ ਗਯਾ ਉਨ ਸਸੁਰੋਂ ਕੋ?"

"ਪਤਾ ਨਹੀਂ। ਵੋ ਘਰ ਪਰ ਨਹੀਂ ਹੈਂ। ਸਾਮਾਨ ਬਰਾਮਦੇ ਮੇਂ ਪੜਾ ਹੈ।"

"ਤਾਲਾ ਤੋੜ ਕਰ ਅੰਦਰ ਘੁਸ ਜਾਹ। ਬੋ ਕਯਾ ਬਹਿਨ ਗੜ੍ਹਾਇੰਗੇ? ਥਾਰੇ ਪਾਸ ਲੌਕ ਨੰਬਰ ਤੋ ਹੈਗਾ?"

"ਨਹੀਂ। ਸਲਿੱਪ ਲਿਖ ਕਰ ਛੋੜ ਗਏ ਹੈਂ। ਕੋਡ ਤੋਂ ਮੇਰੇ ਪਾਸ ਹੈ ਪਰ ਐਸੇ ਲੌਕ ਖੋਲਨਾ ਅੱਛਾ ਨਾ ਹੋਗਾ।"

"ਸਹੀ ਹੋ। ਪਰਦੇਸ ਮਹਿ ਕੇਸ ਬਨ ਜਾਏਗਾ। ਹਮ ਕੋਈ ਜੁਗਾੜ ਲਗਾ ਕਰ ਦੇਖਤੇ ਹੈਂ। ਤੂ ਹਮੇਂ ਐਡਰੈੱਸ ਭੇਜ ਕਰ ਯਹੀਂ ਬੈਠ। ਫਿਕਰ ਨਹੀਂ ਕਰਨੇ ਕਾ।" ਚੌਧਰੀ ਨੇ ਹਿੱਕ ਥਾਪੜੀ। ਦੋ ਘੰਟੇ ਨਹੀਂ ਲੰਘੇ ਜਦੋਂ ਚੌਧਰੀ ਰਨਬੀਰ ਸਿੰਘ ਮਲਿਕ ਤੇ ਬਠਿੰਡੇ ਵਾਲਾ ਬਾਈ ਲੱਖਾ ਬਰਾੜ ਆਪਣੇ ਫਾਰਮ ਦੇ ਮਾਲਕ ਗੋਰੇ ਦਾ ਪਿੱਕ-ਅੱਪ ਲੈ ਕੇ ਆ ਧਮਕੇ।

"ਤੂੰ ਨਿਊਂ ਕਰ ਛੋਰ੍ਹੇ। ਹਮ ਥਾਰਾ ਸਾਮਾਨ ਉਠਾ ਕਰ ਇਸ ਗਾੜੀ ਮਾ ਰਖਤੇ ਹੈਂ। ਤੂ ਇਸ ਸਮਯ ਇਨ ਘਰਵਾਲੋਂ ਕੀ ਤਰਫ ਸੇ ਮਿਲੀ ਇਸ ਸਲਿੱਪ ਕੇ ਪੀਛੇ ਬੀਸ-ਪੱਚੀਸ ਭਾਅਰੀ-ਭਰਕਮ ਗਾਲੀ ਪੰਜਾਬੀ ਮਾ ਲਿਖ ਕਰ ਯਹਾਂ ਛੋੜ ਦੇ। ਐਸੇ ਹਰਾਮਖੋਰ ਰਿਸ਼ਤੇਦਾਰੋਂ ਕੀ ਆਈਸੀ ਕੀ ਤਾਇਸੀ।" ਚੌਧਰੀ ਠਹਾਕਾ ਮਾਰ ਕੇ ਹੱਸਿਆ।

"ਓਏ ਨਹੀਂ ਬਾਈ ਜੀ। ਜਿੰਨੀ ਨਹਾਤੀ ਓਨਾ ਪੁੰਨ। ਅਗਲਿਆਂ ਨੇ ਜਿਹੜੇ ਔਖੇ ਦਿਨ ਲੰਘਾ ਦਿੱਤੇ, ਉਹੀ ਵੱਡੀ ਗੱਲ ਐ। ਬੇਸ਼ੱਕ ਏਹ ਕੁਝ ਖਰਚਾ ਵੀ ਦਿੰਦਾ ਰਿਹੈ।" ਲੱਖੇ ਨੇ ਦਖ਼ਲ ਦਿੱਤਾ।

"ਅਰੇ, ਕਾਹੇ ਕੇ ਬੁਰੇ ਦਿਨ। ਯੇ ਤੋ ਕਹਤਾ ਹੈਅ, ਤੀਨ ਚਾਰ ਮਹੀਨੇ ਯੇ ਫਰੀਅ ਮੇਂ ਲੇਬਰ ਕਰਬਾਤਾ ਰਹਾ ਹੈਅ। ਇਬ ਤੂ ਬੋਲਾ, ਯੇ ਖਰਚਾ ਭੀ ਦੇਤਾ ਰਹਾ।" ਚੌਧਰੀ ਨੂੰ ਗੁੱਸਾ ਚੜ੍ਹ ਰਿਹਾ ਸੀ।

ਸਮਾਨ ਲੱਦਿਆ ਜਾ ਚੁੱਕਾ ਸੀ। ਉਹ ਫਾਰਮ ਵਿਚ ਪਹੁੰਚੇ। ਫਾਰਮ ਦੇ ਮਾਲਕ ਗੋਰੇ ਨੇ ਇਸ਼ਪ੍ਰੀਤ ਦਾ ਮਿੱਠੀ ਮੁਸਕਰਾਹਟ ਨਾਲ ਸਵਾਗਤ ਕੀਤਾ। ਚੌਧਰੀ ਤੇ ਬਾਈ ਦੀ ਜੋੜੀ ਨਾਲ ਉਹ ਬਗੈਰ ਕਿਸੇ ਕਿਰਾਏ-ਭਾੜੇ ਤੋਂ ਜਿੰਨਾ ਚਿਰ ਮਰਜ਼ੀ ਕੈਬਨਾਂ ਵਿਚ ਰਹਿ ਸਕਦਾ। ਐਪਰ ਅਗਲੇ ਮਹੀਨੇ ਜਦੋਂ ਬਰਫ਼ ਪੈ ਗਈ ਤਾਂ ਤਿੰਨਾਂ ਲਈ ਮੁਸ਼ਕਲ ਖੜ੍ਹੀ ਹੋਵੇਗੀ। ਗਰਮੀ ਦੇ ਪੂਰੇ ਮੌਸਮ ਦੌਰਾਨ, ਖਾਸ ਕਰ ਕੇ ਸਟਰਾਅ-ਬੈਰੀ ਤੇ ਬਲੂਅ-ਬੈਰੀ ਦੀ ਤੁੜਾਈ-ਛਾਗਾਈ ਮੌਕੇ ਉਹ ਬੜੇ ਸ਼ੌਕ ਨਾਲ ਕਈ ਮਹੀਨੇ ਇੱਥੇ ਕੱਟ ਸਕਦੇ।

---

## ਵੇਖੀ ਮਾਣੀ ਦੁਨੀਆਂ

*(ਪਿਛਲੇ ਸਫੇ ਦੀ ਬਾਕੀ)*

ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਸਭ ਤੋਂ ਵਧੇਰੇ ਤੰਗੀ ਸੀ ਪਾਣੀ ਦੀ। ਤਰਨ ਤਾਰਨ ਦਾ ਇਲਾਕਾ 'ਮਿੱਠਾ ਮਾਝਾ' ਅਖਵਾਉਂਦਾ ਹੈ। ਧਰਤੀ ਹੇਠ ਦਾ ਪਾਣੀ ਜਿੱਥੇ ਪੀਣ ਵਾਸਤੇ ਮਿੱਠਾ ਹੈ, ਓਥੇ ਫ਼ਸਲਾਂ ਵਾਸਤੇ ਵੀ ਬੜਾ ਲਾਭਦਾਇਕ ਹੈ। ਥਾਂ-ਥਾਂ ਖੂਹ ਵਗਦੇ ਸਨ। ਅੱਜ ਕੱਲ੍ਹ ਖੂਹਾਂ ਦੀ ਥਾਂ ਟਿਊਬਵੈੱਲ ਚਾਲੂ ਹਨ ਪਰ ਕਾਦੀਵਿੰਡ ਦਾ ਇਲਾਕਾ 'ਖਾਰਾ ਮਾਝਾ' ਹੈ। ਖੂਹਾਂ ਦਾ ਪਾਣੀ ਪੀਣ ਵਾਸਤੇ ਤਾਂ ਕਿਸੇ ਹੱਦ ਤਕ ਠੀਕ ਸੀ, ਖਾਰਾ ਹੋਣ ਕਰ ਕੇ ਖ਼ੁਰਾਕ ਛੇਤੀ ਹਜ਼ਮ ਕਰਦਾ ਸੀ ਪਰ ਖੇਤੀ ਵਾਸਤੇ ਕਿਸੇ ਕੰਮ ਨਹੀਂ ਸੀ। ਨਹਿਰਾਂ ਤੋਂ ਪਹਿਲਾਂ ਸਿਰਫ਼ ਬਾਰਸ਼ ਦਾ ਹੀ ਆਸਰਾ ਸੀ।

ਉਸ ਸਮੇਂ ਦੇ ਪੁਰਾਣੇ ਪਿੰਡ ਕਾਦੀਵਿੰਡ ਦੇ ਲਹਿੰਦੇ ਪਾਸੇ ਜੇ ਦੱਖਣ ਪਹਾੜ ਲਕੀਰ ਖਿਚ ਦੇਈਏ ਤਾਂ ਉਸ ਤੋਂ ਚੜ੍ਹਦੇ ਪਾਸੇ ਤਾਂ ਰੇਤਲੇ ਟਿੱਬੇ ਸਨ, ਤੇ ਲਹਿੰਦੇ ਪਾਸੇ ਸੰਘਣਾ ਜੰਗਲ। ਜੰਗਲ ਵਿਚ ਮਲ੍ਹਾ, ਕਰੀਰ, ਵਣ, ਕਿੱਕਰ ਜੰਡ, ਟਾਹਲੀ ਤੇ ਬੇਰ ਆਦਿ ਹਰ ਕਿਸਮ ਦੇ ਦਰਖ਼ਤ ਸਨ ਪਰ ਟਿੱਬਿਆਂ ਵਿਚ ਕਿਤੇ-ਕਿਤੇ ਵਣ ਜਾਂ ਸਰਕੜਾ ਹੀ ਸੀ। ਜੰਗਲ ਵਿਚ ਕਿਤੇ-ਕਿਤੇ ਨੀਵੇਂ ਥਾਵਾਂ 'ਤੇ ਜਿੱਥੇ ਮੀਹਾਂ ਦਾ ਪਾਣੀ ਖਲੋ ਜਾਂਦਾ, ਕੁਛ ਮਾੜੀ ਮੋਟੀ ਖੇਤੀ ਹੋ ਜਾਂਦੀ।

ਪਿੰਡ ਤੋਂ ਚੜ੍ਹਦੇ ਪਾਸੇ ਮੀਲ-ਡੇਢ ਮੀਲ ਦੀ ਵਿੱਥ 'ਤੇ ਬਰਸਾਤੀ ਨਾਲਾ ਵਗਦਾ ਹੈ ਜਿਸ ਨੂੰ 'ਰੋਹੀ' ਕਹਿੰਦੇ ਹਨ। ਇਹ ਰੋਹੀ ਤਰਨ ਤਾਰਨ ਦੇ ਕੋਲ ਦੀ ਲੰਘਦੀ ਹੈ। ਅੱਗੇ ਰਾਜੋਕੇ, ਕਾਲੀਆ-ਸਨਖਤਰਾ, ਕਤਲੂਹੀ, ਕਾਦੀਵਿੰਡ ਦੇ ਨਾਲ ਦੀ ਲੰਘਦੀ ਕਸੂਰ ਕੋਲੋਂ ਅਗਾਂ ਗੁਜ਼ਰ ਜਾਂਦੀ ਹੈ।

ਪਿੰਡ ਦੇ ਬਜ਼ੁਰਗ ਪੁਰਾਣਾ ਥੇਹ ਛਡ ਕੇ ਉਸ ਰੋਹੀ ਦੇ ਕੰਢੇ ਜਾ ਵੱਸੇ ਪਰ ਪਾਣੀ ਦੀ ਸਹੂਲਤ ਨੂੰ ਮੁੱਖ ਰਖ ਕੇ ਉਹਨਾਂ ਪੰਜ ਪਿੰਡ ਬਣਾ ਲਏ; ਭਾਵ, ਇਕ ਪਿੰਡ ਦੀ ਵਸੋਂ ਛੋਟੇ-ਛੋਟੇ ਪੰਜਾਂ ਪਿੰਡਾਂ ਵਿਚ ਵੰਡੀ ਗਈ। ਰੋਹੀ ਪਹਾੜ ਤੋਂ ਦੱਖਣ ਨੂੰ ਵਗਦੀ ਹੈ। ਪਹਾੜ ਦੇ ਪਾਸੇ ਪਹਿਲਾ ਪਿੰਡ ਵੱਸਿਆ 'ਤਰਗੇ', ਫਿਰ 'ਕਾਦੀਵਿੰਡ', 'ਵਰਨ', 'ਬੱਲਾਂਵਾਲਾ' ਤੇ 'ਨੱਥੂਵਾਲਾ'। ਤਰਗੇ ਤੇ ਕਾਦੀਵਿੰਡ ਦੋਵੇਂ ਜੌੜੇ ਵਿਚੋਂ ਆਏ ਪੰਨੂੰ ਸਨ। ਵਰਨ ਤੇ ਨੱਥੂਵਾਲਾ ਵਿਰਕ ਸਨ। ਬੱਲਾਂਵਾਲੇ ਵਿਚ ਇਕ ਘਰ ਬੱਲਾਂ ਦਾ, ਕੁਛ ਪੰਨੂੰਆਂ ਦੇ, ਤੇ ਕੁਛ ਰਾਮਗੜ੍ਹੀਏ ਸਿੱਖਾਂ ਦੇ ਸਨ। ਇਹ ਪੰਜੇ ਪਿੰਡ ਤਿੰਨ ਕੁ ਮੀਲ ਦੇ ਖਿਲਾਰ ਵਿਚ ਸਨ ਪਰ ਇਹਨਾਂ ਪਿੰਡਾਂ ਦਾ ਰਕਬਾ ਵਧੇਰੇ ਲਹਿੰਦੇ ਪਾਸੇ ਹੀ ਸੀ। ਰੋਹੀ ਦੇ ਕੰਢੇ ਉਤੇ ਹਰ ਪਿੰਡ ਵਿਚ ਇਕ-ਇਕ, ਦੋ-ਦੋ ਖੂਹ ਵਗਣ ਵਾਲੇ ਵੀ ਸਨ ਜਿਨ੍ਹਾਂ ਦਾ ਪਾਣੀ ਖੇਤੀ ਵਾਸਤੇ ਵਰਤਿਆ ਜਾਂਦਾ ਸੀ।

ਮਾਝੇ ਵਿਚ ਨਹਿਰਾਂ ਚਾਲੂ ਹੋਈਆਂ, ਧਰਤੀ ਦੀ ਆਮਦਨ ਵਧੀ ਤਾਂ ਸਾਡੇ ਬਜ਼ੁਰਗਾਂ ਨੂੰ ਰੋਹੀ ਦੇ ਕੰਢੇ ਤੋਂ ਉਠ ਕੇ ਨਵੇਂ ਥਾਂ ਆਬਾਦ ਹੋਣਾ ਪਿਆ। ਨਹਿਰ ਦਾ ਪਾਣੀ ਗੁਰਦੁਆਰਾ ਭਾਈ ਬਹਿਲੋਲ ਤੋਂ ਲਹਿੰਦੇ ਪਾਸੇ ਹੀ ਪੈਂਦਾ ਸੀ, ਤੇ ਸਾਡੇ ਪਿੰਡ ਦਾ ਰਕਬਾ ਵੀ ਵਧੇਰੇ ਓਸੇ ਪਾਸੇ ਸੀ। ਰੋਹੀ ਦੇ ਕੰਢੇ ਵੱਸੇ ਪਿੰਡ ਤੋਂ ਚੜ੍ਹਦੇ ਪਾਸੇ ਸਾਡਾ ਰਕਬਾ ਮਸਾਂ ਸੌ ਕਰਮ ਤਕ ਸੀ ਪਰ ਲਹਿੰਦੇ ਪਾਸੇ ਲਗਭਗ ਤਿੰਨ ਮੀਲ ਤਕ। ਸੋ ਸਾਰੇ ਭਾਈਵਾਲਾਂ ਨੇ ਸਲਾਹ ਕਰ ਕੇ ਪੁਰਾਣੇ ਕਾਜ਼ੀਆਂ ਦੇ ਥੇਹ ਤੋਂ ਅੱਧ ਕੁ ਮੀਲ ਲਹਿੰਦੇ ਪਾਸੇ ਖੇਤਾਂ ਦੇ ਵਿਚਕਾਰ ਨਵੇਂ ਪਿੰਡ ਦੀ ਮੋੜ੍ਹੀ ਆ ਗੱਡੀ ਪਰ ਨਾਮ ਓਹਾ ਕਾਦੀਵਿੰਡ ਹੀ ਰਿਹਾ। ਨਵਾਂ ਪਿੰਡ 1906 ਈ. ਵਿਚ ਵੱਸਿਆ। ਹਰ ਘਰ ਲੋੜ ਜੋਗੇ ਕੱਚੇ ਕੋਠੇ ਪਾ ਕੇ ਨਵੇਂ ਪਿੰਡ ਵਿਚ ਆ ਵੱਸਿਆ, ਤੇ ਰੋਹੀ ਦੇ ਕੰਢੇ ਵਸਦਾ ਪਿੰਡ ਬਿਲਕੁਲ ਥੇਹ ਹੋ ਗਿਆ।

ਇਸ ਨਵੇਂ ਪਿੰਡ ਕਾਦੀਵਿੰਡ ਵਿਚ ਸੱਤ ਅਗਸਤ 1909 ਈ. ਨੂੰ ਮੇਰਾ ਜਨਮ ਹੋਇਆ।

# ਸ਼ਬਦਾਂ ਅਤੇ ਰੰਗਾਂ ਦੀ ਜੁਗਲਬੰਦੀ

## ਕਲਾ ਪਰਿਕਰਮਾ


'ਚਿੱਤਰਾਂ ਦਾ ਸਾਹਿਤਕ ਸੁਮੇਲ' ਮੇਰੀ ਛੇਵੀਂ ਪੁਸਤਕ ਹੈ। ਪੰਜ ਦਹਾਕਿਆਂ ਤੋਂ ਲੰਡਨ ਬਸੇਰਾ ਹੈ। ਪਰਦੇਸ ਰਹਿੰਦਿਆਂ ਜ਼ਿੰਦਗੀ ਦੇ ਰੁਝੇਵਿਆਂ 'ਚੋਂ ਵਕਤ ਕੱਢ ਕੇ ਵੰਨ-ਸਵੰਨੇ ਦੇਸ਼ਾਂ ਦੀ ਯਾਤਰਾ ਸਮੁੰਦਰ ਰਾਹੀਂ ਕੀਤੀ। 2016 ਵਿਚ 'ਮੇਰਾ ਸਮੁੰਦਰੀ ਸਫ਼ਰਨਾਮਾ' ਨਾਲ ਸਾਹਿਤ ਦੇ ਪਿੜ ਵਿਚ ਪ੍ਰਵੇਸ਼ ਕੀਤਾ। ਇਸ ਤੋਂ ਪਿੱਛੋਂ ਬਰਤਾਨਵੀ ਜ਼ਿੰਦਗੀ ਨਾਲ ਸਬੰਧਿਤ ਵਿਸ਼ਿਆਂ ਨੂੰ ਦ੍ਰਿਸ਼ਟੀਕੋਣ ਬਣਾਉਂਦਿਆਂ 'ਗੋਰੀਆਂ ਰਿਸ਼ਮਾਂ ਦੀ ਛੋਹ' ਅਤੇ 'ਕੋਸੀਆਂ ਕਿਰਨਾਂ ਦੀ ਲੋਅ' ਵਾਰਤਕ ਸੰਗ੍ਰਹਿ ਲਿਖੇ। ਇਸ ਤੋਂ ਇਲਾਵਾ 'ਰੰਗਾਂ ਦਾ ਜਾਦੂਗਰ' ਅਤੇ ਗ਼ਜ਼ਲ ਸੰਗ੍ਰਹਿ 'ਵੰਝਲੀ' ਪੰਜਾਬੀ ਪਾਠਕਾਂ ਨੂੰ ਭੇਟ ਕਰ ਚੁੱਕਾ ਹਾਂ। 'ਵੰਝਲੀ' ਪੁਸਤਕ ਉਸਤਾਦ ਗੁਰਦਿਆਲ ਰੋਸ਼ਨ ਦੀ ਅਗਵਾਈ ਹੇਠ ਪ੍ਰਕਾਸ਼ਿਤ ਕਰਵਾਈ ਸੀ। ਆਪਣੇ ਪਿੰਡ ਬਾਬਾ ਬਕਾਲਾ ਦੀ ਨੌਜਵਾਨ ਸਭਾ ਦੇ ਪ੍ਰੋਗਰਾਮਾਂ ਵਿਚ ਭਾਗ ਲੈਂਦਿਆਂ ਅਤੇ ਸਠਿਆਲਾ ਕਾਲਜ ਦੀ ਪੜ੍ਹਾਈ ਦੌਰਾਨ ਮੈਨੂੰ ਕਵਿਤਾ ਦੇ ਨਾਲ-ਨਾਲ ਵਾਰਤਕ ਲਿਖਣ ਦਾ ਸ਼ੌਕ ਜਾਗਿਆ ਸੀ। ਪ੍ਰੋ. ਹੀਰਾ ਸਿੰਘ ਤਰਸਪਾਲ, ਪ੍ਰਸਿੱਧ ਸਾਹਿਤਕਾਰ ਪ੍ਰੋ. ਕੁਲਦੀਪ ਸਿੰਘ ਹਉਰਾ, ਪ੍ਰੋ. ਜਤਿੰਦਰਬੀਰ ਸਿੰਘ ਨੰਦਾ ਦੀ ਰਹਿਨੁਮਾਈ ਹੇਠ ਕਾਲਜ ਵਿਚ ਸਰਗਰਮੀ ਨਾਲ ਸਾਹਿਤਕ ਸਰਗਰਮੀਆਂ ਵਿਚ ਭਾਗ ਲਿਆ।



**ਸੰਤੋਖ ਭੁੱਲਰ**

ਅਖੀਰ ਰੁਜ਼ਗਾਰ ਅਤੇ ਚੰਗੇ ਭਵਿੱਖ ਦੀ ਆਸ ਨਾਲ ਤਕਨੀਕੀ ਵਿੱਦਿਆ ਡਰਾਫਟਸਮੈਨ ਸਿਵਲ ਦਾ ਡਿਪਲੋਮਾ ਅਧੂਰਾ ਛੱਡ ਕੇ 1977 ਵਿਚ ਸਮੁੰਦਰ ਪਾਰ ਲੰਡਨ ਆ ਗਿਆ। ਵਿਦੇਸ਼ ਵਿਚ ਹੱਡ ਭੰਨਵੀਂ ਮੁਸ਼ੱਕਤ ਪਿੱਛੋਂ ਰਿਜ਼ਕ ਨਸੀਬ ਹੁੰਦਾ ਹੈ। ਇਸੇ ਕਰ ਕੇ ਜਿੱਥੇ ਮੈਨੂੰ ਜੀਵਨ ਦੀਆਂ ਸਮੱਸਿਆਵਾਂ ਅਤੇ ਉਲਝਣਾਂ ਨਾਲ ਦੋ ਚਾਰ ਹੋਣਾ ਪਿਆ, ਉੱਥੇ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਵਾਸਤੇ ਲੰਮਾ ਘੋਲ ਕਰਨਾ ਪਿਆ। ਸਾਹਿਤ ਸਿਰਜਣਾ ਨਾਲੋਂ ਮੈਨੂੰ ਰੋਟੀ ਦਾ ਸਾਧਨ ਜ਼ਰੂਰੀ ਲੱਗਾ, ਇਸੇ ਕਰ ਕੇ ਬਰਤਾਨੀਆਂ ਵਿਚ ਆਪਣਾ ਘਰ ਘਾਟ ਬਣਾਉਣ, ਆਪਣੇ ਪੈਰਾਂ ਉੱਤੇ ਖੜ੍ਹਾ ਹੋਣ, ਪਰਿਵਾਰ ਦੀਆਂ ਜ਼ਰੂਰਤਾਂ ਪੂਰਾ ਕਰਨ ਨੂੰ ਪਹਿਲ ਦਿੱਤੀ ਅਤੇ ਆਪਣੇ ਸਾਹਿਤਕ ਸ਼ੌਕ ਨੂੰ ਕੁਝ ਸਮੇਂ ਲਈ ਅਣਗੌਲਿਆ ਕਰ ਦਿੱਤਾ।

ਪੰਜਾਬ ਅਤੇ ਬਰਤਾਨੀਆ ਵਿਚ ਆਪਣੀਆਂ ਸਾਰੀਆਂ ਜ਼ਿੰਮੇਵਾਰੀਆਂ ਨੂੰ ਸੰਪੂਰਨ ਕਰਨ ਬਾਅਦ ਹੁਣ ਦੁਬਾਰਾ ਸਾਹਿਤ ਦੇ ਮੈਦਾਨ ਵਿਚ ਆਇਆ। ਕੋਈ ਛੇ ਵਰ੍ਹੇ ਪਹਿਲਾਂ ਮੇਰਾ ਮੇਲ ਪੰਜਾਬੀ ਮੂਲ ਦੇ ਬਰਤਾਨਵੀ ਚਿੱਤਰਕਾਰ ਸਰੂਪ ਸਿੰਘ ਨਾਲ ਸਾਊਥਹਾਲ ਦੇ ਪ੍ਰੋਗਰਾਮ ਵਿਚ ਹੋਇਆ ਸੀ। ਇਸ ਮੁਲਾਕਾਤ ਤੋਂ ਮਹਿਸੂਸ ਹੋਇਆ ਜਿਵੇਂ ਮੈਂ ਉਨ੍ਹਾਂ ਨੂੰ ਮੁੱਦਤਾਂ ਤੋਂ ਜਾਣਦਾ ਹਾਂ। ਮੈਨੂੰ ਪਤਾ ਲੱਗਾ ਕਿ 'ਰੰਗਾਂ ਦਾ ਜਾਦੂਗਰ' ਚਿੱਤਰਕਾਰ ਸਰੂਪ ਸਿੰਘ ਚਿੱਤਰ ਕਲਾ ਵਿਚ ਵਿਸ਼ਵ ਪੱਧਰ 'ਤੇ ਪ੍ਰਸਿੱਧੀ ਹਾਸਲ ਕਰ ਚੁੱਕੇ ਹਨ। ਰੱਬ ਦਾ ਭਾਣਾ, 18 ਦਸੰਬਰ 2019 ਵਿਚ ਸਰੂਪ ਸਿੰਘ ਦੀ ਪਤਨੀ ਗੁਰਮੀਤ ਕੌਰ ਕੈਂਸਰ ਦੇ ਰੋਗ ਨਾਲ ਉਨ੍ਹਾਂ ਨੂੰ ਸਦੀਵੀ ਵਿਛੋੜਾ ਦੇ ਗਏ। ਗੁਰਮੀਤ ਕੌਰ ਨੇ ਆਪਣੇ ਸਵਾਸ ਛੱਡਣ ਤੋਂ ਪਹਿਲਾਂ ਆਪਣੇ ਪਤੀ ਪਾਸ ਜਿਹੜੀ ਆਪਣੀ ਅੰਤਿਮ ਇੱਛਾ ਜ਼ਾਹਰ ਕੀਤੀ ਸੀ, ਸਰੂਪ ਸਿੰਘ ਹੁਰਾਂ ਉਸੇ ਸਿਲਸਿਲੇ ਅਧੀਨ ਕੁਝ ਚੋਣਵੇਂ ਪੰਜਾਬੀ ਸਾਹਿਤਕਾਰਾਂ ਦੇ ਪੋਰਟਰੇਟ ਚਿੱਤਰਨੇ ਸ਼ੁਰੂ ਕੀਤੇ ਸਨ। ਪੁਸਤਕ 'ਚਿੱਤਰਾਂ ਦਾ ਸਾਹਿਤਕ ਸੁਮੇਲ' ਤੋਂ ਪਹਿਲਾਂ ਮੈਂ 2021 ਵਿਚ ਸਰੂਪ ਸਿੰਘ ਦੀ ਜੀਵਨ ਗਾਥਾ 'ਰੰਗਾਂ ਦਾ ਜਾਦੂਗਰ' ਪੰਜਾਬੀ ਸਾਹਿਤ ਜਗਤ ਨੂੰ ਭੇਟ ਕਰ ਚੁੱਕਿਆ ਹਾਂ। ਪੁਸਤਕ ਪੜ੍ਹਨ ਤੋਂ ਬਾਅਦ ਸਰੂਪ ਸਿੰਘ ਹੁਰਾਂ ਆਪਣੀ ਪਤਨੀ ਦੀ ਯਾਦ ਵਿਚ ਅਤੇ ਉਸ ਦੀ ਆਖ਼ਰੀ ਖ਼ਾਹਿਸ਼ ਪੂਰੀ ਕਰਨ ਵਾਸਤੇ ਭਰੀ ਮਹਿਫ਼ਲ ਵਿਚ ਬੜੇ ਮਾਣ ਸਨਮਾਨ ਨਾਲ ਮੈਨੂੰ ਇੱਕ ਹੋਰ ਪੁਸਤਕ ਲਿਖਣ ਦੀ ਜ਼ਿੰਮੇਵਾਰੀ ਸੌਂਪੀ। ਇਹ ਕੰਮ ਮੁਸ਼ਕਿਲ ਸੀ ਪਰ 'ਸਾਈਂ ਜਿਨ੍ਹਾਂ ਦੇ ਵਲ ਤਿਨ੍ਹਾਂ ਨੂੰ ਗ਼ਮ ਕਾਹਦਾ'।




*ਕਿਤਾਬ ਦਾ ਮੁਖੜਾ।*



*ਚਿੱਤਰਕਾਰ ਸਰੂਪ ਸਿੰਘ*

ਪੰਜਾਬੀ ਦੇ ਪ੍ਰਸਿੱਧ ਸੁਘੜ ਅਤੇ ਤਜਰਬੇਕਾਰ ਸਾਹਿਤਕਾਰ ਸੁਰਜੀਤ ਸਿੰਘ ਭੁੱਲਰ ਮੈਨੂੰ ਆਪਣੇ ਬੱਚਿਆਂ ਵਾਂਗ ਪਿਆਰ ਕਰਦੇ ਅਤੇ ਲੋੜ ਸਮੇਂ ਨੇਕ ਸਲਾਹ ਵੀ ਦਿੰਦੇ ਹਨ। ਔਖ ਵੇਲੇ ਉਨ੍ਹਾਂ ਦਾ ਦਰਵਾਜ਼ਾ ਜਾ ਖੜਕਾਇਆ। ਮੇਰੀ ਪਹਿਲੀ ਪੁਸਤਕ 'ਰੰਗਾਂ ਦਾ ਜਾਦੂਗਰ' ਦਾ ਨਾਮਕਰਨ ਵੀ ਸੁਰਜੀਤ ਭੁੱਲਰ ਹੁਰਾਂ ਕੀਤਾ ਸੀ। ਇਸੇ ਕਰ ਕੇ ਮੈਂ ਦੁਬਾਰਾ ਉਨ੍ਹਾਂ ਤੋਂ ਸਲਾਹ ਮੰਗੀ ਅਤੇ ਉਨ੍ਹਾਂ ਦੀ ਰਾਏ ਨਾਲ ਆਪਣੀ ਨਵੀਂ ਪੁਸਤਕ ਦਾ ਨਾਂ 'ਅਦਬੀ ਸਿਤਾਰੇ' ਰੱਖਿਆ। ਸੁਰਜੀਤ ਭੁੱਲਰ ਹੁਰਾਂ ਮੈਨੂੰ ਆਪਣੀ ਨਿੱਜੀ ਲਾਇਬਰੇਰੀ ਦੀਆਂ ਉਹ ਬਹੁਤ ਸਾਰੀਆਂ ਕਿਤਾਬਾਂ, ਮੈਗਜ਼ੀਨ ਆਦਿ ਪੜ੍ਹਨ ਵਾਸਤੇ ਦਿੱਤੇ ਹਨ ਜੋ ਪੁਸਤਕ ਲਿਖਣ ਵਿਚ ਸਹਾਈ ਹੋਈਆਂ। ਇਸ ਪੁਸਤਕ 'ਅਦਬੀ ਸਿਤਾਰੇ' ਵਿਚ 101 ਤੋਂ ਵੱਧ ਸਾਹਿਤਕਾਰਾਂ ਬਾਰੇ ਵਿਸਥਾਰ ਨਾਲ ਲਿਖਣਾ ਜਿੱਥੇ ਬਹੁਤ ਵੱਡਾ ਕਾਰਜ ਸੀ, ਉੱਥੇ ਇਹ ਸਮਾਂ ਮੰਗਦਾ ਸੀ। ਮੈਂ ਆਪਣਾ ਅੱਧਾ ਕੰਮ ਨਿਬੇੜ ਚੁੱਕਿਆ ਸੀ ਕਿ ਅਚਾਨਕ ਮੇਰੀ ਪਤਨੀ ਅਤੇ ਸਰੂਪ ਸਿੰਘ ਦੀ ਸਿਹਤ ਖ਼ਰਾਬ ਹੋ ਗਈ। ਸ. ਸਰੂਪ ਸਿੰਘ ਇਸ ਸਮੇਂ ਆਪਣੇ ਜੀਵਨ ਦੇ ਨੌਵੇਂ ਦਹਾਕੇ ਨੇੜੇ ਪਹੁੰਚ ਗਏ ਹਨ ਅਤੇ ਉਨ੍ਹਾਂ ਦੀ ਸਿਹਤ ਅਜੇ ਵੀ ਜ਼ਿਆਦਾ ਤੰਦਰੁਸਤ ਨਹੀਂ। ਪਿਛਲੇ ਵਰ੍ਹੇ ਅਚਨਚੇਤ ਹੀ ਉਨ੍ਹਾਂ ਦੀ ਸਿਹਤ ਕੁਝ ਜ਼ਿਆਦਾ ਵਿਗੜ ਗਈ ਅਤੇ ਉਨ੍ਹਾਂ ਨੂੰ ਇਲਾਜ ਲਈ ਹਸਪਤਾਲ ਦਾਖ਼ਲ ਹੋਣਾ ਪਿਆ। ਮੈਨੂੰ ਉਨ੍ਹਾਂ ਦੀ ਦਿਨੋ-ਦਿਨ ਹੇਠਾਂ ਡਿੱਗ ਰਹੀ ਸਿਹਤ ਦਾ ਫ਼ਿਕਰ ਹੋਇਆ। ਇਸੇ ਗੱਲ ਦੇ ਮੱਦੇਨਜ਼ਰ ਮੈਂ ਦੁਬਾਰਾ ਸੁਰਜੀਤ ਭੁੱਲਰ ਨਾਲ ਸਲਾਹ ਮਸ਼ਵਰਾ ਕੀਤਾ ਅਤੇ ਉਨ੍ਹਾਂ ਦੀ ਰਹਿਨੁਮਾਈ ਹੇਠ ਚਿੱਤਰਕਾਰ ਸਰੂਪ ਸਿੰਘ ਦੀਆਂ ਕਲਾ ਕ੍ਰਿਤਾਂ ਨੂੰ ਸੰਭਾਲਣ ਦਾ ਉਪਰਾਲਾ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ। ਇਸ ਫ਼ੈਸਲੇ ਅਧੀਨ ਸਰੂਪ ਸਿੰਘ ਵੱਲੋਂ ਜਿਹੜੇ ਪੋਰਟਰੇਟ ਤਿਆਰ ਹੋ ਚੁੱਕੇ ਸਨ, ਉਨ੍ਹਾਂ ਨੂੰ ਕਿਤਾਬੀ ਰੂਪ ਦੇਣ ਅਤੇ ਗੁਰਮੀਤ ਕੌਰ ਦੇ ਦਿਲ ਦੀ ਖਾਹਿਸ਼ ਪੂਰੀ ਕਰਨ ਵਾਸਤੇ ਪੁਸਤਕ 'ਚਿੱਤਰਾਂ ਦਾ ਸਾਹਿਤਕ ਸੁਮੇਲ' ਸ਼ੁਰੂ ਕੀਤੀ। ਪਿਛਲੇ ਇੱਕ ਵਰ੍ਹੇ ਤੋਂ ਮੇਰੀ ਪਤਨੀ ਕੰਵਲਜੀਤ ਦੀ ਸਿਹਤ ਠੀਕ ਨਾ ਹੋਣ ਕਰ ਕੇ ਜਿਹੜੀ ਘਰ ਦੀ ਜ਼ਿੰਮੇਵਾਰੀ ਕੰਵਲਜੀਤ ਨੇ ਚੁੱਕੀ ਹੋਈ ਸੀ, ਉਹ ਵੀ ਮੇਰੇ ਮੋਢਿਆਂ ਉੱਪਰ ਆ ਪਈ। ਇਸੇ ਕਰ ਕੇ ਮੈਂ ਦਿਨ ਸਮੇਂ ਘਰ ਦੇ ਫਰਜ਼ ਨਿਭਾਉਂਦਾ ਅਤੇ ਦੇਰ ਰਾਤ ਤੱਕ ਲਿਖਣ ਦਾ ਕੰਮ ਕਰਦਾ ਰਿਹਾ ਹਾਂ।

ਪੁਸਤਕ 'ਚਿੱਤਰਾਂ ਦਾ ਸਾਹਿਤਕ ਸੁਮੇਲ' ਵਿਚ ਜਿੱਥੇ ਸ਼ਰਧਾ ਭਾਵਨਾ ਨਾਲ ਗੁਰੂ ਸਾਹਿਬਾਨ, ਭਾਈ ਮਰਦਾਨਾ, ਭਾਈ ਗੁਰਦਾਸ, ਬਾਬਾ ਦੀਪ ਸਿੰਘ ਸ਼ਹੀਦ, ਸੂਫ਼ੀ, ਸੰਤ, ਕਿੱਸਾਕਾਰਾਂ ਨੂੰ ਸ਼ਾਮਿਲ ਕੀਤਾ ਗਿਆ ਹੈ ਗਿਆ ਹੈ, ਉੱਥੇ ਹੀ ਸਾਥੋਂ ਵਿਛੜ ਗਏ ਕੁਝ ਰੌਸ਼ਨ ਮੁਨਾਰੇ ਸਾਹਿਤਕਾਰਾਂ ਨੂੰ ਦਰਜ ਕੀਤਾ ਹੈ। ਕੁਝ ਉਨ੍ਹਾਂ ਲੇਖਕਾਂ ਨੂੰ ਵੀ ਜਗ੍ਹਾ ਦਿੱਤੀ ਜੋ ਅਜੋਕੇ ਸਮੇਂ ਵਿਚ ਪੰਜਾਬੀ ਭਾਸ਼ਾ ਨੂੰ ਪ੍ਰਫੁਲਿਤ ਕਰ ਰਹੇ ਹਨ। ਅੰਤ ਵਿਚ ਦੋ-ਤਿੰਨ ਉਨ੍ਹਾਂ ਨਵੀਆਂ ਕਲਮਾਂ ਨੂੰ ਸ਼ਾਮਿਲ ਕੀਤਾ ਜਿਨ੍ਹਾਂ ਤੋਂ ਆਉਣ ਵਾਲੇ ਸਮੇਂ ਵਿਚ ਚੰਗੀਆਂ ਲਿਖਤਾਂ ਦੀ ਆਸ ਹੈ। ਅਫਸੋਸ ਹੈ ਕਿ ਸਰੂਪ ਸਿੰਘ ਹੁਰਾਂ ਦੀ ਸਿਹਤ ਠੀਕ ਨਾ ਹੋਣ ਕਾਰਨ ਲੱਗਭੱਗ 20 ਚਿੱਤਰ ਅਧੂਰੇ ਰਹਿ ਗਏ। ਇਸ ਕਰ ਕੇ ਮੈਂ ਉਨ੍ਹਾਂ ਨੂੰ ਪੁਸਤਕ ਵਿਚ ਸ਼ਾਮਲ ਕਰਨ ਤੋਂ ਅਸਮਰਥ ਰਿਹਾ ਹਾਂ। ਇੱਕ ਗੱਲ ਸਪਸ਼ਟ ਕਰਾਂ, ਮੇਰੀ ਨਜ਼ਰ ਵਿਚ ਸਾਰੇ ਲੇਖਕ ਬਰਾਬਰ ਹਨ। ਇਸ ਕਿਤਾਬ ਵਿਚ ਸ਼ਾਮਿਲ ਸਾਹਿਤਕਾਰਾਂ ਦੇ ਪਿਛੋਕੜ, ਜੀਵਨ ਅਤੇ ਸਾਹਿਤਕ ਵੇਰਵਿਆਂ ਬਾਰੇ ਲਿਖਣਾ ਅਸਾਨ ਕੰਮ ਨਹੀਂ ਸੀ।


ਪਾਠਕਾਂ ਦੀ ਜਾਣਕਾਰੀ ਵਾਸਤੇ ਲੇਖਕ ਦਾ ਜੀਵਨ ਵੇਰਵਾ, ਉਸ ਨਾਲ ਸਬੰਧਿਤ ਘਟਨਾਵਾਂ ਅਤੇ ਰਚਨਾਵਾਂ ਦਾ ਅਧਿਐਨ ਜ਼ਰੂਰੀ ਹੁੰਦਾ ਹੈ। ਅਨੇਕ ਲੇਖਕਾਂ ਦੀਆਂ ਪੁਸਤਕਾਂ ਵਿਚ ਆਪਣੇ ਬਾਰੇ ਬੇਲੋੜਾ ਜ਼ਿਕਰ ਕਰਵਾਇਆ ਹੁੰਦਾ ਹੈ, ਇਸ ਪੁਸਤਕ ਵਿਚ ਬੇਲੋੜਾ ਜ਼ਿਕਰ ਘਟਾਉਣ ਦੀ ਕੋਸ਼ਿਸ਼ ਕੀਤੀ ਹੈ। ਇਸ ਪ੍ਰੋਜੈਕਟ ਨੂੰ ਅਮਲੀ ਜਾਮਾ ਪਹਿਨਾਉਣ ਲਈ ਜਿੱਥੇ ਮੈਂ ਬਹੁਤ ਸਾਰੀਆਂ ਨਵੀਆਂ, ਪੁਰਾਣੀਆਂ ਪੁਸਤਕਾਂ ਦਾ ਅਧਿਐਨ ਕੀਤਾ, ਇੰਟਰਨੈੱਟ ਦੀ ਮਦਦ ਲਈ, ਉੱਥੇ ਸਮੇਂ-ਸਮੇਂ ਜ਼ਰੂਰਤ ਅਨੁਸਾਰ ਕੁਝ ਵਿਦਵਾਨ ਸਾਹਿਤਕਾਰਾਂ ਦਾ ਸਹਿਯੋਗ ਲਿਆ; ਖਾਸ ਕਰ ਕੇ ਪੁਸਤਕ ਵਿਚ ਸ਼ਾਮਿਲ ਜੀਵਤ ਸ਼ਖ਼ਸੀਅਤਾਂ ਨਾਲ ਗੱਲਬਾਤ ਕਰ ਕੇ ਜਾਣਕਾਰੀ ਹਾਸਲ ਕੀਤੀ।

ਇਸ ਪੁਸਤਕ ਅਤੇ ਮੇਰੀ ਸ਼ੈਲੀ ਵਿਚ ਨਿਖਾਰ ਨਾ ਆਉਂਦਾ ਜੇਕਰ ਸਤਿਕਾਰਯੋਗ ਸੁਰਜੀਤ ਸਿੰਘ ਭੁੱਲਰ ਮੇਰੇ ਸਿਰ ਉੱਤੇ ਆਪਣਾ ਗੁਣਵੱਤਾ ਭਰਿਆ ਹੱਥ ਨਾ ਰੱਖਦੇ ਤਾਂ ਇਹ ਕੰਮ ਨੇਪਰੇ ਚਾੜ੍ਹਨਾ ਕਠਿਨ ਸੀ। ਉਨ੍ਹਾਂ ਜਿੱਥੇ ਮੈਨੂੰ ਉਰਦੂ ਤੇ ਫ਼ਾਰਸੀ ਪੁਸਤਕਾਂ ਵਿਚੋਂ ਜਾਣਕਾਰੀ ਤੇ ਹਵਾਲੇ ਦਿੱਤੇ, ਉੱਥੇ ਹੀ ਪੁਸਤਕ ਵਿਚਲੀਆਂ ਸਾਰੀਆਂ ਰਚਨਾਵਾਂ ਪੜ੍ਹੀਆਂ ਤੇ ਆਪਣੀ ਯੋਗ ਸਲਾਹ ਦਿੱਤੀ। ਇਸ ਕਰ ਕੇ ਮੈਂ ਉਨ੍ਹਾਂ ਨੂੰ ਕੋਟੀ- ਕੋਟਿ ਪ੍ਰਨਾਮ ਕਰਦਾ ਹਾਂ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 10 ਅਗਸਤ 2024 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-650



*ਔੜਾਂ ਮਾਰੀ ਧਰਤੀ ਉੱਤੇ, ਬਚੇ ਜੰਗਲ ਟਾਂਵੇ ਟਾਂਵੇ,*
*ਰੁੰਡ-ਮਰੁੰਡ ਕਰਿਆ ਲੱਗੇ, ਪੱਤੇ ਖਾ ਕੇ ਸਾਵੇਂ ਸਾਵੇਂ।*
*ਦੇਖੋ ਕਿੰਝ ਟੀਸੀ ਚੜ੍ਹ ਕੇ, ਢਿੱਡ ਨੂੰ ਝੁਲਕਾ ਪਾਂਦੀ,*
*ਜੋ ਮਿਲਿਆ ਉਹੀ ਖਾ ਕੇ, ਹੈ ਮਿੱਠਾ ਦੁੱਧ ਪਿਲਾਂਦੀ।*

## ਕੈਪਸ਼ਨ ਮੁਕਾਬਲਾ-648



ਪਾਲ਼ੋ ਪਾਲ਼ ਘਰ ਬਣਾ ਲਏ
ਜਾਪੇ ਜਿੱਕਣ ਤੰਬੂ ਲਾ ਲਏ।
ਵਸ ਗਏ ਪ੍ਰਦੇਸੀਂ ਆ ਕੇ
ਛੱਡ ਤਿਮੰਜ਼ਲੀ ਦੇਸ਼ 'ਚ ਪਾ ਕੇ।
ਲੇਕ, ਛੱਪੜ ਨੂੰ ਆਖੀ ਜਾਵਣ
ਬਿੰਬ ਵੇਖ ਕੇ ਮਨ ਪ੍ਰਚਾਵਣ।
ਕੰਮੋਂ ਘਰ ਤੇ ਘਰੋਂ ਕੰਮ 'ਤੇ
ਆਈ ਜਾਵਣ, ਜਾਈ ਜਾਵਣ।
***-ਜਗਮੀਤ ਸਿੰਘ ਪੰਧੇਰ***

---

ਵਾਂਗ ਫ਼ਕੀਰਾਂ ਅਡੋਲ ਸ਼ਾਂਤ ਚਿੱਤ,
ਖੜ੍ਹਾ ਹੈ ਝੀਲ ਦਾ ਪਾਣੀ,
ਜਿਉਂ ਤੁਸੱਵਰ ਕਰਦਾ ਕਲਾਕਾਰੀ,
ਹੂਬ-ਹੂ ਦਿਖਾਵੇ ਕਹਾਣੀ।
ਨਾ ਕੋਈ ਬੁਰਸ਼ ਨਾ ਹੀ ਲੋੜੇ ਰੰਗ,
ਕੈਨਵਸ ਤੇਲ ਨ ਪਾਣੀ,
ਵਾਹ ਰੇ! ਕਾਦਰ ਦੇ ਰੰਗ ਨਿਆਰੇ,
ਨ ਭੇਦ ਕਿਸੇ ਨੇ ਜਾਣੀ।
***-ਸੇਵਾ ਸਿੰਘ 'ਨੂਰਪੁਰੀ'***

---

ਝੀਲ ਦਾ ਪਾਣੀ ਆਖਾਂ
ਜਾਂ ਫਿਰ ਆਖਾਂ ਅਸਮਾਨ।
ਪੁੱਠੇ ਸਿੱਧੇ ਮਹਿਲ ਮੁਨਾਰੇ,
ਦੋਵਾਂ ਦੇ ਦਰਮਿਆਨ।
ਟਿਕ ਟਿਕੀ ਲਾ ਕੇ ਲਹਿਰਾਂ ਲੱਭਾਂ
ਨਾਲੇ ਲੱਭਾਂ ਹਵਾ ਦੇ ਬੁੱਲ੍ਹੇ।
ਕੁਦਰਤ ਦੀ ਮੌਤ ਵੇਖ ਕੇ,
ਨੀਰ ਅੱਖਾਂ 'ਚੋਂ ਡੁੱਲ੍ਹੇ।
***-ਹਰਜੋਤ ਕੌਰ ਮਹੇਸ਼ਪੁਰਾ***

---

ਕਿੰਨੇ ਸੁੰਦਰ ਕੁਦਰਤ ਦੇ ਨਜ਼ਾਰੇ
ਬੰਦਾ ਨ੍ਹੀਂ ਬਣਾ ਸਕਦਾ
ਲੱਖ ਮੱਥਾ ਮਾਰੇ।
ਕੁਦਰਤੀ ਵਨਸਪਤੀ
ਝੀਲ ਦੀ ਸ਼ਾਂਤੀ ਠੰਢਕ ਪਹੁੰਚਾਵੇ।
ਬੰਦੇ ਦੇ ਦਿਮਾਗ ਨੂੰ
ਚੜ੍ਹੀ ਗਰਮੀ ਕਿਧਰੇ ਜਾਵੇ।
ਲੱਖਾਂ ਸਾਲਾਂ ਤੋਂ ਬੰਦਾ
ਵਿਗਿਆਨਕ ਤਰੀਕੇ ਨਾਲ
ਅਦਿੱਖ ਸ਼ਕਤੀ ਨੂੰ ਲੱਭਦਾ ਮਰ ਜਾਵੇ।
ਕੁਦਰਤ ਦੇ ਨਜ਼ਾਰੇ
ਹੁੰਦੇ ਬਹੁਤ ਵਿਸ਼ਾਲ
ਬੰਦਾ ਤਾਂ ਵੱਧ ਤੋਂ ਵੱਧ
ਮਾਣ ਸਕਦਾ ਆਪਣੇ ਤਰੀਕਿਆਂ ਨਾਲ।
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾਂ (ਪਟਿਆਲਾ)।***

---

ਕੁਦਰਤ ਦੇ ਮੋਹ ਨਜ਼ਾਰੇ ਮਨਭਾਉਂਦੇ
ਉੱਪਰ ਜੋ ਹੈ ਬਸਤੀ ਜਾਂ ਵਸੋਂ
ਦੇਖੋ ਅਕਾਸ਼ ਥੱਲੇ ਝੀਲ 'ਚ ਉਵੇਂ
ਦੇਖਦਿਆਂ ਹੀ ਪਹਿਲੀ ਝਲਕੇ
ਵੱਧ ਰਮਣੀਕ ਮੋਹ ਨਜ਼ਾਰਾ
ਕਲੇਜਾ ਹੀ ਖਿੱਚਿਆ ਜਾਂਦਾ।
ਭੁਲੇਖਾ ਵੀ ਪੈ ਜਾਂਦਾ
ਜੇ ਨਾ ਤੱਕੋ ਉੱਪਰ
ਕਿ ਹੈਂ ਆਹ ਘਰ ਝੀਲ 'ਚ
ਕਿਵੇਂ ਬਣ ਗਏ।
ਇਹੀ ਤਾਂ ਹੈ ਕੁਦਰਤ ਦੀ ਹਕੀਕਤ
ਖੁਲ੍ਹੀਆਂ ਅੱਖਾਂ ਸਾਹਵੇਂ।
***-ਦਰਸ਼ਨ ਪਾਲ ਦੋਸਾਂਝ***

# ਹਰਿਆਣੇ ਵਾਲਾ ਹਰੀਸ਼ ਕਟਾਰੀਆ

## ਯੂਨੀਵਰਸਿਟੀ ਦੀ ਇਕ ਅਭੁੱਲ ਯਾਦ

ਇਹ ਘਟਨਾ ਮਾਰਚ 1974 ਦੀ ਸੱਚੀ ਘਟਨਾ ਏ ਪਰ ਪਾਤਰ ਕਾਲਪਨਿਕ ਹਨ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਹੋਸਟਲ ਨੰਬਰ ਦੋ ਦੇ ਬਲਾਕ ਚਾਰ ਦੇ ਡੌਰਮੇਟਰੀ ਕਮਰੇ ਵਿਚੋਂ ਹਰ ਰੋਜ਼ ਦੁਪਹਿਰ ਜਿਹੇ ਨੂੰ ਰਿਕਾਰਡ ਪਲੇਅਰ ਤੇ ਇੱਕ ਗੀਤ ਅਕਸਰ ਘੰਟਾ ਕੁ ਵੱਜਦਾ ਰਹਿੰਦਾ ਸੀ। ਗੀਤ ਦੇ ਬੋਲ ਤੁਹਾਡੇ ਸਭ ਦੇ ਸੁਣੇ ਹੋਏ ਹਨ:

ਹਮ ਤੁਮ ਇੱਕ ਕਮਰੇ ਮੇਂ ਬੰਦ ਹੋਂ
ਔਰ ਚਾਬੀ ਖੋਹ ਜਾਏ!

ਉਨ੍ਹਾਂ ਦਿਨਾਂ ਵਿਚ ਰਾਜ ਕਪੂਰ ਦੀ ਫਿਲਮ 'ਬਾਬੀ' ਚੰਡੀਗੜ੍ਹ ਦੇ ਕੇ. ਸੀ. ਥੀਏਟਰ ਵਿਚ ਛੇ ਮਹੀਨੇ ਲੱਗੀ ਰਹੀ ਸੀ। ਫਿਲਮ ਦਾ ਇਹ ਗੀਤ ਭਾਵੇਂ ਹਲਕਾ-ਫੁਲਕਾ ਹੈ, ਫਿਰ ਵੀ ਕਾਫੀ ਮਸ਼ਹੂਰ ਹੋ ਗਿਆ ਸੀ, ਖਾਸ ਕਰਕੇ ਜਵਾਨ ਤਬਕੇ ਵਿਚ। ਉਸ ਜ਼ਮਾਨੇ ਵਿਚ ਨਾ ਤਾਂ ਅਜੇ ਕੰਪਿਊਟਰ ਵਿਕਸਿਤ ਹੋਇਆ ਸੀ ਤੇ ਨਾ ਹੀ

**ਅਵਤਾਰ ਐਸ. ਸੰਘਾ**

ਮੋਬਾਈਲ ਫੋਨ। ਮਨੋਰੰਜਨ ਦੇ ਸਾਧਨ ਰੇਡੀਓ, ਟੀਵੀ ਤੇ ਰਿਕਾਰਡ ਪਲੇਅਰ ਹੀ ਹੋਇਆ ਕਰਦੇ ਸਨ। ਜਿਹੜੇ ਲੋਕ ਘਰੋਂ ਕੁਝ ਆਰਥਿਕ ਤੌਰ 'ਤੇ ਚੰਗੇ ਸਨ, ਉਹ ਟੇਪ ਰਿਕਾਰਡਾਂ ਵੀ ਖਰੀਦਣ ਲੱਗ ਪਏ ਸਨ। ਹਰੀਸ਼ ਕਟਾਰੀਆ ਆਪਣੇ ਸ਼ਹਿਰ ਗੁੜਗਾਉਂ ਗਿਆ ਤੇ ਉੱਥੋਂ ਰਿਕਾਰਡ ਪਲੇਅਰ ਚੁੱਕ ਲਿਆਇਆ। ਬਾਹਰ ਡੋਰਮੇਟਰੀ ਦੀ ਬਾਲਕੋਨੀ ਵਿਚ ਇਹ ਗੀਤ ਉੱਚੀ-ਉੱਚੀ ਵਜਾਉਣ ਦਾ ਮਕਸਦ ਸਾਹਮਣੇ ਓਪਨ ਏਅਰ ਵਿਚ ਚੱਲ ਰਹੀ ਬਲਵੰਤ ਗਾਰਗੀ ਦੀ ਨਾਟਕ ਦੀ ਰਿਹਰਸਲ ਨੂੰ ਡਿਸਟਰਬ ਕਰਨਾ ਸੀ। ਇਸ ਰਿਹਰਸਲ ਦੀ ਪਰੇਸ਼ਾਨੀ ਮੈਨੂੰ ਤਾਂ ਹਰੀਸ਼ ਤੋਂ ਵੀ ਜ਼ਿਆਦਾ ਸੀ ਕਿਉਂਕਿ ਮੈਂ ਬਲਾਕ ਤਿੰਨ ਦੇ 37 ਨੰਬਰ ਕਮਰੇ ਵਿਚ ਥੀਏਟਰ ਦੇ ਬਿਲਕੁਲ ਨੇੜੇ ਸਾਂ। ਸਾਡੇ ਐਮ. ਏ. ਦੇ ਸਾਲਾਨਾ ਇਮਤਿਹਾਨ ਸਿਰ 'ਤੇ ਸਨ ਤੇ ਗਾਰਗੀ ਦੀ ਰਿਹਰਸਲ ਸਾਡੇ ਵਾਸਤੇ ਬੜੀ ਪਰੇਸ਼ਾਨੀ ਖੜੀ ਕਰ ਰਹੀ ਸੀ। ਥੀਏਟਰ ਓਪਨ ਏਅਰ ਹੋਣ ਕਰਕੇ ਅਦਾਕਾਰਾਂ ਦੀਆਂ ਆਵਾਜ਼ਾਂ ਦੂਰ ਦੂਰ ਤੱਕ ਗੂੰਜਦੀਆਂ ਸਨ।

'ਹਰੀਸ਼, ਤੁਹਾਡਾ ਰਿਕਾਰਡ ਪਲੇਅਰ ਕੀ ਕਰਾਮਾਤ ਕਰੂ?' ਮੈਂ ਕੈਂਟੀਨ ਵਿਚ ਬੈਠੇ ਹਰੀਸ਼ ਨਾਲ ਉਸ ਦਾ ਮਨਸੂਬਾ ਜਾਣਨ ਦੀ ਗੱਲ ਕੀਤੀ।

'ਯਾਰ, ਗਾਰਗੀ ਨੇ ਸਾਡੇ ਹੋਸਟਲ ਦੇ ਬਲਾਕ ਤਿੰਨ ਅਤੇ ਚਾਰ ਵਾਸਤੇ ਅੰਤਾਂ ਦੀ ਪਰੇਸ਼ਾਨੀ ਖੜੀ ਕੀਤੀ ਹੋਈ ਏ। ਸਾਡਾ ਡੋਰਮੇਟਰੀ ਬਿਲਕੁਲ ਸਾਹਮਣੇ ਹੈ। ਕੀ ਤੁਸੀਂ ਵੀ ਉੱਥੇ ਕਿਤੇ ਹੀ ਰਹਿੰਦੇ ਹੋ?'

'ਹਾਂ, ਮੈਂ ਤਾਂ ਥੀਏਟਰ ਦੇ ਬਿਲਕੁਲ ਨੇੜੇ ਹਾਂ, ਬਲਾਕ 3 ਦੇ 37 ਨੰਬਰ ਕਮਰੇ ਵਿਚ। ਮੇਰੇ ਕਮਰੇ ਅਤੇ ਥੀਏਟਰ ਵਿਚਕਾਰ ਇੱਕ ਛੋਟੀ ਜਿਹੀ ਸੜਕ ਏ ਤੇ ਇੱਕ ਵੇਲਾਂ ਨਾਲ ਗੁੰਦੀ ਹੋਈ ਕੰਡਿਆਲੀ ਵਾੜ। ਮੈਂ ਤਾਂ ਆਪਣੀ ਬਾਲਕੋਨੀ ਵਿਚ ਬੈਠ ਕੇ ਪੜ੍ਹ ਹੀ ਨਹੀਂ ਸਕਦਾ। ਤੁਹਾਡਾ ਰਿਕਾਰਡ ਪਲੇਅਰ ਕੀ ਕਰਿਸ਼ਮਾ ਕਰੂ?'

'ਇਹ ਲੋਕ ਉਦੋਂ ਤੱਕ ਠੀਕ ਨਹੀਂ ਹੁੰਦੇ ਜਦ ਤੱਕ ਇਨ੍ਹਾਂ ਨੂੰ ਤੰਗ ਨਾ ਕਰੋ। ਅਸੀਂ ਉੱਚੀ-ਉੱਚੀ ਬੋਲ ਕੇ ਬਥੇਰਾ ਕਹਿ ਲਿਆ ਕਿ ਰਿਹਰਸਲ ਬੰਦ ਕਰੋ। ਸਾਡੇ ਬਲਾਕ ਵਿਚ ਇੱਕ ਦਸੂਹੇ ਦਾ ਅਵਿਨਾਸ਼ ਏ। ਸਾਰੀ ਯੂਨੀਵਰਸਿਟੀ ਉਸਨੂੰ ਮਾਮਾ ਸੱਦਦੀ ਏ। ਉਸ ਨੇ ਲੁਕ ਕੇ ਚਾਂਗਰਾਂ ਵੀ ਮਾਰੀਆਂ ਤੇ ਉੱਚੀ-ਉੱਚੀ ਗਾਰਗੀ ਨੂੰ ਗਾਲਾਂ ਵੀ ਕੱਢੀਆਂ। ਗਾਰਗੀ ਫਿਰ ਵੀ ਬਾਜ਼ ਨਹੀਂ ਆਇਆ। ਮੈਂ ਤੈਨੂੰ ਇੱਕ ਦਿਨ ਦੀ ਗੱਲ ਦੱਸਾਂ, ਅਸੀਂ ਚਾਰ ਜਣੇ ਸ਼ਾਮ ਚਾਰ ਕੁ ਵਜੇ ਥੀਏਟਰ ਦੇ ਕੋਲੋਂ ਮੇਨ ਸੜਕ ਵੱਲ ਨੂੰ ਜਾ ਰਹੇ ਸਾਂ। ਗਾਰਗੀ ਕਾਰ 'ਤੇ ਸਾਡੇ ਪਿੱਛੋਂ ਆਇਆ। ਸੜਕ ਕੁਝ ਭੀੜੀ ਸੀ ਤੇ ਦੂਜੀ ਗੱਲ ਇਹ ਕਿ ਮਾਮਾ ਉਹਨੂੰ ਤੰਗ ਕਰਨਾ ਚਾਹੁੰਦਾ ਸੀ। ਕਾਰ ਦਾ ਹਾਰਨ ਵਜਾਈ ਗਿਆ। ਮਾਮਾ ਪਰੇ ਹਟਿਆ ਹੀ ਨਾ। ਫਿਰ ਹੌਲੀ ਹੌਲੀ ਮਾਮੇ ਨੇ ਮਸਾਂ ਉਨਾ ਰਾਹ ਦਿੱਤਾ ਜਿੰਨੇ 'ਚੋਂ ਕਾਰ ਮੁਸ਼ਕਿਲ ਨਾਲ ਲੰਘ ਸਕਦੀ ਸੀ। ਗਾਰਗੀ ਮਾਮੇ ਦੇ ਨੇੜੇ ਕਾਰ ਖੜ੍ਹੀ ਕਰ ਕੇ ਕਹਿਣ ਲੱਗਾ, 'ਕਾਕਾ, ਮੈਨੂੰ ਕਾਰ ਚਲਾਉਂਦੇ ਨੂੰ 20 ਸਾਲ ਹੋ ਗਏ ਮੇਰਾ ਕਦੀ ਐਕਸੀਡੈਂਟ ਨਹੀਂ ਹੋਇਆ।' ਮਾਮੇ ਤੋਂ ਵੀ ਬੋਲਣ ਤੋਂ ਰਿਹਾ ਨਾ ਗਿਆ ਕਹਿੰਦਾ, 'ਮੈਨੂੰ ਵੀ ਪੈਦਲ ਤੁਰਦੇ ਨੂੰ ਇੰਨੇ ਕੁ ਸਾਲ ਹੀ ਹੋ ਗਏ ਮੇਰਾ ਵੀ ਕਦੀ ਐਕਸੀਡੈਂਟ ਨਹੀਂ ਹੋਇਆ।' ਗਾਰਗੀ ਨਿਰੁੱਤਰ ਅੱਗੇ ਆਪਣੇ ਕੁਆਰਟਰ ਵੱਲ ਨੂੰ ਚਲਾ ਗਿਆ। ਜਦ ਉਹ ਰਿਹਰਸਲ ਸ਼ੁਰੂ ਕਰਦਾ ਏ ਮੈਂ ਉਸੇ ਵੇਲੇ ਰਿਕਾਰਡ ਪਲੇਅਰ ਲਗਾ ਕੇ ਆਵਾਜ਼ ਉੱਚੀ ਕਰ ਦਿੰਦਾ ਹਾਂ। ਉਹਦੇ ਕਿਰਦਾਰਾਂ ਦੇ ਮੂੰਹ ਉਦੋਂ ਦੇਖਣ ਵਾਲੇ ਹੁੰਦੇ ਹਨ। ਉਹ ਆਪ ਵੀ ਪੂਰੀ ਤਰ੍ਹਾਂ ਦੁਖੀ ਹੋ ਜਾਂਦਾ ਏ।'

'ਹੁਣ ਉਹ ਕੀ ਕਰੂ?'

'ਪਤਾ ਲੱਗਾ ਹੈ ਉਸਨੇ ਸਾਡੇ ਹੋਸਟਲ ਦੇ ਵਾਰਡਨ ਪਾਸ ਮੇਰੀ ਸ਼ਿਕਾਇਤ ਕੀਤੀ ਹੈ। ਮੈਨੂੰ ਵਾਰਡਨ ਦਾ ਸੁਨੇਹਾ ਮਿਲਿਆ ਹੈ ਕਿ ਮੈਂ ਉਸਨੂੰ ਅੱਜ ਸ਼ਾਮ ਨੂੰ ਮਿਲਾਂ।'

'ਵਾਰਡਨ ਕੀ ਕਰੂ?'

'ਮੈਨੂੰ ਇਹੀ ਕਹੂ ਕਿ ਮੈਂ ਗਾਰਗੀ ਨੂੰ ਤੰਗ ਨਾ ਕਰਾਂ।'

'ਫਿਰ ਤੂੰ ਕੀ ਜਵਾਬ ਦੇਵੇਂਗਾ?'

'ਮੈਂ ਦੱਸੂੰ ਕਿ ਸਾਨੂੰ ਰਿਹਰਸਲ ਕਿਵੇਂ ਪਰੇਸ਼ਾਨ ਕਰ ਰਹੀ ਏ।'

'ਗੱਲ ਮੁੱਕ ਕਿੱਥੇ? ਅਸਲ ਉਹਦੀ ਵੀ ਤਾਂ ਯੂਨੀਵਰਸਿਟੀ ਵਿਚ ਬਥੇਰੀ ਚੱਲਦੀ ਏ। ਸਾਲਾ ਬਾਹਰਲੀ ਮੇਮ ਨਾਲ ਵਿਆਹ ਕਰਾਈ ਫਿਰਦਾ ਏ। ਸ਼ਾਮ ਨੂੰ ਮੇਮ ਬਾਈਸਾਈਕਲ 'ਤੇ ਮੁੰਡੇ ਨੂੰ ਬਿਠਾ ਕੇ ਤੇਰੇ ਕਮਰੇ ਕੋਲੋਂ ਗਾਂਧੀ ਭਵਨ ਵੱਲ ਨੂੰ ਜਾਂਦੀ ਹੁੰਦੀ ਏ।'

'ਹਰੀਸ਼, ਤੂੰ ਤਾਂ ਹੁਣ ਮਜ਼ੇ ਲੈਣ ਲੱਗ ਪਿਆ ਏਂ। ਬਾਕੀ ਆਪਾਂ ਫਿਰ ਵਿਚਾਰ ਕਰ ਲਵਾਂਗੇ। ਪਹਿਲਾਂ ਗੱਲ ਸ਼ੁਰੂ ਤਾਂ ਹੋਣ ਦਿਓ।'

ਹਰੀਸ਼ ਨੂੰ ਦੂਜੇ ਦਿਨ ਵਾਰਡਨ ਦਾ ਸੁਨੇਹਾ ਆ ਗਿਆ। ਉਹ ਵਾਰਡਨ ਨੂੰ ਉਸਦੇ ਦਫ਼ਤਰ ਮਿਲਣ ਗਿਆ।

'ਹਰੀਸ਼, ਮਸਲਾ ਕੀ ਏ? ਤੁਹਾਡਾ ਗੀਤ-ਸੰਗੀਤ ਇੰਨਾ ਉੱਚੀ ਕਿਉਂ ਵੱਜਦਾ ਏ?'

'ਸਰ, ਤੁਸੀਂ ਜਾਣਦੇ ਹੀ ਹੋ ਕਿ ਸਾਡੇ ਸਾਲਾਨਾ ਇਮਤਿਹਾਨ ਸਿਰ 'ਤੇ ਹਨ। ਇੰਡੀਅਨ ਥੀਏਟਰ ਹੋਸਟਲ ਦੇ ਦੋ ਬਲਾਕਾਂ ਨੂੰ ਅੰਤ ਦਾ ਪਰੇਸ਼ਾਨ ਕਰਦਾ ਏ। ਬਲਾਕ ਤਿੰਨ ਦੇ ਪੂਰਬ ਵੱਲ ਦੇ ਪਾਸੇ ਨੂੰ ਤੇ ਬਲਾਕ ਚਾਰ ਦੇ ਦੱਖਣ ਵੱਲ ਦੇ ਪਾਸੇ ਨੂੰ। ਤੁਸੀਂ ਜਾਣਦੇ ਹੀ ਹੋ ਕਿ ਓਪਨ ਏਅਰ ਥੀਏਟਰ ਵਿਚ ਆਵਾਜ਼ਾਂ ਗੂੰਜਦੀਆਂ ਹੀ ਹਨ। ਅਸੀਂ ਜ਼ੋਰ-ਜ਼ੋਰ ਬੋਲ ਕੇ ਗਾਰਗੀ ਪਾਸ ਆਪਣੇ ਰੋਸ ਪਹੁੰਚਾਏ ਪਰੰਤੂ ਉਸ 'ਤੇ ਕੋਈ ਅਸਰ ਨਾ ਪਿਆ। ਜਦ ਕੋਈ ਪੇਸ਼ ਨਾ ਗਈ ਤਾਂ ਮੈਂ ਘਰੋਂ ਆਪਣਾ ਰਿਕਾਰਡ ਪਲੇਅਰ ਚੁੱਕ ਲਿਆਇਆ। ਸਪੀਕਰ ਉੱਚਾ ਕਰਕੇ ਮੈਂ ਗੀਤ ਲਗਾ ਦਿੱਤੇ। ਫਿਰ ਗਾਰਗੀ ਪਿੱਟਿਆ। ਤੁਸੀਂ ਦੱਸੋ, ਸਰ, ਅਸੀਂ ਕੀ ਕਰੀਏ?'

'ਹਰੀਸ਼, ਗਾਰਗੀ ਸਾਹਿਬ ਨੇ ਇੱਛਾ ਪ੍ਰਗਟ ਕੀਤੀ ਹੈ ਕਿ ਤੁਹਾਡੇ ਵਿਚੋਂ 4-5 ਵਿਦਿਆਰਥੀ ਜਾ ਕੇ ਉਸ ਨੂੰ ਮਿਲੋ।'

'ਠੀਕ ਹੈ, ਸਰ। ਅਸੀਂ ਅੱਜ ਸਲਾਹ ਕਰ ਲੈਂਦੇ ਹਾਂ। ਮਿਲਣ ਦਾ ਸਮਾਂ ਤੁਸੀਂ ਸਾਨੂੰ ਲੈ ਦਿਓ।'

'ਠੀਕ ਹੈ, ਹਰੀਸ਼।'

ਦੂਜੇ ਦਿਨ ਬਾਅਦ ਦੁਪਹਿਰ ਦਾ ਸਮਾਂ ਲੈ ਲਿਆ ਗਿਆ। ਅਸਾਂ ਮੁੰਡਿਆਂ ਨੇ ਸ਼ਾਮ ਨੂੰ ਹਰੀਸ਼ ਦੇ ਕਮਰੇ ਵਿਚ ਮੀਟਿੰਗ ਕੀਤੀ। 20 ਕੁ ਮੁੰਡੇ ਇਕੱਠੇ ਹੋਏ। ਪੰਜ ਮੁੰਡੇ ਚੁਣ ਲਏ ਗਏ: ਹਰੀਸ਼ ਖੁਦ (ਕੈਮੀਕਲ ਇੰਜੀਨੀਅਰਿੰਗ ਦਾ), ਮੈਂ (ਅੰਗਰੇਜ਼ੀ ਦੀ ਐਮ. ਏ. ਦਾ), ਬਲਰਾਜ (ਪੰਜਾਬੀ ਦੀ ਐਮ. ਏ. ਦਾ), ਸੂਦ (ਇਤਿਹਾਸ ਦਾ), ਵਰਿਆਮ (ਕਾਨੂੰਨ ਦਾ)।

ਅਸੀਂ ਨਿਸ਼ਚਿਤ ਸਮੇਂ ਮੁਤਾਬਿਕ ਤਿੰਨ ਵਜੇ ਜਾ ਕੇ ਥੀਏਟਰ ਦਾ ਬੂਹਾ ਖੜਕਾ ਦਿੱਤਾ। ਗਾਰਗੀ ਸਾਹਿਬ ਸਾਨੂੰ ਬਹੁਤ ਵਧੀਆ ਮਿਲੇ।

'ਆਓ, ਯੰਗ ਮੈਨ, ਪਹਿਲਾਂ ਤੁਹਾਨੂੰ ਅੰਦਰੋਂ ਥੀਏਟਰ ਦਿਖਾ ਦਿਆਂ। ਬਾਅਦ ਵਿਚ ਬੈਠਦੇ ਹਾਂ।'

'ਜੀ ਸਰ', ਅਸੀਂ ਸਿਰ ਹਿਲਾਏ।

'ਆਹ ਫੁੱਟਲਾਈਟਸ ਹਨ, ਆਹ ਥਰੱਸਟ ਸਟੇਜ ਏ, ਸੀਟਿੰਗ ਸਕੇਅਰ ਅਤੇ ਪੌਲੀਗੋਨਲ ਸ਼ਕਲ ਦੀ ਏ, ਕਲਾਕਾਰ ਏਜਲਜ ਰਾਹੀਂ ਦਾਖਲ ਹੁੰਦੇ ਹਨ, ਆਹ ਲਾਈਟ ਸੰਗੀਤ ਲਈ ਆਰਕੈਸਟਰਾ ਹੈ ਵਗੈਰਾ ਵਗੈਰਾ। ਇਹ ਸਾਡੀ ਚੱਲ ਰਹੀ ਰਿਹਰਸਲ ਏ। ਨਾਟਕ 'ਹਯਾ ਬਦਨ' ਹੈ। ਡਾਇਰੈਕਟਰ ਸਾਹਿਬਾ ਬੰਬਈ ਤੋਂ ਆਏ ਹੋਏ ਹਨ।'

ਅਸੀਂ ਸਭ ਨੂੰ ਮਿਲਦੇ ਗਏ ਤੇ ਹੱਥ ਜੋੜਦੇ ਗਏ। ਫਿਰ ਗਾਰਗੀ ਸਾਨੂੰ ਥੀਏਟਰ ਤੋਂ ਬਾਹਰ ਮੂਹਰੇ ਲੈ ਗਿਆ। ਕੁਰਸੀਆਂ ਉੱਥੇ ਲਗਵਾ ਦਿੱਤੀਆਂ ਗਈਆਂ। ਸਾਨੂੰ ਬੈਠਣ ਲਈ ਇਸ਼ਾਰਾ ਕੀਤਾ। ਅਸੀਂ ਬੈਠ ਗਏ। ਚਾਹ ਆ ਗਈ।

'ਵੀਰ ਜੀ, ਚਾਹ ਪੀਓ।'

'ਥੈਂਕਸ ਸਰ', ਹਰੀਸ਼ ਨੇ ਆਵਾਜ਼ ਕੱਢੇ ਬਗੈਰ ਸਾਹ ਵਿਚ ਹੀ ਕਿਹਾ।

'ਤੁਸੀਂ ਕਾਹਦੀ ਪੜ੍ਹਾਈ ਕਰਦੇ ਹੋ?'

'ਕੈਮੀਕਲ ਇੰਜੀਨੀਅਰਿੰਗ, ਸਰ।'

'ਕੀ ਨਿਊਕਲੀਅਰ ਇੰਜੀਨੀਅਰਿੰਗ ਦਾ ਚੈਪਟਰ ਕਵਰ ਕਰ ਚੁੱਕੇ ਹੋ?'

'ਨਹੀਂ ਸਰ, ਇਹ ਅਗਲੇ ਸਾਲ ਦੇ ਸਿਲੇਬਸ ਵਿਚ ਏ।'




'ਤੁਹਾਡਾ ਕੀ ਨਾਮ ਏ, ਵੀਰੇ?'

'ਸਰ, ਅਵਤਾਰ', ਮੈਂ ਕਿਹਾ।

'ਕਾਹਦੀ ਪੜ੍ਹਾਈ ਕਰਦੇ ਹੋ?'

'ਇੰਗਲਿਸ਼, ਸਰ।'

'ਸ਼ੇਕਸਪੀਅਰ ਦੀ ਕਿਹੜੀ ਟਰੈਜਡੀ ਪੜ੍ਹੀ ਏ?'

'ਸਰ, ਹੈਮਲੇਟ।'

'ਇਸ ਨਾਟਕ ਦੀ ਕੋਈ ਮਸ਼ਹੂਰ ਸਤਰ?'

'ਫਰੇਲਟੀ, ਦਾਈ ਨੇਮ ਇਜ਼ ਵੋਮੇਨ! (Frality, thy name is women)'

'ਕੀ ਭਾਵ?'

'ਐ ਇਸਤਰੀ, ਤੂੰ ਚੰਚਲ ਤੇ ਕਮਜ਼ਾਤ ਵੀ ਏਂ।'

'ਵੈਰੀ ਗੁੱਡ!'

'ਕੀ ਇੰਜ ਕਹਿ ਕੇ ਸ਼ੇਕਸਪੀਅਰ ਇਸਤਰੀ ਜਾਤੀ ਨੂੰ ਭੰਡਦਾ ਏ?'

'ਨਹੀਂ ਸਰ! ਇਹ ਸ਼ਬਦ ਨਾਟਕਕਾਰ ਦਾ ਮੂੰਹ ਬੋਲਦਾ ਪਾਤਰ (mouthpiece) ਨਹੀਂ ਬੋਲਦਾ, ਹੈਮਲੇਟ ਬੋਲਦਾ ਏ। ਹੈਮਲੇਟ ਵੀ ਉਸ ਸਮੇਂ ਬੋਲਦਾ ਏ ਜਦ ਉਹ ਬਾਹਰਲੇ ਦੇਸ਼ ਤੋਂ ਆਪਣੇ ਦੇਸ਼ ਡੈਨਮਾਰਕ ਪਹੁੰਚਦਾ ਏ। ਉਹ ਦੇਖਦਾ ਏ ਕਿ ਉਸਦੀ ਮਾਂ ਉਸਦੇ ਪਿਓ ਨੂੰ ਧੋਖਾ ਦੇ ਕੇ ਉਹਦੇ ਚਾਚੇ ਨਾਲ ਰਹਿਣ ਲੱਗ ਪਈ ਏ। ਉਸ ਦੇ ਪਿਓ ਨੂੰ ਉਸਦੀ ਮਾਂ ਨੇ ਕਤਲ ਕਰਵਾ ਦਿੱਤਾ ਹੈ। ਰਾਜਗੱਦੀ 'ਤੇ ਹੁਣ ਉਸਦਾ ਚਾਚਾ ਕਲੋਡੀਅਸ ਬੈਠ ਗਿਆ ਏ। ਦੂਜੀ ਮਾੜੀ ਘਟਨਾ ਇਹ ਵਾਪਰਦੀ ਏ ਕਿ ਉਸਦੀ ਪ੍ਰੇਮਿਕਾ ਓਫੀਲੀਆ ਉਸਨੂੰ ਧੋਖਾ ਦੇ ਗਈ। ਇਨ੍ਹਾਂ ਦੋਹਾਂ ਔਰਤਾਂ ਦੇ ਵਰਤਾਰੇ ਨੂੰ ਦੇਖ ਕੇ ਹੈਮਲੇਟ ਸਟੇਜ 'ਤੇ ਇਕੱਲਾ ਹੀ ਇਹ ਡਾਇਲਾਗ ਬੋਲਦਾ ਏ।'

'ਕਿਆ, ਬਾਤ ਏ। ਡੰਨ ਵੈੱਲ! ਨਾਟਕ ਬੜੀ ਬਰੀਕੀ ਨਾਲ ਪੜ੍ਹਿਆ ਲੱਗਦਾ ਏ।'

'ਸਰ, ਮੈਂ ਵੀ ਤੁਹਾਨੂੰ ਕੁਝ ਪੁੱਛਾਂ?' ਮੈਥੋਂ ਕਹਿ ਹੋ ਗਿਆ।

'ਜ਼ਰੂਰ ਪੁੱਛੋ। ਤੁਹਾਡਾ ਸਵਾਲ ਨਾਟਕ ਕਲਾ ਬਾਰੇ ਹੈ?'

'ਨਹੀਂ ਸਰ! ਮੈਨੂੰ ਅਮਰੀਕਾ ਦੇ ਨਾਟਕਕਾਰ ਓ, ਨੀਲ (O'Neil) ਦੇ ਨਾਟਕ ਆਈਸਮੈਨ ਕਮਥ (Iceman Cometh) ਦੀ ਟੈਕਸਟ ਚਾਹੀਦੀ ਏ। ਇਹ ਨਾਟਕ ਸਾਡੇ ਸਿਲੇਬਸ ਦਾ ਹਿੱਸਾ ਏ। ਮੇਰੀ ਟੀਚਰ ਡਾ. ਮੁਖਰਜੀ ਕਹਿੰਦੀ ਸੀ ਕਿ ਜੇ ਇਸ ਨਾਟਕ ਦੀ ਟੈਕਸਟ ਬਾਜ਼ਾਰ ਵਿਚ ਨਹੀਂ ਮਿਲਦੀ ਤਾਂ ਗਾਰਗੀ ਪਾਸ ਜਾਇਓ। ਉਨ੍ਹਾਂ ਪਾਸ ਕੁਝ ਕਾਪੀਆਂ ਹਨ। ਉਹ ਤੁਹਾਨੂੰ ਦੇ ਦੇਣਗੇ। ਅੱਜ ਦੀ ਇਸ ਮਿਲਣੀ ਦਾ ਮੈਂ ਫਾਇਦਾ ਉਠਾਉਣਾ ਚਾਹਿਆ। ਮੈਂ ਸੋਚਿਆ— ਇੱਕ ਪੰਥ ਦੋ ਕਾਜ ਹੋ ਜਾਊ।'

'ਵੀਰ ਜੀ, ਨਾਟਕ ਦੀ ਟੈਕਸਟ ਮੇਰੇ ਪਾਸ ਹੈ। ਮੈਂ ਕੱਲ ਨੂੰ ਘਰੋਂ ਲੈ ਆਵਾਂਗਾ। ਤੁਸੀਂ ਸ਼ਾਮ ਨੂੰ ਆ ਕੇ ਲੈ ਜਾਇਓ।'

'ਸਰ, ਮੈਂ ਉਸ ਟੈਕਸਟ ਦੀ 4-5 ਦਿਨ ਵਿਚ ਫੋਟੋ ਕਾਪੀ ਕਰਵਾ ਲਵਾਂਗਾ। ਫਿਰ ਮੈਂ ਅਸਲੀ ਪਰਤ ਤੁਹਾਨੂੰ ਮੋੜ ਦੇਵਾਂਗਾ।'

'ਡੋਂਟ ਵਰੀ, ਮਾਈ ਫਰੈਂਡ। ਮੇਰੇ ਪਾਸ ਕਈ ਕਾਪੀਆਂ ਹਨ। ਯੂ ਕੈਨ ਕੀਪ ਇੱਟ।'

'ਥੈਂਕਸ ਸਰ।'

'ਵੀਰ ਜੀ, ਤੁਸੀਂ ਕਾਹਦੀ ਪੜ੍ਹਾਈ ਕਰ ਰਹੇ ਹੋ?' ਗਾਰਗੀ ਨੇ ਬਲਰਾਜ ਵੱਲ ਦੇਖਦੇ ਹੋਏ ਪੁੱਛਿਆ।

'ਸਰ, ਮੈਂ ਪੰਜਾਬੀ ਦੀ ਐਮ. ਏ. ਕਰ ਰਿਹਾ ਹਾਂ। ਐਮ. ਏ. ਵਿਚ ਕੋਈ ਡੀਜ਼ਰਟੇਸ਼ਨ (ਥੀਸਿਸ) ਵੀ ਲਿਖਿਆ ਏ?'

'ਸਰ, ਪਿਛਲੇ ਹਫਤੇ ਦੇ ਵਿਚ ਹੀ ਖਤਮ ਹੋਇਆ ਏ। ਦੋ ਕੁ ਦਿਨ ਵਿਚ ਜਮ੍ਹਾਂ ਕਰਵਾ ਦਿਆਂਗਾ। ਡਾ: ਤਿਵਾੜੀ ਦੀ ਦੇਖ ਰੇਖ ਹੇਠ ਕੰਮ ਕੀਤਾ ਏ।'

'ਕਾਹਦੇ ਬਾਰੇ ਏ?'

'ਸ਼ਿਵ ਬਟਾਲਵੀ ਬਾਰੇ।'

'ਕਿਆ ਬਾਤ ਏ। ਉਹ ਤਾਂ ਮੇਰਾ ਮਿੱਤਰ ਸੀ।'

'ਸਰ, ਬਹੁਤ ਛੇਤੀ ਪੂਰਾ ਹੋ ਗਿਆ, ਬਿਰਹਾ ਦਾ ਸੁਲਤਾਨ। ਪਿਛਲੇ ਸਾਲ ਮਈ ਦੇ ਪਹਿਲੇ ਹਫਤੇ ਹੀ ਤਾਂ ਪੂਰਾ ਹੋਇਆ ਏ, ਸਾਡੇ ਸਾਹਮਣੇ। ਹੁਣ ਮੇਰਾ ਐਮ. ਏ. ਦੂਜਾ ਸਾਲ ਏ।'

'ਫਿਰ ਤਾਂ ਸ਼ਿਵ ਨੂੰ ਤਾਜ਼ਾ ਤਾਜ਼ਾ ਪੜ੍ਹ ਕੇ ਹਟੇ ਹੋ?'

'ਜੀ ਸਰ।'

'ਤੁਸੀਂ ਪੰਜਾਬ ਵਿਚ ਕਿਸ ਇਲਾਕੇ ਤੋਂ ਹੋ?'

'ਸਰ, ਮੈਂ ਵੀ ਬਟਾਲਾ ਦਾ ਹੀ ਹਾਂ। ਮੈਂ ਤਾਂ ਸ਼ਿਵ ਦੇ ਪਰਿਵਾਰ ਨੂੰ ਵੀ ਜਾਣਦਾ ਹਾਂ। ਲੂਣਾ ਦੇ ਪੁਰਸਕਾਰ ਮਿਲਣ ਤੋਂ ਬਾਅਦ ਇੰਗਲੈਂਡ ਗਿਆ ਸੀ। ਉੱਥੇ ਪ੍ਰਸ਼ੰਸਕਾਂ ਨੇ ਸਿਰ 'ਤੇ ਚੁੱਕ ਲਿਆ। ਆ ਕੇ ਫਿਰ ਬਿਮਾਰ ਜਿਹਾ ਹੀ ਰਿਹਾ। 36 ਕੁ ਸਾਲ ਦੀ ਉਮਰ ਵਿਚ ਹੀ ਪੂਰਾ ਹੋ ਗਿਆ।'

'ਸ਼ਿਵ ਦੀਆਂ ਕੁਝ ਖਾਸ ਸਤਰਾਂ?'

'ਇਸ ਧਰਤੀ ਦੀ ਹਰ ਨਾਰੀ ਹੀ ਲੂਣਾ ਹੈ।
ਹਰ ਨਾਰੀ ਦਾ ਨਰ ਹੀ ਸੂਹਜ ਵਿਹੂਣਾ ਹੈ।
ਹਰ ਨਾਰੀ ਦਾ ਬੁੱਤ ਮੁਹੱਬਤੋਂ ਊਣਾ ਹੈ।
ਪਿਆਰ ਘਾਟ ਦਾ ਹਰ ਵਿਹੜੇ ਵਿਚ ਟੂਣਾ ਹੈ।

ਸਰ ਇੱਕ ਹੋਰ ਸੁਣੋ—'

'ਆਉਣ ਦਿਓ।'

'ਇਸ ਧਰਤੀ ਤੇ ਜੋ ਕੁਝ ਸੋਹਣਾ ਹੈ,
ਉਸਦੇ ਪਿੱਛੇ ਨਾਰ ਅਵੱਸ਼ ਹੈ।
ਜੋ ਕੁਝ ਕਿਸੇ ਮਹਾਨ ਹੈ ਰਚਿਆ,
ਉਸ ਵਿਚ ਨਾਰੀ ਦਾ ਹੀ ਹੱਥ ਹੈ।
ਨਾਰੀ ਆਪੇ ਨਰਾਇਣ ਹੈ,
ਹਰ ਮੱਥੇ ਦੀ ਤੀਜੀ ਅੱਖ ਹੈ।
ਨਾਰੀ ਧਰਤੀ ਦੀ ਕਵਿਤਾ ਹੈ,
ਕੁੱਲ ਭਵਿੱਖ ਨਾਰੀ ਦੇ ਵੱਸ ਹੈ।'

'ਬਹੁਤ ਖੂਬ, ਬਲਰਾਜ। ਤੁਹਾਨੂੰ ਤਾਂ ਸ਼ਿਵ ਜ਼ੁਬਾਨੀ ਯਾਦ ਹੈ। ਬੜਾ ਅੱਛਾ ਅਧਿਐਨ ਹੈ।'

ਇਵੇਂ ਹੀ ਗਾਰਗੀ ਨੇ ਇਤਿਹਾਸ ਤੇ ਕਾਨੂੰਨ ਨਾਲ ਸੰਬੰਧਿਤ ਦੂਜੇ ਦੋ ਸਾਥੀਆਂ ਨਾਲ ਬੈਠੀ ਜਿਹੀ ਸਾਂਝ ਪਾਈ। ਅੰਤ ਵਿਚ ਉਹ ਬੋਲਿਆ, 'ਸਾਥੀਓ, ਤੁਹਾਡੀ ਮੰਗ ਜਾਇਜ਼ ਹੈ। ਮੇਰੀ ਇੱਕ ਨਿੱਕੀ ਜਿਹੀ ਮਜਬੂਰੀ ਵੀ ਹੈ। ਨਾਟਕ 'ਹਯਾ ਬਦਨ' ਦੀ ਤਿਆਰੀ ਚੱਲ ਰਹੀ ਏ। ਖਰਚਾ ਵੀ ਕਾਫੀ ਆ ਚੁੱਕਾ ਹੈ। ਮੂਹਰਲੇ ਐਤਵਾਰ ਨੂੰ ਅਸਾਂ ਨੇ ਇਹ ਖਿਡਾਵਉਣਾ ਹੈ। ਸਿਰਫ ਤਿੰਨ ਦਿਨ ਦੀ ਤਿਆਰੀ ਹੋਰ ਏ। ਤੁਹਾਨੂੰ ਪੰਜਾਂ ਨੂੰ ਮੈਂ 10-10 ਰੁਪਏ ਵਾਲੀਆਂ ਪੰਜ ਟਿਕਟਾਂ ਮੁਫਤ ਦਿੰਦਾ ਹਾਂ। ਐਤਵਾਰ ਨੂੰ ਆ ਕੇ ਨਾਟਕ ਦੇਖ ਜਾਇਓ। ਇਸ ਤੋਂ ਬਾਅਦ ਰਿਹਰਸਲ ਬੰਦ।'

'ਸਰ, ਟਿਕਟਾਂ ਤਾਂ ਬਾਕੀ ਹੋਰ 10-15 ਲੜਕੇ ਵੀ ਮੰਗਣਗੇ। ਖਾਸ ਕਰਕੇ ਹੋਰ ਜਿਹੜੇ ਔਰ ਜਾਂ ਸਾਹਮਣੇ ਕਮਰਿਆਂ ਵਿਚ ਰਹਿੰਦੇ ਹਨ। ਉਨ੍ਹਾਂ ਦਾ ਕੀ ਹੋਊ?' ਹਰੀਸ਼ ਬੋਲਿਆ।

'ਹਰੀਸ਼, ਮੇਰੇ ਪਾਸ ਪੰਜ ਸੀਟਾਂ ਹੀ ਖਾਲੀ ਹਨ। ਤੁਸੀਂ ਆਪਣੀ ਐਡਜਸਟਮੈਂਟ ਆਪ ਕਰੋ। ਸਲਾਹ ਕਰ ਲਿਓ, ਕੋਈ ਪੰਜ ਆ ਜਾਇਓ।'

'ਓਕੇ, ਸਰ। ਧੰਨਵਾਦ।'

ਇਸ ਤੋਂ ਬਾਅਦ ਅਸੀਂ ਆ ਗਏ। ਸਾਡੇ ਨਾਲ ਦੇ ਹੋਰ ਕਮਰਿਆਂ ਵਾਲਿਆਂ ਨੇ ਕੋਈ ਖੌਰੂ ਨਹੀਂ ਪਾਇਆ। ਇਵੇਂ ਮਸਲਾ ਹੱਲ ਹੋ ਗਿਆ।

ਸਾਲ ਕੁ ਬਾਅਦ ਗਾਰਗੀ ਦੀ ਸਵੈ-ਜੀਵਨੀ 'ਨੰਗੀ ਧੁੱਪ' (The Naked Traingle) ਦੇ ਨਾਮ ਥੱਲੇ ਛਪੀ। ਮੈਂ ਭੱਜ ਕੇ ਯੂਨੀਵਰਸਲ ਬੁੱਕ ਡੀਪੂ ਤੋਂ ਖਰੀਦੀ। ਜਦ ਪੜ੍ਹ ਕੇ ਦੇਖੀ ਤਾਂ ਖੁਸ਼ੀ ਵੀ ਹੋਈ ਤੇ ਹੈਰਾਨੀ ਵੀ। ਪੁਸਤਕ ਦਾ ਇੱਕ ਕਾਂਡ ਹੋਸਟਲ ਦੇ ਉਨ੍ਹਾਂ ਮੁੰਡਿਆਂ ਬਾਰੇ ਹੈ ਜਿਹੜੇ ਗਾਰਗੀ ਨੂੰ ਪਰੇਸ਼ਾਨ ਕਰਿਆ ਕਰਦੇ ਸਨ, ਯੂਨੀਵਰਸਿਟੀ ਨੂੰ ਆਉਂਦੀਆਂ ਜਾਂਦੀਆਂ ਲੜਕੀਆਂ 'ਤੇ ਰਿਮਾਰਕਸ ਕੱਸਿਆ ਕਰਦੇ ਸਨ, ਹੋਸਟਲ ਦੀਆਂ ਬਾਲਕੋਨੀਆਂ 'ਤੇ ਖੜ੍ਹ ਕੇ ਬੱਕਰੇ ਬੁਲਾਇਆ ਕਰਦੇ ਸਨ। ਜਵਾਨ ਖੂਨ ਕਿਵੇਂ ਖੋਲਦਾ ਹੈ— ਗਾਰਗੀ ਨੇ ਇਸ ਕਾਂਡ ਵਿਚ ਇਸ ਵਰਤਾਰੇ ਦੀ ਸੋਹਣੀ ਤਸਵੀਰ ਖਿੱਚੀ ਹੈ।

ਮੈਂ ਦੋ ਕੁ ਸਾਲ ਬਾਅਦ ਯੂਨੀਵਰਸਿਟੀ ਗਿਆ। ਪਤਾ ਲੱਗਾ ਹਰੀਸ਼ ਅਜੇ ਵੀ ਉੱਥੇ ਹੀ ਸੀ। ਡਿਗਰੀ ਕਰਨ ਤੋਂ ਬਾਅਦ ਉਹ ਕੋਈ ਹੋਰ ਕੋਰਸ ਕਰਨ ਲੱਗ ਪਿਆ ਸੀ। ਕੰਟੀਨ ਤੋਂ ਉਸਦਾ ਕਮਰਾ ਨੰਬਰ ਪਤਾ ਕੀਤਾ। ਮੈਂ ਜਾ ਦਰਵਾਜ਼ਾ ਖੜਕਾਇਆ।

'ਕਿਆ ਬਾਤ ਹੈ ਬਈ! ਕਮਾਲ ਹੋ ਗਈ।' ਹਰੀਸ਼ ਜੱਫੀ ਪਾ ਕੇ ਮਿਲਿਆ।

'ਹੁਣ ਤਾਂ ਬੜਾ ਸ਼ਾਂਤ ਵਾਤਾਵਰਣ ਏ', ਮੈਂ ਕਿਹਾ।

'ਹਰੀਸ਼ ਆਪਣੀ ਉਦੋਂ ਦੀ ਮਿਹਨਤ ਦਾ ਹੁਣ ਤੱਕ ਅਸਰ ਚੱਲਦਾ ਆ ਰਿਹਾ ਏ। ਗਾਰਗੀ ਵੈਸੇ ਲਿਖਾਰੀ ਮਾੜਾ ਨਹੀਂ। ਲਿਖਦਾ ਕਮਾਲ ਦਾ ਏ।'

'ਤੂੰ ਕਿੰਨਾ ਕੁ ਪੜ੍ਹਿਆ ਏ?'

'ਮੈਂ ਤਾਂ ਸ਼ੌਕ ਸ਼ੌਕ ਵਿਚ ਤਕਰੀਬਨ ਸਾਰਾ ਹੀ ਪੜ੍ਹ ਮਾਰਿਆ। ਮੈਂ ਇੱਕ ਕਾਲਜ ਵਿਚ ਲੈਕਚਰਾਰ ਹਾਂ। ਅੰਗਰੇਜ਼ੀ ਪੜ੍ਹਾਉਂਦੇ-ਪੜ੍ਹਾਉਂਦੇ ਕਈ ਵਾਰ ਪੰਜਾਬੀ ਦੀਆਂ ਲਿਖਤਾਂ ਨਾਲ ਵੀ ਤੁਲਨਾ ਕਰ ਦਿਆ ਕਰਦਾ ਹਾਂ। ਉਸ ਕਾਲਜ ਦੀ ਲਾਇਬਰੇਰੀ ਵਿਚ ਗਾਰਗੀ ਦੀਆਂ ਸਾਰੀਆਂ ਪੁਸਤਕਾਂ ਹਨ।'

'ਮਸਲਨ?'

' 'ਨਿੰਮ ਦੇ ਪੱਤੇ', 'ਕੌਡੀਆਂ ਵਾਲਾ ਸੱਪ', 'ਹੁਸੀਨ ਚਿਹਰੇ', 'ਪੱਤਣ ਦੀ ਬੇੜੀ' ਤੇ ਹੋਰ ਨਾਟਕ'...।'

'ਬਸ ਦੋਸਤ ਮੈਂ ਇੰਨੀ ਗੂੜ੍ਹੀ ਪੰਜਾਬੀ ਨਹੀਂ ਜਾਣਦਾ। ਹਾਂ, ਦੂਜੀ ਭਾਸ਼ਾ ਦੇ ਤੌਰ 'ਤੇ ਪੜ੍ਹੀ ਜ਼ਰੂਰ ਹੈ।' ਹਰੀਸ਼ ਬੋਲਿਆ।

'ਹਰੀਸ਼, ਗਾਰਗੀ ਦੇ ਲਿਖਾਰੀਆਂ ਦੇ ਸ਼ਬਦ ਦੀ ਰੇਖਾ ਚਿੱਤਰ ਬਹੁਤ ਸੋਹਣੇ ਹਨ। ਉਹ ਸੇਖੋਂ ਨੂੰ ਕਾਲਜ ਦਾ ਵਾਈਸ ਚਾਂਸਲਰ ਕਹਿੰਦਾ ਹੈ, ਅਜੀਤ ਕੌਰ ਨੂੰ ਕਾੜ੍ਹਨੀ ਕਹਿੰਦਾ ਹੈ, ਸ਼ਿਵ ਬਟਾਲਵੀ ਨੂੰ ਕੌਡੀਆਂ ਵਾਲਾ ਸੱਪ ਕਹਿੰਦਾ ਹੈ। ਬੜੇ ਸੋਹਣੇ ਤੇ ਸਰਲ ਹਨ। ਪੜ੍ਹ ਕੇ ਦੇਖੀਂ।'

'ਜ਼ਰੂਰ ਕੋਸ਼ਿਸ਼ ਕਰਾਂਗਾ। ਮਿਲਦਾ ਰਿਹਾ ਕਰ।'

'ਮੈਂ ਦੋ ਕੁ ਮਹੀਨਿਆਂ ਬਾਅਦ ਫਿਰ ਚੱਕਰ ਮਾਰਾਂਗਾ। ਚੰਗਾ ਫਿਰ।'

'ਤੇਰਾ ਮੈਨੂੰ ਲੱਭਣ ਲਈ ਧੰਨਵਾਦ!'

ਫਿਰ ਮੈਂ ਉਸ ਤੋਂ ਛੁੱਟੀ ਲਈ ਤੇ ਆਪਣੇ ਅੰਗਰੇਜ਼ੀ ਵਿਭਾਗ ਦੇ ਦਰਸ਼ਨ ਕਰਨ ਚਲਾ ਗਿਆ।

# ਕਿਉਂ ਲਿਖੀ 'ਵੇਖਿਆ ਜਾਣਿਆ-ਸੋਹਣ ਸਿੰਘ ਸੀਤਲ'

ਮੇਰੇ ਪਿਤਾ ਦੇ ਵੱਡੇ ਮਾਮੇ ਦਾ ਸਭ ਤੋਂ ਛੋਟਾ ਮੁੰਡਾ 'ਜੀਤਾ ਅਤੇ ਉਹਦਾ ਜਮਾਤੀ ਸਦੀਕ ਸਕੂਲ ਪੜ੍ਹਦਿਆਂ ਹੀ ਕਵੀਸ਼ਰੀ ਕਰਿਆ ਕਰਦੇ ਸਨ। ਭਾਈ ਤਾਰੂ ਸਿੰਘ ਦੀ ਸ਼ਹੀਦੀ ਗਾਉਂਦਿਆਂ ਜਦੋਂ ਉਹ ਤਾਰੂ ਸਿੰਘ ਨੂੰ ਫੜ ਕੇ ਲੈ ਜਾ ਰਹੀਆਂ ਫ਼ੌਜਾਂ ਅਤੇ ਤਾਰੂ ਸਿੰਘ ਨੂੰ ਧੀਰਜ ਤੇ ਦਿਲਾਸਾ ਦਿੰਦੀ ਉਹਦੀ ਮਾਂ ਤੇ ਭੈਣ ਦਾ ਗਾਉਂਦਾ ਜ਼ਿਕਰ ਕਰਦੇ ਤਾਂ ਲੋਕਾਂ ਦੀਆਂ ਭੀੜਾਂ ਨੂੰ ਕੀਲ ਕੇ ਰੱਖ ਦਿੰਦੇ।

ਆਖਦੀ ਏ ਭੈਣ ਜ਼ਰਾ ਵੀਰ ਠਹਿਰ ਵੇ<br>
ਸਾਡੇ ਉੱਤੇ ਪਾਪੀਆਂ ਕਮਾਇਆ ਕਹਿਰ ਵੇ।<br>
ਬੰਨ੍ਹ ਤੁਰੇ ਤੈਨੂੰ ਮਾਰ ਕੇ ਜ਼ੰਜੀਰ ਵੇ।<br>
ਵੇਖੀਂ ਕਿਤੇ ਚਿੱਤ ਨਾ ਡੁਲਾਈਂ ਵੀਰ ਵੇ।<br>
ਵੈਰੀ ਭਾਵੇਂ ਕਰ ਦੇਣ ਚੂਰਾ ਚੂਰਾ ਵੇ।<br>
ਤੱਕੜੀ ਸਿਦਕ ਦੀ 'ਤੇ ਤੁਲੀਂ ਪੂਰਾ ਵੇ।<br>
ਵਾਸਤੇ ਧਰਮ, ਜਾਨ ਨੂੰ ਬਚਾਉਣਾ ਨਹੀਂ<br>
ਦੁਨੀਆਂ 'ਤੇ ਬੱਚਾ ਦੂਜੀ ਵਾਰ ਆਉਣਾ ਨਹੀਂ।

ਇਹ ਮੇਰੀ ਸੋਹਣ ਸਿੰਘ ਸੀਤਲ ਨਾਲ ਪਹਿਲੀ ਜਾਣ-ਪਛਾਣ ਸੀ, ਉਹਦੀ ਕਵਿਤਾ ਰਾਹੀਂ। ਜੀਤੇ ਹੁਰਾਂ ਤੋਂ ਹੀ ਸੀਤਲ ਦੀ ਉਹ ਪੁਸਤਕ 'ਸੀਤਲ ਕਿਰਣਾਂ' ਲੈ ਕੇ ਪੜ੍ਹੀ, ਜਿਸ ਵਿਚੋਂ ਉਹ ਤਾਰੂ ਸਿੰਘ ਦਾ ਪ੍ਰਸੰਗ ਸੁਣਾਇਆ ਕਰਦੇ ਸਨ। ਤੇ ਫਿਰ ਉਸ ਦੀਆਂ ਹੋਰ ਢਾਡੀ ਵਾਰਾਂ ਪੜ੍ਹੀਆਂ, ਯਾਦ ਕੀਤੀਆਂ ਅਤੇ ਸਮਾਂ ਮਿਲਣ 'ਤੇ



**ਵਰਿਆਮ ਸਿੰਘ ਸੰਧੂ**
ਫੋਨ: 647-535-1539
ਵਟਸਐਪ-98726-02296

ਸਟੇਜ ਉੱਤੇ ਗਾਈਆਂ ਵੀ।

ਇਨ੍ਹਾਂ ਸਾਲਾਂ ਵਿਚ ਹੀ ਗਿਆਨੀ ਸੋਹਣ ਸਿੰਘ ਸੀਤਲ ਸਾਡੇ ਪਿੰਡ ਆਪਣੇ ਢਾਡੀ ਜਥੇ ਸਮੇਤ ਆਇਆ। ਸ਼ਾਇਦ ਕਾਂਗਰਸ ਦਾ ਜਲਸਾ ਸੀ। ਉਦੋਂ ਇੱਕ ਅੱਧਾ ਸਾਲ ਪਹਿਲਾਂ, ਉੱਨੀ ਸੌ ਪਚਵੰਜਾ ਵਿਚ ਅਕਾਲੀਆਂ ਨਾਲ ਉਸ ਦਾ ਤਣਾਉ ਬਣ ਗਿਆ ਸੀ ਤੇ ਉਨ੍ਹਾਂ ਨੇ 'ਸਿੱਖ ਪੰਥ' ਦੀਆਂ ਸਟੇਜਾਂ 'ਤੇ ਸੀਤਲ ਦਾ ਚੜ੍ਹਨਾ ਮਨ੍ਹਾ ਕੀਤਾ ਹੋਇਆ ਸੀ। ਸੀਤਲ ਆਏ ਦਾ ਪਿੰਡ ਵਿਚ ਢੋਲ ਵੱਜ ਗਿਆ ਸੀ ਅਤੇ ਲੋਕ ਪੱਠੇ-ਦੱਥੇ ਦਾ ਕੰਮ ਛੇਤੀ-ਛੇਤੀ ਮੁਕਾ ਕੇ ਜਲਸੇ ਵਾਲੀ ਥਾਂ 'ਤੇ ਉਲਰ ਆਏ ਸਨ। ਸਿਰ 'ਤੇ ਨੀਲੀ ਦਸਤਾਰ, ਲੰਮੀ ਫੱਬਦੀ ਐਚਕਨ, ਗਰੇ ਤੇ ਨੀਲੇ ਰੰਗ ਦੇ ਵਿਚ-ਵਿਚਾਲੀ ਭਾਹ ਮਾਰਦੀ, ਚੂੜੀਦਾਰ ਚਿੱਟਾ ਪਜਾਮਾ ਤੇ ਹੱਥ ਵਿਚ ਤਿੰਨ ਫੁੱਟੀ ਕਿਰਪਾਨ। ਦਾੜ੍ਹੀ ਲਗਪਗ ਚਿੱਟੀ ਹੋ ਚੁੱਕੀ ਸੀ ਪਰ ਚਿਹਰੇ 'ਤੇ ਗੋਰੇ ਰੰਗ ਵਿਚੋਂ ਫੁੱਟਦੀ ਲਾਲੀ ਦਾ ਆਪਣਾ ਹੀ ਤੇਜ ਸੀ। ਢੱਡਸਾਰੰਗੀ ਨੂੰ ਵੱਜਣੋਂ ਰੋਕਦੀ ਜਾਂ ਵੱਜਣ ਲਈ ਇਸ਼ਾਰਾ ਕਰਦੀ ਉੱਠਦੀ ਬਾਂਹ ਤੇ ਉਂਗਲੀ ਦਰਸ਼ਕਾਂ ਦੀਆਂ ਨਜ਼ਰਾਂ ਨੂੰ ਨਚਾ ਰਹੀ ਸੀ। ਉਹਦੇ ਬੋਲਾਂ ਦੀ ਸਿਆਣਪ ਅਤੇ ਸਦਾਕਤ ਨੇ ਬੈਠੇ ਹੋਏ ਹਜੂਮ ਨੂੰ ਮੰਤਰ-ਮੁਗਧ ਕਰ ਛੱਡਿਆ ਸੀ। ਮੈਨੂੰ ਅਜੇ ਤਕ ਉਸ ਦੇ ਬੋਲ ਯਾਦ ਨੇ:

ਭੁੱਲੀ ਦੁਨੀਆਂ ਐਵੇਂ ਕਲਜੁਗ ਕਲਜੁਗ ਕੂਕਦੀ,<br>
ਮੈਨੂੰ ਸਤਜੁਗ ਆਉਂਦਾ ਦੀਹਦਾ ਵਿਚ ਜਹਾਨ ਦੇ<br>
ਜਿਹੜਾ ਆਦਮ ਇੱਕ ਦਿਨ ਖੱਡਾਂ ਦੇ ਵਿਚ ਰਹਿੰਦਾ ਸੀ,<br>
ਉਹਦੇ ਪੁੱਤਰ ਉਡਦੇ ਫਿਰਦੇ ਵਿਚ ਅਸਮਾਨ ਦੇ।<br>
ਨਜ਼ਰਾਂ ਲੈਂਦੇ ਸੀ ਜੋ ਕਰਾਮਾਤ ਦੇ ਮਾਣ 'ਤੇ ,<br>
ਹੱਥ ਬੰਨ੍ਹ ਖਲੇ ਦੇਵਤੇ ਅੱਗੇ ਸਾਇੰਸਦਾਨ ਦੇ।

ਜਲਸਾ ਸੁਣ ਕੇ ਲੋਕ ਵਾਪਸ ਮੁੜ ਰਹੇ ਸਨ ਤਾਂ ਸੀਤਲ ਦੀਆਂ ਗੱਲਾਂ ਕਰਦੇ ਜਾ ਰਹੇ ਸਨ। ਘਰ-ਘਰ ਉਹਦੀਆਂ ਗੱਲਾਂ ਹੋ ਰਹੀਆਂ ਸਨ। ਉਹਦੇ ਭਰ ਜਵਾਨੀ ਦੇ ਦਿਨਾਂ ਨੂੰ ਯਾਦ ਕੀਤਾ ਜਾ ਰਿਹਾ ਸੀ ਜਦੋਂ ਲੋਕ ਸੀਤਲ ਦਾ ਨਾਂ ਸੁਣ ਕੇ ਵਹੀਰਾਂ ਘੱਤ ਕੇ ਉਸ ਨੂੰ ਸੁਣਨ ਜਾਇਆ ਕਰਦੇ ਸਨ। ਉਹ ਇਸੇ ਇਲਾਕੇ ਦਾ ਹੀ ਤਾਂ ਸੀ। ਤਹਿਸੀਲ ਕਸੂਰ ਦੇ ਪਿੰਡ ਕਾਦੀਵਿੰਡ ਦਾ ਜੰਮਪਲ। ਦੇਸ਼ ਦੀ ਵੰਡ ਪਿੱਛੋਂ ਮਾਲਵੇ ਵਿਚ ਜਾ ਵੱਸਣ ਕਰਕੇ ਸ਼ਾਇਦ ਉਸ ਦਾ ਪਹਿਲਾਂ ਜਿੰਨਾ ਫੇਰਾ-ਤੋਰਾ ਇਸ ਇਲਾਕੇ ਵਿਚ ਘਟ ਗਿਆ ਸੀ, ਪਰ ਹਰੇਕ ਕੋਲ ਉਸ ਬਾਰੇ ਕਰਨ ਵਾਲੀਆਂ ਢੇਰ ਗੱਲਾਂ ਸਨ, ਜਿਨ੍ਹਾਂ ਗੱਲਾਂ ਵਿਚ ਇਹ ਜ਼ਿਕਰ ਵੀ ਹੁੰਦਾ ਸੀ ਕਿ ਉਹਦੇ ਪ੍ਰਸੰਗ ਸੁਣ ਕੇ ਲੋਕਾਂ ਦੀਆਂ ਅੱਖਾਂ ਵਿਚੋਂ ਅੱਥਰੂ ਵਗਣ ਲੱਗ ਪੈਂਦੇ ਸਨ; ਉਨ੍ਹਾਂ ਦੇ ਰੌਂਗਟੇ ਖੜੇ ਹੋ ਜਾਂਦੇ ਸਨ, ਲਹੂ ਦੀ ਗਤੀ ਤੇ ਦਿਲਾਂ ਦੀ ਧੜਕਣ ਤੇਜ਼ ਹੋ ਜਾਂਦੀ ਸੀ। ਕਦੀ ਸੀਤਲ ਨੂੰ ਸੁਣਨ ਲਈ ਲੋਕਾਂ ਦੀਆਂ ਭੀੜਾਂ ਵੀਹ-ਵੀਹ ਕੋਹ ਤੋਂ ਚੱਲ ਕੇ ਉਮਡੀਆਂ ਆਉਂਦੀਆਂ ਸਨ ਤੇ ਸਰਸ਼ਾਰ ਹੋ ਕੇ ਵਾਪਸ ਮੁੜਦੀਆਂ, ਕਈ ਕਈ ਦਿਨ ਉਹਦੇ ਕਥਨ ਸਾਂਝੇ ਕਰਦੀਆਂ/ਦੁਹਰਾਉਂਦੀਆਂ ਸਨ। ਆਪਣੀ ਗੱਲ ਵਿਚ ਵਜ਼ਨ ਪਾਉਣ ਲਈ

'ਆ! ਧਾ!' 'ਤੇ ਗੱਲ ਮੁਕਾਉਣ ਲਈ ਵੀ ਅਗਲਾ ਕਹਿੰਦਾ ਸੀ, "ਜਿਵੇਂ ਸੀਤਲ ਨੇ ਆਖਿਆ ਸੀ।"

ਸਾਡੀ ਜ਼ਮੀਨ ਨਾਲ ਸਾਧਾ ਸਿੰਘ ਅਕਾਲੀ ਦੀ ਜ਼ਮੀਨ ਸੀ। ਉਹਦਾ ਪਿਤਾ ਕਰਮ ਸਿੰਘ ਵੀ ਕਦੀ ਢਾਡੀ ਰਿਹਾ ਸੀ। ਸਾਧਾ ਸਿੰਘ ਵੀ ਢਾਡੀਆਂ ਦਾ ਪ੍ਰਸ਼ੰਸਕ ਸੀ। ਉਹ ਸੀਤਲ ਹੁਰਾਂ ਦਾ ਵੀ ਡਾਢਾ ਪ੍ਰਸ਼ੰਸਕ ਸੀ। ਉਹਦੀ ਹਰੇਕ ਮਹੱਤਵਪੂਰਨ ਗੱਲ ਦਾ ਤੋੜਾ ਇਸ ਵਾਕ 'ਤੇ ਹੀ ਝੜਦਾ, "ਉਹ ਜਿਵੇਂ ਸੀਤਲ ਨੇ ਆਖਿਆ ਸੀ...।" ਇਹ ਉਹੋ ਸਾਧਾ ਸਿੰਘ ਸੀ ਜੋ ਮੇਰੀ ਕਹਾਣੀ, 'ਮੈਂ ਹੁਣ ਠੀਕ ਠਾਕ ਹਾਂ' ਵਿਚ ਪਾਤਰ 'ਸਾਧਾ ਸੀਤਲ' ਵਜੋਂ ਪੇਸ਼ ਹੋਇਆ ਹੈ। ਉਹਨੇ ਮੈਨੂੰ ਪਿੰਡ ਦੇ ਮੇਲਿਆਂ 'ਤੇ ਨਿਕਲਦੇ ਨਗਰ-ਜਲੂਸਾਂ ਵਿਚ ਕਿਸੇ ਨਾ ਕਿਸੇ ਪੜਾਅ 'ਤੇ ਗਾਉਂਦਿਆਂ ਸੁਣਿਆਂ ਹੋਇਆ ਸੀ। ਇਸ ਕਰ ਕੇ ਉਹ ਮੇਰਾ ਪ੍ਰਸ਼ੰਸਕ ਵੀ ਸੀ। ਸਾਡੀ ਹੀ ਪੱਤੀ ਦਾ ਹੋਣ ਕਰਕੇ ਕਈ ਵਾਰ ਕਿਸੇ ਵਿਆਹ, ਛਵ੍ਹਾਰੇ ਜਾਂ ਹੋਰ ਘਰੇਲੂ ਜਿਹੇ ਇਕੱਠਾਂ ਵਿਚ ਵੀ ਉਹ ਮੈਨੂੰ ਹੁਲਾਰ ਕੇ ਕੋਈ ਕਵਿਤਾ ਸੁਣਾਉਣ ਦੀ ਫ਼ਰਮਾਇਸ਼ ਕਰ ਦਿੰਦਾ। ਨਾਵੀਂ-ਦਸਵੀਂ ਵਿਚ ਪੜ੍ਹਦਿਆਂ ਇਕ ਵਾਰ ਜੇਠ ਦੇ ਮੇਲੇ 'ਤੇ ਰਾਤ ਦੇ ਦੀਵਾਨ ਵਿਚ ਸਾਡੇ ਪਿੰਡ ਦਾ ਕਵੀਸ਼ਰ ਗੁਰਦਿਅਲ ਸਿੰਘ ਚੰਦਨ, ਸਟੇਜ ਸਕੱਤਰੀ ਕਰ ਰਿਹਾ ਸੀ। ਸਾਧਾ ਸਿੰਘ, ਚੰਦਨ ਕੋਲ ਗਿਆ ਤੇ ਕਵਿਤਾ ਸੁਣਾਉਣ ਲਈ ਮੇਰੇ ਵਾਸਤੇ ਸਮਾਂ ਮੰਗਿਆ। ਚੰਦਨ ਮੈਨੂੰ ਵੀ ਜਾਣਦਾ ਸੀ। ਸਟੇਜ ਦਾ ਮੇਰਾ ਝਾਕਾ ਖੁੱਲ੍ਹ ਚੁੱਕਾ ਸੀ। ਮਾਈਕ ਸਾਹਮਣੇ ਜਾ ਕੇ ਮੈਂ ਭਰੋਸੇ ਨਾਲ ਫ਼ਤਿਹ ਬੁਲਾਈ ਤੇ ਸੀਤਲ ਹੁਰਾਂ ਦੇ ਲਿਖੇ ਪ੍ਰਸੰਗ ਦਾ ਉਹ ਹਿੱਸਾ ਸੁਣਾਉਣ ਦਾ ਫ਼ੈਸਲਾ ਕਰ ਲਿਆ, ਜਦੋਂ ਸਿੱਖ, ਅੰਗਰੇਜ਼ੀ ਫ਼ੌਜਾਂ ਕੋਲੋਂ ਮੁਦਕੀ ਤੇ ਫੇਰੂ ਸ਼ਹਿਰ ਦੀਆਂ ਦੋਵੇਂ ਜੰਗਾਂ ਹਾਰ ਚੁੱਕੇ ਸਨ। ਖ਼ਾਸ ਸਿੱਖ ਸਰਦਾਰਾਂ ਦੇ ਕਿਰਦਾਰ ਤੋਂ ਦੁਖੀ ਤੇ ਨਿਰਾਸ਼ ਹੋਈ ਰਾਣੀ ਜਿੰਦਾਂ ਬੁੱਢੇ ਜਰਨੈਲ ਸ. ਸ਼ਾਮ ਸਿੰਘ ਅਟਾਰੀ ਵਾਲੇ ਨੂੰ ਚਿੱਠੀ ਲਿਖਦੀ ਹੈ। ਕਵਿਤਾ ਸੁਣਾਉਣ ਤੋਂ ਪਹਿਲਾਂ ਮੈਂ ਢਾਡੀ ਕਵੀਸ਼ਰਾਂ ਵਾਲੇ ਅੰਦਾਜ਼ ਵਿਚ ਲੈਕਚਰ ਦਿੱਤਾ ਤੇ ਲੋੜ ਜੋਗੀ ਭੂਮਿਕਾ ਬੰਨ੍ਹ ਕੇ ਕਵਿਤਾ ਗਾਉਣੀ ਸ਼ੁਰੂ ਕੀਤੀ:-

ਚਿੱਠੀ ਲਿਖੀ ਮਹਾਰਾਣੀ ਨੇ ਸ਼ਾਮ ਸਿੰਘ ਨੂੰ,<br>
ਕੀ ਤੂੰ ਬਹਿ ਰਿਹੋਂ ਦਿਲ ਵਿਚ ਧਾਰ ਸਿੰਘਾ!<br>
ਦੋਵੇਂ ਜੰਗ ਮੁਦਕੀ, ਫੇਰੂ ਸ਼ਹਿਰ ਵਾਲੇ,<br>
ਸਿੰਘ ਆਏ ਅੰਗਰੇਜ਼ਾਂ ਤੋਂ ਹਾਰ ਸਿੰਘਾ!<br>
ਕਾਹਨੂੰ ਹਾਰਦੇ, ਕਿਉਂ ਮਿਹਣੇ ਜੱਗ ਦਿੰਦਾ,<br>
ਜਿਊਂਦੀ ਹੁੰਦੀ ਜੇ ਅੱਜ ਸਰਕਾਰ ਸਿੰਘਾ!<br>
ਤੇਗ਼ ਸਿੰਘਾਂ ਦੀ ਤਾਂ ਖੁੰਢੀ ਨਹੀਂ ਹੋ ਗਈ,<br>
ਐਪਰ ਆਪਣੇ ਹੋ ਗਏ ਗ਼ਦਾਰ ਸਿੰਘਾ!

ਮੇਰਾ ਲੈਕਚਰ ਦਾ ਅੰਦਾਜ਼ ਵੀ ਚੰਗਾ ਸੀ ਤੇ ਆਵਾਜ਼ ਵੀ ਸੁਰੀਲੀ ਸੀ। ਕਵਿਤਾ ਮੁਕੰਮਲ ਕੀਤੀ ਹੀ ਸੀ ਕਿ ਸਾਧਾ ਸਿੰਘ ਦੇ ਪਿੱਛੇ-ਪਿੱਛੇ ਇਨਾਮ ਦੇਣ ਵਾਲੇ ਲਾਈਨ ਬੰਨ੍ਹ ਕੇ ਸਟੇਜ ਵੱਲ ਆਉਣੇ ਸ਼ੁਰੂ ਹੋ ਗਏ। ਉਹ ਪੈਸੇ ਚੰਦਨ ਨੂੰ ਫੜਾਈ ਜਾ ਰਹੇ ਸਨ। ਉਦੋਂ ਇੱਕ ਰੁਪਏ ਦਾ ਇਨਾਮ ਹੀ ਵੱਡੀ ਗੱਲ ਸੀ। ਹੌਸਲਾ ਫੜ ਕੇ ਮੈਂ ਲੈਕਚਰ ਕਰਨਾ ਸ਼ੁਰੂ ਕੀਤਾ ਕਿ ਮਹਾਰਾਣੀ ਜਿੰਦਾਂ ਦੀ ਤਰਲੇ ਭਰਪੂਰ ਪਰ ਵੰਗਾਰਦੀ ਚਿੱਠੀ ਪੜ੍ਹ ਕੇ ਸ. ਸ਼ਾਮ ਸਿੰਘ 'ਤੇ ਕਿਹੋ ਜਿਹਾ ਅਸਰ ਹੋਇਆ। ਤੇ ਮੈਂ ਅਗਲੀ ਕਵਿਤਾ ਸੁਣਾਉਣੀ ਸ਼ੁਰੂ ਕੀਤੀ –

ਚਿੱਠੀ ਪੜ੍ਹੀ ਤਾਂ ਦਿਲ 'ਚ ਭੂਚਾਲ ਆਇਆ,<br>
ਕਿਸੇ ਰੋਹ ਵਿਚ ਆਣ ਸਰਦਾਰ ਉੱਠਿਆ।<br>
ਚੜ੍ਹਿਆ ਖ਼ੂੰਨ, ਨੇਤਰ ਲਾਲੋ-ਲਾਲ ਹੋਏ,<br>
ਲੈ ਕੇ ਹੱਥ ਵਿਚ ਨੰਗੀ ਤਲਵਾਰ ਉੱਠਿਆ।<br>
ਸੌਂਦੇ ਜਾਂਦੇ ਪੰਜਾਬ ਦੇ ਭਾਗ ਤਾਈਂ,<br>
ਟੁੰਬਣ ਵਾਸਤੇ ਸ਼ੇਰ ਲਲਕਾਰ ਉੱਠਿਆ।<br>
ਕਾਂਟਾ ਬੁਰੀ ਤਕਦੀਰ ਦਾ ਬਦਲਨੇ ਨੂੰ,<br>
ਕੌਮੀ ਅਣਖ ਦੇ ਤਾਈਂ ਵੰਗਾਰ ਉੱਠਿਆ।

ਪੂਰੀ ਕਵਿਤਾ ਸੁਣਾ ਕੇ ਮੈਂ ਫ਼ਤਹਿ ਬੁਲਾਈ। ਚੰਦਨ ਨੇ ਆਪਣੇ ਸਾਹਮਣੇ ਪਏ ਰੁਪਈਆਂ ਦੀ ਮੁੱਠ ਭਰ ਕੇ ਮੇਰੇ ਹੱਥਾਂ ਵਿਚ ਦਿੰਦਿਆਂ, ਮੈਨੂੰ ਸ਼ਾਬਾਸ਼ ਦਿੱਤੀ ਤੇ ਹਾਸੇ ਨਾਲ ਸੰਗਤ ਨੂੰ ਕਿਹਾ, "ਜਿੰਨੇ ਪੈਸੇ ਸੰਗਤ ਨੇ ਵਰਿਆਮ ਸਿੰਘ ਨੂੰ ਭੇਟਾ ਵਜੋਂ ਦੇ ਦਿੱਤੇ ਨੇ, ਉਸ ਤੋਂ ਪੱਕਾ ਲੱਗਦਾ ਹੈ ਕਿ ਇਹ ਹੁਣ ਸਾਡੇ ਭਾਈਚਾਰੇ ਦਾ ਹਿੱਸਾ ਬਣ੍ਹੂੰਗਾ ਈ ਬਣ੍ਹੂੰਗਾ!"


ਸਟੇਜ ਤੋਂ ਉੱਤਰ ਕੇ ਜਦੋਂ ਮੈਂ ਸੰਗਤ ਵਿਚ ਜਾ ਕੇ ਬੈਠਾ ਤਾਂ ਸੰਗਤ ਵਿਚੋਂ ਸ਼ਾਬਾਸ਼ ਦਿੰਦੀਆਂ ਆਵਾਜ਼ਾਂ ਹੱਲਾਸ਼ੇਰੀ ਦੇ ਰਹੀਆਂ ਸਨ। ਸਾਧਾ ਸਿੰਘ ਨੇ ਮੇਰੇ ਹੱਥਾਂ ਵਿਚ ਫੜੇ ਉੱਘੜ-ਦੁੱਘੜੇ ਨੋਟ ਲੈ ਕੇ ਸਵਾਹਰੇ ਕੀਤੇ ਤੇ ਗਿਣ ਕੇ ਕਿਹਾ, "ਲੈ ਪੂਰੇ ਸੈਂਤੀ ਰੁਪਏ ਬਣਦੇ ਨੇ। ਬੋਝੇ 'ਚ ਪਾ ਲਾ ਸਾਂਭ ਕੇ।"

ਸੈਂਤੀ ਰੁਪਏ ਉਸ ਵੇਲੇ 'ਵੱਡੀ ਰਕਮ' ਸੀ। ਕਵੀਸ਼ਰ ਬਣ ਜਾਣ ਵਾਸਤੇ ਇਹ ਕੋਈ ਛੋਟਾ ਲਾਲਚ ਨਹੀਂ ਸੀ।

ਗੁਰਦਿਆਲ ਸਿੰਘ ਚੰਦਨ ਦੀ ਮਿੱਠੀ ਟਕੋਰ ਦੇ ਅਰਥ ਸਮਝ ਜਾਣ ਦੇ ਬਾਵਜੂਦ ਮੈਂ ਢਾਡੀ ਜਾਂ ਕਵੀਸ਼ਰ ਤਾਂ ਨਹੀਂ ਸੀ ਬਣਨਾ! ਪਰ ਸੀਤਲ ਹੁਰਾਂ ਦੀਆਂ ਕਿਤਾਬਾਂ ਨਾਲ ਮੇਰੀ ਪੱਕੀ ਸਾਂਝ ਪੈ ਚੁੱਕੀ ਸੀ। ਮੈਂ ਸੀਤਲ ਹੁਰਾਂ ਦੇ ਢਾਡੀ ਪ੍ਰਸੰਗ ਖ਼ਰੀਦ ਲਏ। 'ਸਿੱਖ ਰਾਜ ਕਿਵੇਂ ਗਿਆ?' ਤੇ 'ਦੁਖੀਏ ਮਾਂ-ਪੁੱਤ' ਦੀਆਂ ਲਗਭਗ ਸਾਰੀਆਂ ਕਵਿਤਾਵਾਂ ਮੈਂ ਜ਼ਬਾਨੀ ਯਾਦ ਕਰ ਲਈਆਂ। ਕਿਤੇ ਯਾਰਾਂ ਬੇਲੀਆਂ ਵਿਚ ਵੀ ਬਹਿੰਦਾ ਤਾਂ ਮੈਂ ਕੋਈ ਪ੍ਰਸੰਗ ਛੋਹ ਲੈਂਦਾ ਤੇ ਲੈਕਚਰ ਸਮੇਤ ਕਵਿਤਾਵਾਂ ਵੀ ਗਾ ਕੇ ਸੁਣਾਉਂਦਾ। ਹੋਰ ਤਾਂ ਹੋਰ ਰਾਤ-ਬਰਾਤੇ ਖੇਤਾਂ ਵਿਚ ਉੱਚੀ ਆਵਾਜ਼ ਵਿਚ ਲੈਕਚਰ ਕਰਨ ਤੇ ਕਵਿਤਾਵਾਂ ਗਾਉਣ ਦਾ ਅਭਿਆਸ ਕਰਦਾ ਰਹਿੰਦਾ। ਜਦੋਂ ਸਰਹਾਲੀ ਦੇ ਸਕੂਲ ਵਿਚ ਜੇ ਬੀ ਟੀ ਵਿਚ ਦਾਖ਼ਲ ਹੋਇਆ ਤਾਂ ਰਾਤ ਨੂੰ ਹੋਸਟਲ ਵਾਲੇ ਮੁੰਡੇ ਖੁੱਲ੍ਹੇ ਲਾਅਨ ਵਿਚ ਮੰਜੇ ਡਾਹ ਕੇ ਪੈਂਦੇ। ਮੈਂ 'ਸਿੱਖ ਰਾਜ ਕਿਵੇਂ ਗਿਆ?' ਦਾ ਬਿਰਤਾਂਤ ਛੇੜ ਲੈਂਦਾ। ਕਿਵੇਂ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਡੋਗਰਿਆਂ ਨੇ ਖੜਕ ਸਿੰਘ ਨੂੰ ਜ਼ਹਿਰ ਦੇ ਕੇ ਮਾਰਿਆ। ਕਿਵੇਂ ਕੰਵਰ ਨੌਨਿਹਾਲ ਸਿੰਘ ਤੇ ਖੜਕ ਸਿੰਘ, ਦੋਵਾਂ ਪਿਉ ਪੁੱਤਾਂ ਵਿਚਕਾਰ ਗ਼ਲਤਫ਼ਹਿਮੀ ਪੈਦਾ ਕਰ ਕੇ ਇੱਕ ਦੂਜੇ ਤੋਂ ਦੂਰ ਕਰ ਦਿੱਤਾ। ਕਿਵੇਂ ਛੱਜਾ ਡੇਗ ਕੇ ਕੰਵਰ ਨੌਨਿਹਾਲ ਸਿੰਘ ਨੂੰ ਮਾਰਨ ਦੀ ਸਾਜ਼ਿਸ਼ ਘੜੀ ਗਈ। ਮੈਂ ਵੈਰਾਗਮਈ ਆਵਾਜ਼ ਵਿਚ ਗਾਉਣਾ ਸ਼ੁਰੂ ਕਰ ਦਿੰਦਾ

ਛੱਜਾ ਡਿੱਗਿਆ ਕਿਸਮਤ ਪੰਜਾਬ ਦੀ 'ਤੇ,<br>
ਫੱਟੜ ਮਹਾਰਾਜਾ ਨੌਨਿਹਾਲ ਹੋਇਆ।<br>
ਬੇੜੀ ਡੁੱਬੀ ਵਜ਼ੀਰ ਧਿਆਨ ਸਿੰਘ ਦੀ,<br>
ਲਾਗੂ ਜਾਨ ਦਾ ਜਿਹੜਾ ਚੰਡਾਲ ਹੋਇਆ।<br>
ਘੱਤ ਪਾਲਕੀ ਕਿਲ੍ਹੇ ਦੇ ਵਿਚ ਲੈ ਗਏ,<br>
ਬੂਹਾ ਬੰਦ ਬਾਹਰੋਂ ਹੁਕਮ ਨਾਲ ਹੋਇਆ।<br>
ਅੱਗੇ ਸੁਣੋ ਕਲੇਜੇ 'ਤੇ ਹੱਥ ਧਰ ਕੇ,<br>
ਜਾ ਕੇ ਵਿਚ ਮਹਿਲਾਂ ਜਿਹੜਾ ਹਾਲ ਹੋਇਆ।

ਤੇ ਅਗਲਾ ਬਿਰਤਾਂਤ ਵਾਕਿਆ ਹੀ ਦਿਲ ਨੂੰ ਹਿਲਾ ਦੇਣ ਵਾਲਾ ਸੀ। ਕਿਵੇਂ ਕਿਲ੍ਹੇ ਵਿਚ ਲਿਜਾ ਕੇ ਕੰਵਰ ਨੌਨਿਹਾਲ




ਨੂੰ ਕਤਲ ਕੀਤਾ ਗਿਆ। ਸੁਣਾਉਂਦਿਆਂ ਮੇਰਾ ਗਲਾ ਭਰ ਆਉਂਦਾ। ਮੇਰੇ ਜਮਾਤੀ ਹੋਰ ਦੋਸਤ ਦੱਸਦੇ ਕਿ ਉਨ੍ਹਾਂ ਦਾ ਵੀ ਇਹੋ ਹਾਲ ਹੁੰਦਾ।

ਹੁਣ ਸੋਚਦਾ ਹਾਂ ਤਾਂ ਹੈਰਾਨੀ ਹੁੰਦੀ ਹੈ ਕਿ ਜਦੋਂ ਸਾਰਿਆਂ ਦੇ ਸੌਣ ਦਾ ਸਮਾਂ ਹੁੰਦਾ ਸੀ, ਮੈਂ ਮੰਜੀ 'ਤੇ ਲੇਟਿਆ ਆਪੇ ਹੀ ਆਪਣਾ ਦੀਵਾਨ ਸ਼ੁਰੂ ਕਰ ਦਿੰਦਾ ਤੇ ਘੰਟਾ-ਘੰਟਾ ਬੋਲਦਾ-ਗਾਉਂਦਾ ਰਹਿੰਦਾ, ਕਿਸੇ ਨੇ ਕਦੀ ਇਤਰਾਜ਼ ਹੀ ਨਹੀਂ ਸੀ ਕੀਤਾ ਕਿ,"ਭਾਈ! ਰੌਲਾ ਪਾ ਕੇ ਸਾਡੀ ਨੀਂਦ 'ਚ ਖ਼ਲਲ ਨਾ ਪਾ। ਸੌਣ ਦੇ ਸਾਨੂੰ!"

ਸੀਤਲ ਹੁਰਾਂ ਨਾਲ ਮੈਂ ਖ਼ਬਤ ਦੀ ਹੱਦ ਤੱਕ ਜੁੜ ਚੁੱਕਾ ਸਾਂ। ਸਾਧਾ ਸਿੰਘ ਅਕਾਲੀ ਵਾਂਙ ਮੈਂ ਵੀ ਸੀਤਲ ਹੁਰਾਂ ਦਾ ਸ਼ੈਦਾਈ ਬਣ ਚੁੱਕਾ ਸਾਂ। ਮੈਂ ਵੀ ਆਪਣੀ ਗੱਲ-ਬਾਤ ਵਿਚ ਸੀਤਲ ਹੁਰਾਂ ਦੀਆਂ ਆਖੀਆਂ ਗੱਲਾਂ ਹਵਾਲੇ ਵਜੋਂ ਸਾਂਝੀਆਂ ਕਰਦਾ ਰਹਿੰਦਾ।

ਫੇਰ ਅਸੀਂ ਦੀਵਾਲੀ-ਵਿਸਾਖੀ 'ਤੇ ਅੰਬਰਸਰ ਅਤੇ ਹਰ ਸਾਲ ਬੀੜ ਬਾਬਾ ਬੁੱਢਾ ਸਾਹਿਬ ਦੇ ਮੇਲੇ 'ਤੇ ਹੀ ਸੀਤਲ ਹੁਰਾਂ ਦੇ ਦੀਵਾਨ ਸੁਣਨ ਨਹੀਂ ਸਾਂ ਜਾਂਦੇ, ਸਗੋਂ ਦਸਾਂ-ਵੀਹਾਂ ਕੋਹਾਂ ਤੱਕ ਕਿਸੇ ਪਿੰਡ ਦੇ ਮੇਲੇ-ਮੁਸਾਹਿਬੇ 'ਤੇ ਸੀਤਲ ਹੁਰਾਂ ਦੇ ਆਉਣ ਦੀ ਖ਼ਬਰ ਮਿਲਦੀ ਤਾਂ ਉਥੇ ਉੱਡ ਕੇ ਪਹੁੰਚ ਜਾਂਦੇ। ਉਨ੍ਹੀਂ ਦਿਨੀਂ ਜੋੜ-ਮੇਲਿਆਂ 'ਤੇ ਆਉਣ ਵਾਲੇ ਰਾਗੀਆਂ, ਢਾਡੀਆਂ ਤੇ ਕਵੀਸ਼ਰਾਂ ਦੀ ਸ਼ਮੂਲੀਅਤ ਵਾਲੇ ਇਸ਼ਤਿਹਾਰ ਪਿੰਡ-ਪਿੰਡ ਲੱਗ ਜਾਂਦੇ ਸਨ।

—

ਸੋਹਣ ਸਿੰਘ ਸੀਤਲ ਦਾ ਨਾਂ ਪੰਜਾਬੀ ਸਾਹਿਤ, ਇਤਿਹਾਸ, ਖੋਜ ਅਤੇ ਗੁਰਮਤਿ ਪਰਚਾਰ ਦੇ ਖੇਤਰ ਵਿਚ ਇੱਕ 'ਮਿੱਥ' ਦੀ ਪਦਵੀ ਗ੍ਰਹਿਣ ਕਰ ਗਿਆ ਹੈ। ਸਿਆਣਪ, ਸਾਦਗੀ, ਸਿਰੜ ਤੇ ਨਿਰੰਤਰ ਘਾਲਣਾ ਦਾ ਨਾਂ ਹੈ ਸੋਹਣ ਸਿੰਘ ਸੀਤਲ। ਸਤਾਰਾਂ ਹਜ਼ਾਰ ਤੋਂ ਉਪਰ ਸਫ਼ੇ ਲਿਖਣ ਵਾਲਾ ... ਸਫ਼ੇ ਵੀ ਸਿਰਫ਼ ਗਿਣਤੀ ਵਿਚ ਵਾਧਾ ਕਰਨ ਲਈ ਨਹੀਂ, ਹਰ ਸਫ਼ੇ 'ਤੇ ਉਹਦੀ ਖੋਜ, ਸਿਆਣਪ ਤੇ ਬਿਬੇਕ-ਬੁੱਧ ਦੀ ਮੋਹਰ-ਛਾਪ ਲੱਗੀ ਹੋਈ। ਤਹਿਰੀਰ ਅਤੇ ਤਕਰੀਰ ਦੇ ਦੋਵਾਂ ਗੁਣਾਂ ਨਾਲ ਵਰੋਸਾਇਆ ਹੋਇਆ। ਉਸ ਦੀ ਜ਼ਬਾਨ ਅਤੇ ਕਲਮ ਦੋਹਾਂ ਉਪਰ ਹੀ ਸਰਸਵਤੀ ਦੀ ਕਿਰਪਾ-ਦ੍ਰਿਸ਼ਟੀ ਰਹੀ। ਜਿਨ੍ਹਾਂ ਨੇ ਉਸ ਨੂੰ ਸਟੇਜ ਉੱਤੇ ਬੋਲਦਿਆਂ ਸੁਣਿਆ; ਉਹ ਉਹਦੇ ਬੋਲਾਂ ਵਿਚੋਂ ਝੜਦੇ ਚੰਗਿਆੜਿਆਂ ਨਾਲ ਸਰਸ਼ਾਰ ਜਾਂਦੇ। ਉਨ੍ਹਾਂ ਦੇ ਲਹੂ ਦਾ ਗੇੜ, ਗਰਮ ਹੋ ਕੇ ਤੇਜ਼ ਹੋ ਜਾਂਦਾ। ਜੇ ਕਿਧਰੇ ਉਹ 'ਸਿੱਖ ਰਾਜ ਕਿਵੇਂ ਗਿਆ?' ਦੀ ਦੁਖਾਂਤਕ ਕਹਾਣੀ ਸੁਣਾਉਂਦਾ ਤਾਂ ਉਸ ਦੇ ਬੋਲਾਂ ਦੇ ਜਾਦੂ ਨਾਲ ਕੀਲੇ ਜਾਂਦੇ ਲੋਕ ... ਸ਼ਾਇਦ ਹੀ ਕੋਈ ਅੱਖ ਹੋਵੇ ਜਿਸ ਵਿਚੋਂ ਹੰਝੂ ਨਾ ਵਹਿ ਰਹੇ ਹੁੰਦੇ ਹੋਣ। ਤਰਨਤਾਰਨ, ਅੰਮ੍ਰਿਤਸਰ ਵਿਚ ਮੱਸਿਆ, ਵਿਸਾਖੀ ਅਤੇ ਦੀਵਾਲੀ ਦੇ ਤਿਉਹਾਰਾਂ ਉੱਤੇ ਆਏ ਹੋਏ ਲੋਕ ਇੱਕ ਦੂਜੇ ਨੂੰ ਪੁੱਛਦੇ, 'ਭਲਾ ਸੀਤਲ ਆਇਆ ਹੋਇਆ?', 'ਹਾਂ' ਵਿਚ ਜੁਆਬ ਸੁਣ ਕੇ ਅਗਲੇ ਦੇ ਦਿਲ ਦੀ ਧੜਕਣ ਤੇਜ਼ ਹੋ ਜਾਂਦੀ ਤੇ ਚਿਹਰਾ ਮੁਸਕਰਾਹਟ ਨਾਲ ਭਰ ਜਾਂਦਾ। ਤੇ ਲੋਕ ਸਟੇਜ ਸਕੱਤਰ ਤੋਂ ਪੁੱਛਦੇ ਰਹਿੰਦੇ, 'ਸੀਤਲ ਨੂੰ ਕਦੋਂ ਟਾਈਮ ਮਿਲੇਗਾ...?''

ਹੱਥ ਵਿਚ ਤਿੰਨ ਫੁੱਟੀ ਕਿਰਪਾਨ ਫੜੀ, ਆਪਣਾ ਸਮਾਂ ਆਉਣ ਤੋਂ ਕੁੱਝ ਚਿਰ ਪਹਿਲਾਂ, ਜਦੋਂ ਉਹ ਦੀਵਾਨ ਅਸਥਾਨ 'ਤੇ ਪਹੁੰਚਦਾ-ਅੱਗੇ ਅੱਗੇ ਉਹ ਨੀਵੀਆਂ ਨਜ਼ਰਾਂ ਨਾਲ ਹੌਲੀ ਹੌਲੀ ਸਟੇਜ ਵੱਲ ਜਾ ਰਿਹਾ ਹੁੰਦਾ, ਪਿੱਛੇ ਪਿੱਛੇ ਉਸਦੇ ਸਾਥੀ ਹੁੰਦੇ, ਤਾਂ ਪੰਡਾਲ ਵਿਚ ਬੈਠੇ ਲੋਕ ਇੱਕ ਦੂਜੇ ਦੇ ਅਰਕਾਂ ਖੁਭੋਂਦੇ ਇਸ਼ਾਰਾ ਕਰਦੇ, "ਸੀਤਲ ਆ ਗਿਆ ...।"

ਸਾਰੇ ਪੰਡਾਲ ਵਿਚ ਜਿਵੇਂ ਨਵੀਂ ਰੂਹ ਭਰ ਜਾਂਦੀ। ਲੋਕ ਛਾਤੀ ਵਿਚ ਡੂੰਘਾ ਸਾਹ ਭਰ ਕੇ ਉਸਦੀ ਵਾਰੀ ਨੂੰ ਉਡੀਕਦੇ, ਉਹ ਖੜ੍ਹਾ ਹੁੰਦਾ ਤਾਂ ਉਸਦੇ ਬੋਲਾਂ ਤੇ ਇਸ਼ਾਰਿਆਂ ਨਾਲ ਮੰਤਰ-ਮੁਗਧ ਹੋ ਜਾਂਦੀ ਸਾਰੀ ਸੰਗਤ। 'ਵਾਹ ਵਾਹ' ਦੀਆਂ ਆਵਾਜ਼ਾਂ ਉੱਠਦੀਆਂ। ਘਰਾਂ ਨੂੰ ਵਾਪਸ ਮੁੜਦੇ ਤਾਂ ਕਈ ਕਈ ਦਿਨ ਸੀਤਲ ਦੇ ਸੁਣਾਏ ਪ੍ਰਸੰਗਾਂ ਤੇ ਕੀਤੀਆਂ ਗੱਲਾਂ ਨੂੰ ਦੁਹਰਾਇਆ ਜਾਂਦਾ। ਪਿੰਡਾਂ ਵਿਚ ਲੋਕ-ਸਿਆਣਪ ਦਾ ਚਿੰਨ੍ਹ ਬਣ ਗਿਆ ਸੀ ਸੀਤਲ। ...ਕਈ ਬੰਦੇ ਮੈਨੂੰ ਅਜੇ ਵੀ ਯਾਦ ਹਨ ਜਿਨ੍ਹਾਂ ਨੇ ਖ਼ਬਤ ਦੀ ਹੱਦ ਤਕ ਸੀਤਲ ਦੇ ਹਵਾਲੇ ਦੇਣੇ... ਉਸ ਦੀਆਂ ਗੱਲਾਂ ਕਰਨੀਆਂ। ਉਨ੍ਹਾਂ ਦਾ ਨਾਂ ਹੀ ਲੋਕਾਂ ਨੇ 'ਸੀਤਲ' ਰੱਖਿਆ ਹੋਇਆ ਸੀ। ਅਸਲੀ ਨਾਂ ਲੋਕਾਂ ਨੂੰ ਵਿਸਰ ਗਿਆ ਸੀ ਉਨ੍ਹਾਂ ਦਾ। 'ਸੀਤਲ' ਸੀਤਲ ਕਰਦੇ ਉਹ ਤਾਂ ਬੱਸ 'ਸੀਤਲ' ਹੋ ਗਏ ਸਨ। ਕਿਸ ਕਰਮਾਂ ਵਾਲੇ ਨੂੰ ਏਨੀ ਮਾਨਤਾ ਮਿਲੀ ਹੋਵੇਗੀ! ਮੈਨੂੰ ਤਾਂ ਲੱਗਦਾ ਹੈ ਕਿ ਸਧਾਰਨ ਪੇਂਡੂ ਪੰਜਾਬੀਆਂ ਤਕ ਜਿਹੜਾ ਸਿੱਖ ਇਤਿਹਾਸ ਪਹੁੰਚਿਆ ਹੈ, ਉਹ ਸੀਤਲ ਦੇ ਪ੍ਰਸੰਗਾਂ ਦੇ ਹਵਾਲੇ ਨਾਲ ਹੀ ਪਹੁੰਚਿਆ ਹੈ। ਓਨਾ ਕੰਮ ਕਈ ਸੰਸਥਾਵਾਂ ਤੇ ਸੈਂਕੜੇ ਵਿਦਵਾਨ ਰਲ ਕੇ ਨਹੀਂ ਕਰ ਸਕੇ ਜਿੰਨਾ ਉਸ ਨੇ ਇਕੱਲੇ ਨੇ ਹੀ ਕਰ ਦਿੱਤਾ। ਜਦੋਂ ਤੋਂ ਉਸ ਨੇ ਸਟੇਜ 'ਤੇ ਬੋਲਣਾ ਸ਼ੁਰੂ ਕੀਤਾ ਜੇ ਉਦੋਂ ਤੋਂ ਹੁਣ ਤੱਕ ਉਸ ਦੇ ਸ੍ਰੋਤਿਆਂ ਦੀ ਗਿਣਤੀ ਕੀਤੀ ਜਾਵੇ ਤਾਂ ਕਰੋੜਾਂ ਤਕ ਪਹੁੰਚ ਜਾਵੇ। ਮੇਰਾ ਨਹੀਂ ਖ਼ਿਆਲ ਕੋਈ ਬੁਲਾਰਾ ਏਨੀ ਵੱਡੀ ਗਿਣਤੀ ਤਕ ਏਨੀ ਵਾਰ ਪਹੁੰਚਿਆ ਹੋਵੇ। ਪ੍ਰਚਾਰ ਦੇ ਨੁਕਤੇ ਤੋਂ ਠੀਕ ਹੀ ਉਹ ਸਿੱਖ ਇਤਿਹਾਸ ਤੇ ਸਿੱਖੀ ਸਿਧਾਂਤ ਦਾ 'ਭਾਈ ਗੁਰਦਾਸ' ਹੈ।

ਵੈਸੇ ਤਾਂ ਸਾਰੇ ਪੰਜਾਬ ਵਿਚ ਪਰ ਵਿਸ਼ੇਸ਼ ਤੌਰ 'ਤੇ ਮਾਝੇ ਦੇ ਇਲਾਕੇ ਵਿਚ ਤਾਂ ਸੀਤਲ ਲੋਕ-ਸਿਆਣਪ ਦਾ ਚਿੰਨ੍ਹ ਬਣ ਚੁੱਕਿਆ ਸੀ। ਕਈ ਤਾਂ, ਜਿਵੇਂ ਦੱਸਿਆ ਹੈ, "ਸੀਤਲ ਸੀਤਲ' ਕਰਦੇ ਖ਼ੁਦ 'ਸੀਤਲ' ਹੋ ਗਏ। ਮੇਰੇ ਪਿੰਡ ਵਿਚ ਸਾਧਾ ਸਿੰਘ ਨੂੰ ਏਸੇ ਕਰ ਕੇ 'ਸੀਤਲ' ਦਾ ਉਪਨਾਮ ਮਿਲਿਆ ਹੋਇਆ ਸੀ ਕਿਉਂਕਿ ਉਹ ਆਪਣੀ ਗੱਲ ਵਿਚ ਵਾਰ-ਵਾਰ ਸੀਤਲ ਦਾ ਨਾਂ ਲੈਂਦਾ ਸੀ। ਮੇਰੀ ਕਹਾਣੀ 'ਮੈਂ ਹੁਣ ਠੀਕ ਠਾਕ ਹਾਂ' ਵਿਚ ਸੀਤਲ ਦਾ ਤੇ ਸਾਧੇ ਸੀਤਲ ਦਾ ਜ਼ਿਕਰ ਬੜੇ ਅਦਬ ਨਾਲ ਕੀਤਾ ਮਿਲਦਾ ਹੈ। ਮੈਂ ਸੀਤਲ ਨੂੰ ਪੜ੍ਹਦਿਆਂ-ਸੁਣਦਿਆਂ ਜਵਾਨ ਵੀ ਹੋਇਆ ਤੇ ਉਮਰ ਢਾਲੇ ਵੀ ਪੈ ਗਈ, ਪਰ ਸੀਤਲ ਦਾ ਜਲੌਅ ਸਦਾ ਮੇਰੇ ਅੰਗ-ਸੰਗ ਰਿਹਾ। ਜੀ ਕਰਦਾ ਉਸ ਬਾਰੇ ਲਿਖੀ ਜਾਵਾਂ। ਪਰ ਫੇਸ-ਬੁੱਕੀ ਪੀੜ੍ਹੀ ਨੂੰ ਕੀ ਪਤਾ ਕਿ ਜਦੋਂ ਸੀਤਲ 'ਸਿੱਖ ਰਾਜ ਕਿਵੇਂ ਗਿਆ' ਦਾ ਬਿਰਤਾਂਤ ਸੁਣਾਇਆ ਕਰਦਾ ਸੀ ਤਾਂ ਹਜ਼ਾਰਾਂ ਅੱਖਾਂ ਵਿਚੋਂ ਹੰਝੂਆਂ ਦੀ ਝੜੀ ਲੱਗ ਜਾਂਦੀ ਸੀ। ਮੈਂ ਉਸ ਨੂੰ ਹਰ ਸਾਲ ਦੀਵਾਲੀ-ਵਿਸਾਖੀ ਦੇ ਦੀਵਾਨਾਂ 'ਤੇ ਅੰਬਰਸਰ ਮੰਜੀ ਸਾਹਿਬ ਦੇ ਦੀਵਾਨਾਂ ਵਿਚ ਅਤੇ ਬੀੜ ਬਾਬਾ ਬੁੱਢਾ ਸਾਹਿਬ ਦੇ ਮੇਲੇ 'ਤੇ ਹਰ ਸਾਲ ਸੁਣਨ ਜਾਂਦਾ ਸਾਂ। ਲੋਕ-ਮਾਨਸ ਤੱਕ ਪੰਜਾਬ ਦਾ ਇਤਿਹਾਸ ਸੀਤਲ ਦੀਆਂ ਢਾਡੀ-ਵਾਰਾਂ ਰਾਹੀਂ ਪੰਜਾਬ ਦੇ ਬੱਚੇ ਬੱਚੇ ਤੱਕ ਪੁੱਜਾ। ਉਸ ਦੀ ਦੇਣ ਲਾਸਾਨੀ ਹੈ। ਪਿੱਛੋਂ ਆ ਕੇ ਮੇਰਾ ਉਸ ਨਾਲ ਨਿੱਜੀ-ਮੇਲ ਮਿਲਾਪ ਵੀ ਹੋ ਗਿਆ। ਉਹਨੇ ਮੈਨੂੰ ਬੜਾ ਪਿਆਰ ਦਿੱਤਾ।

ਸੁਧਾਰਵਾਦੀ ਨਾਵਲ ਤੋਂ ਪਿੱਛੋਂ ਆਲੋਚਕ ਅਕਸਰ ਗੁਰਦਿਆਲ ਸਿੰਘ ਦੇ ਨਾਵਲ 'ਮੜ੍ਹੀ ਦਾ ਦੀਵਾ' ਨੂੰ ਯਥਾਰਥਵਾਦੀ ਨਾਵਲ ਦਾ ਅਗਵਾਨੂੰ ਮੰਨਦੇ ਨੇ। ਪਰ ਮੈਂ ਸਮਝਦਾ ਹਾਂ ਕਿ ਸੀਤਲ ਨੇ ਉਸਤੋਂ ਕਈ ਸਾਲ ਪਹਿਲਾਂ 'ਜੰਗ ਜਾਂ ਅਮਨ' ਵਰਗਾ ਸ਼ਾਹਕਾਰ ਤੇ ਕਮਾਲ ਦਾ ਨਾਵਲ ਲਿਖ ਕੇ ਇਹ ਪਹਿਲ ਕਰ ਦਿੱਤੀ ਸੀ। ਚੜ੍ਹਦੀ ਜਵਾਨੀ ਵੇਲੇ ਮੈਂ ਉਸ ਦੇ ਨਾਵਲ ਪੜ੍ਹਨੇ ਸ਼ੁਰੂ ਕੀਤੇ। ਮੈਂ ਉਨ੍ਹੀਂ ਦਿਨੀਂ ਨਾਨਕ ਸਿੰਘ ਅਤੇ ਕੰਵਲ ਦਾ ਪ੍ਰਸ਼ੰਸਕ ਸਾਂ ਅਤੇ ਉਨ੍ਹਾਂ ਦੇ ਨਾਵਲ ਛਪਣ ਨੂੰ ਉਡੀਕਦਾ ਰਹਿੰਦਾ। ਪਰ ਜਦੋਂ ਮੈਂ ਸੀਤਲ ਦਾ 'ਜੰਗ ਜਾਂ ਅਮਨ' ਪੜ੍ਹਿਆ ਤਾਂ ਮੇਰੇ ਉੱਤੇ ਤਾਂ ਜਿਵੇਂ ਜਾਦੂ ਹੋ ਗਿਆ। ਮੇਰੇ ਹੀ ਇਲਾਕੇ ਦੀ (ਝਬਾਲ, ਤਰਨਤਾਰਨ, ਅਲਾਦੀਨਪੁਰ), ਮੇਰੀ ਹੀ ਬੋਲੀ ਮਾਝੀ ਵਿਚ, ਮੇਰੇ ਨੇੜੇ ਤੇੜੇ ਵੱਸਦੇ ਲੋਕਾਂ ਦੀ ਜਾਨਦਾਰ ਪਰ ਦਿਲ ਨੂੰ ਧੂਹ ਪਾਉਣ ਵਾਲੀ ਕਹਾਣੀ। ਸੀਤਲ ਨਾਨਕ ਸਿੰਘ ਤੇ ਕੰਵਲ ਤੋਂ ਬਾਜ਼ੀ ਲੈ ਗਿਆ।

'ਜੰਗ ਜਾਂ ਅਮਨ', 'ਤੂਤਾਂ ਵਾਲਾ ਖੂਹ' ਤੇ 'ਜੁਗ ਬਦਲ ਗਿਆ' ਪੰਜਾਬੀ ਨਾਵਲ ਵਿਚ ਮੀਲ-ਪੱਥਰ ਹਨ। ਇਹ ਵੱਖਰੀ ਗੱਲ ਹੈ ਕਿ ਆਲੋਚਕਾਂ ਨੇ ਕਈ ਚਿਰ ਉਨ੍ਹਾਂ ਦਾ ਨੋਟਸ ਹੀ ਨਾ ਲਿਆ।

ਬਾਅਦ ਵਿਚ ਜਦ ਮੈਂ ਸੀਤਲ ਹੁਰਾਂ ਦੇ ਨਾਵਲ ਪੜ੍ਹੇ। ਮੈਂ ਨਾਵਲਕਾਰ ਵਜੋਂ ਵੀ ਉਨ੍ਹਾਂ ਦੀ ਪ੍ਰਤਿਭਾ ਦਾ ਕਾਇਲ ਹੋ ਗਿਆ। ਦੇਸ਼-ਵੰਡ ਤੋਂ ਪਹਿਲਾਂ ਦਾ ਪੰਜਾਬ ਦਾ ਪਿੰਡ ਜਿਸ ਪ੍ਰਮਾਣਿਕਤਾ

*(ਬਾਕੀ ਅਗਲੇ ਸਫੇ 'ਤੇ)*

# ਐ ਬੰਦੇ! ਅੰਦਰ ਝਾਤੀ ਮਾਰ

## ਸ਼ਬਦ ਜੋਤ



ਡਾ. ਗੁਰਬਖ਼ਸ਼ ਸਿੰਘ ਭੰਡਾਲ
ਫੋਨ: 216-556-2080

ਜ਼ਿੰਦਗੀ, ਸਾਦਗੀ ਅਤੇ ਸਹਿਜਤਾ ਭਰਿਆ ਸੁਹੱਪਣ। ਕੁਦਰਤੀ ਰੂਪ ਵਿਚ ਰਹਿਣ ਦਾ ਅੰਦਾਜ਼। ਕੁਦਰਤੀ ਕਿਰਿਆਵਾਂ ਨੂੰ ਜੀਵਨ-ਜਾਚ ਦਾ ਹਿੱਸਾ ਬਣਾਉਣ ਦੀ ਕਾਮਨਾ। ਖ਼ੁਦ ਨੂੰ ਚੌਗਿਰਦੇ ਅਨੁਸਾਰ ਢਾਲਣ ਦੀ ਪ੍ਰਤੀਕਿਰਿਆ। ਨਿਮਰ ਰਹਿ ਕੇ ਮਿਲੀਆਂ ਦਾਤਾਂ ਦਾ ਸ਼ੁਕਰਾਨਾ ਮਨਾਉਣ ਦਾ ਚਾਅ। ਰਹਿਮਤਾਂ ਦੀ ਸ਼ੁਕਰਗੁਜ਼ਾਰੀ 'ਚੋਂ ਸਾਹਾਂ ਨੂੰ ਮਹਿਕੀਲਾ ਬਣਾਉਣ ਦੀ ਅਦਾ।

ਮਨੁੱਖ ਨੇ ਤਰੱਕੀ ਕਰਦਿਆਂ ਆਧੁਨਿਕਤਾ ਨੂੰ ਆਪਣੇ ਜੀਵਨ ਦਾ ਅਜੇਹਾ ਹਿੱਸਾ ਬਣਾਇਆ ਕਿ ਉਹ ਆਪਣੇ ਆਪ ਤੋਂ ਹੀ ਟੁੱਟ ਗਿਆ। ਕੁਦਰਤ ਸੰਗ ਸਾਂਝ ਪਾਉਣ ਵਾਲੀਆਂ ਕਿਰਿਆਵਾਂ ਤੋਂ ਦੂਰ ਹੋ ਗਿਆ। ਭਾਵੇਂ ਇਹ ਉਸ ਦਾ ਰਹਿਣ-ਸਹਿਣ ਹੋਵੇ, ਖਾਣ ਦੀਆਂ ਆਦਤਾਂ, ਜੀਵਨ-ਜਾਚ, ਸੁੱਖ-ਸਹੂਲਤਾਂ ਦੀ ਬਹੁਲਤਾ, ਆਵਾਜਾਈ ਦੇ ਸਾਧਨਾਂ 'ਚ ਉਦਾਸ ਵਾਧਾ ਜਾਂ ਬੇ-ਅਥਾਹ ਧਨ ਕਮਾਉਣ ਦੀ ਦੌੜ ਵਿਚ ਖ਼ੁਦ ਤੋਂ ਦੂਰ ਹੋਣ ਦੀ ਹੋੜ।

ਦਰਅਸਲ ਮਨੁੱਖ ਨੇ ਆਪਣੇ ਜੀਵਨ ਨੂੰ ਸਾਧਾਰਨਤਾ ਨਾਲ ਜਿਊਣ ਦੀ ਬਜਾਏ ਮਸਨੂਈ ਜ਼ਿੰਦਗੀ ਨੂੰ ਤਰਜੀਹ ਦਿੱਤੀ। ਇਸੇ ਕਾਰਨ ਖੁਦਕੁਸ਼ੀਆਂ, ਤਲਾਕ, ਪਰਿਵਾਰ ਦਾ ਬਿਖਰਨਾ ਜਾਂ ਬੱਚਿਆਂ ਦੀ ਮਾਪਿਆਂ ਤੋਂ ਅਵੱਗਿਆ ਦੇ ਰੂਪ ਵਿਚ ਬਹੁਤ ਸਾਰੀਆਂ ਅਲਾਮਤਾਂ ਸਮਾਜ ਵਿਚ ਆ ਗਈਆਂ।

ਬੰਦੇ ਨੇ ਸਹਿਜ, ਸੰਤੋਖ ਅਤੇ ਸੰਤੁਸ਼ਟੀ ਨਾਲ ਜੀਵਨ ਨੂੰ ਨਿਰਧਾਰਿਤ ਕਰਨ ਦੀ ਬਜਾਏ, ਖ਼ੁਦ ਨੂੰ ਅਜੇਹੀ ਦੌੜ ਦਾ ਹਿੱਸਾ ਬਣਾ ਲਿਆ ਜਿਸ ਦਾ ਕੋਈ ਅੰਤ ਨਹੀਂ। ਇਸ ਦੌੜ ਨਾਲ ਧਨ ਤਾਂ ਕਮਾ ਸਕਦੇ ਹੋ ਪਰ ਸੁਖ ਨਹੀਂ ਕਿਉਂਕਿ ਸੁਖ ਕਦੇ ਵੀ ਧਨ ਦਾ ਗ਼ੁਲਾਮ ਨਹੀਂ ਹੁੰਦਾ।

ਐ ਬੰਦੇ! ਛੱਤੀ ਪਦਾਰਥਾਂ ਸਾਹਮਣੇ ਰੱਖ ਕੇ ਪੇਟ ਦੀ ਭੁੱਖ ਪੂਰੀ ਕਰਨ ਦੀ ਬਜਾਏ ਕਦੇ ਤਿਖੇਰੀ ਭੁੱਖ ਲੱਗੀ ਤੋਂ ਗੰਢੇ ਤੇ ਅਚਾਰ ਨਾਲ ਰੋਟੀ ਦਾ ਸਵਾਦ ਤਾਂ ਚੱਖੀਂ, ਛੱਤੀ ਖਾਦ ਪਦਾਰਥਾਂ ਦੇ ਸੁਆਦ ਫਿੱਕੇ ਪੈ ਜਾਣਗੇ।

ਐ ਬੰਦੇ! ਸੋਨੇ ਚਾਂਦੀ ਦੇ ਬਰਤਨਾਂ ਵਿਚ ਭੋਜਨ ਖਾਂਦਿਆਂ ਆਪਣੀ ਅਮੀਰੀ ਨੂੰ ਦਿਖਾਉਣ ਦੀ ਥਾਵੇਂ ਕਦੇ ਹੱਥਾਂ 'ਤੇ ਰੱਖੇ ਲੰਗਰ ਦੇ ਫੂਲਕੇ ਤੇ ਦਾਲ ਪਵਾ ਕੇ ਖਾ ਕੇ ਤਾਂ ਦੇਖੀਂ। ਤੈਨੂੰ ਅਹਿਸਾਸ ਹੋਵੇਗਾ ਕਿ ਹੱਥਾਂ ਦੀ ਪਲੇਟ ਵਿਚ ਪਈ ਰੋਟੀ ਨਾਲ ਤੇਰੀ ਪੇਟ ਦੀ ਭੁੱਖ ਦੇ ਨਾਲ ਨਾਲ ਇਕ ਅਨੋਖੀ ਤ੍ਰਿਪਤੀ ਦਾ ਅਹਿਸਾਸ ਵੀ ਤੇਰੇ ਮਨ ਵਿਚ ਪੈਦਾ ਹੋਵੇਗਾ। ਸ਼ਾਇਦ ਤੈਨੂੰ ਯਾਦ ਨਾ ਹੋਵੇ ਕਿ ਸਾਡੇ ਵਡੇਰੇ ਅਤੇ ਪੀਰ/ਫ਼ਕੀਰ ਅਕਸਰ ਹੀ ਹੱਥ 'ਤੇ ਰੱਖ ਕੇ ਰੋਟੀ ਖਾਣ ਲੱਗਿਆਂ ਪਹਿਲੀ ਬੁਰਕੀ ਤੋੜਨ ਤੋਂ ਪਹਿਲਾਂ ਦਾਤੇ ਦਾ ਸ਼ੁਕਰ ਕਰਿਆ ਕਰਦੇ ਸਨ। ਸ਼ੁਕਰਾਨੇ ਵਾਲੀ ਬਿਰਤੀ ਨੂੰ ਨਕਾਰ ਕੇ ਕੀ ਕੁਝ ਗਵਾਇਆ, ਕਦੇ ਸੋਚੀਂ?

ਐ ਬੰਦੇ! ਬੱਚੇ ਦੀ ਪ੍ਰਾਪਤੀ ਲਈ ਮਸਨੂਈ ਕੁੱਖ ਉਧਾਰੀ ਲੈਣ ਨਾਲ ਕੁੱਖ ਵਿਚ ਨੌਂ ਮਹੀਨੇ ਆਪਣੇ ਬੱਚੇ ਦੀ ਹਰ ਹਰਕਤ ਨੂੰ ਮਾਣਨ, ਪੱਲਰਦੇ ਬੱਚੇ ਨਾਲ ਚੁੱਪ-ਗੁਫ਼ਤਗੂ ਕਰਨ ਜਾਂ ਬੱਚੇ ਲਈ ਸੁਪਨਸਾਜ਼ੀ ਕਰਨ ਦਾ ਅਨੰਦ ਨਹੀਂ ਆਵੇਗਾ। ਨਾ ਹੀ ਮਾਂ ਦੇ ਮੁੱਖ 'ਤੇ ਉਹ ਨੂਰ ਆਵੇਗਾ ਜਿਹੜਾ ਉਨ੍ਹਾਂ ਮਾਵਾਂ ਦੇ ਚਿਹਰੇ 'ਤੇ ਡਲ੍ਹਕਦਾ ਜਦ ਉਹ ਆਪਣੇ ਬੱਚੇ ਦੀ ਪਹਿਲੀ ਕਿਲਕਾਰੀ ਨਾਲ ਸਭ ਪੀੜਾ ਭੁੱਲ ਕੇ ਰੂਹੀ ਖੇੜੇ ਨਾਲ ਨਵਜੰਮੇ ਬੱਚੇ ਦਾ ਸੁਆਗਤ ਕਰਦੀਆਂ ਅਤੇ ਸ਼ਗਨ ਮਨਾਉਂਦੀਆਂ।

ਐ ਬੰਦੇ! ਨਵ-ਜੰਮੇ ਬੱਚੇ ਨੂੰ ਗੁੜ੍ਹਤੀ ਦੇਣ ਤੋਂ ਮੁਨਕਰ ਹੋ ਕੇ ਤੈਨੂੰ ਪਤਾ ਹੋਣਾ ਚਾਹੀਦਾ ਕਿ ਬਜ਼ੁਰਗਾਂ ਵੱਲੋਂ ਸ਼ਹਿਦ ਚਟਾ ਜਾਂ ਗੁੜ ਦੀ ਰੋੜੀ ਬੱਚੇ ਦੇ ਮੂੰਹ ਨੂੰ ਲਾ ਕੇ ਜਿਹੜੀਆਂ ਅਸੀਸਾਂ ਤੇ ਦੁਆਵਾਂ ਬੱਚੇ ਨੂੰ ਮਿਲਦੀਆਂ ਉਸ ਨਾਲ ਉਹ ਜੀਵਨ ਦੀਆਂ ਪੌੜੀਆਂ ਚੜ੍ਹਦਿਆਂ, ਨਵੀਆਂ ਪ੍ਰਾਪਤੀਆਂ ਦਾ ਸਿਰਤਾਜ ਬਣਦਾ। ਤੈਨੂੰ ਇਲਮ ਨਹੀਂ ਹੋਣਾ ਕਿ ਬਜ਼ੁਰਗਾਂ ਦੀਆਂ ਦੁਆਵਾਂ ਤੋਂ ਵਿਰਵੇ ਬੱਚੇ ਅਕਸਰ ਹੀ ਮਾਪਿਆਂ ਤੋਂ ਬਾਗ਼ੀ ਹੋ ਜਾਂਦੇ ਅਤੇ ਉਹ ਜੀਵਨ ਦੀਆਂ ਦੁਸ਼ਵਾਰੀਆਂ 'ਚ ਬਹੁਤ ਜਲਦੀ ਰੁਲ ਜਾਂਦੇ।

ਐ ਬੰਦੇ! ਨੌਕਰਾਣੀ ਰਾਹੀਂ ਬੱਚਿਆਂ ਦੀ ਪਰਵਰਿਸ਼ ਕਰਵਾ, ਆਪਣੇ ਵੰਸ਼ ਨੂੰ ਅੱਗੇ ਤੋਰਨ ਨਾਲ ਤੇਰੀਆਂ ਸੁਮੱਤਾਂ ਅਤੇ ਪਰਿਵਾਰਕ ਪ੍ਰਤੀਬੱਧਤਾ ਬੱਚੇ ਦੇ ਕਦੋਂ ਕੰਮ ਆਵੇਗੀ? ਆਪਣੀ ਔਲਾਦ ਨੂੰ ਹਰ ਪਲ ਆਪਣੇ ਸਾਹਵੇਂ ਰੱਖਦੀਆਂ, ਸਭ ਕੁਝ ਭੁੱਲ ਕੇ ਬੱਚੇ ਦੀ ਤਾਮੀਰਦਾਰੀ ਵਿਚ ਰੁੱਝਣ ਵਾਲੀ ਮਾਂ ਨੂੰ ਸਲਾਮ ਤਾਂ ਕਰੀਂ। ਬੱਚੇ ਲਈ ਲਾਇਆ ਆਪਣਾ ਹਰ ਪਲ ਉਸ ਦੇ ਵਿਅਕਤੀਤਵ ਵਿਚ ਨਿਖਾਰ ਲਿਆਉਂਦਾ ਅਤੇ ਮਾਪਿਆਂ ਤੇ ਸਮਾਜ ਲਈ ਮਾਣ ਦਾ ਸਬੱਬ ਹੁੰਦਾ। ਦੱਸੀਂ ਜ਼ਰਾ! ਜਦ ਤੈਨੂੰ ਕਿਸੇ ਜਾਣੂ ਨੇ ਪੁੱਛਿਆ ਕਿ ਤੁਹਾਡੇ ਬੱਚੇ ਦਾ ਕੀ ਹਾਲ ਏ ਅਤੇ ਕਿਹੜੀ ਕਲਾਸ ਵਿਚ ਪੜ੍ਹਦਾ, ਤਾਂ ਰੁਝੇਵਿਆਂ ਵਿਚ ਗ਼ਲਤਾਨ ਹੋਇਆ ਕੀ ਜਵਾਬ ਦੇਵੇਂਗਾ? ਕਦੇ ਸਮਾਂ ਮਿਲਿਆਂ ਤਾਂ ਖ਼ੁਦ ਨੂੰ ਜ਼ਰੂਰ ਪੁੱਛੀਂ।

ਐ ਬੰਦੇ! ਰੇਸ਼ਮੀ ਬਿਸਤਰ 'ਤੇ ਏਸੀ ਕਮਰੇ ਵਿਚ ਉੱਸਲਵੱਟੇ ਲੈਂਦਿਆਂ, ਤੇਰੇ ਫ਼ਰੇਬ, ਠੱਗੀਆਂ ਅਤੇ ਧੋਖਿਆਂ ਨੇ ਨੀਂਦ ਨਹੀਂ ਆਉਣ ਦੇਣੀ। ਕਦੇ ਤੂਤ ਦੀ ਛਾਂ ਹੇਠ ਰੁਮਕਦੀ ਹਵਾ ਵਿਚ ਥੱਕੇ ਹਾਰੇ ਕਿਸੇ ਕਿਸਾਨ ਨੂੰ ਨੀਂਦ ਦਾ ਹਿਲੋਰੇ ਮਾਣਦਿਆਂ ਤੱਕਣਾ, ਤੈਨੂੰ ਪਤਾ ਲੱਗ ਜਾਵੇਗਾ ਕਿ ਨੇਕ ਕਿਰਤ-ਕਮਾਈ ਕਰਦਿਆਂ ਨੀਂਦ ਲਈ ਪਾਸੇ ਨਹੀਂ ਮਾਰਨੇ ਪੈਂਦੇ। ਢੀਮ ਦਾ ਸਿਰਹਾਣਾ ਲੈ ਕੇ ਕਾਮੇ ਦੇ ਮੁੱਖ 'ਤੇ ਤ੍ਰਿਪਤੀ ਦਾ ਖੇੜਾ ਤੇਰੇ ਮੁਰਝਾਏ ਚਿਹਰੇ ਨੂੰ ਠੁੱਠ ਦਿਖਾਏਗਾ।

ਐ ਬੰਦੇ! ਸੇਜ 'ਤੇ ਦੋ ਜਿਸਮਾਂ ਵਿਚ ਪਈ ਵਿੱਥ ਨੂੰ ਝਾਕਦਿਆਂ ਅਤੇ ਅਰਥਹੀਣ ਜੀਵਨ ਦੀ ਗਲੀਜ਼ਤਾ ਨੂੰ ਸਰਬ-ਸੁੱਖ ਸਮਝਣ ਦੀ ਥਾਂ ਕਦੇ ਅਲਾਣੇ ਮੰਜੇ 'ਤੇ ਅੰਬਰ ਦੀ ਛੱਤ ਹੇਠ ਪਏ ਜਿਊੜੇ ਦੇ ਖਿੜੇ ਚਿਹਰਿਆਂ ਅਤੇ ਗਦਰਾਏ ਜਿਸਮਾਂ ਦੇ ਅਸੀਮਤ ਅਤੇ ਅਕਹਿ ਅਨੰਦ ਦੇ ਹੁਲਾਸ ਨੂੰ ਕਿਆਸਣਾ। ਤੈਨੂੰ ਇਹ ਤਾਂ ਚਾਨਣ ਹੋਵੇਗਾ ਕਿ ਰੂਹਾਂ ਦੇ ਪਿਆਰ ਵਿਚ ਕੋਈ ਵਿੱਥ ਨਹੀਂ ਹੁੰਦੀ ਜਦ ਕਿ ਤੇਰੇ ਵਰਗਿਆਂ ਦਰਮਿਆਨ ਅਕਸਰ ਹੀ ਬਹੁਤ ਸਾਰੀਆਂ ਵਿੱਥਾਂ ਤੇ ਵਿਰਲਾਂ ਰਹਿ ਜਾਂਦੀਆਂ।

ਐ ਬੰਦੇ! ਮਹਿਲ ਦੀ ਚਾਰਦੀਵਾਰੀ ਵਿਚ ਖ਼ੁਦ ਨੂੰ ਸੁਰੱਖਿਅਤ ਸਮਝਣ ਅਤੇ ਸਹਿਮ ਹੇਠ ਹਰ ਪਲ ਮਰਨ ਵਾਲਿਆ ਤੂੰ ਜ਼ਿੰਦਗੀ ਦੇ ਜਸ਼ਨ ਦੇਖਣੇ ਹੋਣ ਤਾਂ ਕਦੇ ਕੁੱਲੀ ਵਿਚ ਰਹਿਣ ਵਾਲਿਆਂ ਦੀ ਬੇਫ਼ਿਕਰੀ ਤੇ ਬਾਦਸ਼ਾਹਤ ਨੂੰ ਨੀਝ ਨਾਲ ਦੇਖਣਾ, ਸਮਝ ਆਵੇਗੀ ਕਿ ਤਰਸ ਦਾ ਪਾਤਰ ਬਣ ਕੇ ਸਿਰਫ਼ ਸਾਹ ਹੀ ਪੂਰੇ ਕੀਤੇ ਜਾ ਸਕਦੇ ਜਦ ਕਿ ਜ਼ਿੰਦਾ-ਦਿਲੀ ਨਾਲ ਜੀਵਨ ਦੇ ਹਰ ਪਲ ਨੂੰ ਮਾਣਿਆ ਤੇ ਆਨੰਦਤ ਕੀਤਾ ਜਾ ਸਕਦਾ।

ਐ ਬੰਦੇ! ਪਾਣੀ ਨੂੰ ਪੁਣ ਕੇ ਪੀਂਦਿਆਂ ਢਿੱਡ ਵਿਚ ਪਏ ਵੱਟ ਤੋਂ ਪੀੜਤ ਹੋਣ 'ਤੇ ਆਪਣੇ ਅੰਦਰ ਜ਼ਰੂਰ ਝਾਕੀਂ ਅਤੇ ਦੇਖੀਂ ਕਿ ਆੜ ਤੋਂ ਬੁੱਕਾਂ ਨਾਲ ਪਾਣੀ ਪੀ ਕੇ ਪਿਆਸ ਮਿਟਾਉਣ ਵਾਲਿਆਂ ਨੂੰ ਕਦੇ ਪੇਟ ਦਰਦ ਨਹੀਂ ਹੁੰਦਾ। ਉਹ ਪਾਣੀ ਨੂੰ ਅੰਮ੍ਰਿਤ ਸਮਝ ਕੇ ਇਸ ਵਿਚੋਂ ਹੀ ਜੀਵਨ ਹੋਂਦ ਨੂੰ ਸਾਰਥਿਕ ਸਮਝਦੇ।

ਐ ਬੰਦੇ! ਹਰ ਰੋਜ਼ ਨਵੇਂ ਅਤੇ ਬਰਾਂਡਾਂ ਵਾਲੇ ਕੱਪੜੇ ਪਾ ਕੇ ਖ਼ੁਦ ਨੂੰ ਸਭ ਤੋਂ ਵੱਡਾ ਅਤੇ ਅਮੀਰ ਸਮਝਣ ਲੱਗਿਆਂ ਕਦੇ ਲੀਰਾਂ ਵਿਚ ਲਿਪਟੀ ਉਸ ਨਿੱਕੀ ਜਿਹੀ ਕੁੜੀ ਨੂੰ ਦੇਖਣਾ ਜੋ ਗੁਬਾਰੇ ਵੇਚਦੀ ਹੈ। ਪਰ ਕਿਸੇ ਗਾਹਕ ਦਾ ਬੇਧਿਆਨੀ ਵਿਚ ਡਿੱਗਿਆ ਬਟੂਆ ਫੜਾ ਕੇ ਆਪਣੀ ਦਿਆਨਤਦਾਰੀ ਦਾ ਪ੍ਰਮਾਣ ਦਿੰਦੀ ਹੈ ਜੋ ਤੇਰੇ ਅੰਦਰ ਵਸੀ ਹੋਈ ਬੇਈਮਾਨੀ ਨੂੰ ਬੇਸ਼ਰਮ ਕਰਨ



ਲਈ ਕਾਫ਼ੀ ਏ।

ਐ ਬੰਦੇ! ਰਾਡੋ ਦੀ ਘੜੀ ਤੋਂ ਨਾਲ ਬੈਠੇ ਨੂੰ ਟਾਈਮ ਦੱਸ ਕੇ ਆਪਣੀ ਰੋਬੋਟੀ ਅਹਿਮੀਅਤ ਵਧਾਉਣ ਵਾਲਿਆ ਸ਼ਾਇਦ ਤੈਨੂੰ ਪਤਾ ਨਹੀਂ ਹੋਣਾ ਕਿ ਸਾਡੇ ਬਜ਼ੁਰਗ ਤਾਂ ਢਲਦੇ ਪਰਛਾਵਿਆਂ ਤੋਂ ਹੀ ਸਮੇਂ ਦਾ ਸਹੀ ਅੰਦਾਜ਼ਾ ਲਾ, ਕਿਸੇ ਰਾਹੀ ਨੂੰ ਹਨੇਰਾ ਪੈਣ ਤੋਂ ਪਹਿਲਾਂ ਸਮੇਂ ਸਿਰ ਪਹੁੰਚਣ ਦੀ ਤਾਕੀਦ ਕਰਿਆ ਕਰਦੇ ਸਨ।

ਐ ਬੰਦੇ! ਰਾਤ ਨੂੰ ਅਲਾਰਮ ਲਾ ਕੇ ਅੱਭੜਵਾਹੇ ਉੱਠ ਕੇ ਕੰਮ ਨੂੰ ਦੌੜਨ ਲੱਗਿਆਂ ਜ਼ਰਾ ਸਾਹ ਤਾਂ ਲੈ ਲੈਂਦਾ। ਇਹ ਜਾਣ ਤਾਂ ਲੈਂਦਾ ਕਿ ਸਾਡੇ ਬਜ਼ੁਰਗ ਕੁੱਕੜ ਦੀ ਬਾਂਗ ਨਾਲ 'ਸਤਿਨਾਮ ਵਾਹਿਗੁਰੂ' ਦੇ ਅਵਾਜ਼ੇ ਨਾਲ ਉੱਠਦੇ ਸਨ। ਬਲਦਾਂ ਦੀ ਪਿੱਠ ਥਾਪੜ ਕੇ ਜੋਤਰਾ ਲਾਉਣ ਲਈ ਨਿਕਲਦੇ ਸਨ। ਉਨ੍ਹਾਂ ਦੀ ਚਾਲ ਵਿਚ ਕਦੇ ਕਾਹਲ ਨਹੀਂ ਸੀ ਹੁੰਦੀ। ਨਾ ਹੀ ਕੁਦਰਤੀ ਕਰੋਪੀ ਨਾਲ ਨੁਕਸਾਨੀਆਂ ਫ਼ਸਲਾਂ ਦੇਖ ਕੇ ਖ਼ੁਦਕੁਸ਼ੀ ਕਰਦੇ ਸਨ। ਉਹ ਤਾਂ ਕੁਦਰਤ ਦੇ ਭਾਣੇ ਨੂੰ ਬੜੀ ਸਹਿਜਤਾ ਨਾਲ ਮੰਨਦੇ। ਤੂੰ ਤਾਂ ਕਿਸੇ ਬਿਜ਼ਨਸ ਵਿਚ ਘਾਟਾ ਪੈਣ ਜਾਂ ਫ਼ਸਲੀ ਨੁਕਸਾਨ ਹੋਣ 'ਤੇ ਖ਼ੁਦਕੁਸ਼ੀ ਦਾ ਰਾਹ ਫੜ ਲੈਂਦੋਂ।

ਐ ਬੰਦੇ! ਕਾਰ ਦੇ ਕਾਲੇ ਸ਼ੀਸ਼ੇ ਚਾੜ੍ਹ ਕੇ ਰਾਹ ਜਾਂਦੇ ਸਾਈਕਲ ਸਵਾਰ ਜਾਂ ਰਾਹੀਆਂ ਨੂੰ ਕੀੜੇ ਮਕੌੜੇ ਸਮਝ ਕਾਰ ਹੇਠ ਦਰੜ, ਪਤਾ ਨਹੀਂ ਤੂੰ ਕਿਹੜੀ ਮੰਜ਼ਲ 'ਤੇ ਪਹੁੰਚਣਾ? ਤੈਨੂੰ ਤਾਂ ਮੰਜ਼ਲ ਦਾ ਸਿਰਨਾਵਾਂ ਹੀ ਪਤਾ ਨਹੀਂ। ਫਿਰ ਤੂੰ ਕਿਵੇਂ ਪਹੁੰਚੇਂਗਾ? ਸਿਰਫ਼ ਦੌੜਦਾ ਹੋਇਆ ਹੰਭ ਹਾਰ ਕੇ ਡਿਗ ਪਵੇਂਗਾ। ਯਾਦ ਤਾਂ ਕਰੀਂ ਕਿ ਬਾਬੇ ਨਾਨਕ ਨੇ ਚਾਲੀ ਹਜ਼ਾਰ ਕਿੱਲੋਮੀਟਰ ਤੋਂ ਵੱਧ ਪੈਦਲ ਸਫ਼ਰ ਕਰਕੇ ਚਾਰ ਉਦਾਸੀਆਂ ਰਾਹੀਂ ਆਮ ਲੋਕਾਈ ਨੂੰ ਜੀਵਨ-ਮੰਜ਼ਲਾਂ ਦੀ ਨਿਸ਼ਾਨਦੇਹੀ ਕਰਨ ਵਿਚ ਮਦਦ ਕੀਤੀ। ਬਾਬਾ ਨਾਨਕ ਕਦੇ ਵੀ ਕਾਹਲਾ ਨਹੀਂ ਪਿਆ। ਸਗੋਂ ਤਰਕ ਅਤੇ ਸੰਵੇਦਨਾ ਨਾਲ ਆਮ ਲੋਕਾਂ ਨੂੰ ਕਰਮ-ਯੋਗਤਾ ਨਾਲ ਜੋੜਦਾ, ਉਨ੍ਹਾਂ ਦੀਆਂ ਹਨੇਰੀ ਜ਼ਿੰਦਗੀਆਂ ਵਿਚ ਚਾਨਣ ਤਰੌਂਕਣ ਦਾ ਕਰਮ ਕਰਦਾ ਰਿਹਾ।

ਐ ਬੰਦੇ! ਧਨ ਤੇ ਦੌਲਤ ਦੇ ਅੰਬਾਰ ਲਾ ਅਤੇ ਆਪਣੀ ਜੈ ਜੈ ਕਾਰ ਕਰਵਾਉਣ ਵੇਲੇ ਇਹ ਯਾਦ ਰੱਖੀਂ ਕਿ ਇਹ ਜਾਇਦਾਦ ਆਖ਼ਰੀ ਵਕਤ ਕਿਸੇ ਕੰਮ ਨਹੀਂ ਆਉਣੀ। ਖ਼ਾਲੀ ਹੱਥ ਇਸ ਜਹਾਨ ਤੋਂ ਜਾਣ ਵਾਲਿਆ! ਕਦੇ ਵਿਹਲਾ ਹੋਵੇਂ ਤਾਂ ਕਰਮਯੋਗੀਆਂ ਦੀ ਸੇਵਾ-ਸਾਧਨਾ ਦੇ ਇਤਿਹਾਸ ਨੂੰ ਪੜ੍ਹਨ 'ਤੇ ਪਤਾ ਲੱਗੇਗਾ ਕਿ ਮਦਰ ਟੈਰੇਸਾ ਜਾਂ ਭਗਤ ਪੂਰਨ ਸਿੰਘ ਜੀ ਖ਼ਾਲੀ ਹੱਥ ਹੁੰਦਿਆਂ ਵੀ ਸੰਸਾਰ ਨੂੰ ਅਜੇਹੀ ਅਣਮੁੱਲੀ ਦੌਲਤ ਨਾਲ ਨਿਵਾਜ ਗਏ ਕਿ ਆਉਣ ਵਾਲੀਆਂ ਪੀੜ੍ਹੀਆਂ ਉਨ੍ਹਾਂ ਦੀਆਂ ਕਰਨੀਆਂ ਦੀਆਂ ਸਦਾ ਰਿਣੀ ਰਹਿਣਗੀਆਂ। ਕਦੇ ਤਾਂ ਕੁਝ ਅਜੇਹਾ ਕਰਨ ਦਾ ਮਨ ਬਣਾ।

ਐ ਬੰਦੇ! ਸ਼ਾਹੀ ਲਿਬਾਸ ਨਾਲ ਫਬਣ ਅਤੇ ਮਾਤਹਿਤਾਂ ਤੇ ਅਫ਼ਸਰਸ਼ਾਹੀ ਦੇ ਰੋਹਬ ਤੋਂ ਪਹਿਲਾਂ ਜਿਉਂਦੇ ਜੀਅ ਆਪਣੀਆਂ ਕਮੀਨਗੀਆਂ ਤੇ ਕੁਤਾਹੀਆਂ ਦੀ ਮੁਆਫ਼ੀ ਤਾਂ ਮੰਗ ਲੈ। ਸਿਆਣੇ ਲੋਕ ਜਿਊਂਦੇ ਹੀ ਅਗਲੀ ਯਾਤਰਾ ਲਈ ਤਿਆਰ ਰਹਿੰਦੇ। ਉਹ ਆਪਣੇ ਸਾਥੀਆਂ, ਸਹਿਯੋਗੀਆਂ ਅਤੇ ਨੇੜਲਿਆਂ ਤੋਂ ਨਿਮਰਤਾ ਸਹਿਤ ਮੁਆਫ਼ੀ ਮੰਗ ਕੇ ਇਸ ਜਹਾਨ ਤੋਂ ਕੂਚ ਕਰਦੇ। ਉਹ ਮਾਨਸਿਕ ਬੋਝ ਤੋਂ ਮੁਕਤ ਅਤੇ ਸੰਤੋਖੀ ਭਾਵ ਨਾਲ ਰੁਖ਼ਸਤ ਹੁੰਦੇ।

ਐ ਬੰਦੇ! ਹਰ ਦਮ ਠਾਠ ਬਾਠ ਨਾਲ ਖ਼ੁਦ ਨੂੰ ਉੱਤਮ ਸਮਝਣ ਵੇਲੇ ਜ਼ਰੂਰ ਯਾਦ ਰੱਖੀਂ ਕਿ ਮ੍ਰਿਤਕ 'ਤੇ ਪਾਇਆ ਕਫ਼ਨ ਸਦਾ ਹੀ ਬੇਮੇਚ ਹੁੰਦਾ। ਇਸ ਦੀ ਕੋਈ ਜੇਬ ਨਹੀਂ ਹੁੰਦੀ। ਕੁਝ ਕੁ ਗਜ ਚਿੱਟੇ ਲੱਠੇ ਦਾ ਕਫ਼ਨ ਸਭ ਨੂੰ ਹੀ ਨਸੀਬ ਹੋ ਜਾਂਦਾ। ਤੇਰੀ ਅਮੀਰੀ ਅਤੇ ਜਾਂ ਕਿਸੇ ਦੀ ਗ਼ਰੀਬੀ ਇਸ ਮੋੜ 'ਤੇ ਆ ਕੇ ਖ਼ੁਦ ਬ ਖ਼ੁਦ ਖ਼ਤਮ ਹੋ ਜਾਂਦੀ। ਇਸ ਸੱਚ ਨੂੰ ਸਮਝਣ ਲਈ ਕਦੇ ਕਿਸੇ ਅਰਥੀ ਦੇ ਨੇੜੇ ਜਾ ਕੇ ਕਫ਼ਨ ਨੂੰ ਆਪਣੇ ਪਿੰਡੇ 'ਤੇ ਪਾਇਆ ਕਿਆਸੀਂ, ਤੈਨੂੰ ਇਸ ਸੱਚ ਦੇ ਰੂਬਰੂ ਹੋ ਕੇ ਅਸਲੀਅਤ ਦਾ ਪਤਾ ਲੱਗੇਗਾ।

ਐ ਬੰਦੇ! ਕਦੇ ਇਹ ਸਮਝਣ ਦੀ ਕੋਸ਼ਿਸ਼ ਵੀ ਕੀਤੀ ਕਿ ਸਿਵਾ ਭਾਵੇਂ ਚੰਦਨ ਦੀ ਲੱਕੜ ਦਾ ਚਿਣਿਆ ਹੋਵੇ ਜਾਂ ਜੰਗਲ 'ਚੋਂ ਇਕੱਠੀਆਂ ਕੀਤੀਆਂ ਲੱਕੜਾਂ ਦਾ ਹੋਵੇ, ਜਦ ਸਿਵਾ ਬਲਦਾ ਤਾਂ ਅੱਗ ਦਾ ਧਰਮ ਮੁਰਦੇ ਨੂੰ ਰਾਖ ਕਰਨਾ ਹੁੰਦਾ। ਭਾਵੇਂ ਇਹ ਮੁਰਦਾ ਕੋਈ ਰਾਜਾ ਹੋਵੇ ਜਾਂ ਰੰਕ। ਅੱਗ ਕਿਸੇ ਦਾ ਲਿਹਾਜ਼ ਨਹੀਂ ਕਰਦੀ। ਸਿਵੇ ਦਾ ਸੇਕ ਆਲੇ-ਦੁਆਲੇ ਖੜਿਆਂ ਨੂੰ ਵੀ ਇਕਸਾਰ ਮਹਿਸੂਸ ਹੁੰਦਾ। ਸਗੋਂ ਅਮੀਰ ਵਿਅਕਤੀ ਦੇ ਜਨਾਜ਼ੇ ਵਿਚ ਗਲਿਸਰੀਨ ਦੇ ਅੱਥਰੂਆਂ ਵਾਲਿਆਂ ਦੀ ਬਹੁਤਾਤ ਜਦ ਕਿ ਆਮ ਵਿਅਕਤੀ ਦੇ ਜਨਾਜ਼ੇ ਵਿਚ ਰੂਹਦਾਰ ਸਾਥੀਆਂ ਦਾ ਵੱਡਾ ਇਕੱਠ ਹੁੰਦਾ।

ਐ ਬੰਦੇ! ਕਦੇ ਤੂੰ ਇਹ ਜਾਣਨ ਦੀ ਲੋੜ ਸਮਝੀ ਕਿ ਭਾਵੇਂ ਅਸਥੀਆਂ ਨੂੰ ਗੰਗਾ ਦੇ ਸਪੁਰਦ ਕੀਤਾ ਜਾਵੇ ਜਾਂ ਕਿਸੇ ਨਹਿਰ ਵਿਚ ਵਹਾ ਦਿੱਤਾ ਜਾਵੇ, ਹੋਣਾ ਤਾਂ ਇਨ੍ਹਾਂ ਅਸਤੀਆਂ ਨੇ ਪਾਣੀ ਦੇ ਹਵਾਲੇ ਹੀ। ਬੰਦੇ ਦੀ ਰਾਖ ਪਾਣੀ ਦੇ ਹਵਾਲੇ ਹੋ ਕੇ ਪਾਣੀ ਹੀ ਹੋ ਜਾਂਦੀ। ਕਾਹਦਾ ਐਡਾ ਖ਼ੁਦ ਦਾ ਮਾਣ ਕਰਦੈਂ। ਇਹ ਪਾਣੀ ਦੇ ਬੁਲਬੁਲੇ ਵਰਗੀ ਮਨੁੱਖੀ ਹੋਂਦ ਦੇ ਸੱਚ ਨੂੰ ਕਬੂਲ ਕਰ। ਆਖ਼ਰੀ ਸੱਚ ਨੂੰ ਜਿੰਨਾ ਜਲਦੀ ਸਮਝ ਲਵੇਂ ਤੇਰੇ ਲਈ ਬਿਹਤਰ ਹੋਵੇਗਾ।

ਐ ਬੰਦੇ! ਤੂੰ ਕਦੇ ਇਹ ਅਹਿਸਾਸ ਕੀਤਾ ਕਿ ਬੱਚੇ ਦੇ ਜਨਮ ਦੀ ਪੀੜਾ ਕਦੇ ਵੀ ਨਵ-ਜੰਮਿਆ ਬੱਚਾ ਨਹੀਂ ਸਮਝਦਾ। ਨਾ ਹੀ ਜਦੋਂ ਕੋਈ ਵਿਅਕਤੀ ਸਦਾ ਲਈ ਤੁਰ ਜਾਂਦਾ ਤਾਂ ਪਿੱਛੇ ਰਹਿ ਗਿਆਂ ਦੇ ਦਰਦ ਉਹ ਸੁਣ ਹੀ ਸਕਦਾ। ਲੋਥ ਬਣੇ ਵਿਅਕਤੀ ਨੂੰ ਕੌਣ ਸੁਣਾਵੇ ਆਪਣੀ ਪੀੜਾ? ਕਿਹੜਾ ਡਾਹਵੇ ਉਸ ਦੇ ਕੋਲ ਦੁੱਖਾਂ ਦਾ ਪੀਹੜਾ ਕਿਉਂਕਿ ਜਦ ਭੌਰ ਉਡਾਰੀ ਮਾਰ ਜਾਵੇ ਤਾਂ ਕੋਈ ਦੁੱਖ-ਸੁੱਖ ਮਹਿਸੂਸ ਨਹੀਂ ਹੁੰਦਾ।

ਐ ਬੰਦੇ! ਤੈਨੂੰ ਸ਼ਾਇਦ ਇਸ ਦਾ ਚੇਤਾ ਨਹੀਂ ਹੋਣਾ ਕਿ ਬੱਚੇ ਦੇ ਜਨਮ ਵੇਲੇ ਵੰਡੀਆਂ ਮਠਿਆਈਆਂ ਦਾ ਸਵਾਦ ਬੱਚਾ ਖ਼ੁਦ ਨਹੀਂ ਚੱਖ ਸਕਦਾ ਸਗੋਂ ਉਸ ਦੇ ਜਨਮ ਦੀਆਂ ਖ਼ੁਸ਼ੀਆਂ ਉਸ ਦੇ ਨੇੜਲੇ ਚਾਵਾਂ ਨਾਲ ਮਨਾਉਂਦੇ। ਨਾ ਹੀ ਜਦ ਕੋਈ ਬਜ਼ੁਰਗ ਆਪਣਾ ਜੀਵਨ ਸਫ਼ਰ ਮੁਕਾ ਕੇ ਤੁਰ ਜਾਂਦਾ ਤਾਂ ਉਸ ਦੇ ਸੋਗ ਵਿਚ ਸ਼ਾਮਲ ਲੋਕਾਂ ਨੂੰ ਵਰਤਾਏ ਜਾਂਦੇ ਮਖਾਣੇ, ਛੁਹਾਰੇ ਆਦਿ ਚੀਜ਼ਾਂ ਨੂੰ ਜਾਣ ਵਾਲਾ ਚੱਖ ਸਕਦਾ। ਇਹ ਤਾਂ ਜ਼ਿੰਦਗੀ ਦਾ ਜਸ਼ਨ ਮਨਾਉਣ ਦਾ ਅੰਦਾਜ਼ ਹੁੰਦਾ। ਇਹੀ ਅੰਦਾਜ਼ ਭਾਵੇਂ ਕਿਸੇ ਅਮੀਰ ਦਾ ਹੋਵੇ ਜਾਂ ਗ਼ਰੀਬ ਦਾ।

ਐ ਬੰਦੇ! ਅਜੋਕੇ ਫਾਸਟ ਫੂਡ ਪਦਾਰਥਾਂ ਨਾਲ ਆਪਣੇ ਆਪ ਨੂੰ ਮਾਡਰਨ ਸਮਝਣ ਵੇਲੇ ਕਦੇ ਕੁਦਰਤੀ ਰੂਪ ਵਿਚ ਉਗਾਏ ਹੋਏ ਖਾਦ ਪਦਾਰਥਾਂ ਦੀ ਲਜ਼ੀਜ਼ਤਾ ਨੂੰ ਮਾਣਨ ਦਾ ਮੌਕਾ ਮਿਲੇ ਤਾਂ ਤੈਨੂੰ ਪਤਾ ਲੱਗੇਗਾ ਕਿ ਕੁਦਰਤੀ ਖਾਦ ਪਦਾਰਥ ਤੇਰੀ ਸਿਹਤ ਦੀ ਸਦੀਵਤਾ ਅਤੇ ਸਿਹਤਯਾਬੀ ਦਾ ਪਾਠ ਪੜ੍ਹਦੇ ਜਦ ਕਿ ਫਾਸਟ ਫੂਡ ਤੇਰੀ ਜੀਵਨ ਜੋਤ ਨੂੰ ਬੁਝਾਉਣ ਲਈ ਕਾਹਲੇ।

ਐ ਬੰਦੇ! ਜ਼ਿੰਦਗੀ ਦੇ ਰੂਬਰੂ ਹੋਇਆ ਤਾਂ ਕਰ। ਖ਼ੁਦ ਨੂੰ ਮਿਲ ਕੇ ਖ਼ੁਦ ਦੀ ਜਾਮਾ-ਤਲਾਸ਼ੀ ਤਾਂ ਕਰਿਆ ਕਰ। ਸੱਚ ਅਤੇ ਝੂਠ ਦੀ ਨਿਰਖ਼-ਪਰਖ ਤਾਂ ਕਰ। ਕੁਦਰਤ ਨਾਲ ਕਦੇ ਸੰਵਾਦ ਤਾਂ ਰਚਾ। ਕਦੇ ਚਾਨਣੀ ਰਾਤ ਵਿਚ ਤਾਰਿਆਂ ਨਾਲ ਗੁਫ਼ਤਗੂ ਕਰਿਆ ਕਰ। ਕਦੇ ਚਮਕਦੇ ਚੰਨ ਨੂੰ ਆਪਣੇ ਅੰਤਰੀਵ ਵਿਚ ਉਤਾਰ, ਅੰਦਰ ਨੂੰ ਚਾਨਣੀ ਨਾਲ ਤਾਂ ਭਰ। ਦੇਖੀਂ ਤੇਰੀ ਸੋਚ, ਸਮਝ ਅਤੇ ਸੰਵੇਦਨਾ ਵਿਚੋਂ ਬਣਾਉਟੀ ਵਰਤਾਰਿਆਂ ਦੀ ਮੈਲ ਲਹਿ ਜਾਵੇਗੀ। ਤੂੰ ਰੌਸ਼ਨ-ਰੌਸ਼ਨ ਹੋਇਆ ਆਪਣੀ ਔਕਾਤ ਰਾਹੀਂ ਜੀਵਨ ਦੀ ਉਸ ਸੁੱਚਮਤਾ ਅਤੇ ਸੁੰਦਰਤਾ ਨੂੰ ਮਾਣੇਂਗਾ ਜਿਹੜੀ ਸਿਰਫ਼ ਤੇਰੀ ਹੀ ਹੈ। ਤੂੰ ਐਵੇਂ ਹੀ ਇਸ ਤੋਂ ਦੂਰ ਚੱਲਿਆ ਗਿਆ ਸੀ। ਜੀਵਨ-ਜਾਚ ਤੈਨੂੰ ਸਲਾਮ ਕਰੇਗੀ। ਤੇਰੇ ਸਾਹਾਂ ਦੀ ਸਾਰੰਗੀ ਜੀਵਨ ਨਾਦ ਨਾਲ ਤੇਰੀ ਰੂਹ-ਰੰਗਤਾ ਨੂੰ ਭਰੇਗੀ।

ਐ ਬੰਦੇ! ਜ਼ਿੰਦਗੀ ਦੇ ਇਨ੍ਹਾਂ ਸੁੱਚੇ ਰੰਗਾਂ ਦੀ ਤਸ਼ਬੀਹ ਬਣ, ਤੈਨੂੰ ਆਪਣਾ ਆਪਾ ਬਹੁਤ ਹੀ ਚੰਗਾ ਲੱਗੇਗਾ।

---

*(ਪਿਛਲੇ ਸਫੇ ਦੀ ਬਾਕੀ)*

ਨਾਲ ਉਨ੍ਹਾਂ ਦੇ ਨਾਵਲਾਂ ਵਿਚ ਪੇਸ਼ ਹੋਇਆ, ਉਹ ਵਡਿਆਈ ਹੋਰ ਕਿਸੇ ਨਾਵਲਕਾਰ ਦੇ ਹਿੱਸੇ ਨਹੀਂ ਆਈ। ਜਦੋਂ ਮੈਂ ਪੀ ਐੱਚ ਡੀ ਕਰਨੀ ਸੀ ਤਾਂ ਮੇਰਾ ਗੁਣਾ ਸੀਤਲ ਹੁਰਾਂ 'ਤੇ ਹੀ ਪਿਆ। ਉਨ੍ਹਾਂ ਦੇ ਨਾਵਲਾਂ 'ਤੇ ਸਭ ਤੋਂ ਪਹਿਲੀ ਪੀ ਐੱਚ ਡੀ ਵੀ ਮੈਂ ਹੀ ਕੀਤੀ। ਇਨ੍ਹਾਂ ਸਾਲਾਂ ਵਿਚ ਮੇਰਾ ਸੀਤਲ ਹੁਰਾਂ ਨਾਲ ਬਹੁਤ ਨੇੜ ਹੋ ਗਿਆ। ਉਹ ਮੈਨੂੰ ਬਹੁਤ ਪਿਆਰ ਕਰਦੇ ਸਨ।

ਸੰਸਾਰ ਨੂੰ ਸਦੀਵੀ ਅਲਵਿਦਾ ਕਹਿਣ ਤੋਂ ਪਹਿਲਾਂ, ਉਮਰ ਦੇ ਪਿਛਲੇਰੇ ਸਾਲਾਂ ਵਿਚ ਸੀਤਲ ਲੁਧਿਆਣੇ ਦੇ ਮਾਡਲ ਗਰਾਮ ਵਿਚ 'ਸੀਤਲ ਭਵਨ' ਵਿਚ ਲਗਪਗ ਇਕੱਲਾ ਰਹਿੰਦਾ ਰਿਹਾ। ਉਹਦੇ ਸਾਰੇ ਲੜਕੇ ਵਿਦੇਸ਼ਾਂ ਵਿਚ ਚੰਗੇ ਕਾਰੋਬਾਰ ਕਰ ਰਹੇ ਹਨ। ਪਰ ਸੀਤਲ ਉਨ੍ਹਾਂ ਦੇ ਜ਼ੋਰ ਲਾਉਣ 'ਤੇ ਵੀ ਬਾਹਰ ਨਹੀਂ ਗਿਆ। ਘਰ ਵਾਲੀ ਵੀ ਕੁੱਝ ਸਾਲਾਂ ਤੋਂ ਸਾਥ ਛੱਡ ਗਈ ਸੀ। ਸੀਤਲ ਨੂੰ ਉਸ ਦਾ ਬੜਾ ਵਿਗੋਚਾ ਸੀ। ਉਹਦੀਆਂ ਗੱਲਾਂ ਕਰਦਿਆਂ ਉਹਦੀਆਂ ਅੱਖਾਂ ਵਿਚ ਪਾਣੀ ਤੈਰ ਆਉਂਦਾ। ਪਤਨੀ ਦੀ ਚੰਗਿਆਈ ਤੇ ਵਡਿਆਈ ਦੀਆਂ ਤਾਰੀਫ਼ਾਂ ਕਰਦਿਆਂ ਉਹਦੀ ਜ਼ਬਾਨ ਨਹੀਂ ਸੀ ਥੱਕਦੀ। ਮੈਂ ਜਦ ਵੀ 'ਸੀਤਲ ਭਵਨ' ਵਿਚ ਉਸ ਨੂੰ ਮਿਲਣ ਜਾਂਦਾ ਤਾਂ ਉਹ ਅਕਸਰ ਹੀ ਪੋਰਚ ਵਿਚ ਡੱਠੀ ਮੰਜੀ ਉੱਤੇ ਸਿਰ 'ਤੇ ਪੀਲਾ ਪਟਕਾ ਬੰਨ੍ਹੀ ਸਫੈਦ ਕੁਰਤੇ ਪਜਾਮੇ ਵਿਚ, ਬਾਹਰਲੇ ਗੇਟ ਵੱਲ ਵੇਖ ਰਿਹਾ ਹੁੰਦਾ ਜਿਵੇਂ ਗੁਆਂਢ ਜਾਂ ਬਜ਼ਾਰ ਗਈ ਆਪਣੀ 'ਕਰਤਾਰ' ਨੂੰ ਉਡੀਕ ਰਿਹਾ ਹੋਵੇ।

ਜਦੋਂ ਵੀ ਕੋਈ ਮਿਲਣ ਵਾਲਾ ਜਾਂਦਾ ਤਾਂ ਉਹ ਉਸ ਨੂੰ ਗੇਟ ਤੋਂ ਅੰਦਰ ਵੜਦਿਆਂ ਵੇਖ ਕੇ ਉੱਠ ਖਲੋਂਦਾ, ਮੁਸਕਰਾਉਂਦਾ ਤੇ ਨਿੱਕੇ ਨਿੱਕੇ ਕਦਮੀਂ ਅਗਲਵਾਂਢੀ ਅਗਲੇ ਨੂੰ 'ਜੀ ਆਇਆਂ' ਕਹਿਣ ਤੁਰ ਪੈਂਦਾ। ਕਮਰੇ ਵਿਚ ਟੇਪ-ਰਿਕਾਰਡ ਉੱਤੇ ਉਸ ਦੀਆਂ ਆਪਣੀਆਂ ਗਾਈਆਂ ਢਾਡੀ ਵਾਰਾਂ ਦੀ ਕੈਸਟ ਚੱਲ ਰਹੀ ਹੁੰਦੀ। ਉਹਨੂੰ ਇਕੱਲ ਵਿਚ ਸੁਣਦਿਆਂ ਸ਼ਾਇਦ ਉਹ ਬੀਤੇ ਦੇ ਇਤਿਹਾਸਕ ਪਲਾਂ ਨੂੰ ਯਾਦ ਕਰ ਰਿਹਾ ਹੁੰਦਾ, ਜਿਨ੍ਹਾਂ ਪਲਾਂ ਨੇ ਇੱਕ-ਇੱਕ ਜੁੜ ਕੇ ਉਹਨੂੰ ਏਡੇ ਉੱਚੇ ਥਾਂ 'ਤੇ ਲਿਆ ਖੜਾ ਕੀਤਾ ਸੀ, ਸਾਹਿਤ ਅਤੇ ਸਭਿਆਚਾਰ ਦੇ ਖੇਤਰ ਦੀ ਇੱਕ ਮਹਾਨ ਸ਼ਖ਼ਸੀਅਤ ਬਣਾ ਦਿੱਤਾ ਸੀ। ਇਨ੍ਹਾਂ ਟੇਪਾਂ ਬਾਰੇ ਗੱਲ ਕਰਦਿਆਂ ਉਹਨੇ ਦੱਸਿਆ ਸੀ ਕਿ...ਕੁੱਝ ਸਾਲ ਹੋਏ ਕਿਸੇ ਮਿੱਤਰ ਨੇ ਕਿਹਾ, "ਤੂੰ ਚਲੇ ਗਿਓਂ ਤਾਂ ਤੇਰੇ ਪਿੱਛੋਂ ਤੈਨੂੰ ਪਿਆਰ ਕਰਨ ਵਾਲਿਆਂ ਕੋਲ ਤੇਰੀ ਆਵਾਜ਼ ਤਾਂ ਹੋਣੀ ਚਾਹੀਦੀ ਹੈ। ਫਿਰ ਕੁੱਝ ਕੈਸਟਾਂ ਵੀ ਭਰਵਾਈਆਂ। ਪਰ ਸਟੂਡੀਓ ਨਾਲੋਂ ਸਟੇਜ 'ਤੇ ਭਰੀਆਂ ਕੈਸਟਾਂ ਵਿਚ ਵਧੇਰੇ ਰਵਾਨੀ ਤੇ ਜਾਨ ਹੁੰਦੀ ਹੈ।"

ਸੀਤਲ ਨੇ ਉਹ ਸਾਰੀਆਂ ਕੈਸਿਟਾਂ ਦਾ ਸੈੱਟ ਮੈਨੂੰ ਵੀ ਦਿੱਤਾ ਸੀ, ਪਰ ਠੀਕ ਰਿਕਾਰਡਿੰਗ ਨਾ ਹੋਈ ਹੋਣ ਕਾਰਨ ਕੁੱਝ ਇੱਕ ਕੈਸਿਟਾਂ ਨੂੰ ਛੱਡ ਕੇ ਬਾਕੀਆਂ ਦੀ ਆਵਾਜ਼ ਠੀਕ ਨਹੀਂ ਸੀ।

ਬਹੁਤ ਸਾਰੇ ਬੰਦਿਆਂ ਦੇ ਮਿਲਦੇ ਰਹਿਣ ਕਰਕੇ ਅਤੇ ਉਮਰ ਵਡੇਰੀ ਹੋ ਜਾਣ ਕਰਕੇ ਉਹ ਦੋ ਚਾਰ ਵਾਰ ਮਿਲਣ ਵਾਲੇ ਨੂੰ ਪਛਾਣ ਨਹੀਂ ਸੀ ਸਕਦਾ। ਉਸ ਨੂੰ ਬਹੁਤੀ ਵਾਰ ਇਹ ਵੀ ਭੁੱਲ ਜਾਂਦਾ ਕਿ ਜਿਸ ਨਾਲ ਮੈਂ ਗੱਲਾਂ ਕਰ ਰਿਹਾ ਹਾਂ, ਇਹ ਗੱਲਾਂ ਮੈਂ ਇਸ ਨਾਲ ਪਹਿਲਾਂ ਵੀ ਕਰ ਚੁੱਕਾ ਹਾਂ। ਪਰ ਉਸ ਕੋਲ ਤਾਂ ਉਹੋ ਗੱਲਾਂ ਸਨ...ਜ਼ਿੰਦਗੀ ਦੇ ਕਸ਼ੀਦ ਕੀਤੇ ਹੋਏ ਤਜਰਬੇ। ਇਨ੍ਹਾਂ ਤਜਰਬਿਆਂ ਨੂੰ ਕਈ ਮੁਲਾਕਾਤਾਂ ਵਿਚ ਮੈਂ 'ਘੁੱਟ ਘੁੱਟ ਕਰਕੇ ਪੀਤਾ ਹੈ'। ਮੈਂ ਸੀਤਲ ਦੀਆਂ ਲਗਪਗ ਸਾਰੀਆਂ ਲਿਖਤਾਂ ਪੜ੍ਹੀਆਂ ਹੋਈਆਂ ਨੇ, ਉਹਦੇ ਨਾਵਲ, ਕਹਾਣੀਆਂ, ਢਾਡੀ ਵਾਰਾਂ, ਗੁਰਮਤਿ ਸਾਹਿਤ, ਇਤਿਹਾਸ ਤੇ ਉਹਦੇ ਰੁਮਾਂਟਿਕ ਗੀਤ ਵੀ। ਉਹਦੀ ਜੀਵਨ ਕਹਾਣੀ 'ਵੇਖੀ ਮਾਣੀ ਦੁਨੀਆ, 'ਮੇਰੀਆਂ ਅਭੁੱਲ ਯਾਦਾਂ' ਤੇ 'ਮੇਰੀ ਸਾਹਿਤਕ ਸਵੈ-ਜੀਵਨੀ' ਵੀ। ਮੈਂ 'ਬਹੁਤ ਸਾਰੇ' ਸੀਤਲ ਨੂੰ ਜਾਣਦਾ ਹਾਂ। ਮੈਂ ਉਸ ਨਾਲ ਦਰਜਨਾਂ ਮੁਲਾਕਾਤਾਂ ਕੀਤੀਆਂ। ਨਿੱਜੀ ਮੁਲਾਕਾਤਾਂ ਤੋਂ ਇਲਾਵਾ ਮੈਂ ਦਰਸ਼ਕਾਂ ਦੀ ਹਾਜ਼ਰੀ ਵਿਚ ਦੂਰਦਰਸ਼ਨ 'ਤੇ ਉਸ ਨਾਲ ਲੰਮੀ ਮੁਲਾਕਾਤ ਕੀਤੀ। ਆਪਣੇ ਕਾਲਜ ਵਿਚ ਉਹਦਾ ਰੂਬਰੂ ਕੀਤਾ। ਪੰਜਾਬ ਸਾਹਿਤ ਅਕਾਦਮੀ ਵਾਸਤੇ ਉਹਦੇ ਘਰ ਜਾ ਕੇ ਤਿੰਨ ਘੰਟੇ ਦੀ ਮੁਲਾਕਾਤ ਰਿਕਾਰਡ ਕੀਤੀ। ਮੈਂ ਜਿਹੜੀਆਂ ਗੱਲਾਂ ਕਰਾਂਗਾ, ਉਨ੍ਹਾਂ ਵਿਚ ਇਨ੍ਹਾਂ ਮੁਲਾਕਾਤਾਂ ਦਾ ਨਿਚੋੜ ਵੀ ਹੈ ਤੇ ਉਹਦੇ ਨਾਲ ਹੋਈਆਂ ਅਨੇਕਾਂ-ਅਨੇਕ ਨਿੱਜੀ ਮੁਲਾਕਾਤਾਂ ਦਾ ਕਸ਼ੀਦ ਕੀਤਾ ਤੱਤ ਵੀ। ਜ਼ਾਹਿਰ ਹੈ ਇਨ੍ਹਾਂ ਵਿਚ ਉਹਦੀਆਂ ਆਪਣੇ ਬਾਰੇ ਲਿਖੀਆਂ ਪੁਸਤਕਾਂ (ਵੇਖੀ-ਮਾਣੀ ਦੁਨੀਆਂ, ਸਾਹਿਤਕ ਸਵੈ-ਜੀਵਨੀ, ਮੇਰੀਆਂ ਅਭੁੱਲ ਯਾਦਾਂ) ਦੇ ਮਹੱਤਵਪੂਰਨ ਤੇ ਪ੍ਰਮਾਣਿਕ ਵੇਰਵੇ ਵੀ ਹਨ।

ਗੱਲ ਕੀ, ਸੀਤਲ ਹੁਰਾਂ ਦੀ ਸ਼ਖ਼ਸੀਅਤ ਪੌਣੀ ਸਦੀ ਤੋਂ ਮੇਰੇ ਅੰਗ-ਸੰਗ ਹੀ ਵਿਚਰਦੀ ਰਹੀ ਹੈ।

ਮੈਂ ਹੁਣ ਤੱਕ ਆਪਣੇ ਲੈਕਚਰਾਂ ਵਿਚ ਕਈ ਵਾਰ ਸੀਤਲ ਹੁਰਾਂ ਦੀਆਂ ਸੁਣਾਈਆਂ ਗੱਲਾਂ ਸਾਂਝੀਆਂ ਕਰਦਾ ਰਹਿੰਦਾ ਹਾਂ। ਆਖ਼ਰਕਾਰ ਮੈਂ ਸੋਚਿਆ ਕਿ ਕਿਉਂ ਨਾ ਇੱਕੋ ਵਾਰ ਉਨ੍ਹਾਂ ਨਾਲ ਜੁੜੀਆਂ ਸਾਰੀਆਂ ਗੱਲਾਂ ਪੰਜਾਬੀ ਪਾਠਕਾਂ ਨਾਲ ਸਾਂਝੀਆਂ ਕਰ ਦਿਆਂ। ਉਨ੍ਹਾਂ ਦੀ ਮੁਹੱਬਤ ਦਾ ਕਰਜ਼ ਵੀ ਉੱਤਰ ਜਾਵੇਗਾ। ਹੈਰਾਨੀ ਤੇ ਦੁੱਖ ਹੁੰਦਾ ਹੈ ਕਿ ਅਸੀਂ ਕਿਵੇਂ ਆਪਣੇ ਮਹਾਨ ਲੇਖਕਾਂ/ਵਿਦਵਾਨਾਂ ਨੂੰ ਭੁੱਲ ਜਾਂਦੇ ਹਾਂ। ਨਵੀਂ ਪੀੜ੍ਹੀ 'ਤੇ ਕਾਹਦਾ ਦੋਸ਼! ਇਨ੍ਹਾਂ ਨੂੰ ਕੀ ਪਤਾ 'ਸੀਤਲ' ਹੋਣ ਦੇ ਕੀ ਅਰਥ ਹੁੰਦੇ ਨੇ!

ਨਵੀਂ ਪੀੜ੍ਹੀ ਨੂੰ ਇਹੋ 'ਅਰਥ' ਸਮਝਾਉਣ ਲਈ ਇਹ ਪੁਸਤਕ ਲਿਖਣ ਦਾ ਉਪਰਾਲਾ ਕੀਤਾ ਹੈ।

# ਆਰੀਥਕ ਵਿਕਾਸ ਦਾ ਚੀਨ ਚੁਰਸਤਾ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਸਾਲ 2023-24 ਦਾ ਆਰਥਕ ਸਰਵੇਖਣ ਭਾਰਤੀ ਸਿਆਸਤਦਾਨਾਂ ਦੀਆਂ ਅੱਖਾਂ ਖੋਲ੍ਹਣ ਵਾਲਾ ਹੈ। ਕੋਵਿਡ ਮਹਾਮਾਰੀ ਤੋਂ ਪਿੱਛੋਂ ਮੁੜ ਪੈਰਾਂ 'ਤੇ ਖਲੋਣ ਦਾ ਗੁਣਗਾਇਨ ਕਰਦਿਆਂ ਇਸ ਸਥਿਤੀ ਨੂੰ ਬਣਾਈ ਰੱਖਣ ਲਈ ਹੋਰ ਵਧੇਰੇ ਮਿਲਵਰਤਨ ਉੱਤੇ ਜ਼ੋਰ ਦਿੱਤਾ ਗਿਆ ਹੈ। ਪਿਛਲੇ ਤਿੰਨ ਸਾਲਾਂ ਵਿਚ 23 ਹਜ਼ਾਰ ਕੰਪਨੀਆਂ ਦੇ ਚਾਰ ਗੁਣਾ ਮੁਨਾਫੇ ਦੀ ਗੱਲ ਤਾਂ ਕੀਤੀ ਗਈ ਹੈ ਪਰ ਇਹ ਨਹੀਂ ਦੱਸਿਆ ਗਿਆ ਕਿ ਦੇਸ਼ ਦੀਆਂ ਕਾਰਪੋਰੇਟਾਂ ਤੇ ਕੰਪਨੀਆਂ ਨੇ ਨਾ ਹੀ ਆਪਣੇ ਕਰਿੰਦਿਆਂ ਦੀਆਂ ਤਨਖਾਹਾਂ ਵਲ ਪੂਰਾ ਧਿਆਨ ਦਿੱਤਾ ਹੈ ਤੇ ਨਾ ਹੀ ਰੁਜ਼ਗਾਰ ਦੇ ਵਸੀਲੇ ਵਧਾਉਣ ਵਲ। ਸੱਜਰਾ ਆਰਥਕ ਸਰਵੇਖਣ ਦੇਸ਼ ਦੇ ਵਿਕਾਸ ਲਈ ਕੇਂਦਰ ਤੇ ਰਾਜ ਸਰਕਾਰਾਂ ਵਿਚ ਸਹਿਯੋਗ ਦੀ ਮੰਗ ਕਰਦਾ ਹੈ। ਉਂਝ 2047 ਤੱਕ 'ਵਿਕਸਤ ਭਾਰਤ' ਦਾ ਸੰਕਲਪ ਕਿਰਤੀ ਕਿਸਾਨਾਂ ਨੂੰ ਭੁਚਲਾਉਣ ਵਾਲਾ ਜਾਪਦਾ ਹੈ। ਜੇ ਆਵਸ਼ਕਤਾ ਹੈ ਤਾਂ ਉਨ੍ਹਾਂ ਦਾ ਮਾਰਗ ਦਰਸ਼ਨ ਕਰਨ ਦੀ ਜਿਹੜੇ ਆਪਣੇ ਕਰਿੰਦਿਆਂ ਨੂੰ ਯੋਗ ਤਨਖਾਹਾਂ ਦੇਣ ਤੋਂ ਕਤਰਾਉਂਦੇ ਹਨ।

ਸਰਵੇਖਣ ਵਿਚ ਚੀਨ ਵਾਲਾ ਵਿਕਾਸ ਮਾਡਲ ਅਪਨਾਉਣ ਦੀ ਸਿਫਾਰਸ਼ ਵੀ ਧਿਆਨ ਮੰਗਦੀ ਹੈ। ਭਾਰਤ ਨੂੰ ਸਰਹੱਦੀ ਤਣਾਅ ਭੁਲਾ ਕੇ ਸਿੱਧਾ ਵਿਦੇਸ਼ੀ ਨਿਵੇਸ਼ ਲੈਣ ਦੀ ਸਲਾਹ ਦਿੱਤੀ ਗਈ ਹੈ। ਏਸ ਲਈ ਕਿ ਅਜਿਹੇ ਨਿਵੇਸ਼ ਨਾਲ ਭਾਰਤ ਦੇ ਆਲਮੀ ਸਪਲਾਈ ਲੜੀ ਦਾ ਹਿੱਸਾ ਬਣਨ ਦੀ ਸੰਭਾਵਨਾ ਵਧ ਜਾਂਦੀ ਹੈ। ਜੇ ਕੋਈ ਲੋੜ ਹੈ ਤਾਂ ਇਹ ਜਾਨਣ ਦੀ ਕਿ ਜਦੋਂ ਤੱਕ ਭਾਰਤ ਦੀਆਂ ਬਰਾਮਦਾਂ ਇਸ ਦੀਆਂ ਦਰਾਮਦਾਂ ਨੂੰ ਮਾਤ ਨਹੀਂ ਪਾਉਂਦੀਆਂ ਅਰਥਚਾਰੇ ਨੂੰ ਯੋਗ ਹੁਲਾਰਾ ਨਹੀਂ ਮਿਲਣਾ। ਸਰਹੱਦੀ ਤਣਾਵਾਂ ਤੋਂ ਮੂੰਹ ਫੇਰਨਾ ਕਿੰਨਾ ਕੁ ਜਾਇਜ਼ ਹੈ, ਸੋਚਣ ਦੀ ਲੋੜ ਹੈ। ਚੀਨ ਨੂੰ ਆਪਣੀ ਵਧੀ ਹੋਈ ਵਸੋਂ ਦੇ ਨਿਰਬਾਹ ਲਈ ਵਧੇਰੇ ਭੂਮੀ ਦੀ ਲੋੜ ਹੈ। ਇਸ ਗੱਲ ਨੂੰ ਅੱਖੋਂ ਪਰੋਖੇ ਕਰਨ ਦੇ ਨਤੀਜੇ ਹਾਨੀਕਾਰਕ ਹੋ ਸਕਦੇ ਹਨ। ਖ਼ਾਸ ਕਰਕੇ ਭਾਰਤ ਵਰਗੇ ਦੇਸ਼ ਲਈ ਜਿਹੜਾ ਖੁਦ ਵਸੋਂ ਦੀ ਸਮੱਸਿਆ ਨਾਲ ਜੂਝ ਰਿਹਾ ਹੈ। ਜੇ ਗਵਾਂਢੀ ਦੇਸ਼ਾਂ ਨੇ ਸਾਡੀ ਭੂਮੀ ਹਥਿਆ ਲਈ ਤਾਂ ਸਾਡਾ ਕੀ ਬਣੇਗਾ!

### ਮੋਦੀ ਤੇ ਵਿਰੋਧੀ ਮਿਹਣੋ ਮਿਹਣੀ

ਕੇਂਦਰ ਦੀ ਐਨਡੀਏ ਸਰਕਾਰ ਵਲੋਂ ਆਰ ਐਸ ਐਸ ਦੀਆਂ ਸਰਗਰਮੀਆਂ ਵਿਚ ਸਰਕਾਰੀ ਮੁਲਾਜ਼ਮਾਂ ਦੇ ਹਿੱਸਾ ਲੈਣ ਤੋਂ ਪਾਬੰਦੀ ਹਟਾਉਣ ਦੇ ਫੈਸਲੇ ਨੇ ਸਰਕਾਰ ਤੇ ਵਿਰੋਧੀਆਂ ਵਿਚਕਾਰ ਸ਼ਬਦੀ ਜੰਗ ਸ਼ੁਰੂ ਕਰਵਾ ਦਿੱਤੀ ਹੈ। ਪੂਰਾ ਇੱਕ ਦਹਾਕਾ ਸੱਤਾ ਵਿਚ ਰਹਿ ਚੁੱਕੀ ਭਾਜਪਾ ਸਰਕਾਰ ਦੀ ਲੋਕ ਸਭਾ ਚੋਣਾਂ ਵਿਚ ਅੰਦਾਜ਼ੇ ਤੋਂ ਮਾੜੀ ਜਿੱਤ ਦੇ ਪ੍ਰਤੀਕਰਮ ਵਜੋਂ ਲਿਆ ਗਿਆ ਇਹ ਫੈਸਲਾ ਹੁਣ ਤੱਕ ਵਿਸਮਾਰੀ ਆਰ ਐਸ ਐਸ ਨੂੰ ਚੋਗਾ ਪਾਉਣ ਦੇ ਨਾਲ ਨਾਲ ਕਾਂਗਰਸ ਦੇ ਅਨੇਕਤਾ ਵਿਚ ਏਕਤਾ ਦੇ ਸਿਧਾਂਤ ਨੂੰ ਵੀ ਨਕਾਰਦਾ ਹੈ। ਨਿਸ਼ਚੇ ਹੀ ਵਰਤਮਾਨ ਸਰਕਾਰ ਦਾ ਇਹ ਕਦਮ ਅਗਲੇ ਵਰ੍ਹੇ ਆਰ ਐਸ ਐਸ ਦੇ ਸ਼ਤਾਬਦੀ ਵਰ੍ਹੇ ਨੂੰ ਮੁੱਖ ਰੱਖ ਕੇ ਲਿਆ ਗਿਆ ਹੈ ਤੇ ਖਾਸ ਕਰਕੇ ਸੰਘ ਨੇਤਾ ਮੋਹਨ ਭਾਗਵਤ ਤੇ ਉਸਦੇ ਸਹਿਯੋਗੀਆਂ ਨੂੰ ਖ਼ੁਸ਼ ਕਰਨ ਲਈ। ਏਸ ਲਈ ਕਿ ਆਰ ਐਸ ਐਸ ਦਾ ਪ੍ਰਮੁੱਖ ਸਮਾਚਾਰ ਪੱਤਰ 'ਆਰਗੇਨਾਈਜ਼ਰ' ਹਾਲ ਵਿਚ ਭਾਜਪਾ ਦੀ ਮਾੜੀ ਕਾਰਗੁਜ਼ਕਾਰੀ ਨੂੰ ਭਾਜਪਾ ਵਰਕਰਾਂ ਦੀ ਹੋਸ਼ ਟਿਕਾਣੇ ਕਰਨ ਵਾਲੀ ਲਿਖ ਚੁੱਕਿਆ ਹੈ। ਓਧਰ ਆਰ ਐਸ ਐਸ ਨੇਤਾ ਇੰਦਰੇਸ਼ ਕੁਮਾਰ ਦਾ ਕਹਿਣਾ ਹੈ ਕਿ ਭਗਵਾਨ ਰਾਮ ਨੇ ਆਪਣੇ ਆਪ ਨੂੰ 'ਰਾਮ ਭਗਤ' ਕਹਾਉਣ ਦਾ ਦਾਅਵਾ ਕਰਨ ਵਾਲੀ ਹੰਕਾਰੀ ਪਾਰਟੀ ਨੂੰ ਬਹੁਮਤ ਹਾਸਲ ਕਰਨ ਤੋਂ ਰੋਕ ਕੇ ਸਬਕ ਸਿਖਾਇਆ ਹੈ। ਇਸਦੇ ਉਲਟ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਧਾਰਨਾ ਹੈ ਕਿ ਜਿਸ ਪਾਬੰਦੀ ਨੂੰ ਹਟਾਇਆ ਗਿਆ ਹੈ ਉਹ ਕਾਂਗਰਸ ਦੀ ਸਰਕਾਰ ਨੇ ਆਪਣੇ ਰਾਜਨੀਤਕ ਹਿੱਤਾਂ ਦੀ ਪੂਰਤੀ ਲਈ ਲਾਈ ਸੀ। ਇਹ ਪਾਬੰਦੀ ਪਿਛਲੇ ਦਸ ਸਾਲ ਦੇ ਕਾਰਜ ਕਾਲ ਵਿਚ ਕਿਉਂ ਭੁੱਲੀ ਰਹੀ?

ਕਾਂਗਰਸ ਤਾਂ ਇਹ ਵੀ ਕਹਿੰਦੀ ਹੈ ਕਿ ਇਸ ਫੈਸਲੇ ਨਾਲ ਸਰਕਾਰੀ ਮੁਲਾਜ਼ਮਾਂ ਦੀ ਨਿਰਪੱਖਤਾ ਉੱਤੇ ਅਸਰ ਪਵੇਗਾ ਜਿਹੜਾ ਮੰਦਭਾਗਾ ਹੈ। ਆਰ ਐਸ ਐਸ ਆਪਣੇ ਆਪ ਨੂੰ ਕਿੰਨਾ ਵੀ ਸਭਿਆਚਾਰਕ ਸੰਗਠਨ ਕਹੇ ਇਸਦਾ ਹਿੰਦੂਤਵ ਏਜੰਡਾ ਕਿਸੇ ਕੋਲੋਂ ਛੁਪਿਆ ਹੋਇਆ ਨਹੀਂ। ਸੱਜਰੀਆਂ ਲੋਕ ਸਭਾ ਚੋਣਾਂ ਵਿਚ ਇਹਦੇ ਵਲੋਂ ਨਿਭਾਈ ਭੂਮਿਕਾ ਇਸ ਤੱਥ ਉੱਤੇ ਮੋਹਰ ਲਾਉਂਦੀ ਹੈ। ਮੋਦੀ ਸਰਕਾਰ ਦਾ ਫੈਸਲਾ ਬੌਖਲਾਹਟ ਦੀ ਉਪਜ ਹੈ।

### ਪ੍ਰਿੰਟ ਮੀਡੀਆ ਬਨਾਮ ਬਜਟ 2024-25

ਸਦਾ ਵਾਂਗ ਨਵੇਂ ਬਜਟ ਦੀਆਂ ਅਖ਼ਬਾਰੀ ਸੁਰਖੀਆਂ ਤੇ ਟਿੱਪਣੀਆਂ ਧਿਆਨ-ਯੋਗ ਵੀ ਹਨ ਤੇ ਦਿਲਚਸਪ ਵੀ। ਪੰਜਾਬੀ ਟ੍ਰਿਬਿਊਨ ਨੇ ਬਜਟ ਦੇ ਮੁੱਖ ਨੁਕਤੇ ਦੱਸਣ ਉਪ੍ਰੰਤ ਆਂਧਰਾ ਪ੍ਰਦੇਸ਼ ਦੀ ਰਾਜਧਾਨੀ ਨੂੰ 15 ਹਜ਼ਾਰ ਕਰੋੜ ਤੇ ਬਿਹਾਰ ਲਈ 60 ਹਜ਼ਾਰ ਕਰੋੜ ਦਿੱਤੇ ਜਾਣ ਦੇ ਪ੍ਰਸੰਗ ਵਿਚ ਸੁਰਖੀ ਲਾਈ ਹੈ: 'ਸਾਡੇ ਤਾਂ ਨੇ ਆਂਧਰਾ-ਬਿਹਾਰ, ਕੀ ਕਰਨੇ ਪੰਜਾਬ ਬੰਗਾਲ।'

ਦੇਸ਼ ਸੇਵਕ ਦੀ ਸੁਰਖੀ ਵੀ ਕਈ ਕੁਝ ਕਹਿੰਦੀ ਹੈ। 'ਭਾਈਵਾਲਾਂ ਨੂੰ ਗੱਫ਼ੇ, ਮੁਲਾਜ਼ਮਾਂ ਨੂੰ ਰਾਹਤ ਨਹੀਂ ਤੇ ਕਿਸਾਨਾਂ ਲਈ ਕੁਝ ਵੀ ਨਹੀਂ।' ਪੰਜਾਬ ਦੀ ਆਵਾਜ਼ ਵਜੋਂ ਜਾਣੀ ਜਾਂਦੀ 'ਅਜੀਤ' ਨੇ ਪਲੱਸ-ਮਾਈਨਸ ਨੁਕਤੇ ਉਭਾਰ ਕੇ ਕਈ ਨੇਤਾਵਾਂ ਦੇ ਬੋਲ ਬਿਆਨੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸਨੂੰ 'ਬਸ ਨੌਜਵਾਨਾਂ ਲਈ ਮੌਰਿਆਂ ਦੇ ਦਰਵਾਜ਼ੇ ਖੋਲ੍ਹਦਾ' ਦਸਦਾ ਹੈ, ਬਿਹਾਰ ਦਾ ਮੁੱਖ ਮੰਤਰੀ ਨਿਤੀਸ਼ ਕੁਮਾਰ 'ਸੂਬੇ ਦੀਆਂ ਚਿੰਤਾਵਾਂ ਦੂਰ ਕਰਨ ਵਾਲਾ,' ਅਤੇ ਆਂਧਰਾ ਪ੍ਰਦੇਸ਼ ਦਾ ਮੁੱਖ ਮੰਤਰੀ ਚੰਦਰਬਾਬੂ ਨਾਇਡੂ 'ਸੂਬੇ ਦੇ ਪੁਨਰ ਨਿਰਮਾਣ ਦੀ ਸੂਚਨਾ' ਜਦ ਕਿ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦੇ ਸ਼ਬਦਾਂ ਵਿਚ ਇਹ ਬਜਟ 'ਪੱਖਪਾਤੀ ਤੇ ਗਰੀਬ ਵਿਰੋਧੀ' ਹੈ। ਕਿਸਾਨ ਆਗੂ ਰਾਕੇਸ਼ ਟਿਕੈਤ ਅਨੁਸਾਰ 'ਖੇਤੀ ਦਾ ਸਾਮਾਨ ਵੇਚਣ ਵਾਲੀਆਂ ਕੰਪਨੀਆਂ ਨੂੰ ਰਾਹਤ ਦੇਣ ਵਾਲਾ।'

ਵਿਰੋਧੀ ਧਿਰ ਦੇ ਰਾਹੁਲ ਗਾਂਧੀ ਨੇ ਇਸਦਾ ਨਿਚੋੜ 'ਕੁਰਸੀ ਬਚਾਓ' ਸ਼ਬਦਾਂ ਨਾਲ ਕੱਢਿਆ ਹੈ। 'ਅਜੀਤ' ਨੂੰ ਪਰਨਾਏ ਲੇਖਕਾਂ ਅਨੁਸਾਰ ਇਸ ਵਿਚ ਗ੍ਰਾਮ ਵਿਕਾਸ ਨੂੰ ਅਣਗੌਲਿਆ ਰੱਖਿਆ ਗਿਆ ਹੈ। ਉਨ੍ਹਾਂ ਦੀ ਦਲੀਲ ਵਿਚ ਵੀ ਦਮ ਹੈ।

'ਦੇਸ਼ ਦੀ 68.8 ਫੀਸਦੀ ਵਸੋਂ ਪਿੰਡਾਂ ਵਿਚ ਰਹਿੰਦੀ ਹੈ ਅਤੇ ਪਿੰਡ ਵਿਕਾਸ ਦੇ ਪੱਖੋਂ ਬਹੁਤ ਪਿੱਛੇ ਰਹਿ ਗਏ ਹਨ। ਪਿੰਡਾਂ ਦੇ ਵਿਕਾਸ ਨਾਲ ਹੀ ਰੁਜ਼ਗਾਰ ਦੇ ਮੌਕੇ ਪੈਦਾ ਹੁੰਦੇ ਹਨ। ਪਿੰਡਾਂ ਵਿਚ ਵੀ ਉਦਯੋਗ ਦੀ ਲੋੜ ਹੈ। ਉਨ੍ਹਾਂ ਦਾ ਵਿਕਾਸ ਖੇਤੀ ਖੇਤਰ ਦੀ ਵੀ ਮਦਦ ਕਰਦਾ ਹੈ।' ਉਹ ਗ੍ਰਾਮ ਵਿਕਾਸ ਤੋਂ ਮੂੰਹ ਮੋੜਨ ਵਾਲੀ ਧਾਰਨਾ ਨੂੰ ਬੱਜਰ ਗਲਤੀ ਦੱਸਦੇ ਹਨ।

ਜਿਥੋਂ ਤਕ ਪ੍ਰਮੁੱਖ ਪੱਤਰਾਂ ਦੇ ਸੰਪਾਦਕੀਆਂ ਦਾ ਸਬੰਧ ਹੈ। ਟਾਈਮਜ਼ ਆਫ ਇੰਡੀਆ ਇਸਨੂੰ 'ਥੋੜ੍ਹਾ ਲਓ ਬਹੁਤਾ ਦਿਓ' ਦਾ ਹੋਕਾ ਲਿਖਦਾ ਤੇ ਅਜੀਤ ਸਮਾਚਾਰ ਸਮੂਹ ਨੇ ਪਰਖ ਦੀ ਉਸ ਘੜੀ ਉੱਤੇ ਨਜ਼ਰ ਟਿਕਾ ਰੱਖੀ ਹੈ ਜਦ ਇਸਨੂੰ ਅਮਲੀ ਰੂਪ ਪ੍ਰਦਾਨ ਕੀਤਾ ਜਾਣਾ ਹੈ।

**ਅੰਤਿਕਾ**

ਜਸਵੰਤ ਵਾਗਲਾ॥
ਸੂਲਾਂ ਹੀ ਸੂਲਾਂ ਸਨ ਘਰ ਵਿਚ,
ਪਰ ਫੁੱਲਾਂ ਦੀ ਵੇਲ ਨਹੀਂ ਸੀ।
ਉਹ ਤਾਂ ਪੱਤਿਆਂ ਦੇ ਹੰਝੂ ਸਨ
ਮੰਨ ਲੈ ਗੱਲ, ਤ੍ਰੇਲ ਨਹੀਂ ਸੀ।

# ਇੱਕ ਜ਼ਰੂਰੀ ਮਸਲਾ

**ਕਿਰਪਾਲ ਸਿੰਘ ਪੰਨੂੰ**
**ਫੋਨ: 905-796-0531**

ਵਿਚਾਰ ਅਧੀਨ ਮੁੱਦਾ ਹੈ ਕਿ ਉਰਦੂ ਅਤੇ ਸ਼ਾਹਮੁਖੀ ਵਿਚ ਪੂਰੀਆਂ ਮਾਤਰਾਂ ਕਿਉਂ ਨਹੀਂ ਟਾਈਪ ਕੀਤੀਆਂ ਜਾਂਦੀਆਂ। ਪਰ ਪਹਿਲੋਂ ਲਿੱਪੀਆਂ ਬਾਰੇ ਕੁੱਝ ਜ਼ਰੂਰੀ ਨੁਕਤੇ ਸੰਖੇਪ ਵਿਚ ਵਿਚਾਰ ਲਏ ਜਾਣ ਤਾਂ ਠੀਕ ਰਹੇਗਾ। ਅਸੀਂ ਸਾਰੇ ਜਾਣਦੇ ਹਾਂ ਕਿ ਹਰੇਕ ਭਾਸ਼ਾ ਦਾ ਹੌਲ਼ੀ-ਹੌਲ਼ੀ ਤੇ ਕੁਦਰਤੀ ਵਿਕਾਸ ਹੋਇਆ, ਪਹਿਲਾਂ ਬੋਲਣ ਲਈ ਤੇ ਫਿਰ ਲਿਖਣ ਲਈ। ਇਸ ਕਾਰਜ ਨੂੰ ਸਦੀਆਂ ਦਾ ਸਮਾਂ ਲੱਗਿਆ। ਭਾਸ਼ਾਵਾਂ ਅਤੇ ਲਿੱਪੀਆਂ ਦਾ ਵਿਕਾਸ ਅੱਜ ਵੀ ਹੋ ਰਿਹਾ ਹੈ ਅਤੇ ਅੱਗੇ ਵੀ ਹੁੰਦਾ ਰਹੇਗਾ। ਵਿਕਾਸ ਹੀ ਜੀਵਨ ਹੈ ਹਰ ਇੱਕ ਸ਼ੈਅ ਦਾ। ਵਿਕਾਸ ਦੀ ਗਤੀ ਉਸ ਭਾਸ਼ਾ ਜਾਂ ਲਿੱਪੀ ਵਿਸ਼ੇਸ਼ ਨੂੰ ਬੋਲਣ ਲਿਖਣ ਵਾਲ਼ਿਆਂ ਦੀ ਬੌਧਿਕਤਾ, ਸੋਚ ਅਤੇ ਇੱਛਾ ਅਨੁਸਾਰ ਹੁੰਦੀ ਹੈ। ਭਾਸ਼ਾਵਾਂ ਤੇ ਲਿੱਪੀਆਂ ਨੂੰ, ਉਨ੍ਹਾਂ ਵਿਚ ਲਿਖੇ ਗਏ ਧਰਮ ਗ੍ਰੰਥਾਂ ਨੇ ਅੰਮ੍ਰਿਤਾ ਵੀ ਬਖ਼ਸ਼ੀ ਹੈ ਅਤੇ ਜੜ੍ਹ ਜੂਨੀ ਵੀ। ਸੂਝਵਾਨ ਵਿਦਵਾਨ ਅਤੇ ਮਾਹਿਰ ਭਾਸ਼ਾ ਤੇ ਲਿੱਪੀ ਨੂੰ ਸਮਿਆਂ ਦੀ ਹਾਣੀ ਬਣਾਉਣ ਦੇ ਸਦਾ ਯਤਨ ਕਰਦੇ ਰਹਿੰਦੇ ਹਨ। ਸਮਾਂ, 'ਚੋਰ ਸਿਪਾਹੀ ਦੀ ਚਾਲ ਵਿਚਲੇ ਚੋਰ ਵਾਂਗ' ਸਦਾ ਅੱਗੇ ਰਹਿੰਦਾ ਹੈ।

ਪੰਜਾਬੀ ਦੀਆਂ ਦੋ ਲਿੱਪੀਆਂ ਹਨ। ਗੁਰਮੁਖੀ ਅਤੇ ਸ਼ਾਹਮੁਖੀ। ਸਮੇਂ ਨੇ ਬੋਲਣ ਵਾਲ਼ਿਆਂ ਦੀ ਗਿਣਤੀ ਪੱਖੋਂ ਸ਼ਾਹਮੁਖੀ ਨੂੰ ਪਹਿਲੇ ਨੰਬਰ ਉੱਤੇ ਲੈ ਆਂਦਾ ਹੈ। ਇਨ੍ਹਾਂ ਵਿਚੋਂ ਵਿਰਲੇ ਹੀ ਹਨ ਜੋ ਗੁਰਮੁਖੀ ਅਤੇ ਸ਼ਾਹਮੁਖੀ ਦੋਹਾਂ ਦੇ ਵਿਦਵਾਨ ਹਨ। ਹਰ ਇੱਕ ਵਿਅਕਤੀ ਤੋਂ ਇਹ ਆਸ ਰੱਖੀ ਵੀ ਨਹੀਂ ਜਾ ਸਕਦੀ। ਪਰ ਗੁਰਮੁਖੀ ਅਤੇ ਸ਼ਾਹਮੁਖੀ ਦੀਆਂ ਚੰਗੀਆਂ ਰਚਨਾਵਾਂ ਦਾ ਪਰਿਵਰਤਨ ਇੱਛਾਵਾਨਾਂ ਅੱਗੇ ਜ਼ਰੂਰ ਪਰੋਸਿਆ ਜਾ ਸਕਦਾ ਹੈ। ਇਸ ਕਾਰਜ ਲਈ, ਅਜੋਕਾ ਕੰਪਿਊਟਰ ਅਤੇ ਪ੍ਰੋਗਰਾਮਰ ਦੋਵੇਂ ਹੀ ਸਮਰੱਥ ਹਨ। ਪੰਜਾਬੀਆਂ ਦੇ ਇੱਕ ਦੂਜੇ ਦੇ ਜੀਵਨ ਢੰਗ ਨੂੰ ਸਮਝਣ ਲਈ ਇਨ੍ਹਾਂ ਦੋਹਾਂ ਲਿੱਪੀਆਂ ਦਾ ਆਪਸੀ ਪਰਿਵਰਤਨ ਜ਼ਰੂਰੀ ਹੈ ਤੇ ਸਹੀ ਢੰਗ ਤਰੀਕਾ ਹੈ।

ਲੇਖਕ 25-30 ਸਾਲ ਤੋਂ ਗੁਰਮੁਖੀ ਸ਼ਾਹਮੁਖੀ ਪਰਿਵਰਤਨ ਦੀਆਂ ਸਮੱਸਿਆਵਾਂ ਨੂੰ ਸੁਲਝਾਉਣ ਦੇ ਯਤਨਾਂ ਵਿਚ ਹੈ। ਗੁਰਮੁਖੀ ਸ਼ਾਹਮੁਖੀ ਦਾ ਦੁਪਾਸੀ ਪਰਿਵਰਤਨ ਦੋ ਵਿਧੀਆਂ ਨਾਲ਼ ਕੀਤਾ ਜਾ ਸਕਦਾ ਹੈ। 1. ਅੱਖਰ ਤੋਂ ਅੱਖਰ ਦਾ। ਜਿਨ੍ਹਾਂ ਦੀ ਕੁੱਲ ਗਿਣਤੀ ਸੌ ਕੁ ਦੇ ਕਰੀਬ ਬਣਦੀ ਹੈ। ਇਹ ਸੌਖਾ ਤਰੀਕਾ ਹੈ। ਪਰ ਇਸ ਲਈ ਚਾਹੀਦਾ ਹੈ ਕਿ ਜਿੱਥੋਂ ਤੀਕਰ ਹੋ ਸਕੇ, ਦੋਹਾਂ ਲਿੱਪੀਆਂ ਦੇ ਅੱਖਰ ਸਮਾਨਾਂਤਰ ਹੋਣ। ਜੋ ਹਨ ਨਹੀਂ ਇਸ ਲਈ ਕਿਤੇ ਨਾ ਕਿਤੇ ਸਮਝੌਤਾ ਕਰਨਾ ਪੈਂਦਾ ਹੈ। 2. ਸ਼ਬਦ ਤੋਂ ਸ਼ਬਦ ਦਾ। ਹੋ ਇਹ ਵੀ ਸਕਦਾ ਹੈ ਪਰ ਸ਼ਬਦਾਂ ਦੀ ਗਿਣਤੀ ਲੱਖਾਂ, ਕਰੋੜਾਂ ਭਾਵ ਅਸੀਮ ਹੈ। ਤੇ ਪ੍ਰੋਗਰਾਮ ਸੀਮਤ ਸ਼ਬਦਾਂ ਦਾ ਹੀ ਬਣਾਇਆ ਜਾ ਸਕਦਾ ਹੈ। ਸੌਖ ਅਤੇ ਦਰੁਸਤੀ ਲਈ ਪਰਿਵਰਤਨ ਲਈ ਦੋਹਾਂ ਵਿਧੀਆਂ ਦਾ ਸੁਮੇਲ ਹੀ ਠੀਕ ਰਹਿੰਦਾ ਹੈ।

ਇਨ੍ਹਾਂ ਪਰਿਵਰਤਨਾਂ ਵਿਚ ਵੱਡੀ ਸਮੱਸਿਆ ਹੈ ਲਿਖਣ ਸਮੇਂ ਰਚਨਾਵਾਂ ਵਿਚ ਬਣਦੀਆਂ ਮਾਤਰਾਂ ਦਾ ਨਾ ਲਾਉਣਾ। ਮਾਤਰਾਂ ਦੀ ਅਣਹੋਂਦ ਵਿਚ ਵਾਕ ਦੇ ਸੰਦਰਭ ਵਿਚ ਪਾਠਕ ਸੋਝੀ ਅਨੁਸਾਰ ਸ਼ਬਦ ਨੂੰ ਆਪੇ ਹੀ ਸਮਝਦਾ ਹੈ ਤੇ ਸੋਝੀ ਹਰ ਇੱਕ ਦੀ ਆਪੋ ਆਪਣੀ ਹੁੰਦੀ ਹੈ। ਇਸ ਵਿਚਾਰ ਨੂੰ ਵਿਦਵਾਨਾਂ ਨੇ ਵੀ ਪਰਵਾਨ ਕਰ ਲਿਆ ਹੈ ਕਿ ਇਸ ਵਿਧੀ ਅਨੁਸਾਰ ਅਰਥਾਂ ਨਾਲ਼ ਅਨਰਥ ਹੁੰਦੇ ਦੇਖੇ ਸੁਣੇ ਗਏ ਹਨ। ਇਹ ਕਾਰਵਾਈ ਸ਼ਾਹਮੁਖੀ ਨੂੰ ਗੁਰਮੁਖੀ ਵਿਚ ਅਲਥਾਉਣ ਵੇਲ਼ੇ ਸਿਖਰ ਉੱਤੇ ਦੇਖੀ ਗਈ ਹੈ।

ਪਰਿਵਰਤਨ ਸਬੰਧੀ ਸਹੀ ਗੱਲ ਤਾਂ ਇਹ ਹੈ ਕਿ ਜੇ ਸ਼ਾਹਮੁਖੀ ਵਿਚ ਬਣਦੀਆਂ ਸਾਰੀਆਂ ਮਾਤਰਾਂ ਲਾਈਆਂ ਜਾਣ ਤਾਂ ਸ਼ਾਹਮੁਖੀ ਤੋਂ ਗੁਰਮੁਖੀ ਪਰਿਵਰਤਨ ਬੱਚਿਆਂ ਦੀ ਖੇਡ ਬਣ ਜਾਂਦਾ ਹੈ ਅਤੇ ਹੋਵੇਗਾ ਵੀ ਲੱਗਭੱਗ ਸੌ ਫੀਸਦੀ ਠੀਕ। ਇੰਨੀਆਂ ਲਾਭਦਾਇਕ ਹੋਣ 'ਤੇ ਵੀ ਸ਼ਾਹਮੁਖੀ ਵਿਚ ਸਾਰੀਆਂ ਮਾਤਰਾਂ ਕਿਉਂ ਨਹੀਂ ਲਾਈਆਂ ਜਾਂਦੀਆਂ ਇਸ ਸਬੰਧੀ ਲੇਖਕ ਵੱਲੋਂ ਉਰਦੂ ਦੇ ਵਿਦਵਾਨਾਂ ਅੱਗੇ ਸਮੇਂ ਸਮੇਂ ਸਵਾਲ ਉਠਾਏ ਗਏ ਹਨ। ਤੇ ਉੱਤਰ ਕੁੱਝ ਅੱਗੇ ਲਿਖੇ ਅਨੁਸਾਰ ਮਿਲ਼ੇ ਹਨ।

1. ਧਾਰਮਿਕ ਗ੍ਰੰਥਾਂ ਵਿਚ ਮਾਤਰਾਂ ਦੀ ਬਹੁਤ ਘੱਟ ਵਰਤੋਂ ਹੈ ਇਸ ਲਈ ਆਮ ਲਿਖਤਾਂ ਵਿਚ ਵੀ ਮਾਤਰਾਂ ਨਹੀਂ ਲਾਈਆਂ ਜਾਂਦੀਆਂ। (ਸੂਚਨਾ: ਲੇਖਕ ਨੇ ਸਮਰਾਲ਼ੇ ਮਸਜਿਦ ਵਿਚ ਜਾ ਕੇ ਆਪ ਦੇਖਿਆ ਕਿ ਕੁਰਾਨ ਸ਼ਰੀਫ ਵਿਚ ਪੂਰੀਆਂ ਮਾਤਰਾਂ ਲੱਗੀਆਂ ਹੋਈਆਂ ਹਨ। ਜਦੋਂ ਇਸਦੀ ਚਰਚਾ ਉਰਦੂ ਲਿਖਾਰੀਆਂ ਨਾਲ਼ ਕੀਤੀ ਤਾਂ, "ਘੱਟ ਪੜ੍ਹਿਆਂ ਨੂੰ ਕੁਰਾਨ ਸ਼ਰੀਫ ਦੀ ਸਹੀ ਸਮਝ ਦੇਣ ਲਈ ਇਹ ਲਾਈਆਂ ਗਈਆਂ ਹਨ। ਵਰਨਾ ਅਸਲੀ ਕੁਰਾਨ ਸ਼ਰੀਫ ਵਿਚ ਪੂਰੀਆਂ ਮਾਤਰਾਂ ਨਹੀਂ ਲਾਈਆਂ ਗਈਆਂ", ਦਾ ਉੱਤਰ ਮਿਲ਼ਿਆ ਸੀ। ਪਰ ਇਹ ਵਰਤਾਰਾ ਗੁਰਮੁਖੀ ਵਿਚ ਨਹੀਂ। ਇਸ ਦੇ ਧਾਰਮਿਕ ਗ੍ਰੰਥਾਂ ਵਿਚ ਮਾਤਰਾਂ ਪਾਉਣ ਦੀ ਆਪਣੀ ਗਰਾਮਰ ਹੈ ਅਤੇ ਆਮ ਰਚਨਾਵਾਂ ਵਿਚ ਹੋਰ। ਗੁਰਮੁਖੀ ਲਿਪੀ ਵਿਚ ਲੋੜ ਅਨੁਸਾਰ ਵਿਕਾਸ ਹੋ ਰਿਹਾ ਹੈ। ਜਿਸਦੀਆਂ ਸਪਸ਼ਟ ਉਦਾਹਰਣਾਂ ਭਾਈ ਕਾਨ੍ਹ ਸਿੰਘ ਨਾਭਾ ਰਚਿਤ ਮਹਾਨਕੋਸ਼ ਵਿਚ ਅਤੇ ਪੁਰਾਣੀ ਤੇ ਅਜੋਕੀ ਪੰਜਾਬੀ ਦਾ ਮੁਕਾਬਲਾ ਕਰ ਕੇ ਦੇਖੀਆਂ ਜਾ ਸਕਦੀਆਂ ਹਨ।




2. ਲਿਖਾਰੀ ਦਾ ਸੁਸਤੀ ਮਾਰਨ ਦਾ ਸੁਭਾਅ। ਪਰ ਸੁਸਤੀ ਗੁਰਮੁਖੀ ਵਿਚ ਘੱਟ ਅਤੇ ਸ਼ਾਹਮੁਖੀ ਵਿਚ ਵੱਧ ਕਿਉਂ ਮਾਰੀ ਜਾਂਦੀ ਹੈ? ਮਾਤਰਾਂ ਘੱਟ ਪਾਉਣ ਵਾਲ਼ਿਆਂ ਦੀ ਦਲੀਲ ਹੈ ਕਿ ਜਦੋਂ ਇਨ੍ਹਾਂ ਦੇ ਪਾਉਣ ਤੋਂ ਬਿਨਾਂ ਹੀ ਸਰ ਜਾਂਦਾ ਹੈ ਫਿਰ ਵਾਧੂ ਖੇਚਲ਼ ਕਿਉਂ ਕੀਤੀ ਜਾਵੇ?

3. ਸ਼ਾਹਮੁਖੀ (ਉਰਦੂ) ਵਿਦਵਾਨ ਪੂਰੀਆਂ ਮਾਤਰਾਂ ਲਿਖਣ ਵਾਲ਼ੇ ਨੂੰ ਅਨਾੜੀ ਸਮਝਦੇ ਹਨ ਅਤੇ ਘੱਟ ਪਾਉਣ ਵਾਲ਼ੇ ਨੂੰ ਪਹੁੰਚਿਆ ਹੋਇਆ ਵਿਦਵਾਨ। ਹਰ ਕੋਈ ਆਪਣੇ ਆਪ ਨੂੰ ਪਹੁੰਚਿਆ ਹੋਇਆ ਵਿਦਵਾਨ ਹੀ ਸਮਝਿਆ ਜਾਣਾ ਚਾਹੁੰਦਾ ਹੈ।

4. ਕੋਰਟ ਕਚਹਿਰੀ ਦੀ ਭਾਸ਼ਾ ਦੇ ਲਿਖਣ ਦੀ ਰੁਚੀ ਸੰਖੇਪ ਹੱਥ ਲਿਖਤ (ਸ਼ੌਰਟ ਹੈਂਡ) ਵੱਲ ਨੂੰ ਤੋਰਦੀ ਹੈ ਤਾਂ ਕਿ ਹਾਕਮ ਦੇ ਬੋਲਣ ਦੇ ਨਾਲ਼-ਨਾਲ਼ ਹੀ ਲਿਖਿਆ ਜਾਵੇ ਅਤੇ ਕੋਈ ਭਾਗ ਰਹਿ ਨਾ ਜਾਏ। ਉਰਦੂ ਭਾਸ਼ਾ ਜੋ ਸ਼ਾਹਮੁਖੀ ਦੀ ਮਾਂ ਹੈ ਤਾਂ ਕਈ ਸਦੀਆਂ ਤੀਕਰ ਪੰਜਾਬ ਦੀ ਸਰਕਾਰੀ ਦਰਬਾਰੀ ਭਾਸ਼ਾ ਰਹੀ ਹੈ। ਸੋ ਲਿਖਾਰੀ ਛੇਤੀ ਲਿਖਣ ਲਈ ਮਾਤਰਾਂ ਲਿਖਣੀਆਂ ਛੱਡ ਦਿੰਦੇ ਹਨ।

5. ਸ਼ਾਹਮੁਖੀ ਤੇ ਉਰਦੂ ਪਹਿਲੋਂ ਪ੍ਰਿੰਟ ਕਰਨ ਲਈ ਕੰਪੋਜ਼ ਕਰਨ ਦੇ ਯੋਗ ਨਹੀਂ ਸਨ। ਸੋ ਅਖ਼ਬਾਰ, ਕਿਤਾਬਾਂ ਪਹਿਲੋਂ ਕਾਤਿਬਾਂ ਵੱਲੋਂ ਹੱਥ ਨਾਲ਼ ਲਿਖੀਆਂ ਜਾਂਦੀਆਂ ਸਨ। ਕਾਤਿਬ ਘੱਟ ਤੋਂ ਘੱਟ ਸਮੇਂ ਵਿਚ ਵੱਧ ਤੋਂ ਵੱਧ ਲਿਖਣ ਲਈ ਪੂਰੀਆਂ ਮਾਤਰਾਂ ਪਾਉਣ ਦੀ ਕੁਤਾਹੀ ਕਰ ਜਾਂਦੇ ਸਨ। ਪਾਠਕਾਂ ਕੋਲ਼ ਉਦੋਂ ਵੀ ਤੇ ਅੱਜ ਵੀ ਸਿਵਾਏ ਇਸ ਕਮਜ਼ੋਰੀ ਨੂੰ ਸਵੀਕਾਰ ਕਰਨ ਦੇ ਕੋਈ ਦੂਸਰਾ ਰਾਹ ਨਹੀਂ ਰਹਿ ਜਾਂਦਾ ਸੀ। ਜੇ ਪਾਠਕ ਕਿੰਤੂ ਪ੍ਰੰਤੂ ਉਠਾਉਣ ਤਾਂ ਪ੍ਰਿੰਟਰ ਕੋਲ਼ ਵੀ ਠੀਕ ਛਾਪਣ ਤੋਂ ਬਿਨਾਂ ਕੋਈ ਹੋਰ ਰਾਹ ਬਾਕੀ ਨਾ ਹੋਵੇ। ਅਸਲ ਵਿਚ ਪੂਰੀਆਂ ਮਾਤਰਾਂ ਨਾ ਪਾਉਣ ਦਾ ਵੱਡਾ ਕਾਰਨ ਇਹੋ ਹੀ ਜਾਪਦਾ ਹੈ।

ਮੇਰੀ ਸੂਝ ਅਨੁਸਾਰ ਕੰਪਿਊਟਰ ਦੇ ਆ ਜਾਣ ਨਾਲ਼ ਉਪਰੋਕਤ ਕਾਰਨਾਂ ਵਿਚੋਂ ਜੇ ਸਾਰੇ ਨਹੀਂ ਤਾਂ ਬਹੁਤੇ ਕਾਰਨ ਅੱਜ ਅਲੋਪ ਹੋ ਚੁੱਕੇ ਹਨ। ਆਸ ਕੀਤੀ ਜਾਂਦੀ ਹੈ ਕਿ ਹੁਣ ਸ਼ਾਹਮੁਖੀ ਲਿਖਣ ਜਾਂ ਟਾਈਪ ਕਰਨ ਵਾਲ਼ਿਆਂ ਨੂੰ ਪੂਰੀਆਂ ਮਾਤਰਾਂ ਪਾਉਣ ਵੱਲ ਮੋੜਾ ਕੱਟਣਾ ਚਾਹੀਦਾ ਹੈ। ਪਰ ਕੱਟਦਾ ਦਿਖਾਈ ਨਹੀਂ ਦੇ ਰਿਹਾ। ਕਿਓਂ? ਇਹੋ ਹੀ ਅੱਜ ਦਾ ਵੱਡਾ ਮਸਲਾ ਹੈ। ਜੇ ਰੋਗ ਲੱਗ ਪਵੇ ਤਾਂ ਉਸਦਾ ਭੋਗ ਵੀ ਪਾਇਆ ਜਾ ਸਕਦਾ ਹੈ।

ਇਸਦਾ ਕਾਰਨ ਜਾਨਣ ਲਈ ਮੈਂ 'ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ' ਦੀ ਜੁਲਾਈ 21, 2024 ਦੀ ਮੀਟਿੰਗ ਵਿਚ ਇਹ ਮੁੱਦਾ ਪੇਸ਼ ਕੀਤਾ। ਕਿਉਂਕਿ ਇਸ ਵਿਚ ਬਹੁਤ ਸਾਰੇ ਪਾਕਿਸਤਾਨੀ ਵਿਦਵਾਨ ਜਿਵੇਂ ਕਿ ਓਰੀਐਂਟਲ ਕਾਲਜ ਲਾਹੌਰ ਦੀ ਪ੍ਰਿੰਸੀਪਲ ਤੇ ਇੰਸਟੀਚਿਊਟਰ ਆਫ ਪੰਜਾਬੀ ਐਂਡ ਕਲਚਰਲ ਸਟੱਡੀਜ਼ ਦੀ ਡਾਇਰੈਕਟਰ ਡਾ. ਨਬੀਲਾ ਰਹਿਮਾਨ, ਪ੍ਰੋ. ਆਸ਼ਿਕ ਰਹੀਲ, ਹਜ਼ਰਤ ਸ਼ਾਮ ਸੰਧੂ, ਸਮੀਉੱਲਾ ਖ਼ਾਨ, ਰੋਬੀਨਾ ਨਸੀਮ, ਮਕਸੂਦ ਚੌਧਰੀ, ਰਸ਼ੀਦ ਨਦੀਮ, ਜ਼ਾਹਿਦਾ ਰਹੀਲ, ਅਹਿਮਦ ਫ਼ੈਸਲ ਸਦੀਕ, ਖ਼ਾਲਿਦ ਵਿਰਕ, ਮੁਹੰਮਦ ਉਸਮਾਨ ਖ਼ਾਨ, ਮੁਹੰਮਦ ਸਲੀਮ, ਮੁਹੰਮਦ ਉਮੈਦ ਵਿਰਕ, ਫ਼ੈਸਲ ਇਲਿਆਸ, ਸਲੀਮ ਜਾਵੇਦ ਆਦਿ ਹਾਜ਼ਰ ਸਨ। ਪਰ ਕਿਸੇ ਵੱਲੋਂ ਵੀ ਕੋਈ ਢੁਕਵਾਂ ਉੱਤਰ ਨਹੀਂ ਮਿਲਿਆ। ਕੇਵਲ ਪ੍ਰੋਫੈਸਰ ਆਸ਼ਿਕ ਰਹੀਲ ਹੋਰਾਂ ਨੇ ਕਿਹਾ, "ਇਸਦਾ ਉੱਤਰ ਮੈਂ 2008 ਵਿਚ ਦੇ ਚੁੱਕਿਆ ਹਾਂ", ਮੈਂ ਇਸ ਨੂੰ ਆਪਣੇ ਸਵਾਲ ਦੀ ਵਿਰੋਧਤਾ ਵਜੋਂ ਲਿਆ।

ਅਗਲੇ ਦਿਨ ਮੈਂ ਰਹੀਲ ਸਾਹਿਬ ਨੂੰ ਫੋਨ ਉੱਤੇ ਉਹ ਕਾਰਨ ਦੋਬਾਰਾ ਦੱਸਣ ਲਈ ਬੇਨਤੀ ਕੀਤੀ। ਉਨ੍ਹਾਂ ਕੋਈ ਖਾਸ ਨਹੀਂ ਦੱਸੇ। ਸਗੋਂ ਇਹ ਜਾਣਕਾਰੀ ਦਿੱਤੀ ਕਿ ਉਨ੍ਹਾਂ ਨੇ ਤਾਂ ਮੇਰੇ ਹੱਕ ਵਿਚ ਗੱਲ ਕੀਤੀ ਸੀ। ਖੈਰ ਮੈਂ ਤੇ ਰਹੀਲ ਸਾਹਿਬ ਕਈ ਦਹਾਕਿਆਂ ਤੋਂ ਇਕੱਠਿਆਂ ਕੰਮ ਕਰਦੇ ਆ ਰਹੇ ਹਾਂ। ਉਹ ਬਹੁਤ ਹੀ ਵਧੀਆ ਇਨਸਾਨ ਵੀ ਹਨ ਤੇ ਵਿਦਵਾਨ ਵੀ ਹਨ। ਮੈਂ ਉਨ੍ਹਾਂ ਦਾ ਦਿਲੋਂ ਸਤਿਕਾਰ ਕਰਦਾ ਹਾਂ। ਭਾਵੇਂ ਕਿ ਉਹ ਮੇਰੀ ਜਗਿਆਸਾ ਦੀ ਪੂਰਤੀ ਨਹੀਂ ਕਰ ਸਕੇ। ਪਰ ਉਨ੍ਹਾਂ ਨੇ ਬਹੁਤ ਸਾਰੀਆਂ ਕਿਤਾਬਾਂ ਗੁਰਮੁਖੀ ਤੋਂ ਸ਼ਾਹਮੁਖੀ ਵਿਚ ਲਿੱਪੀਆਂਤਰ ਕੀਤੀਆਂ ਹਨ।


ਮੈਂ ਉਰਦੂ ਸ਼ਾਹਮੁਖੀ ਦੇ ਲਿਖਾਰੀਆਂ ਨੂੰ ਖਾਸ ਕਰਕੇ ਅਤੇ ਹਰ ਭਾਸ਼ਾ ਦੇ ਲਿਖਾਰੀ ਨੂੰ ਆਮ ਕਰਕੇ ਬੇਨਤੀ ਕਰਦਾ ਹਾਂ ਕਿ ਸੁਸਤੀਆਂ ਲਾਪਰਵਾਹੀਆਂ ਲਿੱਪੀਆਂ ਨੂੰ ਗ਼ਲਤ ਦਿਸ਼ਾਵਾਂ ਵੱਲ ਤੋਰਦੀਆਂ ਹਨ। ਕਿਰਪਾ ਕਰਕੇ ਆਪਣੀਆਂ ਰਚਨਾਵਾਂ ਵਿਚ ਸਹੀ ਅਤੇ ਪੂਰੀਆਂ ਮਾਤਰਾਂ ਦੀ ਵਰਤੋਂ ਕਰੋ। ਸਹੀ ਗੱਲ ਤਾਂ ਇਹ ਵੀ ਹੈ ਕਿ ਅੱਖਰਾਂ, ਸ਼ਬਦਾਂ, ਮਾਤਰਾਂ ਦੀ ਸਹੀ ਵਰਤੋਂ ਜਿੰਨੀ ਜ਼ਰੂਰੀ ਹੈ ਪੰਕਚੂਏਸ਼ਨ ਚਿੰਨ੍ਹਾਂ ਦੀ ਸਹੀ ਵਰਤੋਂ ਵੀ ਉਤਨੀ ਹੀ ਜ਼ਰੂਰੀ ਹੈ। ਪੰਕਚੂਏਸ਼ਨ ਦੀ ਗ਼ਲਤ ਵਰਤੋਂ ਕਈ ਪਰਮਾਣਤ ਲਿਖਾਰੀ ਵੀ ਆਮ ਹੀ ਕਰ ਜਾਂਦੇ ਹਨ। ਸਾਡੀਆਂ ਅੱਜ ਦੀਆਂ ਕਿਤਾਬਾਂ ਅਤੇ ਅਖ਼ਬਾਰ ਰਸਾਲੇ ਇਸ ਦੇ ਚਸ਼ਮਦੀਦ ਗਵਾਹ ਹਨ।

ਅੰਤ ਵਿਚ ਮੈਂ ਵਿਦਵਾਨਾਂ ਨੂੰ ਬੇਨਤੀ ਕਰਦਾ ਹਾਂ ਕਿ ਸਵਾਲ ਅਧੀਨ ਮੁੱਦੇ ਕਿ ਉਰਦੂ ਸ਼ਾਹਮੁਖੀ ਲਿਖਣ ਸਮੇਂ ਬਹੁਤੀਆਂ ਮਾਤਰਾਂ ਕਿਉਂ ਛੱਡ ਦਿੱਤੀਆਂ ਜਾਂਦੀਆਂ ਹਨ, ਕੀ ਇਹ ਸਹੀ ਹਨ ਜਾਂ ਗ਼ਲਤ, ਸਬੰਧੀ ਜੋ ਵੀ ਤੁਹਾਡੇ ਵਿਚਾਰ ਹਨ ਉਨ੍ਹਾਂ ਤੋਂ ਜਾਣੂ ਜ਼ਰੂਰ ਕਰਵਾਓ। ਉਹ ਭਵਿੱਖ ਵਿਚ ਲਿੱਪੀਆਂ ਦੇ ਸੁਧਾਰ/ਵਿਕਾਸ ਲਈ ਲਾਹੇਵੰਦ ਹੀ ਹੋਣਗੇ।


PUNJABI CULTURAL SPORTS CLUB OF GRAND RAPIDS
HYPE ENTERTAINMENT @ PUNJABI
DJ BILLA
RAUNAK MAAN X HARJIT HARMAN X GURNAM BHULLAR X G. SIDHU.
FREE EVENT NO TICKET
Live in
MICHIGAN
JYOTI SHARMA (HOST)
TIMING 6PM-10PM
FRIDAY, SEPT 6th 2024
SNACKS & DINNER WILL BE PROVIDED
FOREST HILLS FINE ARTS CENTER
600 FOREST HILL AVE SE GRAND RAPIDS, MI 49546
FOR MORE INFORMATION & SPONSORSHIP CALL
SHAMSHER SINGH - 616 808 7258 SATNAM SINGH - 616 717 1020
LADDI SINGH - 917 916 5496 GOLDY SINGH - 616 856 0233
Raman Moranwalia GRAPHIC DESIGNER
SHAMSHER SINGH (PRESIDENT)
SATNAM SINGH (VICE PRESIDENT)
VIK SINGH (TREASURE)
LADDI SINGH (MEMBER)
GOLDY SINGH (CHAIRMAN)
AJAY GROVER (MEDIA ADVISOR)
DHARMAVIR MANN (MEMBER)
INDERJIT SINGH (MEMBER)
MANU BARIA (MEMBER)
AMAN SINGH (MEMBER)
PAWANPREET SINGH (MEMBER)
HARBHAJANSINGH (MEMBER)
MANINDERPAL SINGH (MEMBER)
MANINDER GHOTRA (MEMBER)
KULJEET SINGH (MEMBER)
MANJEET SINGH (MEMBER)
SAHIL (MEMBER)
RAMAN (MEMBER)
AMAN MULTANI (MEMBER)
DAVINDER SINGH (MEMBER)
SUKHJINDER SINGH (MEMBER)
SEAN CHABRA (MEMBER)
KAMALJITT SINGH (MEMBER)
RICKY BARIA (MEMBER)
KEVIN SINGH (MEMBER)

# ਗੱਲਬਾਤ ਤੇ ਮੇਲ ਮਿਲਾਪ

**ਅਵਤਾਰ ਸਿੰਘ (ਪ੍ਰੋ.)**
ਫੋਨ: +91-94175-18384



ਕਬੀਰ ਜੀ ਦਾ ਇਕ ਸ਼ਬਦ ਹੈ, ਜਿਸ ਵਿਚ ਉਨ੍ਹਾਂ ਦੀ ਮਾਤਾ ਸ਼ਿਕਾਇਤ ਕਰਦੀ ਹੈ ਕਿ ਇਸ ਮੁੰਡੇ ਕੋਲ ਆਉਣ-ਜਾਣ ਵਾਲਿਆਂ ਨੇ ਨੱਕ ਵਿਚ ਦਮ ਕੀਤਾ ਹੋਇਆ ਹੈ। ਇਕ ਦੋ ਅੰਦਰ ਬੈਠੇ ਹੁੰਦੇ ਹਨ ਤੇ ਇਕ ਦੋ ਰਸਤੇ ਵਿਚ ਹੁੰਦੇ ਹਨ। ਪਹਿਲੇ ਹਾਲੇ ਗਏ ਨਹੀਂ ਹੁੰਦੇ ਹੋਰ ਆਉਣ ਵਾਲੇ ਹੁੰਦੇ ਹਨ। ਇਹ ਵੀ ਦੱਸਿਆ ਹੈ ਕਿ ਉਨ੍ਹਾਂ ਕੋਲ ਕੋਈ ਕਿਤਾਬ ਵੀ ਹੁੰਦੀ ਹੈ। ਮਤਲਬ ਕਿ ਉਹ ਸੱਜਣ ਕਬੀਰ ਜੀ ਨਾਲ ਬਚਨ-ਬਿਲਾਸ ਹੀ ਕਰਨ ਆਉਂਦੇ ਹੋਣਗੇ ਤੇ ਬਾਕੀ ਸਾਰੇ ਟੱਬਰ ਦਾ ਨੱਕ ਵਿਚ ਦਮ ਕਰੀਂ ਰਖਦੇ ਹੋਣਗੇ।

ਛੋਟੇ ਹੁੰਦਿਆਂ ਮੈਂ ਦੇਖਦਾ ਰਿਹਾ ਹਾਂ ਕਿ ਸਾਡੇ ਘਰ ਵੀ ਅਕਸਰ ਕੋਈ ਨਾ ਕੋਈ ਆਇਆ ਰਹਿੰਦਾ ਸੀ। ਹਰਭਜਨ ਸੋਂਹ ਗਿਆ ਨਿਰੰਜਣ ਆ ਗਿਆ, ਉਹ ਗਿਆ ਤਾਂ ਕਰਤਾਰ ਸੋਂਹ ਆ ਗਿਆ, ਉਹ ਗਿਆ ਤਾਂ ਸੇਵਾ ਸੋਂਹ ਆ ਗਿਆ, ਉਹ ਗਿਆ ਤਾਂ ਸੋਢੀ ਸਾਹਿਬ ਆ ਗਏ। ਹੋਰ ਵੀ ਬੜੇ ਸਨ, ਜਿਨ੍ਹਾਂ ਦਾ ਨਾਂ ਲਿਖਣਾ ਜ਼ਰੂਰੀ ਨਹੀਂ। ਇਨ੍ਹਾਂ ਵਿਚੋਂ ਕੁਝ ਅਜਿਹੇ ਸਨ, ਜਿਨ੍ਹਾਂ ਨੂੰ ਮਿਲ ਕੇ ਪਿਤਾ ਜੀ ਖੁਸ਼ ਹੁੰਦੇ ਸਨ ਤੇ ਕੁਝ ਅਜਿਹੇ ਵੀ ਸਨ, ਜਿਨ੍ਹਾਂ ਬਾਰੇ ਕਹਿੰਦੇ ਕਿ ਇਹਨੂੰ ਗੱਲ ਨਹੀਂ ਕਰਨੀਂ ਆਉਂਦੀ...ਉਹਨੇ ਘੰਟਾ ਖਰਾਬ ਕਰ ਦਿਤਾ...ਇਹਨੇ ਸਿਰ ਖਾ ਲਿਆ ਆਦਿ। ਮੇਰੀ ਮਾਤਾ ਦੇ ਇਤਰਾਜ਼ ਬਿਲਕੁਲ ਉਹੋ ਜਿਹੇ ਹੀ ਸਨ, ਜਿਹੋ ਜਿਹੇ ਕਬੀਰ ਜੀ ਦੀ ਮਾਤਾ ਦੇ ਸਨ, ਜਿਹੜੇ ਉਪਰ ਦੱਸੇ ਪੂਰੇ ਸ਼ਬਦ ਵਿਚ ਦੱਸੇ ਹੋਏ ਹਨ।

ਇਸੇ ਤਰ੍ਹਾਂ ਦੀ ਹਾਲਤ ਹੀ ਸਾਡੇ ਘਰ ਵੀ ਬਣੀ ਰਹਿੰਦੀ ਹੈ ਤੇ ਆਂਦਕ-ਜਾਂਦਕ ਚੱਲਦੀ ਰਹਿੰਦੀ ਹੈ। ਕਦੇ ਕਦੇ ਤਾਂ ਮਨ ਉਡੀਕ ਰਿਹਾ ਹੁੰਦਾ ਹੈ, ਕੋਈ ਆਵੇ ਤੇ ਚਿੱਤ ਲੱਗੇ। ਕਈ ਵਾਰੀ ਚਿੱਤ ਲੱਗਿਆ ਹੁੰਦਾ ਹੈ ਤੇ ਜੀ ਕਰਦਾ ਹੈ ਕੋਈ ਨਾ ਆਵੇ। ਪਰ ਆਉਣ ਵਾਲੇ ਪੁੱਛ ਕੇ ਨਹੀਂ ਆਉਂਦੇ ਤੇ ਜੇ ਕੋਈ ਪੁੱਛ ਵੀ ਲਵੇ ਤਾਂ ਕਿਸੇ ਨੂੰ ਮਨ੍ਹਾਂ ਕਰਨਾ ਮੁਸ਼ਕਲ ਹੁੰਦਾ ਹੈ। ਕਿਉਂਕਿ ਸਾਡੇ ਮੁਲਕ ਵਿਚ ਏਨੀ ਗੱਲ ਪਿੱਛੇ ਸਾਕ-ਸੰਬੰਧੀਆਂ ਦੇ ਮੂੰਹ ਵਿੰਗੇ ਹੋ ਜਾਂਦੇ ਹਨ ਤੇ ਮਿੱਤਰ ਤਾਂ ਕਾਂਟਾ ਹੀ ਮਾਰ ਜਾਂਦੇ ਹਨ। ਮੈਨੂੰ ਡਰ ਹੈ ਕਿ ਮੇਰੀ ਇਸ ਲਿਖਤ ਦਾ ਕੋਈ ਬੁਰਾ ਨਾ ਮਨਾ ਲਵੇ। ਮੇਰਾ ਇਹ ਮਤਲਬ ਬਿਲਕੁਲ ਨਹੀਂ ਹੈ ਕਿ ਮੈਨੂੰ ਕੋਈ ਮਿਲਣ ਨਾ ਆਵੇ। ਮੇਰਾ ਮਤਲਬ ਕੋਈ ਹੋਰ ਹੈ।

ਕਰਮ ਸਿੰਘ ਹਿਸਟੋਰੀਅਨ ਨੇ ਲਿਖਿਆ ਹੈ ਕਿ ਰਣਜੀਤ ਸਿੰਘ ਅੰਮ੍ਰਿਤਸਰ ਦੇ ਇੱਕ ਗ੍ਰੰਥੀ ਨੂੰ ਮਿਲਣ ਆਇਆ ਸੀ। ਪਰ ਉਸਨੇ ਰਾਜੇ ਨੂੰ ਮਿਲਣ ਤੋਂ ਇਨਕਾਰ ਕਰ ਦਿਤਾ। ਰਾਜੇ ਨੇ ਬਥੇਰੇ ਹਾੜ੍ਹੇ ਕੱਢੇ, ਪਰ ਉਹ ਮਿਲਿਆ ਹੀ ਨਾ। ਰਾਜਾ ਨਿਰਾਸ਼ ਹੋ ਕੇ ਪਰਤ ਗਿਆ ਤੇ ਕਹਿਣ ਲੱਗਾ "ਜਿਹੜੇ ਮੈਨੂੰ ਮਿਲਣਾ ਚਾਹੁੰਦੇ ਹਨ, ਉਨ੍ਹਾਂ ਨੂੰ ਮੈਂ ਨਹੀਂ ਮਿਲਣਾ ਚਾਹੁੰਦਾ ਤੇ ਜਿਨ੍ਹਾਂ ਨੂੰ ਮੈਂ ਮਿਲਣਾ ਚਾਹੁੰਦਾ ਹਾਂ, ਉਹ ਮੈਨੂੰ ਨਹੀਂ ਮਿਲਣਾ ਚਾਹੁੰਦੇ"। ਮੇਰਾ ਖਿਆਲ ਹੈ ਕਿ ਰਣਜੀਤ ਸਿੰਘ ਸਭ ਤੋਂ ਵੱਧ ਇਸ ਗੱਲੋਂ ਪਰੇਸ਼ਾਨ ਹੋਇਆ ਹੋਵੇਗਾ ਕਿ ਜਿਹਨੂੰ ਉਹ ਮਿਲਣਾ ਚਾਹੁੰਦਾ ਸੀ, ਉਹ ਉਸਨੂੰ ਨਹੀਂ ਸੀ ਮਿਲਣਾ ਚਾਹੁੰਦਾ।

ਮੈਂ ਆਪਣੇ ਗੱਲਬਾਤ ਕਰਨ ਵਾਲੇ ਤੇ ਮਿਲਣ-ਗਿਲਣ ਵਾਲੇ ਸਾਕ-ਸੰਬੰਧੀਆਂ ਤੇ ਦੋਸਤਾਂ ਵਿਚੋਂ ਦੇਖਾਂ ਕਿ ਉਹ ਕੌਣ ਹਨ, ਜਿਹੜੇ ਮੈਨੂੰ ਮਿਲਣਾ ਚਾਹੁੰਦੇ ਹਨ ਤੇ ਉਹ ਕਿਹੜੇ ਹਨ, ਜਿਨ੍ਹਾਂ ਨੂੰ ਮੈਂ ਮਿਲਣਾ ਚਾਹੁੰਦਾ ਹਾਂ। ਇਸੇ ਤਰ੍ਹਾਂ ਉਹ ਕਿਹੜੇ ਹਨ, ਜਿਹੜੇ ਮੈਨੂੰ ਨਹੀਂ ਮਿਲਣਾ ਚਾਹੁੰਦੇ ਤੇ ਉਹ ਕਿਹੜੇ ਹਨ, ਜਿਨ੍ਹਾਂ ਨੂੰ ਮੈਂ ਨਹੀਂ ਮਿਲਣਾ ਚਾਹੁੰਦਾ। ਸਭ ਤੋਂ ਜ਼ਰੂਰੀ ਨੁਕਤਾ ਇਹ ਹੈ ਕਿ ਉਹ ਕੌਣ ਹਨ, ਜਿਨ੍ਹਾਂ ਨੂੰ ਮੈਂ ਵੀ ਮਿਲਣਾ ਚਾਹੁੰਦਾ ਹਾਂ ਤੇ ਉਹ ਵੀ ਮੈਨੂੰ ਮਿਲਣਾ ਚਾਹੁੰਦੇ ਹਨ। ਇਸੇ ਤਰ੍ਹਾਂ ਉਹ ਕੌਣ ਹਨ, ਜਿਨ੍ਹਾਂ ਨੂੰ ਮੈਂ ਵੀ ਨਹੀਂ ਮਿਲਣਾ ਚਾਹੁੰਦਾ ਤੇ ਜਿਹੜੇ ਮੈਨੂੰ ਵੀ ਨਹੀਂ ਮਿਲਣਾ ਚਾਹੁੰਦੇ।

ਮੈਂ ਦੇਖਿਆ ਕਿ ਉਨ੍ਹਾਂ ਦੀ ਵੀ ਲੰਬੀ ਲਿਸਟ ਹੈ, ਜਿਨ੍ਹਾਂ ਨੂੰ ਮੈਂ ਮਿਲਣਾ ਚਾਹੁੰਦਾ ਹਾਂ ਤੇ ਉਨ੍ਹਾਂ ਦੀ ਵੀ ਲੰਬੀ ਲਿਸਟ ਹੈ, ਜਿਹੜੇ ਮੈਨੂੰ ਮਿਲਣਾ ਚਾਹੁੰਦੇ ਹਨ। ਪਰ ਉਹ ਸਿਰਫ ਉਂਗਲਾਂ 'ਤੇ ਗਿਣਨ ਜੋਗੇ ਹੀ ਹਨ, ਜਿਨ੍ਹਾਂ ਨੂੰ ਮੈਂ ਵੀ ਮਿਲਣਾ ਚਾਹੁੰਦਾ ਹਾਂ ਤੇ ਉਹ ਵੀ ਮੈਨੂੰ ਮਿਲਣਾ ਚਾਹੁੰਦੇ ਹਨ।

ਅਜਕਲ ਮੇਲਾ-ਗੇਲਾ ਘਟ ਗਿਆ ਹੈ ਤੇ ਇਸਦੀ ਥਾਂ ਫੋਨ ਨੇ ਲੈ ਲਈ ਹੈ। ਮੇਲ-ਮਿਲਾਪ ਦਾ ਨੁਕਤਾ ਫੋਨ 'ਤੇ ਵੀ ਉਸੇ ਤਰ੍ਹਾਂ ਲਾਗੂ ਹੁੰਦਾ ਹੈ। ਕਈ ਫੋਨ ਮੈਂ ਉਡੀਕਦਾ ਰਹਿੰਦਾ ਹਾਂ ਤੇ ਕਈ ਮੇਰਾ ਫੋਨ ਉਡੀਕਦੇ ਰਹਿੰਦੇ ਹਨ। ਜਿਹੜੇ ਮੇਰਾ ਫੋਨ ਉਡੀਕਦੇ ਹਨ, ਉਨ੍ਹਾਂ ਦੇ ਫੋਨ ਮੈਂ ਨਹੀਂ ਉਡੀਕਦਾ ਤੇ ਜਿਨ੍ਹਾਂ ਦੇ ਫੋਨ ਮੈਂ ਉਡੀਕਦਾ ਹਾਂ, ਉਹ ਮੇਰਾ ਨਹੀਂ ਉਡੀਕਦੇ। ਉਹ ਸੂਚੀ ਬੜੀ ਲੰਮੀ ਹੈ, ਜਿਨ੍ਹਾਂ ਦੇ ਫੋਨ ਮੈਂ ਉਡੀਕਦਾ ਹਾਂ। ਉਹ ਵੀ ਸੂਚੀ ਲੰਮੀ ਹੈ, ਜਿਹੜੇ ਮੇਰਾ ਫੋਨ ਉਡੀਕਦੇ ਹਨ। ਪਰ ਉਹ ਸੂਚੀ ਛੋਟੀ ਜਿਹੀ ਹੈ, ਜਿਹੜੇ ਮੇਰਾ ਫੋਨ ਉਡੀਕਦੇ ਹਨ ਤੇ ਜਿਨ੍ਹਾਂ ਦਾ ਫੋਨ ਮੈਂ ਉਡੀਕਦਾ ਹਾਂ। ਇਹ ਗੱਲ ਲਿਖਣ ਦਾ ਮਕਸਦ ਸਿਰਫ ਏਨਾ ਹੀ ਹੈ ਕਿ ਬਹੁਤ ਹੀ ਥੋੜ੍ਹੇ ਰਿਸ਼ਤੇ ਜਾਂ ਸੱਜਣ ਮਿੱਤਰ ਹਨ, ਜਿਨ੍ਹਾਂ ਨਾਲ ਮੇਲ ਮਿਲਾਪ ਜਾਂ ਫੋਨ ਕਰਨ ਸੁਣਨ ਦੀ ਖੁੱਲ੍ਹ ਲੈਣੀ ਅਤੇ ਦੇਣੀ ਚਾਹੀਦੀ ਹੈ। ਨਹੀਂ ਤਾਂ ਆਪਣੀ ਵੀ ਖੁਸ਼ੀ ਖਰਾਬ ਨਹੀਂ ਕਰਨੀ ਚਾਹੀਦੀ ਤੇ ਦੂਸਰਿਆਂ ਦੀ ਖੁਸ਼ੀ ਦਾ ਵੀ ਖਿਆਲ ਰੱਖਣਾ ਚਾਹੀਦਾ ਹੈ। ਭਗਤ ਰਵਿਦਾਸ ਜੀ ਨੇ ਕਿਹਾ ਹੈ "ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ"।



ਭਗਤ ਜੀ ਰੱਬ ਨੂੰ ਕਹਿ ਰਹੇ ਹਨ ਕਿ ਹੇ ਪ੍ਰਭੂ, ਤੇਰੀਆਂ ਗੱਲਾਂ ਸੁਣਨੀਆਂ ਮਨ ਨੂੰ ਚੰਗੀਆਂ ਲਗਦੀਆਂ ਹਨ, ਇਸ ਲਈ ਮੇਰੇ ਵੱਲ ਪੂਰਨ ਤਵੱਜੋ ਦਿਤੀ ਜਾਵੇ। ਅੱਜ-ਕੱਲ੍ਹ ਤਵੱਜੋ ਦਾ ਜ਼ਮਾਨਾ ਹੈ ਤੇ ਇਹੀ ਅਜੋਕੇ ਯੁੱਗ ਵਿਚ ਸਭ ਤੋਂ ਮਹਿੰਗੀ ਵਿਕਦੀ ਹੈ। ਪਰ ਕਿਸੇ ਨੂੰ ਇਹ ਨਹੀਂ ਪਤਾ ਕਿ ਸਾਡੀ ਤਵੱਜੋ ਦਾ ਮੁੱਲ ਕੋਈ ਹੋਰ ਵੱਟ ਰਿਹਾ ਹੈ। ਅਸੀਂ ਆਪਣੇ ਮਨੋਰੰਜਨ ਲਈ ਟੀਵੀ ਖ਼ਰੀਦਦੇ ਹਾਂ। ਸਾਨੂੰ ਇਹ ਨਹੀਂ ਪਤਾ ਕਿ ਟੀਵੀ ਦੇ ਬਹਾਨੇ ਅਗਲਿਆਂ ਨੇ ਸਾਡੀ ਤਵੱਜੋ ਲੁੱਟ ਲਈ ਹੈ, ਜਿਸਨੂੰ ਅਗਲਿਆਂ ਨੇ ਬੜੇ ਮਹਿੰਗੇ ਭਾਅ ਵੇਚਣਾ ਹੈ। ਅਸੀਂ ਸਮਝਦੇ ਹਾਂ ਟੀਵੀ ਸਾਡਾ ਮਨੋਰੰਜਨ ਕਰ ਰਿਹਾ ਹੈ। ਪਰ ਉਹ ਮਨੋਰੰਜਨ ਦੇ ਬਹਾਨੇ ਸਾਨੂੰ ਮਸ਼ਹੂਰੀਆਂ ਦਿਖਾ ਰਿਹਾ ਹੈ, ਜਿਨ੍ਹਾਂ ਦਾ ਅਣਜਾਣੇ ਹੀ ਸਾਡੇ 'ਤੇ ਏਨਾ ਅਸਰ ਹੁੰਦਾ ਹੈ ਕਿ ਅਸੀਂ ਉਹੀ ਖ਼ਰੀਦਦੇ ਹਾਂ ਜੋ ਸਾਨੂੰ ਟੀ ਵੀ 'ਤੇ ਮਸ਼ਹੂਰੀਆਂ ਵਿਚ ਦਿਖਾਇਆ ਜਾ ਰਿਹਾ ਹੈ।

ਫੋਨ 'ਤੇ ਵੀ ਸਾਕ ਸਬੰਧੀ ਤੇ ਮਿਤਰ ਦੋਸਤ ਸਾਡੀ ਤਵੱਜੋ ਲੁੱਟਦੇ ਹਨ ਤੇ ਆਪਣੀ ਤਵੱਜੋ ਲੁੱਟਣ ਤੋਂ ਬਚਾ ਲੈਂਦੇ ਹਨ। ਮੈਂ ਅਕਸਰ ਦੇਖਿਆ ਹੈ ਕਿ ਜਿਹੜੀ ਗੱਲ ਮਿੱਤਰ ਦੋਸਤ ਨੂੰ ਆਪ ਦੱਸੀ ਹੁੰਦੀ ਹੈ, ਅਗਲੇ ਦਿਨ ਉਸਨੂੰ ਚੇਤਾ ਵੀ ਨਹੀਂ ਹੁੰਦਾ ਕਿ ਉਸਨੂੰ ਕੀ ਦੱਸਿਆ ਸੀ। ਇਸੇ ਤਰ੍ਹਾਂ ਅਸੀਂ ਵੀ ਹਾਂਜੀ ਹਾਂਜੀ ਕਰਦੇ ਰਹਿੰਦੇ ਹਾਂ ਤੇ ਗੱਲ ਕੋਈ ਸੁਣ ਨਹੀਂ ਰਹੇ ਹੁੰਦੇ। ਬਲਕਿ ਸਾਡਾ ਧਿਆਨ ਆਪਣੀ ਗੱਲ ਵਿਚ ਹੀ ਰਹਿੰਦਾ ਹੈ ਕਿ ਅਸੀਂ ਕਿਹੜੀ ਗੱਲ ਕਰਨੀ ਹੈ ਤੇ ਕਿਹੜੀ ਨਹੀਂ ਕਰਨੀ। ਮੇਰਾ ਇਕ ਬੜਾ ਹੀ ਪਿਆਰਾ ਮਿੱਤਰ ਸੀ। ਅਸੀਂ ਰੋਜ਼ ਇਕ ਦੂਜੇ ਨੂੰ ਤਿੰਨ-ਤਿੰਨ ਚਾਰ-ਚਾਰ ਵਾਰੀ ਫੋਨ ਕਰਦੇ ਸਾਂ। ਫਿਰ ਅਚਾਨਕ ਮੈਂ ਨੋਟ ਕੀਤਾ ਕਿ ਜਦ ਮੈਂ ਉਸਨੂੰ ਫੋਨ ਕਰਦਾ ਹਾਂ ਤਾਂ ਉਹ ਅੱਗਿਓਂ ਹਰ ਵਾਰੀ ਏਨੀ ਕਾਣਤ ਨਾਲ 'ਹੈਲੋ' ਕਹਿੰਦਾ ਸੀ ਕਿ ਉਸਦੀ ਕਾਣਤ ਮੈਨੂੰ ਸੁਣ ਜਾਂਦੀ ਸੀ। ਫਿਰ ਮੈਂ ਉਸਨੂੰ ਫੋਨ ਕਰਨਾ ਬੰਦ ਕਰ ਦਿਤਾ ਤੇ ਉਸਦਾ ਫੋਨ ਵੀ ਬੰਦ ਹੋ ਗਿਆ। ਹੁਣ ਅੱਠ ਦਸ ਸਾਲ ਹੋ ਗਏ ਹਨ ਉਸਦਾ ਫੋਨ ਆਏ ਨੂੰ ਤੇ ਮੈਨੂੰ ਫੋਨ ਕੀਤੇ ਨੂੰ। ਉਸਦੀ ਕਾਣਤ ਕਾਰਨ ਰਿਸ਼ਤਾ ਖਤਮ ਹੋ ਗਿਆ। ਮੇਰੇ ਵੀ ਕਈ ਰਿਸ਼ਤੇਦਾਰ ਹਨ ਜੋ ਮੇਰੇ ਕੰਨਾਂ ਵਿਚ ਇਸ ਤਰ੍ਹਾਂ ਨਸੀਹਤਾਂ ਤੁੰਨ੍ਹਣ ਲੱਗ ਪੈਂਦੇ ਹਨ, ਜਿਵੇਂ ਵੇਲਣੇ ਵਿਚ ਗੰਨੇ ਤੁੰਨ੍ਹੀਦੇ ਹਨ। ਕਿਸੇ ਨੂੰ ਇਹ ਨਹੀਂ ਪਤਾ ਹੁੰਦਾ ਕਿ ਹਰ ਕਿਸੇ ਦੀ ਮੱਤ ਦਾ ਵੇਲਣਾ ਹਮੇਸ਼ਾ ਪੁੱਠਾ ਚਲਦਾ ਹੈ ਤੇ ਉਹ ਨਸੀਹਤਾਂ ਦੇ ਗੰਨੇ ਖਿੱਚਦਾ ਹੀ ਨਹੀਂ। ਇਸ ਲਈ ਹੀ ਅਜਿਹੇ ਫੋਨਾਂ ਤੋਂ ਹਰ ਕਿਸੇ ਦਾ ਜੀਅ ਕਾਣਤ ਮੰਨਣ ਲੱਗ ਪੈਂਦਾ ਹੈ ਤੇ ਫਿਰ ਉਸੇ ਤਰ੍ਹਾਂ ਦੀ ਹੈਲੋ ਨਿਕਲਦੀ ਹੈ, ਜਿੱਦਾਂ ਦੀ ਮੇਰੇ ਦੋਸਤ ਦੇ ਮੂੰਹੋਂ ਨਿਕਲਣ ਲੱਗ ਪਈ ਸੀ।

ਪਿੱਛੇ ਜਿਹੇ ਕਿਸੇ ਨੇ ਮੈਨੂੰ ਕਿਸੇ ਦੀ ਬੜੀ ਹੀ ਘਟੀਆ ਲਿਖਤ ਪੜ੍ਹਨ ਨੂੰ ਕਿਹਾ। ਮੈਂ ਪੜ੍ਹ ਤਾਂ ਲਈ ਪਰ ਪੜ੍ਹ ਕੇ ਲੱਗਿਆ ਕਿ ਇਸ ਘਟੀਆ ਲਿਖਤ ਨੇ ਖਾਹ-ਮਖਾਹ ਮੇਰੀ ਤਵੱਜੋ ਲੁੱਟ ਲਈ ਹੈ। ਇਹਦੇ ਨਾਲੋਂ ਤਾਂ ਮੈਂ ਕਿਸੇ ਕੰਧ ਵੱਲ ਦੇਖਦਾ ਰਹਿੰਦਾ ਤਾਂ ਚੰਗਾ ਸੀ। ਮਾੜੀ ਗੱਲ-ਬਾਤ ਨਾਲੋਂ ਤਾਂ ਖ਼ਾਲੀ ਅਸਮਾਨ ਵੱਲ ਦੇਖਣਾ ਜਾਂ ਖੁੱਲ੍ਹੀ ਖਿੜਕੀ ਥਾਣੀ ਬਾਹਰ ਵੱਲ ਦੇਖਣਾ ਕਿਤੇ ਚੰਗਾ ਹੁੰਦਾ ਹੈ।

ਹੋਸਟਲ ਦੇ ਦਿਨਾਂ ਵਿਚ ਮੈਂ ਕਮਰੇ ਵਿਚ ਬੈਠਾ ਪੜ੍ਹ ਰਿਹਾ ਸੀ। ਮੇਰਾ ਇੱਕ ਡੇ ਸਕੌਲਰ ਦੋਸਤ ਮੈਨੂੰ ਮਿਲਣ ਆਇਆ ਹੋਵੇਗਾ ਤੇ ਹੋਸਟਲ ਦੇ ਬਾਹਰ ਹੀ ਉਹਨੂੰ ਮੇਰੇ ਉਸਤਾਦ ਦੋਸਤ ਪ੍ਰੋ. ਹਰਪਾਲ ਸਿੰਘ ਮਿਲ ਪਏ। ਉਹਨੇ ਪ੍ਰੋ. ਸਾਹਿਬ ਨੂੰ ਮੇਰੇ ਬਾਰੇ ਪੁੱਛਿਆ ਤਾਂ ਉਹ ਕਹਿਣ ਲੱਗੇ ਕਿ ਉਸਨੂੰ ਮੇਰੇ ਨਾਲ ਕੋਈ ਕੰਮ ਹੈ ਜਾਂ ਸਿਰਫ ਮਿਲਣ ਦੀ ਲ਼ਲਕ ਹੀ ਹੈ। ਉਹ ਦੋਸਤ ਕਹਿਣ ਲੱਗਾ ਜੀ ਬਸ ਲ਼ਲਕ ਹੀ ਸੀ। ਇਹ ਕਹਿ ਕੇ ਉਹ ਮੈਨੂੰ ਬਿਨਾ ਮਿਲੇ ਹੀ ਤੁਰ ਗਿਆ। ਮੈਂ ਸਮਝਦਾ ਹਾਂ ਕਿ ਬੇਸ਼ਕ ਲ਼ਲਕ ਕੰਮ ਤੋਂ ਵੀ ਜ਼ਰੂਰੀ ਹੋ ਸਕਦੀ ਹੈ, ਪਰ ਫਿਰ ਵੀ ਆਪਣੀ ਲ਼ਲਕ ਲਈ ਅਗਲੇ ਦਾ ਵੀ ਖਿਆਲ ਰੱਖਣਾ ਜ਼ਰੂਰੀ ਹੈ ਕਿ ਅਗੇ ਵੀ ਲ਼ਲਕ ਹੈ ਕਿ ਨਹੀਂ।

ਆਓ ਸੂਝ-ਬੂਝ ਤੋਂ ਕੰਮ ਲਈਏ। ਉਸੇ ਨੂੰ ਮਿਲੀਏ-ਗਿਲੀਏ ਜਿਹੜਾ ਮਿਲਣਾ ਚਾਹੁੰਦਾ ਹੈ ਤੇ ਜਿਹਨੂੰ ਮਿਲਣ ਨੂੰ ਜੀਅ ਕਰਦਾ ਹੈ। ਉਸੇ ਨੂੰ ਫੋਨ ਕਰੀਏ ਜਿਹੜਾ ਸੁਣਨਾ ਚਾਹੁੰਦਾ ਹੈ ਤੇ ਜਿਹਨੂੰ ਫੋਨ ਕਰਨ ਨੂੰ ਜੀਅ ਵੀ ਕਰਦਾ ਹੋਵੇ। ਇਸਦੇ ਉਲਟ ਵਾਲਾ ਮੇਲਾ-ਗੇਲਾ ਤੇ ਫੋਨ-ਸ਼ੋਨ ਘਟਾਉਣ ਦੀ ਕੋਸ਼ਿਸ਼ ਕਰੀਏ। ਆਪ ਵੀ ਖੁਸ਼ ਰਹੀਏ ਤੇ ਅਗਲੇ ਨੂੰ ਵੀ ਖੁਸ਼ ਰਹਿਣ ਦੇਈਦੇ। ਆਪਣੀ ਤਵੱਜੋ ਆਪਣੇ ਹਿਸਾਬ ਨਾਲ ਖਰਚ ਕਰੀਏ।

# ਕੈਦੀ ਦੀ ਕਲਮ ਅਤੇ ਸੋਚ -2

**ਗੁਰਕੀਰਤ ਸਿੰਘ ਕੈਂਥ**
**ਕੈਦੀ ਨੰਬਰ 402055**

ਅਸੀਂ ਅੱਜ ਵੀ ਗੁਲਾਮ, ਸਾਡੀ ਆਜ਼ਾਦੀ, ਹਿੰਦੁਸਤਾਨ ਦੀ ਆਜ਼ਾਦੀ ਲਈ ਸੰਘਰਸ਼ ਕਰਨ ਵਾਲੀ ਕੌਮ ਅੱਜ ਵੀ ਗੁਲਾਮ ਹੈ। ਗੁਲਾਮੀ ਸਿਰਫ਼ ਸਰੀਰਕ ਨਹੀਂ ਹੁੰਦੀ ਆਰਥਿਕ ਹੱਕਾਂ ਦਾ ਨਾ ਮਿਲਣਾ ਵੀ ਗੁਲਾਮੀ ਹੀ ਹੈ। 1947 ਤੋਂ ਹੁਣ 2024 ਤੱਕ ਕੋਈ ਐਸਾ ਪਲ ਨਹੀਂ ਆਇਆ ਜਦੋਂ ਪੰਜਾਬ ਦੀ ਧਰਤੀ ਨੇ ਸੁਖ ਦਾ ਸਾਹ ਲਿਆ ਹੋਵੇ। ਪਹਿਲਾਂ 1947 ਦੀ ਦੇਸ਼ ਵੰਡ ਤੇ ਫੇਰ 1984 ਦਾ ਕਤਲੇਆਮ ਤੇ ਸਿੱਖਾਂ ਦੀ ਨਸਲਕੁਸ਼ੀ। ਫਿਰ ਚਿੱਟੇ ਦਾ ਜ਼ੋਰ ਫੜਨਾ ਤੇ ਹੁਣ ਸਾਡੀਆਂ ਜ਼ਮੀਨਾਂ ਹੜੱਪਣਾ, ਸਕੂਲੀ ਸਿੱਖਿਆ 'ਤੇ ਡਾਕਾ ਅਤੇ ਐਨ ਐਸ ਏ ਵਰਗੇ ਕਾਨੂੰਨ ਪੰਜਾਬੀਆਂ 'ਤੇ ਲਾਗੂ ਹੋਣਾ।

ਮੈਂ ਦੁਨੀਆਂ ਵਿਚ ਰਹਿੰਦੇ ਪੰਜਾਬੀਆਂ ਨੂੰ ਅਪੀਲ ਕਰਦਾਂ ਕਿ ਉਹ ਆਪਣੇ ਵਿਅਸਤ ਜੀਵਨ ਵਿਚੋਂ ਸਮਾਂ ਕੱਢ ਕੇ ਸੋਚਣ ਕਿ ਕੀ ਉਹ ਆਜ਼ਾਦ ਹਨ ਜਾਂ ਅਜੇ ਵੀ ਗੁਲਾਮ ਹੀ ਹਨ। ਮੈਨੂੰ ਤੇ ਇੰਜ ਮਹਿਸੂਸ ਹੁੰਦਾ ਹੈ ਕਿ ਗੋਰੇ ਅੰਗਰੇਜ਼ਾਂ ਤੋਂ ਬਾਅਦ ਹੁਣ ਅਸੀਂ 'ਕਾਲੇ ਅੰਗਰੇਜ਼ਾ' ਦੇ ਗੁਲਾਮ ਬਣ ਗਏ ਹਾਂ। ਸਾਨੂੰ ਖਾੜਕੂ ਕਰਾਰ ਦੇ ਕੇ, ਸਾਡੇ ਨੌਜਵਾਨਾਂ ਨੂੰ ਮਾਨਸਿਕ ਤੌਰ 'ਤੇ ਗੁਮਰਾਹ ਕਰ ਕੇ ਨਸ਼ਿਆਂ ਦੇ ਲੜ ਲਾਉਣ ਤੇ ਉਨ੍ਹਾਂ ਦੀ ਸੋਚ ਨੂੰ ਗੁਲਾਮ ਕਰਨ ਦੀ ਲਗਾਤਾਰ ਕੋਸ਼ਿਸ਼ ਆਜ਼ਾਦੀ ਤੋਂ ਬਾਅਦ ਵੀ ਹੋ ਰਹੀ ਹੈ।

ਮੈਂ 6 ਫੁੱਟ ਚੌੜੇ ਅਤੇ 8-9 ਫੁੱਟ ਲੰਮੇ ਕਮਰੇ, ਜਿਸ ਨੂੰ ਕੈਦੀ ਸਲੈਂਗ ਅਤੇ ਜੇਲ੍ਹਾਂ ਦੀ ਆਫੀਸ਼ੀਅਲ ਭਾਸ਼ਾ ਵਿਚ ਸੈੱਲ ਕਿਹਾ ਜਾਂਦਾ ਹੈ, ਵਿਚ ਰੋਜ਼ਾਨਾ 23 ਘੰਟੇ ਬੰਦ ਰਹਿੰਦਾ ਹਾਂ ਪਰ ਮੇਰੀ ਸੋਚ ਤੇ ਦਿਲ ਨੂੰ ਕੋਈ ਵੀ ਤਾਕਤ ਗੁਲਾਮ ਨਹੀਂ ਕਰ ਸਕਦੀ ਕਿਉਂਕਿ ਮੇਰੀ ਉਂਗਲ ਮੇਰੇ ਸਤਿਗੁਰਾਂ ਨੇ ਫੜੀ ਹੋਈ ਹੈ। ਅੱਜ ਅਸੀਂ ਪੰਜਾਬ ਛੱਡ ਕੇ ਅਮਰੀਕਾ, ਕੈਨੇਡਾ ਤੇ ਹੋਰਨਾਂ ਬਾਹਰਲੇ ਮੁਲਕਾਂ ਵਿਚ ਆਜ਼ਾਦੀ ਦੀ ਹਵਾ ਮਹਿਸੂਸ ਕਰ ਰਹੇ ਹਾਂ। ਪਰ ਫਿਰ ਵੀ ਕਈ ਵਾਰ ਸਾਰਾ ਕੁਝ ਛੱਡ ਕੇ,ਵੇਚ ਵੱਟ ਕੇ ਰੂਹ ਪੰਜਾਬ ਪਰਤਣ ਨੂੰ ਕਰਦੀ ਹੈ। ਇਕ ਸਮਾਂ ਸੀ ਮੈਂ ਸਿਆਟਲ ਕੈਂਟ ਦੇ ਸ਼ਹਿਰ ਆਪਣੀ ਮਾਂ ਦੇ ਘਰ ਗਿਆ ਸਾਂ ਤੇ ਉਸ ਨੇ ਭਿੰਡੀਆਂ ਦੀ ਸਬਜ਼ੀ ਬਣਾਈ ਹੋਈ ਸੀ। ਮੈਂ ਰੋਟੀ ਨੂੰ ਲੱਤ ਮਾਰ ਕੇ ਆਪਣੀ ਪਿਸਤੌਲ ਚੁੱਕ ਕੇ ਮਾਂ ਨੂੰ 10 ਮਿੰਟ 'ਚ ਆਉਣ ਦਾ ਲਾਰਾ ਲਾ ਕੇ ਗਿਆ ਪਰ ਮੁੜ ਘਰ ਨਾ ਪਰਤ ਸਕਿਆ ਤੇ ਅੱਜ ਗੁਲਾਮੀ ਦੀ ਸਜ਼ਾ ਭੁਗਤ ਰਿਹਾ ਹਾਂ।

ਅਸੀਂ ਬਾਹਰ ਵੱਸ ਗਏ ਹਾਂ ਇੱਥੇ ਰੋਟੀ ਰੱਜ ਕੇ ਖਾਂਦਿਆਂ ਨੂੰ ਸਾਨੂੰ ਕਦੇ ਪੰਜਾਬ ਦੇ ਪਿੰਡਾਂ ਦੇ ਗਰੀਬਾਂ ਜਾਂ ਮਜ਼ਦੂਰਾਂ ਦਾ ਖ਼ਿਆਲ ਵੀ ਨਹੀਂ ਆਉਂਦਾ।

ਮੈਂ ਜਦ ਵੀ ਪੰਜਾਬ ਟਾਈਮਜ਼ ਵਿਚ ਪੰਜਾਬ ਦੇ ਮੌਜੂਦਾ ਹਾਲਾਤ ਬਾਰੇ ਪੜ੍ਹਦਾ ਹਾਂ ਤਾਂ ਮੇਰਾ ਮਨ ਭਰ ਆਉਂਦਾ ਹੈ ਤੇ ਮੈਨੂੰ ਮਹਿਸੂਸ ਹੁੰਦਾ ਹੈ ਕਿ ਅਸੀਂ ਅੱਜ ਵੀ ਗੁਲਾਮ ਹੀ ਹਾਂ। ਮੈਨੂੰ ਲੱਗਦਾ ਹੈ ਕਿ ਸਾਨੂੰ ਇਨ੍ਹਾਂ ਮੁਲਕਾਂ ਵਿਚ ਰਹਿੰਦੀ ਨਵੀਂ ਪੀੜ੍ਹੀ ਨੂੰ ਆਪਣੇ ਸੱਭਿਆਚਾਰ ਅਤੇ ਵਿਰਸੇ ਨਾਲ ਜੋੜ ਕੇ ਰੱਖਣਾ ਪੈਣਾ ਹੈ ਨਹੀਂ ਤਾਂ ਇਹ ਵੀ ਇੱਥੋਂ ਦੇ ਰੀਤੀ-ਰਿਵਾਜਾਂ ਦੀ ਗੁਲਾਮ ਹੋ ਜਾਵੇਗੀ। ਪੰਜਾਬ ਨੂੰ ਨਸ਼ਿਆਂ ਦੀ ਦਲਦਲ ਵਿਚੋਂ ਕੱਢਣ ਲਈ ਖੇਡਾਂ 'ਤੇ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ। ਹਰੇਕ ਪਿੰਡ ਵਿਚ ਖੇਡ ਸਟੇਡੀਅਮ ਬਣਾਏ ਜਾਣੇ ਚਾਹੀਦੇ ਹਨ ਤਾਂ ਜੋ ਨੌਜਵਾਨ ਨਸ਼ਿਆਂ ਦੀ ਗੁਲਾਮੀ ਦੀਆਂ ਜੜ੍ਹਾਂ ਵੱਢ ਸਕਣ। ਮੈਨੂੰ ਜੇਲ੍ਹ ਵਿਚ ਇਕ ਮੁਸਲਿਮ ਭਰਾ ਨੇ ਬਾਕਸਿੰਗ ਸਿਖਾਈ ਸੀ। ਮੈਨੂੰ ਯਾਦ ਹੈ ਕਿ ਜਦ ਮੈਂ ਪਹਿਲੀ ਵਾਰ ਦੋ ਗੈਂਗ ਮੈਂਬਰਾਂ ਕੋਲੋਂ ਬਾਕਸਿੰਗ ਵਿਚ ਜਿੱਤ ਹਾਸਲ ਕੀਤੀ ਸੀ ਤਾਂ ਜੋ ਮੈਨੂੰ ਖੁਸ਼ੀ ਮਹਿਸੂਸ ਹੋਈ ਸੀ ਉਹ ਸ਼ਬਦਾਂ ਵਿਚ ਬਿਆਨ ਨਹੀਂ ਕੀਤੀ ਜਾ ਸਕਦੀ।

ਇਸ ਤਰ੍ਹਾਂ ਖੇਡਾਂ ਨਾਲ ਜਿੱਥੇ ਨੌਜਵਾਨਾਂ ਵਿਚ ਡਿਸਿਪਲਿਨ ਪੈਦਾ ਹੁੰਦਾ ਹੈ ਉਥੇ ਹੀ ਉਹ ਪੈਸਾ ਤੇ ਨਾਮਣਾ ਵੀ ਖੱਟ ਸਕਦੇ ਹਨ। ਮੈਨੂੰ ਵੀ ਛੋਟੇ ਹੁੰਦਿਆਂ ਹੀ ਨਸ਼ਿਆਂ ਨੇ ਜਕੜ ਲਿਆ ਸੀ। ਜਦੋਂ ਮੈਂ 11 ਸਾਲਾਂ ਦਾ ਸੀ ਤਾਂ ਆਪਣੀ ਨਾਨੀ ਦੀ ਮੌਤ ਦਾ ਗ਼ਮ ਸਹਾਰ ਨਾ ਸਕਿਆ। ਮੈਂ ਕੇਸਧਾਰੀ ਸੀ ਤੇ ਪਟਕਾ ਬੰਨ੍ਹਦਾ ਸੀ ਪਰ ਮੈਂ ਤੰਬਾਕੂ ਤੇ ਚਿੱਟੇ ਦੀ ਵਰਤੋਂ ਕਰਨ ਲੱਗ ਪਿਆ ਅਤੇ ਕੇਸ ਵੀ ਕਟਵਾ ਦਿੱਤੇ। ਮੈਂ ਸਕੂਲ ਦੀ ਬਾਸਕਟਬਾਲ ਟੀਮ ਦਾ ਕੈਪਟਨ ਸੀ ਉਸ ਸਮੇਂ ਪਰ ਜਦ ਕੋਚ ਨੂੰ ਨਸ਼ਿਆਂ ਬਾਰੇ ਪਤਾ ਲੱਗਾ ਤਾਂ ਮੇਰੀ ਕਪਤਾਨੀ ਵੀ ਖੁੱਸ ਗਈ। ਫਿਰ ਮੈਂ ਥੋੜ੍ਹੇ ਸਮੇਂ ਲਈ ਨਸ਼ਾ ਛੱਡ ਕੇ ਆਪਣੇ ਸਰੀਰ ਵੱਲ ਧਿਆਨ ਦਿੱਤਾ। ਨਸ਼ੇ ਛੱਡਣ ਲਈ ਸਰੀਰਕ ਕਸਰਤ, ਖੇਡਾਂ ਜ਼ਰੂਰੀ ਹਨ। ਮੈਂ ਪੰਜਾਬੀ ਭਾਈਚਾਏ ਨੂੰ ਅਪੀਲ ਕਰਦਾ ਹਾਂ ਕਿ ਉਹ ਨੌਜਵਾਲ ਪੀੜ੍ਹੀ ਨੂੰ ਆਰਥਿਕ, ਸਰੀਰਕ ਤੇ ਨਸ਼ਿਆਂ ਰੂਪੀ ਗੁਲਾਮੀ ਤੋਂ ਨਿਜਾਤ ਦਿਵਾਉਣ ਲਈ ਅੱਗੇ ਆਉਣ ਤੇ ਆਪਣੇ ਹੱਕਾਂ ਲਈ ਸੰਘਰਸ਼ ਕਰਨ।

## ਅਧੂਰੀਆਂ ਸਤਰਾਂ...

ਵਿਦੇਸ਼
ਵਿਚ ਜਨਮੀ ਤੇ
ਪਲੀ ਬੇਟੀ ਨੇ
ਅਚਾਨਕ ਆ ਕੇ ਦੱਸਿਆ..

ਡੈਡ,
ਕੱਲ੍ਹ ਮੈਂ ਮੌਮ ਨਾਲ
ਗੁਰਦਵਾਰੇ ਗਈ ਸੀ
ਲੋਹੜੀ ਦਾ ਮੇਲਾ ਦੇਖਣ..

ਉੱਥੇ ਲੋਕ
'ਨਿੱਕੇ ਬੇਬੀਆਂ' ਨੂੰ ਲੈ ਕੇ ਆਏ ਹੋਏ ਸੀ
ਪੀ-ਨੱਟ ਤੇ ਸਵੀਟਾਂ ਵੰਡਦੇ ਸੀ..

ਅੰਦਰ
ਬਾਬਾ ਜੀ ਤੇ
ਬਾਹਰ ਲੋਕ ਵੀ ਕਹਿੰਦੇ ਸੀ
ਲੋਹੜੀ 'ਮੁੰਡੇ ਬੇਬੀਆਂ' ਦੀ ਹੁੰਦੀ ਆ..

'ਆਪਾਂ'
ਮੇਰੇ ਭਰਾ ਦੀ
ਲੋਹੜੀ ਵੀ ਐਥੇ ਈ ਪਾਈ ਸੀ?
ਦੱਸਿਆ.. ਹਾਂ ਐਥੇ ਹੀ ਪਾਈ ਸੀ..

'ਆਪਾਂ'
ਪੀ-ਨੱਟ ਤੇ
ਸਵੀਟਾਂ ਵੀ ਵੰਡੀਆਂ ਸੀ?
ਦੱਸਿਆ.. ਹਾਂ.. ਵੰਡੇ ਤਾਂ ਸਨ..

'ਆਪਾਂ'
ਮੇਰੀ ਲੋਹੜੀ
ਕਦੋਂ ਕਿੱਥੇ ਪਾਈ ਸੀ?
ਦੱਸਿਆ.. ਉਹ.. ਤਾਂ.. ਨਹੀਂ ਪਾਈ ਸੀ..

'ਆਪਾਂ'
ਸਵੀਟਾਂ
ਕਿਹੜੀਆਂ ਵੰਡੀਆਂ ਸੀ?
ਦੱਸਿਆ.. ਕੋਈ ਵੀ.. ਨਹੀਂ ਵੰਡੀਆਂ ਸਨ..

ਡੈਡ,
ਇਹ ਤਾਂ ਫੇਅਰ ਨਹੀਂ!
ਇਹ ਕੁਰੈਕਟ ਵੀ ਨਹੀਂ!
ਕਿਹਾ.. ਹਾਂ ਸੱਚ ਹੀ.. ਇਹ ਫੇਅਰ ਨਹੀਂ..

ਇੱਕ
ਸਧਾਰਨ ਪਰ
ਲਾਜਵਾਬ ਤੇ ਬੇਮਿਸਾਲ ਸਵਾਲ (?)..

ਸੱਚ ਹੀ..
ਮੇਰੇ ਖੋਖ਼ਲੇ ਜਿਹੇ ਮਨ ਨੂੰ
ਹੋਰ ਖੋਖ਼ਲਾ ਕਰ ਗਿਆ..

ਸੱਚ ਹੀ
ਮੇਰਾ ਅਗਾਂਹ ਵਧੂ ਹੋਣ
ਦਾ ਫੋਕਾ ਵਹਿਮ-ਭਰਮ ਤੋੜ ਗਿਆ..

ਸੱਚ ਹੀ
ਪੜ੍ਹੇ ਲਿਖੇ ਨੂੰ
ਅਨਪੜ੍ਹ ਤੇ ਬੇਅਕਲ ਕਰ ਗਿਆ..
ਸੱਚ ਹੀ
ਕੁੜੀਆਂ ਨੂੰ ਬਸ
ਚਿੜੀਆਂ ਜਿਹੀਆਂ ਬਣਾ ਗਿਆ..

ਸੱਚ ਹੀ
ਇੱਕ ਸਧਾਰਨ
ਲਾਜਵਾਬ ਬੇਮਿਸਾਲ ਸਵਾਲ
ਮੈਨੂੰ ਬੇਜਵਾਬ ਤੇ ਬੇਜ਼ੁਬਾਨ ਵੀ ਕਰ ਗਿਆ..

***-ਕੁਲਵਿੰਦ ਬਾਠ, ਕੈਲੀਫੋਰਨੀਆ***

# ਡੇਰਿਆਂ ਤੇ ਬਾਬਿਆਂ ਦਾ ਇੱਕੋ-ਇੱਕ ਹੱਲ ਸਿੱਖਿਆ ਹੈ

ਮੈਂ 1971 ਵਿਚ ਪੁਲਿਸ ਸੇਵਾ ਵਿਚ ਭਰਤੀ ਹੋ ਕੇ ਐੱਸ.ਐੱਸ.ਪੀ. ਕਪੂਰਥਲਾ ਲੱਗਿਆ ਸਾਂ। ਕਿਸੇ ਹਫ਼ਤੇ ਦੇ ਅਖ਼ੀਰਲੇ ਦਿਨੀਂ ਆਪਣੇ ਪਿੰਡ ਗਿਆ ਹੋਇਆ ਸੀ ਅਤੇ ਮੈਨੂੰ ਆਸ ਸੀ ਕਿ ਸਵੇਰੇ ਆਰਾਮ ਨਾਲ ਉਠਾਂਗਾ ਤੇ ਫ਼ੁਰਸਤ ਨਾਲ ਦਿਨ ਬਿਤਾਵਾਂਗਾ ਪਰ ਸਾਡੇ ਪੁਰਾਣੇ ਸੀਰੀ ਨੇ ਮੈਨੂੰ ਸੁਵਖਤੇ ਹੀ ਜਗਾ ਦਿੱਤਾ ਤੇ ਦੱਸਿਆ ਕਿ ਲਾਗਲੇ ਪਿੰਡ ਪੁੱਛਾਂ ਦੇਣ ਦਾ ਕੰਮ ਕਰਨ ਵਾਲਾ ਜੀਤੂ ਜੱਟ ਮਿਲਣ ਆਇਆ ਹੈ। ਮੈਨੂੰ ਯਾਦ ਆਇਆ ਕਿ ਜੀਤੂ ਐਵੇਂ ਪੁੱਛਾਂ ਦੇਣ ਵਾਲਾ ਬੰਦਾ ਸੀ ਜੋ ਲੋਕਾਂ ਦੇ ਚੋਰੀ ਹੋਏ ਜਾਂ ਗੁਆਚੇ ਪਸ਼ੂ ਲੱਭਣ ਬਾਬਤ ਪੁੱਛਾਂ ਦਿਆ ਕਰਦਾ ਸੀ। ਘਾਬਰੇ ਹੋਏ ਜੀਤੂ ਨੇ ਮੈਨੂੰ ਦੱਸਿਆ ਕਿ ਉਸ ਦੀ ਹਵੇਲੀ 'ਚੋਂ ਬਲਦਾਂ ਦੀ ਜੋੜੀ ਚੋਰੀ ਹੋ ਗਈ ਹੈ। ਮੈਂ

ਗੁਰਬਚਨ ਜਗਤ

ਉਸ ਨੂੰ ਕਿਹਾ ਕਿ ਉਹ ਪੁਲਿਸ ਕੋਲ ਰਿਪੋਰਟ ਦਰਜ ਕਰਵਾਏ ਪਰ ਉਸ ਨੇ ਝਿਜਕਦੇ ਹੋਏ ਜਵਾਬ ਦਿੱਤਾ ਕਿ ਜੇ ਇਸ ਮਾਮਲੇ ਵਿਚ ਉਸ ਨੇ ਪੁਲਿਸ ਦੀ ਮਦਦ ਲਈ ਤਾਂ ਉਸ ਦਾ ਪੁੱਛਾਂ ਦੇਣ ਦਾ ਕਾਰੋਬਾਰ ਚੌਪਟ ਹੋ ਜਾਏਗਾ।

ਖ਼ੈਰ, ਉਸ ਦੇ ਬਲਦ ਲੱਭ ਗਏ ਅਤੇ ਇਸ ਦੇ ਨਾਲ ਹੀ ਉਸ ਦੀ 'ਭੱਲ' ਵੀ ਬਣੀ ਰਹਿ ਗਈ। ਆਮ ਧਾਰਨਾ ਇਹੀ ਹੈ ਕਿ ਪੁੱਛਾਂ ਦੇਣ ਦਾ ਇਹ ਕਸਬ ਗ਼ਰੀਬ-ਗੁਰਬੇ ਅਤੇ ਅਨਪੜ੍ਹ ਲੋਕਾਂ ਤੱਕ ਹੀ ਸੀਮਤ ਹੈ ਪਰ ਮੈਂ ਤੁਹਾਡਾ ਇਹ ਭੁਲੇਖਾ ਦੂਰ ਕਰਨਾ ਚਾਹੁੰਦਾ ਹਾਂ। ਪੁਲਿਸ ਦੀ ਨੌਕਰੀ ਵਿਚ ਬਿਤਾਏ ਬਹੁਤ ਸਾਰੇ ਸਾਲਾਂ ਦੇ ਬਹੁਤ ਸਾਰੇ ਕਿੱਸੇ ਹਨ ਪਰ ਮੈਂ ਸਿੱਧਾ ਮੁੱਦੇ 'ਤੇ ਆਉਂਦਾ ਹਾਂ। ਇਹ ਅਜਿਹੀ ਕਹਾਣੀ ਹੈ ਕਿ ਕਿਵੇਂ ਸਾਡੇ ਦੇਸ਼ ਦੇ ਤਰ੍ਹਾਂ-ਤਰ੍ਹਾਂ ਦੇ ਪਾਧੇ, ਓਝੇ, ਬਾਬੇ ਛੋਟੇ-ਮੋਟੇ ਜੁਗਾੜ ਭਿੜਾਉਂਦੇ-ਭਿੜਾਉਂਦੇ ਵੱਡੇ ਪੱਧਰ 'ਤੇ ਸੱਤਾ ਦੇ ਲੀਵਰਾਂ ਨੂੰ ਕੰਟਰੋਲ ਕਰਨ ਲੱਗ ਪੈਂਦੇ ਹਨ।

ਇਸ ਸਦੀ ਦੇ ਸ਼ੁਰੂ ਵਿਚ ਮੈਂ ਦੇਸ਼ ਦੇ ਇਕ ਪ੍ਰਮੁੱਖ ਬਲ ਦੇ ਮੁਖੀ ਵਜੋਂ ਦਿੱਲੀ ਵਿਚ ਤਾਇਨਾਤ ਸੀ। ਕੁਝ ਦਿਨਾਂ ਬਾਅਦ ਸੇਵਾਮੁਕਤ ਸੀਨੀਅਰ ਅਫਸਰ ਆਇਆ ਅਤੇ ਮੈਨੂੰ ਹਾਕਮਾਨਾ ਲਹਿਜੇ ਵਿਚ ਇੱਕ ਮਸ਼ਹੂਰ ਬਾਬੇ ਕੋਲ ਚੱਲਣ ਲਈ ਕਹਿਣ ਲੱਗਿਆ। ਮੈਂ ਉਨ੍ਹਾਂ ਨੂੰ ਦੱਸਿਆ ਕਿ ਮੈਂ ਉਸ ਬਾਬੇ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ, ਇਸ ਲਈ ਉਨ੍ਹਾਂ ਦੇ ਨਾਲ ਨਹੀਂ ਜਾਵਾਂਗਾ। ਕਿਸੇ ਨੇ ਉਸ ਨੂੰ ਤਹਿਸੀਲ ਪੱਧਰ 'ਤੇ ਛੋਟੇ ਮੋਟੇ ਝੂਠ ਬੋਲ ਕੇ ਸਾਧਾਰਨ ਲੋਕਾਂ ਨੂੰ ਭਰਮਾਉਂਦੇ ਹੋਏ ਅਤੇ ਫਿਰ ਜ਼ਿਲ੍ਹਾ ਤੇ ਸੂਬਾਈ ਰਾਜਧਾਨੀ ਤੱਕ 'ਤਰੱਕੀ' ਕਰਦਿਆਂ ਦੇਖਿਆ ਸੀ। ਬਹੁਤੇ ਮੁਕਾਮੀ ਲੋਕ ਉਸ ਬਾਰੇ ਚੰਗੀ ਤਰ੍ਹਾਂ ਜਾਣਦੇ ਸੀ ਅਤੇ ਉਨ੍ਹਾਂ ਉਸ ਦੀ 'ਛੇੜ' ਵੀ ਪਾਈ ਹੋਈ ਸੀ। ਜਦੋਂ ਉਹ ਬਾਬਾ ਦਿੱਲੀ ਆ ਗਿਆ ਤਾਂ ਇਹ ਉਸ ਦਾ ਮਾਸਟਰ ਸਟਰੋਕ ਸੀ ਅਤੇ ਉਸ ਦੀ 'ਪ੍ਰਸਿੱਧੀ' ਫੈਲਣ ਕਰ ਕੇ ਉਸ ਦੇ ਹੱਥ ਸੋਨੇ ਦੀ ਖਾਣ ਲੱਗ ਗਈ ਸੀ।



ਮੇਰੀ ਕੋਰੀ ਨਾਂਹ ਤੋਂ ਮੇਰਾ ਸਾਬਕਾ ਬੌਸ ਦੰਗ ਰਹਿ ਗਿਆ ਅਤੇ ਮੈਨੂੰ ਇਹ ਕਹਿ ਕੇ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕੀਤੀ ਕਿ ਬਾਬੇ ਨੇ ਮੈਨੂੰ ਖ਼ਾਸ ਤੌਰ 'ਤੇ ਯਾਦ ਕੀਤਾ ਸੀ। ਮੈਂ ਆਪਣੀ ਗੱਲ 'ਤੇ ਅੜਿਆ ਰਿਹਾ ਪਰ ਬਾਬੇ ਦੇ ਸਤਿਸੰਗਾਂ ਦਾ ਬਿਰਤਾਂਤ ਦੇਣਾ ਚਾਹੁੰਦਾ ਹਾਂ। ਸਾਡੀਆਂ ਏਜੰਸੀਆਂ ਇਨ੍ਹਾਂ ਬਾਬਤ ਬਾਖ਼ਬਰ ਕਰਦੀਆਂ ਰਹਿੰਦੀਆਂ ਹਨ। ਇਨ੍ਹਾਂ ਦੇ ਸਤਿਸੰਗਾਂ ਵਿਚ ਭਾਰਤ ਸਰਕਾਰ ਦੇ ਸੈਕਟਰੀਆਂ ਤੋਂ ਲੈ ਕੇ ਉਨ੍ਹਾਂ ਦੀਆਂ ਪਤਨੀਆਂ, ਕੇਂਦਰੀ ਮੰਤਰੀ ਅਤੇ ਹੋਰ ਆਹਲਾ ਦਰਜਾ ਅਫਸਰ 'ਹਾਜ਼ਰੀ' ਭਰਦੇ ਹਨ। ਭਲਾ, ਉਹ ਉਥੇ ਕੀ ਕਰਦੇ ਹੋਣਗੇ? ਇਨ੍ਹਾਂ 'ਚੋਂ ਕੁਝ ਨੱਕਚੜ੍ਹੀਆਂ 'ਮੇਮਸਾਬ੍ਹਣਾਂ' ਬਾਬੇ ਦੇ ਪੈਰ ਘੁੱਟਦੀਆਂ ਅਤੇ ਕੁਝ ਹੋਰ ਉਸ ਦੇ ਸਿਰ 'ਝੱਸਦੀਆਂ' ਰਹਿੰਦੀਆਂ ਸਨ।

ਜਦੋਂ ਕੋਈ ਅੰਤਰ ਧਿਆਨ ਵੇਲੇ ਹੀ ਰਤਾ ਕੁ ਅੱਖਾਂ ਖੋਲ੍ਹ ਕੇ ਦੇਖਦਾ ਹੈ ਤਾਂ ਉਸ ਨੂੰ ਆਪਣੇ ਆਸੇ-ਪਾਸੇ ਚੱਲ ਰਹੇ ਵਰਤਾਰੇ ਦਾ ਚਾਨਣ ਹੋ ਜਾਂਦਾ ਹੈ।

ਇਹ ਤਾਂਤਰਿਕ/ਬਾਬੇ ਰਾਸ਼ਟਰੀ ਪੱਧਰ 'ਤੇ ਆਰਥਿਕ ਤੇ ਸਿਆਸੀ ਨੀਤੀ ਨਿਰਮਾਣ 'ਤੇ ਪ੍ਰਭਾਵ ਪਾਉਂਦੇ ਹਨ। ਦਿੱਲੀ ਦੇ ਇਸ ਉਸਤਾਦ ਨਾਲੋਂ ਉਚੇਰੇ ਪੱਧਰ ਦੇ ਵੀ ਕੁਝ ਤਾਂਤਰਿਕ ਬਾਬੇ ਕੰਮ ਕਰਦੇ ਸਨ ਜਿਨ੍ਹਾਂ ਦੀਆਂ ਮੁੰਦਰੀਆਂ ਨਾਲ ਜੜੀਆਂ ਉਂਗਲਾਂ 'ਤੇ ਲੋਕ ਨੱਚਦੇ ਸਨ। ਪੁਰਾਣੇ ਸਮਿਆਂ ਵਿਚ ਧੀਰੇਂਦਰ ਬ੍ਰਹਮਚਾਰੀ, ਮਹਾਰਿਸ਼ੀ ਮਹੇਸ਼ ਯੋਗੀ ਅਤੇ ਚੰਦਰਾਸਵਾਮੀ ਜਿਹੇ ਕੁਝ ਕੁ ਨਾਂ ਸੁੱਤੇ ਸਿਧ ਦਿਮਾਗ ਵਿਚ ਆ ਜਾਂਦੇ ਹਨ ਪਰ ਅੱਜ ਕੱਲ੍ਹ ਇਸ ਧਰਾਤਲ 'ਤੇ ਬਹੁਤ ਰੰਗਾਂ ਦੇ ਡੇਰੇ ਅਤੇ ਬਾਬੇ ਵਿਚਰ ਰਹੇ ਹਨ। ਕੁਝ ਪਿੰਡ ਪੱਧਰ ਦੇ ਬਾਬੇ ਹੁੰਦੇ ਹਨ; ਕਈ ਸ਼ਹਿਰ, ਸੂਬੇ, ਖੇਤਰੀ ਅਤੇ ਰਾਸ਼ਟਰੀ ਪੱਧਰ ਦੇ ਬਾਬੇ ਵੀ ਹੁੰਦੇ ਹਨ। ਇਨ੍ਹਾਂ 'ਚੋਂ ਜ਼ਿਆਦਾਤਰ ਅਰਧ ਚਮਤਕਾਰੀ, ਅਰਧ ਸਿਆਸੀ, ਅਰਧ ਵਪਾਰੀ ਅਤੇ ਅਰਧ ਰੀਅਲ ਅਸਟੇਟ ਕਾਰੋਬਾਰੀ ਅਤੇ ਸਭ ਤੋਂ ਵਧ ਕੇ ਵੱਡਾ ਪ੍ਰਭਾਵ ਸਿਰਜਣ ਵਾਲੇ ਹੁੰਦੇ ਹਨ। ਗ਼ਰੀਬ ਲੋਕ ਉਨ੍ਹਾਂ ਕੋਲ ਰੋਜ਼ਮੱਰਾ ਗਰਜ਼ਾਂ ਲਈ ਜਾਂਦੇ ਹਨ, ਅਮੀਰ ਹੋਰ ਅਮੀਰ ਹੋਣ ਲਈ, ਸਿਆਸਤਦਾਨ ਵੋਟਾਂ ਹਥਿਆ ਕੇ ਸੱਤਾ ਦੇ ਆਸਣ ਤੱਕ ਪਹੁੰਚਣ ਲਈ ਜਾਂਦੇ ਹਨ।

ਯਕੀਨ ਜਾਣਿਓ, ਜਿੰਨਾ ਵੱਡਾ ਕੋਈ ਡੇਰਾ ਹੁੰਦਾ ਹੈ, ਵੋਟਾਂ ਦੇ ਦਿਨਾਂ ਵਿਚ ਉਥੇ ਸਿਆਸਤਦਾਨਾਂ ਦੀ ਹਾਜ਼ਰੀ ਵੀ ਓਨੀ ਜ਼ਿਆਦਾ ਹੋਵੇਗੀ। ਇਹ ਨਾ ਸੋਚਣਾ ਕਿ ਮੈਂ ਕੋਈ ਵਧਾ ਚੜ੍ਹਾ ਕੇ ਗੱਲ ਕਰ ਰਿਹਾ ਹਾਂ। ਸੂਬਾਈ ਸੂਹੀਆ ਵਿਭਾਗ ਨੇ ਇਨ੍ਹਾਂ ਡੇਰਿਆਂ ਦੀ ਕੁੱਲ ਸੰਖਿਆ, ਉਨ੍ਹਾਂ ਦੇ ਸੰਭਾਵੀ ਸ਼ਰਧਾਲੂਆਂ ਅਤੇ ਵਿੱਤੀ ਹਿੱਸੇਦਾਰੀ ਦੇ ਵੇਰਵੇ ਇਕੱਤਰ ਕੀਤੇ ਸਨ। ਉਨ੍ਹਾਂ ਨੂੰ ਵਰਚਾਉਣ ਜਾਂ ਧਮਕਾਉਣ ਲਈ ਇਨ੍ਹਾਂ ਜਾਣਕਾਰੀਆਂ ਦੀ ਵਰਤੋਂ ਕੀਤੀ ਜਾਂਦੀ ਹੈ। ਇਨ੍ਹਾਂ ਡੇਰਿਆਂ ਨੂੰ ਸੁਰੱਖਿਆ ਮੁਹੱਈਆ ਕਰਵਾਈ ਜਾਂਦੀ ਹੈ ਅਤੇ ਇਸ ਪੈਮਾਨੇ 'ਤੇ ਕਿਸੇ ਬਾਬੇ ਦਾ ਵਜ਼ਨ ਵਧਦਾ ਘਟਦਾ ਰਹਿੰਦਾ ਹੈ। ਹੁਣ ਇਹ ਬਾਬੇ ਆਪ ਚੋਣਾਂ ਲੜਨ ਲੱਗ ਪਏ ਹਨ ਤੇ ਇੰਝ ਸਿਆਸਤਦਾਨਾਂ ਲਈ ਖ਼ਤਰਾ ਬਣ ਰਹੇ ਹਨ। ਚੇਤੇ ਕਰੋ ਕਿ ਕਿਵੇਂ ਡਿਸਕੋ ਬਾਬੇ ਨੇ ਹਰਿਆਣੇ ਵਿਚ ਤਰਥੱਲੀ ਮਚਾਈ ਸੀ। ਉਹ ਆਪਣੀ ਮਰਜ਼ੀ ਨਾਲ ਜੇਲ੍ਹ ਜਾਂ ਫਿਰ ਆਸ਼ਰਮ ਜਾਂਦਾ ਹੈ। ਇਸ ਤੋਂ ਇਲਾਵਾ ਕਈ ਬਾਬਿਆਂ ਖ਼ਿਲਾਫ਼ ਬਲਾਤਕਾਰ ਅਤੇ ਹੱਤਿਆ ਦੇ ਦੋਸ਼ ਆਇਦ ਹੋਏ ਹਨ ਜਿਨ੍ਹਾਂ ਲਈ ਜੇਲ੍ਹ ਹੀ ਆਸ਼ਰਮ ਬਣ ਗਈ ਹੈ।

ਪਾਠਕ ਇਸ ਭੁਲੇਖੇ 'ਚ ਨਾ ਰਹੇ ਕਿ ਇਹ ਸਿਰਫ਼ ਭਾਰਤ ਵਿਚ ਹੀ ਵਾਪਰ ਰਿਹਾ ਹੈ। ਦੁਨੀਆ ਦੇ ਇਤਿਹਾਸ ਵਿਚ ਅਜਿਹੇ ਕਈ ਮਾਮਲੇ ਹਨ ਜਿੱਥੇ ਇਸ ਤਰ੍ਹਾਂ ਦੇ ਬਾਬਿਆਂ ਨੇ ਆਪਣੇ ਮੰਤਵ ਪੂਰਨ ਲਈ ਅੰਧ-ਵਿਸ਼ਵਾਸ, ਭੈਅ ਤੇ ਗ਼ਰੀਬੀ ਦਾ ਫਾਇਦਾ ਚੁੱਕਿਆ ਹੈ। ਇਨ੍ਹਾਂ ਦੇ ਕਈ ਨਾਂ ਹਨ- ਝਾੜ-ਫੂਕ ਕਰਨ ਵਾਲਿਆਂ ਤੋਂ ਲੈ ਕੇ ਮੰਗੋਲ ਸ਼ਾਮਨ (ਜਾਦੂਗਰ), ਭੂਤ-ਚੁੜੇਲਾਂ ਕੱਢਣ ਵਾਲੇ ਤਬੀਬਾਂ ਤੋਂ ਲੈ ਕੇ ਰੈੱਡ ਇੰਡੀਅਨਜ਼, ਇੰਗਲੈਂਡ 'ਚ ਡਰੂਇਡ (ਪੁਰੋਹਿਤ), ਪੁਰਾਤਨ ਯੂਨਾਨ 'ਚ ਜੋਤਸ਼ੀ, ਸਭ ਇਸੇ ਲੜੀ ਦਾ ਹਿੱਸਾ ਹਨ- ਪਰ ਜਿਹੜੀ ਬੁਰਾਈ ਉਨ੍ਹਾਂ ਪੈਦਾ ਕੀਤੀ, ਉਹ ਪੂਰੇ ਇਤਿਹਾਸ 'ਚ ਇਕੋ-ਜਿਹੀ ਹੀ ਰਹੀ। ਰੂਸ ਵਿਚ ਰਾਸਪੂਤਿਨ (ਇਕ ਕਿਸਮ ਦਾ ਤਾਂਤਰਿਕ) ਸ਼ਾਸਕਾਂ ਦੀ ਸੱਤਾ ਨੂੰ ਮਾੜੇ ਸਾਏ ਤੋਂ ਬਚਾਉਂਦਾ ਹੈ। ਜਦੋਂ ਕੋਈ 'ਰਾਸਪੂਤਿਨ' ਜਾਂ ਸਾਧ ਚੋਟੀ 'ਤੇ ਪਹੁੰਚ ਜਾਂਦਾ ਹੈ ਤਾਂ ਉਸ ਜਿਹੇ ਕਈ ਹੋਰ ਬੂਬਨੇ ਆਪਣੇ-ਆਪ ਖੁੰਭਾਂ ਵਾਂਗ ਵਧਣੇ ਸ਼ੁਰੂ ਹੋ ਜਾਂਦੇ ਹਨ।

ਵੀਹਵੀਂ ਸਦੀ ਦੀ ਸ਼ੁਰੂਆਤ ਵਿਚ ਸਿੱਖਾਂ ਨੂੰ ਆਪਣੇ ਧਾਰਮਿਕ ਸਥਾਨ ਮਹੰਤਾਂ ਤੋਂ ਆਜ਼ਾਦ ਕਰਾਉਣ ਲਈ ਪੂਰੀ ਮੁਹਿੰਮ ਵਿੱਢਣੀ ਪਈ ਸੀ ਜਿਨ੍ਹਾਂ ਬਰਤਾਨਵੀ ਸਾਮਰਾਜ ਦੀ ਸ਼ਹਿ 'ਤੇ ਇਤਿਹਾਸਕ ਗੁਰਦੁਆਰਿਆਂ ਨੂੰ ਉਨ੍ਹਾਂ ਦੇ ਇਤਿਹਾਸਕ ਤੇ ਧਾਰਮਿਕ ਮਹੱਤਵ ਤੋਂ ਵਾਂਝੇ ਕਰ ਕੇ ਆਪਣੀ ਨਿੱਜੀ ਜਾਗੀਰ ਬਣਾ ਲਿਆ ਸੀ ਤੇ ਇਹ ਮਹਾਂ ਖੇਡ ਇਸੇ ਤਰ੍ਹਾਂ ਜਾਰੀ ਹੈ-ਪਾਖੰਡੀਆਂ, ਬਾਬਿਆਂ ਨੂੰ ਸਿਆਸਤਦਾਨ ਆਮ ਲੋਕਾਂ ਅੱਗੇ ਖੜ੍ਹੇ ਕਰਦੇ ਹਨ। ਵਿਗਿਆਨਕ ਸੋਚ ਜਾਂ ਮਿਜ਼ਾਜ ਵਾਲੇ ਘੱਟਗਿਣਤੀ ਹਨ ਤੇ ਨਿਰਾਸ਼ ਹਨ। ਇਨ੍ਹਾਂ ਬਾਬਿਆਂ ਦੀ ਮਾਰ ਅਜਿਹੀ ਹੈ ਕਿ ਗਰੀਬ ਲੋਕਾਂ ਨੂੰ ਤਾਂ ਇਨ੍ਹਾਂ ਨੇ ਝਾਕ ਤੇ ਅਗਿਆਨਤਾ ਦੇ ਸ਼ਿਕੰਜੇ ਵਿਚ ਬੁਰੀ ਤਰ੍ਹਾਂ ਜਕੜਿਆ ਹੋਇਆ ਹੈ।

ਇਸ ਮੁਸ਼ਕਿਲ ਸਣੇ ਸਾਡੀਆਂ ਸਾਰੀਆਂ ਸਮੱਸਿਆਵਾਂ ਦਾ ਇਕੋ-ਇਕ ਹੱਲ ਲੋਕਾਂ ਨੂੰ ਜਿੱਥੋਂ ਤੱਕ ਸੰਭਵ ਹੋ ਸਕੇ, ਉਚ ਮਿਆਰੀ ਸਿੱਖਿਆ ਦੇਣਾ ਹੈ। ਸਿੱਖਿਆ ਸਾਰੇ ਜਾਲੇ ਸਾਫ਼ ਕਰੇਗੀ ਤੇ ਵਿਗਿਆਨਕ ਸੋਚ-ਸਮਝ ਪੈਦਾ ਕਰੇਗੀ। ਇਸ ਸਭ ਤੋਂ ਉਤੇ ਇਹ ਸਾਨੂੰ ਤਰਕਸੰਗਤ ਉਤਰ ਤੱਕ ਪਹੁੰਚਣ ਲਈ ਹਰ ਚੀਜ਼ 'ਤੇ ਹਰ ਕਿਸੇ ਨੂੰ ਸਵਾਲ ਕਰਨਾ ਸਿਖਾਏਗੀ ਤੇ ਇਸੇ ਲਈ ਹੀ ਇਹ ਬਾਬੇ ਅੰਧ ਵਿਸ਼ਵਾਸ ਮੰਗਦੇ ਹਨ ਤੇ ਰਾਜਨੇਤਾ ਲੋਕਾਂ ਨੂੰ ਅਗਿਆਨੀ ਰੱਖਣ 'ਚ ਹੀ ਭਲਾ ਸਮਝਦੇ ਹਨ ਘੋਖ ਪਰਖ ਕਰਨ ਦਾ ਮਿਜ਼ਾਜ ਨਾ ਤਾਂ ਉਹ ਚਾਹੁੰਦੇ ਹਨ ਤੇ ਨਾ ਹੀ ਇਸ ਨੂੰ ਉਤਸ਼ਾਹਿਤ ਕਰਦੇ ਹਨ। ਅਖੀਰ 'ਚ, ਮੈਂ ਰਬਿੰਦਰਨਾਥ ਟੈਗੋਰ ਅਤੇ ਉਨ੍ਹਾਂ ਦੇ ਸਦੀਵੀ ਵਿਵੇਕ ਵੱਲ ਹੀ ਮੁੜਦਾ ਹਾਂ: "ਜਿੱਥੇ ਮਨ ਭੈਅ ਤੋਂ ਪਰ੍ਹੇ ਹੈ... ਗਿਆਨ ਬੰਧਨਾਂ ਤੋਂ ਮੁਕਤ ਹੈ... ਉਸੇ ਅਜ਼ਾਦੀ ਦੇ ਸਵਰਗ 'ਚ, ਮੇਰੇ ਪਿਤਾ, ਮੇਰੇ ਦੇਸ਼ ਨੂੰ ਜਗਾਓ।"

# ਸੱਚ ਨੂੰ ਫਾਂਸੀ

ਬਠਿੰਡੇ ਤੋਂ ਆਏ ਬੈਂਕ ਦੇ ਸਾਥੀ ਨਾਲ ਚਾਹ ਪੀਣ ਬਾਅਦ ਉਹਨੂੰ ਉਡੀਕ ਕਰਨ ਦੀ ਬੇਨਤੀ ਕੀਤੀ, "ਦੁੱਗਲ ਸਾਹਿਬ, ਤੁਸੀਂ ਬੈਠੋ ਪਲੀਜ਼, ਮੈਂ ਕੱਪੜੇ ਬਦਲ ਲਵਾਂ।" ਮੈਂ, ਦੁੱਗਲ ਅਤੇ ਸਾਡੀ ਜਥੇਬੰਦੀ ਦੇ ਪ੍ਰਧਾਨ ਨੇ ਚੰਡੀਗੜ੍ਹ ਜਥੇਬੰਦਕ ਕੰਮ ਸਬੰਧੀ ਰੀਜਨਲ ਲੇਬਰ ਕਮਿਸ਼ਨਰ ਨੂੰ ਮਿਲਣ ਜਾਣਾ ਸੀ। ਪ੍ਰਧਾਨ ਨੇ ਫਿਰੋਜ਼ਪੁਰ ਤੋਂ ਸਿੱਧਾ ਚੰਡੀਗੜ੍ਹ ਪਹੁੰਚਣਾ ਸੀ।

ਪਾਲੀ ਰਾਮ ਬਾਂਸਲ
ਫੋਨ: +91-81465-80919

ਮੈਂ ਬਤੌਰ ਮੈਨੇਜਰ ਗਹਿਲਾਂ ਬਰਾਂਚ ਵਿਚ ਸੇਵਾ ਨਿਭਾਅ ਰਿਹਾ ਸੀ ਅਤੇ ਉਸ ਦਿਨ ਇਸੇਂ ਕੰਮ ਲਈ ਛੁੱਟੀ ਲਈ ਹੋਈ ਸੀ।

ਅਜੇ ਪੈਂਟ ਕਮੀਜ਼ ਕੱਢਣ; ਲਈ ਅਲਮਾਰੀ ਖੋਲ੍ਹੀ ਹੀ ਸੀ ਕਿ ਮੋਬਾਈਲ ਦੀ ਘੰਟੀ ਵੱਜੀ, "ਸਰ, ਗੀਤਾ ਰਾਣੀ ਗਸ਼ ਖਾ ਕੇ ਗਿਰ ਗਈ। ਬੇਹੋਸ਼ ਹੋ ਗਈ। ਹਾਲਤ ਗੰਭੀਰ ਹੈ। ਅਸੀਂ ਹਸਪਤਾਲ ਐਮਰਜੈਂਸੀ 'ਚ ਲਿਜਾ ਰਹੇ ਹਾਂ। ਤੁਸੀਂ ਜਿੱਥੇ ਵੀ ਹੋ, ਹਸਪਤਾਲ ਪਹੁੰਚ ਜਾਓ।" ਦੂਜੇ ਪਾਸੇ ਤੋਂ ਮੇਰੇ ਸਹਿ-ਕਰਮੀ ਦੀ ਚਿੰਤਾ ਭਰੀ ਆਵਾਜ਼ ਸੀ।

ਮੈ ਫਟਾ-ਫਟ ਪੈਂਟ ਕਮੀਜ਼ ਪਾਈ ਅਤੇ ਮੋਟਰਸਾਈਕਲ 'ਤੇ ਹਸਪਤਾਲ ਪਹੁੰਚ ਗਿਆ। ਗੀਤਾ ਰਾਣੀ ਐਮਰਜੈਂਸੀ ਵਾਰਡ ਵਿਚ ਬੇਸੁੱਧ ਪਈ ਸੀ। ਬੁਲਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਤਾਂ ਅੱਖ ਵੀ ਨਹੀਂ ਸੀ ਝਪਕ ਰਹੀ। ਗੀਤਾ ਨਾਲ ਆਏ ਸਹਿ-ਕਰਮੀ ਨੂੰ ਪੁੱਛਿਆ, "ਗੱਲ ਕੀ ਹੋਈ?"

"ਸਰ, ਉਸ ਅਫਸਰ ਦੀ ਕੈਬਿਨ 'ਚ ਗਈ ਸੀ। ਉਹ ਕੁਝ ਮਾੜਾ ਚੰਗਾ ਬੋਲਿਆ ਇਹਨੂੰ ਤੇ ਸਾਡੇ ਦੇਖਦੇ ਇਹ ਕੈਬਿਨ 'ਚ ਹੀ ਗਿਰ ਗਈ।" ਸਹਿ-ਕਰਮੀ ਨੇ ਅਫਸਰ ਦਾ ਕੁ-ਨਾਂ ਲੈ ਕੇ ਕਿਹਾ।

ਇਹ ਅਫਸਰ ਆਪਣੀ ਘਟੀਆ ਤੇ ਅਸ਼ਲੀਲ ਬੋਲ-ਬਾਣੀ ਲਈ ਬੈਂਕ ਵਿਚ ਬਹੁਤ ਬਦਨਾਮ ਸੀ ਅਤੇ ਉਸ ਬਾਰੇ ਅਕਸਰ ਮਾੜੀ ਚਰਚਾ ਚੱਲਦੀ ਹੀ ਰਹਿੰਦੀ ਸੀ।

ਇੰਨੇ ਨੂੰ ਰੀਜਨਲ ਮੈਨੇਜਰ ਵੀ ਹਸਪਤਾਲ ਪਹੁੰਚ ਗਿਆ। ਪੀੜਤ ਮੁਲਾਜ਼ਮ ਦੀ ਬਰਾਦਰੀ ਦੇ ਸੈਂਕੜੇ ਲੋਕ ਉਸ ਦੇ ਹੱਕ ਵਿਚ ਇਕੱਠੇ ਹੋ ਗਏ। ਉਹ ਸਮਝਦੇ ਸੀ ਕਿ ਰੀਜਨਲ ਮੈਨੇਜਰ ਦੋਸ਼ੀ ਦੀ ਮਦਦ ਕਰ ਰਿਹਾ ਹੈ। ਮੈਂ ਦੇਖਿਆ, ਉਹ ਰੀਜਨਲ ਮੈਨੇਜਰ ਵੱਲ ਹਮਲਾਵਰ ਰੁਖ਼ ਨਾਲ ਆ ਰਹੇ ਸੀ ਕਿਉਕਿ ਦੋਸ਼ੀ ਅਫਸਰ ਉਸ ਦਾ ਚਹੇਤਾ ਸੀ। ਮੈਂ ਰੀਜਨਲ ਮੈਨੇਜਰ ਨੂੰ ਫਟਾਫਟ ਪਿਛਲੇ ਦਰਵਾਜ਼ੇ ਤੋਂ ਬਾਹਰ ਲੈ ਗਿਆ। ਹਾਲਾਤ ਨੂੰ ਸਮਝਦਾ ਉਹ ਵੀ ਉਥੋਂ ਭੱਜ ਗਿਆ।

ਬੈਂਕ ਸਟਾਫ ਵਿਚ ਇਸ ਘਟਨਾ ਬਾਰੇ ਰੋਸ ਸੀ। ਜਥੇਬੰਦੀ ਦਾ ਮੁੱਖ ਆਗੂ ਹੋਣ ਨਾਤੇ ਅਤੇ ਸਾਰੇ ਸਟਾਫ 'ਚ ਰੋਹ ਨੂੰ ਦੇਖਦਿਆਂ ਦੋਸ਼ੀ ਅਫਸਰ ਖਿਲਾਫ ਸਖ਼ਤ ਕਾਰਵਾਈ ਦੀ ਮੰਗ ਕੀਤੀ। ਡਾਕਟਰ ਨੇ ਐੱਮ.ਐੱਲ.ਆਰ. ਕੱਟ ਕੇ ਥਾਣੇ ਭੇਜ ਦਿੱਤੀ। ਇਸ ਆਧਾਰ 'ਤੇ ਪੁਲੀਸ ਨੇ ਕਾਰਵਾਈ ਸ਼ੁਰੂ ਕਰ ਦਿੱਤੀ।

ਪਹਿਲਾਂ-ਪਹਿਲ ਤਾਂ ਅਫਸਰ ਪਰਾਂ 'ਤੇ ਪਾਣੀ ਹੀ ਨਾ ਪੈਣ ਦੇਵੇ; ਉਸ ਨੂੰ ਬੈਂਕ ਦੇ ਉਚ ਪ੍ਰਬੰਧਕਾਂ ਨਾਲ ਨੇੜਤਾ ਦਾ ਬਹੁਤ ਹੰਕਾਰ ਸੀ ਪਰ ਜਦੋਂ ਅਹਿਸਾਸ ਹੋਇਆ ਕਿ ਪੈਂਦੀਆਂ 'ਚ ਕੋਈ ਨਹੀਂ ਖੜ੍ਹਦਾ ਤਾਂ ਢੈਲਾ ਪੈ ਗਿਆ। ਹਸਪਤਾਲ ਜਾ ਕੇ ਪੀੜਤ ਮੁਲਾਜ਼ਮ ਦੇ ਪੈਰ ਫੜੇ ਪਰ ਉਹ ਬਜ਼ਿਦ ਸੀ ਕਿ ਦੋਸ਼ੀ ਨੂੰ ਸਜ਼ਾ ਮਿਲਣੀ ਚਾਹੀਦੀ ਹੈ।

ਕੁਝ ਦਿਨ ਲੰਘ ਗਏ ਤੇ ਪੀੜਤ ਮਹਿਲਾ ਕਰਮਚਾਰੀ ਨੂੰ ਹਸਪਤਾਲ ਦਾਖਲ ਰਹਿਣਾ ਪਿਆ। ਦੋਸ਼ੀ ਅਫਸਰ ਨੂੰ ਅਹਿਸਾਸ ਹੋ ਗਿਆ ਸੀ ਕਿ ਹੁਣ ਉਸ ਦੀ ਜਾਨ ਕੁੜਿੱਕੀ 'ਚ ਹੈ। ਉਹ ਸਮਝ ਗਿਆ ਸੀ ਕਿ ਜਥੇਬੰਦੀ ਦਾ ਮੁੱਖ ਆਗੂ ਹੋਣ ਨਾਤੇ ਮੈਨੂੰ 'ਠੰਢਾ' ਕਰਨਾ ਪਵੇਗਾ। ਉਹਨੇ ਮੈਨੂੰ ਰਿਸ਼ਤੇਦਾਰਾਂ, ਮਿੱਤਰਾਂ, ਸਿਆਸਤਦਾਨਾਂ ਤੋਂ ਫੋਨ ਕਰਵਾਉਣੇ ਸ਼ੁਰੂ ਕਰ ਦਿੱਤੇ ਕਿ ਇਸ ਵਾਰ ਮੁਆਫ਼ ਕਰ ਦਿਓ, ਇਹ ਮੁੜ ਕੇ ਸੰਗਰੂਰ ਵੱਲ ਝਾਕਦਾ ਵੀ ਨਹੀਂ, ਨੌਕਰੀ ਵੀ ਛੱਡਣ ਨੂੰ ਤਿਆਰ ਹੈ। ਬੈਂਕ ਦੇ ਜ਼ਿਆਦਾ ਕਰਮਚਾਰੀ ਅਫਸਰ ਦੀ ਮਾੜੀ ਹਰਕਤ ਕਾਰਨ ਉਸ ਉਪਰ ਕਾਰਵਾਈ ਲਈ ਬਜ਼ਿਦ ਸੀ।

"ਪਾਲੀ ਰਾਮ ਜੀ ਬੋਲ ਰਹੇ ਹੋ... ਮੈਂ ਐੱਸ.ਐੱਚ.ਓ. ਸੰਗਰੂਰ ਬੋਲ ਰਿਹਾਂ।" ਫੋਨ ਕਰਨ ਵਾਲੇ ਨੇ ਮੇਰਾ ਜਵਾਬ ਸੁਣਨ ਤੋਂ ਪਹਿਲਾ ਹੀ ਆਪਣੀ ਜਾਣ-ਪਛਾਣ ਕਰਵਾ ਦਿੱਤੀ।

"ਹਾਂਜੀ, ਬੋਲ ਰਿਹਾਂ, ਹੁਕਮ ਕਰੋ।" ਐੱਸ.ਐੱਚ.ਓ. ਦੇ ਫੋਨ ਕਰਨ ਦੀ ਵਜ੍ਹਾ ਸਮਝਣ ਦੇ ਬਾਵਜੂਦ ਮੈਂ ਅਣਜਾਣ ਬਣ ਕੇ ਪੁੱਛਿਆ। ਐੱਸ.ਐੱਚ.ਓ. ਨਾਲ ਲੰਮੀ ਗੱਲ ਹੋਈ ਤਾਂ ਆਖ਼ੀਰ ਉਹਨੇ ਕਿਹਾ, "ਬਾਈ ਜੀ ਆ ਜੋ, ਬੈਠ ਕੇ ਨਿਬੇੜੀਏ ਮਸਲਾ।"

"ਮੈਂ ਕੀ ਕਰਨਾ ਇਹਦੇ 'ਚ? ਤੁਸੀਂ ਕਾਰਵਾਈ ਕਰੋ ਕਾਨੂੰਨ ਮੁਤਾਬਕ। ਤੁਸੀ ਤਾਂ ਦੋਸ਼ੀ ਨੂੰ ਅਜੇ ਤੱਕ ਫੜਿਆ ਵੀ ਨਹੀ।" ਮੇਰਾ ਲਹਿਜਾ ਥੋੜ੍ਹਾ ਸਖਤ ਸੀ।

"ਫੜਿਆ ਹੋਇਆ, ਥਾਣੇ 'ਚ ਹੀ ਬੈਠਾ।"

"ਬਿਠਾਇਆ ਕਾਹਦੇ ਲਈ ਐ, ਇਹਨੂੰ ਹਵਾਲਾਤ 'ਚ ਦਿਓ।" ਮੈਂ ਪੂਰੇ ਗੁੱਸੇ ਨਾਲ ਕਿਹਾ।

"ਤੁਸੀ ਆਓ ਤਾਂ ਸਹੀ, ਹਵਾਲਾਤ 'ਚ ਵੀ ਦੇ ਦਿੰਦੇ ਆਂ।" ਹੁਣ ਐੱਸਐੱਚਓ ਦਾ ਰੁਖ਼ ਕਾਫੀ ਨਰਮ ਸੀ।

ਅਫਸਰ ਨੂੰ ਹਵਾਲਾਤ 'ਚ ਦੇ ਦਿੱਤਾ ਹੈ ਜਾਂ ਨਹੀਂ, ਇਹ ਪੱਕਾ ਕਰਨ ਲਈ ਆਪਣੇ ਇੱਕ ਸਾਥੀ ਨੂੰ ਥਾਣੇ ਭੇਜਿਆ। ਸਾਥੀ ਨੇ ਪੁਸ਼ਟੀ ਕਰ ਦਿੱਤੀ ਤਾਂ ਮੈਂ ਥਾਣੇ ਵੱਲ ਰਵਾਨਾ ਹੋ ਗਿਆ।

ਬੈਂਕ ਦੇ ਸੈਂਕੜੇ ਕਰਮਚਾਰੀ ਅਤੇ ਪੀੜਤ ਕਰਮਚਾਰੀ ਦੀ ਬਰਾਦਰੀ ਦੇ ਵੱਡੀ ਗਿਣਤੀ ਲੋਕ ਵੀ ਥਾਣੇ ਪਹੁੰਚ ਗਏ। ਅਫਸਰ ਕੁਝ ਸਮਾਂ ਹਵਾਲਾਤ 'ਚ ਗੁਜ਼ਾਰਨ ਤੋਂ ਬਾਅਦ ਪੋਲਾ ਪੈ ਚੁੱਕਾ ਸੀ। ਪੀੜਤ ਦੇ ਪੈਰ ਫੜ ਕੇ ਗਿੜਗੜਾਉਣ ਲੱਗ ਗਿਆ। ਇਕੱਠੇ ਹੋਏ ਬੈਂਕ ਦੇ ਕਰਮਚਾਰੀਆ ਅਤੇ ਦਲਿਤ ਜਥੇਬੰਦੀਆਂ ਦੇ ਆਗੂਆਂ ਨੇ ਉਸ ਨੂੰ ਲਾਹਨਤਾਂ ਪਾਈਆਂ। ਥਾਣੇ ਵਿਚ ਬੈਂਕ ਕਰਮਚਾਰੀਆਂ ਤੋਂ ਮੁਆਫ਼ੀ ਮੰਗਣ ਅਤੇ ਲਿਖਤੀ ਤੌਰ 'ਤੇ ਅਪਣੀ ਗ਼ਲਤੀ ਮੰਨਣ ਮਗਰੋਂ ਮਸਲੇ ਦਾ ਨਿਬੇੜਾ ਹੋ ਗਿਆ। ... ਅਜੇ ਇੱਕ ਦਿਨ ਹੀ ਲੰਘਿਆ ਸੀ ਕਿ ਬਾਅਦ ਦੁਪਿਹਰ ਮੇਰੇ ਸਾਥੀ ਹਰਵਿੰਦਰ ਸਿੰਘ ਖਾਲਸਾ ਦਾ ਫੋਨ ਸੀ, "ਆ ਗਏ ਜੀ ਆਰਡਰ?"

"ਕਾਹਦੇ ਆਰਡਰ?" ਮੈਂ ਸਵਾਲ ਕੀਤਾ।

"ਬਦਲੀ ਦੇ। ਤੁਹਾਡੇ, ਮੇਰੇ ਅਤੇ ਭੁੱਲਰ ਸਰ ਦੇ।" ਹਰਵਿੰਦਰ ਸਿੰਘ ਖ਼ਾਲਸੇ ਦੀ ਆਵਾਜ਼ 'ਚ ਥੋੜ੍ਹੀ ਚਿੰਤਾ ਸੀ।

ਮੈਂ ਈਮੇਲ ਖੋਲ੍ਹੀ ਤਾਂ ਦੇਖਿਆ, ਮੇਰੇ ਤੇ ਸਾਡੀ ਜਥੇਬੰਦੀ ਦੇ ਆਗੂ ਗੁਰਦੀਪ ਭੁੱਲਰ ਤੇ ਹਰਵਿੰਦਰ ਸਿੰਘ ਖਾਲਸਾ ਦੀਆਂ ਬਦਲੀਆਂ ਬਹੁਤ ਦੂਰ-ਦੁਰਾਡੇ ਵਾਲੀਆਂ ਥਾਵਾਂ 'ਤੇ ਕਰ ਦਿੱਤੀਆਂ ਗਈਆਂ ਸਨ; ਇਸ ਦੇ ਉਲਟ, ਦੋਸ਼ੀ ਅਫਸਰ ਦੀ ਬਦਲੀ ਉਸ ਦੇ ਘਰ ਦੇ ਬਹੁਤ ਨਜ਼ਦੀਕ ਕਰ ਦਿੱਤੀ।

ਅਸਲੀ ਵਿਚ ਜਥੇਬੰਦੀ ਨੇ ਨਾ ਕੇਵਲ ਬੈਂਕ ਪ੍ਰਬੰਧਨ ਦੇ ਵੱਡੀ ਪੱਧਰ 'ਤੇ ਕੀਤੇ ਭ੍ਰਿਸ਼ਟਾਚਾਰ ਦੀ ਸ਼ਿਕਾਇਤ ਵਿਜੀਲੈਂਸ ਨੂੰ ਕੀਤੀ ਸੀ ਬਲਕਿ ਬੈਂਕ ਅੰਦਰ ਹੋ ਰਹੇ ਅਨੈਤਿਕ ਤੇ ਗ਼ਲਤ ਕੰਮਾਂ ਵਿਰੁੱਧ ਵੀ ਆਵਾਜ਼ ਉਠਾਈ ਸੀ।

ਅਸੀਂ ਹਾਈਕੋਰਟ ਵਿਚ ਪਟੀਸ਼ਨ ਪਾਈ ਪਰ ਅਜੇ ਤੱਕ ਫ਼ੈਸਲਾ ਨਹੀਂ ਆਇਆ। ਸਾਡੇ ਤਿੰਨਾਂ ਵਿਚੋਂ ਦੋ ਜਣੇ ਰਿਟਾਇਰ ਹੋ ਗਏ ਹਾਂ ਤੇ ਤੀਜੇ ਦੀ ਰਿਟਾਇਰਮੈਂਟ ਅਗਲੇ ਮਹੀਨੇ ਹੈ। ਉਂਝ, ਫ਼ਖ਼ਰ ਹੈ ਕਿ ਅਸੀਂ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਪ੍ਰਬੰਧਨ ਅੱਗੇ ਝੁਕੇ ਨਹੀਂ। ਸੱਚ ਨੂੰ ਫਾਂਸੀ ਤਾਂ ਲਗਦੀ ਆਈ ਹੈ, ਫਿਰ ਕੀ ਹੋਇਆ ਜੇ ਸੱਚ ਨਾਲ ਖੜ੍ਹਨ ਦੀ ਸਜ਼ਾ ਭੁਗਤੀ ਹੈ।

ਕਹਾਣੀ

# ਆਖ਼ਰੀ ਤੋਹਫ਼ਾ

***'ਪੰਜਾਬੀ ਟ੍ਰਿਬਿਊਨ' ਦੇ ਸਾਬਕਾ ਸੰਪਾਦਕ ਸੁਰਿੰਦਰ ਸਿੰਘ ਤੇਜ ਦੇ ਤਬਸਰੇ ਅਸੀਂ ਅਕਸਰ ਪੜ੍ਹਦੇ-ਛਾਪਦੇ ਰਹੇ ਹਾਂ। ਇਤਿਹਾਸ ਵਿਚ ਉਨ੍ਹਾਂ ਦੀ ਦਿਲਚਸਪੀ ਬਹੁਤ ਡੂੰਘੀ ਹੈ। ਇਸ ਵਾਰ ਉਨ੍ਹਾਂ ਆਪਣੀ ਕਹਾਣੀ ਭੇਜੀ ਹੈ। ਅੱਜ ਤੱਕ ਕਿਸੇ ਨੂੰ ਖਬਰ ਨਹੀਂ ਸੀ ਕਿ ਉਹ ਕਹਾਣੀ ਵੀ ਲਿਖਦੇ ਹਨ। ਇਹ ਕਹਾਣੀ ਰਤਾ ਕੁ ਲੰਮੀ ਹੈ ਪਰ ਇਸ ਵਿਚਲਾ ਰਸ ਤੁਹਾਨੂੰ ਆਪਣੇ ਨਾਲ ਲੈ ਤੁਰਦਾ ਹੈ।***

ਉਮਾ ਬੈਨਰਜੀ ਨਾਲ ਮੇਰਾ ਰਿਸ਼ਤਾ ਕੀ ਸੀ, ਇਹ ਤਾਂ ਮੈਨੂੰ ਵੀ ਨਹੀਂ ਪਤਾ। ਕੁਝ ਰਿਸ਼ਤਿਆਂ ਦਾ ਨਾਮ ਨਹੀਂ ਹੁੰਦਾ; ਇਹ ਫ਼ਿਕਰਾ ਬੜਾ ਘਿਸਿਆ-ਪਿਟਿਆ ਹੈ ਪਰ ਸੱਚ ਤਾਂ ਇਹੋ ਹੈ ਕਿ ਉਮਾ ਤੇ ਮੇਰਾ ਰਿਸ਼ਤਾ ਸਚਮੁੱਚ ਬੇਨਾਮ ਸੀ। ਉਹ ਮੇਰੀ ਕੀ ਲੱਗਦੀ ਸੀ ਜਾਂ ਉਹ ਮੈਨੂੰ ਕੀ ਮੰਨਦੀ ਸੀ, ਇਹ ਤੈਅ ਕਰਨ ਦਾ ਨਾ ਤਾਂ ਅਸੀਂ ਯਤਨ ਕੀਤਾ ਅਤੇ ਨਾ ਹੀ ਅਜਿਹਾ ਕਰਨ ਦਾ ਸਮਾਂ ਮਿਲਿਆ। ਸਿਰਫ਼ ਛੇ ਮਹੀਨਿਆਂ ਦੀ ਅਉਧ ਰਹੀ ਸਾਡੀ ਨੇੜਤਾ ਦੀ, ਉਹ ਵੀ ਅਮੂਮਨ ਫੋਨ 'ਤੇ। ਨੇੜਤਾ ਦਾ ਆਗਾਜ਼ ਨਾਟਕੀ ਰਿਹਾ, ਮੱਧ ਮਿੱਠੜਾ ਜਿਹਾ ਤੇ ਅੰਤ ਦੁਖਾਂਤਮਈ ਪਰ ਜੋ ਕੁਝ ਵੀ ਵਾਪਰਿਆ, ਉਹ ਯਾਦਾਂ ਬਹੁਤ ਛੱਡ ਗਿਆ।... ਤੇ ਮੇਰਾ ਯਕੀਨ ਹੈ ਕਿ ਇਹ ਯਾਦਾਂ ਮੇਰੇ ਲਈ ਕਦੇ ਪੁਰਾਣੀਆਂ ਨਹੀਂ ਹੋਈਆਂ।

ਗੱਲ ਮੁੱਢ ਤੋਂ ਸ਼ੁਰੂ ਕਰਦੇ ਹਾਂ। ਮੈਨੂੰ ਖੰਡਰਾਂ ਦੇ ਸ਼ਹਿਰ ਮਾਂਡ (ਮੁਕਾਮੀ ਲੋਕਾਂ ਤੇ ਮੌਜੂਦਾ ਸਰਕਾਰੀ ਰਿਕਾਰਡ ਮੁਤਾਬਿਕ ਮਾਂਡਵ) ਨਾਲ ਰੂਹਾਨੀ ਮੋਹ ਹੈ। ਕਦੇ ਮੱਧ ਭਾਰਤ ਦੀ ਮਾਲਵਾ ਰਿਆਸਤ ਦੀ ਰਾਜਧਾਨੀ ਹੋਇਆ ਕਰਦਾ ਸੀ ਇਹ ਨਗਰ। ਆਪਣੇ ਅਕਾਦਮਿਕ ਖੋਜ ਪ੍ਰੋਜੈਕਟ ਦੇ ਸਿਲਸਿਲੇ ਵਿਚ ਮੈਂ ਜਦੋਂ ਵੀ ਇੰਦੌਰ ਜਾਂਦਾ ਹਾਂ ਤਾਂ ਮਾਂਡ ਦੀ ਫੇਰੀ ਦਾ ਬਹਾਨਾ ਬਦੋਬਦੀ ਘੜ ਲੈਂਦਾ ਹਾਂ- ਪਿਛਲੇ ਚਾਰ ਵਰ੍ਹਿਆਂ ਦੌਰਾਨ ਪੰਜ ਵਾਰ ਜਾ ਆਇਆ ਹਾਂ। ਉਥੋਂ ਦੀ ਹਰ ਪ੍ਰਾਚੀਨ ਇਮਾਰਤ ਦੇ ਨਕਸ਼ ਮੇਰੇ ਜ਼ਿਹਨ ਵਿਚ ਉੱਕਰੇ ਹੋਏ ਹਨ। ਹੋਸ਼ੰਗ ਸ਼ਾਹ ਜਾਂ ਮਹਿਮੂਦ ਖਿਲਜੀ ਵਰਗੇ ਫ਼ਰਾਖ਼ਦਿਲ ਸੁਲਤਾਨਾਂ ਦੀ ਥਾਂ ਮਾਂਡੂ, ਆਹਲਾ-ਊਦਲ ਨਾਲ ਜੁੜੀਆਂ ਦੰਦ ਕਥਾਵਾਂ ਜਾਂ ਰੂਪਮਤੀ ਤੇ ਬਾਜ਼ ਬਹਾਦੁਰ ਦੀ ਪ੍ਰੇਮ ਗਾਥਾ ਕਾਰਨ ਵੱਧ ਮਸ਼ਹੂਰ ਹੈ। ਇਸੇ ਪ੍ਰੇਮ ਗਾਥਾ ਨਾਲ ਜੁੜਿਆ ਰੋਮਾਂਸ ਮੈਨੂੰ ਉਥੋਂ ਦੀ ਹਰ ਪ੍ਰਾਚੀਨ ਇਮਾਰਤ ਦੇ ਹਰ ਪੱਥਰ ਵਿਚ ਵਸਿਆ ਮਹਿਸੂਸ ਹੁੰਦਾ ਹੈ। ਇਸ ਨਗਰੀ ਦੀ ਭੂਗੋਲਿਕ ਬਣਤਰ ਵੀ ਕੁਝ ਇਸ ਕਿਸਮ ਦੀ ਹੈ ਕਿ ਉਹ ਇਸ ਦੇ ਅਤੀਤ ਦੀ ਖ਼ੂਬਸੂਰਤੀ ਨੂੰ ਹੁਣ ਵੀ ਦ੍ਰਿਸ਼ਮਾਨ ਕਰਦੀ ਜਾਪਦੀ ਹੈ... ਤੇ ਇਸ ਵਿਚ ਤਾਂ ਕੋਈ ਅਤਿਕਥਨੀ ਨਹੀਂ ਕਿ ਉਸੇ ਅਤੀਤ ਵਿਚ ਵਸੇ ਰੂਹਾਨੀ ਰੁਮਾਂਸ ਦੀ ਖ਼ੁਸ਼ਬੂ ਮੈਨੂੰ ਅਜਬ ਜਿਹੀ ਤਾਜ਼ਗੀ ਬਖ਼ਸ਼ਦੀ ਆਈ ਹੈ।



**ਸੁਰਿੰਦਰ ਸਿੰਘ ਤੇਜ**
**ਫੋਨ: +91-98555-01488**

ਉਮਾ ਨਾਲ ਮੇਰੀ ਮੁਲਾਕਾਤ ਤੇ ਜਾਣ-ਪਛਾਣ ਇਸੇ ਫ਼ਿਜ਼ਾ ਵਿਚ ਹੋਈ ਪਰ ਬੇਹੱਦ ਡਰਾਮਾਈ ਅੰਦਾਜ਼ 'ਚ। ਮੇਰੀ ਪਿਛਲੀ (ਤੇ ਪੰਜਵੀਂ) ਫੇਰੀ ਦੌਰਾਨ ਬਾਜ਼ ਬਹਾਦੁਰ ਦੇ ਮਹੱਲ ਨੇੜਲੀ ਪਾਰਕਿੰਗ ਵਿਚ ਮੈਂ ਟੈਕਸੀ 'ਚੋਂ ਉਤਰ ਹੀ ਰਿਹਾ ਸਾਂ ਕਿ ਟੈਕਸੀ ਦੇ ਐਨ ਨਾਲ ਆ ਕੇ ਟੈਂਪੋ ਟ੍ਰੈਵਲਰ ਗੱਡੀ ਰੁਕੀ। ਉਸ ਵਿਚੋਂ ਬੰਗਾਲੀਆਂ ਦਾ ਟੋਲਾ ਬਾਹਰ ਨਿਕਲਿਆ, ਡੂਮਣੀਆਂ ਭਾਵ ਸੱਤ ਭੈਣਾਂ ਵਜੋਂ ਜਾਣੇ ਜਾਂਦੇ ਪੰਛੀਆਂ (ਅੰਗਰੇਜ਼ੀ ਨਾਮ ਬੈਬਲਰਜ਼) ਵਾਂਗ ਚੀਕ-ਚਿਹਾੜਾ ਪਾਉਂਦਾ ਹੋਇਆ। ਇਹੋ ਚੀਕ-ਚਿਹਾੜਾ ਪ੍ਰਵੇਸ਼ ਸਥਾਨ ਨੇੜੇ ਸਥਾਪਿਤ ਟਿਕਟ ਕਾਊਂਟਰ 'ਤੇ ਵੀ ਬਰਕਰਾਰ ਰਿਹਾ। ਟੋਲੇ ਵਿਚ ਛੇ ਪੁਰਸ਼ ਤੇ ਸੱਤ ਇਸਤਰੀਆਂ ਸਨ। ਸਾਰੇ ਇਕੋ ਸਮੇਂ ਬੋਲਦੇ ਹੋਏ। ਇਸੇ ਸ਼ੋਰ-ਸ਼ਰਾਬੇ ਤੋਂ ਬਚਣ ਲਈ ਮੈਂ ਮਹੱਲ 'ਤੇ ਪੁੱਜਣ ਦਾ ਛੋਟਾ, ਭਾਵ ਪੌੜੀਆਂ ਵਾਲਾ ਰਾਹ ਲਿਆ। ਇਹ ਪੌੜੀਆਂ ਹਨ ਬਹੁਤ ਖ਼ਤਰਨਾਕ। ਖੁਰਦਰੀਆਂ, ਨੁਕੀਲੇ ਪੱਥਰਾਂ ਵਾਲੀਆਂ। ਇਕ ਤੇ ਦੂਜੀ ਦਰਮਿਆਨ ਡੇਢ ਫੁੱਟ ਉੱਚੀ ਵਿੱਥ ਵਾਲੀਆਂ। ਇਕ ਪਾਸੇ ਤਾਂ ਕੰਕਰੀਟੀ ਪਹਾੜੀ ਦੀ ਦੀਵਾਰ ਦਾ ਆਸਰਾ ਹੈ, ਦੂਜਾ ਪਾਸਾ ਖ਼ਾਲੀ। ਪੈਰ ਫਿਸਲਣ ਦੀ ਸੂਰਤ ਵਿਚ ਹੇਠਾਂ ਪਥਰੀਲੇ ਫ਼ਰਸ਼ 'ਤੇ ਡਿੱਗਣ ਦਾ ਖ਼ਤਰਾ ਲਗਾਤਾਰ ਬਣਿਆ ਰਹਿੰਦਾ ਹੈ। ਮਹੱਲ ਤਕ ਜਾਣ ਦਾ ਦੂਜਾ ਰਾਹ ਰੈਂਪਨੁਮਾ ਹੈ, ਤਕਰੀਬਨ ਡੇਢ ਸੌ ਮੀਟਰ ਦੀ ਚੜ੍ਹਾਈ ਵਾਲਾ। ਸਾਹ ਉਥੇ ਵੀ ਫੁਲਦਾ ਹੈ ਅਤੇ ਪੌੜੀਆਂ 'ਤੇ ਵੀ। ਫ਼ਰਕ ਇਕੋ ਹੈ ਕਿ ਪੌੜੀਆਂ ਰਾਹੀਂ ਮਹੱਲ ਤਕ ਬਹੁਤ ਛੇਤੀ ਪਹੁੰਚਿਆ ਜਾ ਸਕਦਾ ਹੈ।

ਮੇਰੀ ਕਾਹਲ ਦੇ ਬਾਵਜੂਦ ਪੌੜੀਆ ਤਕ ਦੋ ਬੰਗਾਲੀ ਮੇਰੇ ਨਾਲੋਂ ਵੀ ਪਹਿਲਾਂ ਪੁੱਜ ਗਏ। ਇਕ ਬੰਗਾਲਣ ਮੇਰੇ ਪਿੱਛੇ ਸੀ। ਬਾਕੀ ਟੋਲਾ ਰੈਂਪ ਵੱਲ ਹੋ ਗਿਆ। ਮੈਂ ਉਪਰਲੀ ਆਖ਼ਰੀ ਪੌੜੀ 'ਤੇ ਪੁੱਜਣ ਵਾਲਾ ਸੀ ਕਿ ਪਿੱਛੋਂ 'ਹੈਲਪ ਹੈਲਪ' ਦੀਆਂ ਆਵਾਜ਼ਾਂ ਆਈਆਂ। ਮੈਂ ਰੁਕ ਗਿਆ, ਗਰਦਨ ਘੁਮਾਈ ਤਾਂ ਬੰਗਾਲਣ ਮੈਥੋਂ ਤਿੰਨ ਪੌੜੀਆਂ ਪਿੱਛੇ ਇਕ ਲੱਤ ਸਹਾਰੇ ਪੌੜੀ 'ਤੇ ਅਸਥਿਰ ਹੋਈ ਦਿਸੀ। ਉਸ ਦੀ ਸਾੜ੍ਹੀ, ਉਸ ਦੇ ਸੈਂਡਲ ਦੀ ਉੱਚੀ ਅੱਡੀ ਵਿਚ ਫਸ ਗਈ ਸੀ। ਉਹ ਇਸ ਨੂੰ ਛੁਡਾਉਣ ਲਈ ਲੱਤ ਨੂੰ ਹਲਕੇ-ਹਲਕੇ ਝਟਕੇ ਤਾਂ ਦੇ ਰਹੀ ਸੀ ਪਰ ਜ਼ੋਰ ਦਾ ਝਟਕਾ ਦੇਣ ਦੀ ਸੂਰਤ ਵਿਚ ਉਹ ਆਪਣਾ ਤਵਾਜ਼ਨ ਗੁਆ ਕੇ 20 ਫੁੱਟ ਹੇਠਾਂ ਡਿੱਗ ਸਕਦੀ ਸੀ। ਉਸ ਦੇ ਪਿੱਛੇ ਆ ਰਹੇ ਦੋ ਬੰਦਿਆਂ ਨੂੰ ਮੈਂ ਇਸ਼ਾਰਾ ਕੀਤਾ ਕਿ ਉਹ ਦੋ-ਚਾਰ ਪੌੜੀਆਂ ਉਪਰ ਚੜ੍ਹ ਕੇ ਬੰਗਾਲਣ ਦੀ ਮਦਦ ਕਰਨ। ਇਹ ਕੰਮ ਔਖਾ ਵੀ ਨਹੀਂ ਸੀ ਪਰ ਉਹ ਅਜਿਹਾ ਕਰਨ ਦੀ ਥਾਂ ਪਿਛਲ-ਪੈਰੀਂ ਹੋ ਗਏ, ਇਸ ਡਰੋਂ ਕਿ ਬੰਗਾਲਣ ਕਿਤੇ ਉਨ੍ਹਾਂ ਉੱਤੇ ਨਾ ਆ ਡਿੱਗੇ। ਮੈਨੂੰ ਪਤਾ ਨਹੀਂ ਕੀ ਸੁੱਝਿਆ ਕਿ ਇਕ ਪੌੜੀ ਉਪਰ ਚੜ੍ਹਨ ਮਗਰੋਂ ਮੈਂ ਰੈਂਪ ਤੋਂ ਹੇਠਾਂ ਵੱਲ ਦੌੜ ਲਗਾ ਦਿੱਤੀ। ਭੀੜ ਬਹੁਤ ਸੀ ਉਥੇ ਪਰ ਧੌਲੀ ਦਾੜ੍ਹੀ ਨੂੰ ਦੌੜਦਿਆਂ ਦੇਖ ਕੇ ਲੋਕ ਰਾਹ ਦਿੰਦੇ ਗਏ। ਮੈਨੂੰ ਹੇਠਾਂ ਪੁੱਜਦਿਆਂ ਦੋ ਕੁ ਮਿੰਟ ਲੱਗੇ ਪਰ ਸਾਹ ਪੂਰਾ ਉਖੜ ਗਿਆ। ਇਸ ਦੇ ਬਾਵਜੂਦ ਮੈਂ ਅੱਠ ਕੁ ਪੌੜੀਆਂ ਚੜ੍ਹ ਕੇ ਬੰਗਾਲਣ ਦੇ ਕੋਲ ਜਾ ਪੁੱਜਾ, ਸੈਂਡਲ ਦੀ ਹੀਲ ਵਿਚੋਂ ਉਸ ਦੀ ਸਾੜ੍ਹੀ ਛੁਡਾਈ ਤੇ ਫਿਰ ਉਸ ਦਾ ਪੈਰ ਪੌੜੀ 'ਤੇ ਟਿਕਾਉਂਦਿਆਂ ਕਿਹਾ ਕਿ ਉਹ ਬੇਫ਼ਿਕਰ ਹੋ ਕੇ ਅਗਲੀਆਂ ਚਾਰ ਪੌੜੀਆਂ ਚੜ੍ਹ ਜਾਵੇ, ਮੈਂ ਹਰ ਐਮਰਜੈਂਸੀ ਸਾਂਭਣ ਲਈ ਉਸ ਦੇ ਪਿੱਛੇ-ਪਿੱਛੇ ਹਾਂ। ਉਹ ਬਹੁਤ ਸਹਿਮੀ ਹੋਈ ਸੀ ਪਰ ਹਿੰਮਤ ਕਰ ਕੇ ਪੌੜੀਆਂ ਚੜ੍ਹ ਗਈ।

ਉੱਪਰ ਪੁੱਜਣ 'ਤੇ ਬੰਗਾਲੀ ਟੋਲੇ ਨੇ 'ਥੈਂਕ ਯੂ ਥੈਂਕ ਯੂ' ਕਰਦਿਆਂ ਮੈਨੂੰ ਘੇਰ ਲਿਆ। ਦੌੜਨ ਕਰ ਕੇ ਮੇਰਾ ਪੂਰਾ ਜਿਸਮ ਪਸੀਨੇ ਨਾਲ ਤਰ-ਬ-ਤਰ ਸੀ। ਸਾਹ ਵੀ ਫੁੱਲਿਆ ਹੋਇਆ ਸੀ। ਮੈਂ ਸਿਰਫ਼ ਪੌੜੀਆਂ ਵਾਲੀ ਬੰਗਾਲਣ ਦੇ ਚਿਹਰੇ 'ਤੇ ਉਤਰੀ ਰਾਹਤ ਹੀ ਦੇਖੀ ਅਤੇ ਫੌਰੀ ਉਸ ਘੇਰੇ ਵਿਚੋਂ ਨਿਕਲ ਕੇ ਮਹੱਲ ਦੀ ਬਨੇਰਾਨੁਮਾ ਫ਼ਸੀਲ 'ਤੇ ਜਾ ਬੈਠਾ। ਪਹਿਲੀਆਂ ਫੇਰੀਆਂ ਦੇ ਆਧਾਰ 'ਤੇ ਮੈਨੂੰ ਮਹੱਲ ਦੇ ਹਰ ਹਿੱਸੇ ਦੀ ਚੰਗੀ ਪਛਾਣ ਹੋ ਚੁੱਕੀ ਸੀ। ਮੈਨੂੰ ਇਹ ਪਤਾ ਸੀ ਕਿ ਕਿੱਥੇ ਹਵਾ ਚੰਗੀ ਵਗਦੀ ਹੈ ਅਤੇ ਕਿੱਥੇ ਬਿਲਕੁਲ ਨਹੀਂ ਲੱਗਦੀ। ਫ਼ਸੀਲ 'ਤੇ ਬੈਠਿਆਂ ਦੇਖਿਆ ਕਿ ਦੋ ਵੱਖ-ਵੱਖ ਸਕੂਲਾਂ ਦੇ ਬੱਚੇ ਵੀ ਉਥੇ ਟਰਿੱਪ 'ਤੇ ਆਏ ਹੋਏ ਸਨ। ਮੈਨੂੰ ਦੇਖ ਕੇ ਕਈ ਬੱਚੇ ਵੀ ਫਸੀਲ 'ਤੇ ਆ ਬੈਠੇ, ਮੇਰੇ ਹੀ ਆਸ-ਪਾਸ। ਡੇਢ ਸੌ ਮੀਟਰ ਦੀ ਉਚਾਈ ਤਕ ਧੱਕਾ-ਮੁੱਕੀ ਕਰਦਿਆਂ ਸਾਹ ਉਨ੍ਹਾਂ ਦੇ ਵੀ ਉਖੜੇ ਹੋਏ ਸਨ। ਮੈਂ ਇਕ ਬੱਚੇ ਨੂੰ ਪੁੱਛਿਆ ਕਿ ਉਹ ਕਿਥੋਂ ਆਏ ਹਨ ਤਾਂ ਜਵਾਬ ਮਿਲਿਆ: 'ਮਾਨਪੁਰ'। 'ਉਹ ਮਾਨਪੁਰ ਜਿਥੋਂ ਚੰਬਲ ਨਦੀ ਨਿਕਲਦੀ ਹੈ?' ਮੈਂ ਪੁੱਛਿਆ ਤਾਂ ਬੱਚੇ ਨੇ ਅਚੰਭਿਤ ਹੋ ਕੇ ਜਵਾਬੀ ਸਵਾਲ ਕੀਤਾ: 'ਆਪ ਵਹਾਂ ਗਏ ਹੋ?' ਜਦੋਂ ਮੈਂ ਇਹ ਜਵਾਬ ਦਿੱਤਾ ਕਿ ਅਗਲੇ ਦਿਨ ਜਾਵਾਂਗਾ ਤਾਂ ਕਈ ਹੋਰ ਬੱਚੇ ਵੀ ਉਤਸੁਕਤਾਵਸ ਮੇਰੇ ਨੇੜੇ ਹੋ ਗਏ। ਉਨ੍ਹਾਂ ਵਿਚੋਂ ਇਕ ਨੇ ਅਚਾਨਕ ਜੇਬ੍ਹ ਵਿਚੋਂ ਨਿੱਕੀ ਜਿਹੀ ਡਾਇਰੀ ਕੱਢ ਕੇ ਮੇਰੇ ਵੱਲ ਹੱਥ ਵਧਾਈ: 'ਆਟੋਗ੍ਰਾਫ਼ ਦੇ ਦੋ।' ਨਾਂਹ-ਨੁੱਕਰ ਕਰਨ ਦੀ ਥਾਂ ਮੈਂ ਉਹ ਡਾਇਰੀ ਫੜ ਕੇ ਹਿੰਦੀ ਵਿਚ 'ਸ਼ੁਭ ਇਛਾਏਂ' ਲਿਖ ਕੇ ਪੰਜਾਬੀ ਵਿਚ ਦਸਤਖ਼ਤ ਕਰ ਦਿੱਤੇ। ਉਹ ਹੈਰਾਨ ਹੋ ਕੇ ਬੋਲਿਆ, 'ਯਿਹ ਪੰਜਾਬੀ ਹੈ?' ਮੈਂ ਸਿਰ ਹਿਲਾਇਆ। ਉਸ ਦੀ ਦੇਖਾ-ਦੇਖੀ ਕਈ ਹੋਰ ਨੋਟ ਪੈਡ ਮੇਰੇ ਸਾਹਮਣੇ ਆ ਗਏ। ਮੈਂ ਉਨ੍ਹਾਂ ਉੱਤੇ ਆਪਣੇ ਦਸਤਖ਼ਤ ਝਰੀਟ ਰਿਹਾ ਸਾਂ ਤਾਂ ਅਚਾਨਕ ਮੇਰਾ ਧਿਆਨ ਛੇ-ਸੱਤ ਫੁੱਟ ਦੇ ਫਾਸਲੇ 'ਤੇ ਮੌਜੂਦ ਉਸੇ ਬੰਗਾਲਣ 'ਤੇ ਪਿਆ। ਉਹ ਬੱਚਿਆਂ ਨਾਲ ਮੇਰੇ ਤਮਾਸ਼ੇ ਦੀ ਵੀਡੀਓ ਬਣਾ ਰਹੀ ਸੀ। ਨਜ਼ਰਾਂ ਮਿਲਦਿਆਂ ਹੀ ਉਹ ਮੁਸਕਰਾਈ, ਸ਼ਰਾਰਤ ਭਰੀ ਮੁਸਕਰਾਹਟ ਜੋ ਅੱਖਾਂ ਤਕ ਫੈਲੀ ਹੋਈ ਸੀ।

ਇੰਨੇ ਨੂੰ ਬੱਚਿਆਂ ਦਾ ਇਕ ਅਧਿਆਪਕ ਉਥੇ ਆ ਕੇ 'ਚਲੋ ਚਲੋ' ਕਰਦਿਆਂ ਉਨ੍ਹਾਂ ਨੂੰ ਮਹੱਲ ਵੱਲ ਧੱਕਣ ਲੱਗਾ ਤਾਂ ਇਕ ਬੱਚੇ ਨੇ ਦਲੇਰੀ ਦਿਖਾਉਂਦਿਆਂ ਆਪਣਾ ਮੋਬਾਈਲ ਕੱਢ ਕੇ ਉਸ ਮਾਸਟਰ ਦੇ ਹੱਥ ਫੜਾ ਦਿੱਤਾ, ਇਸ ਗੁਜ਼ਾਰਿਸ਼ ਨਾਲ 'ਸਰ! ਇਨ ਕੇ ਸਾਥ ਹਮਾਰੀ ਫੋਟੋ।' ਇਹ ਸੁਣਦਿਆਂ ਹੀ ਕਈ ਬੱਚੇ ਸਾਡੇ ਆਸ-ਪਾਸ ਆ ਇਕੱਠੇ ਹੋਏ। ਮਾਸਟਰ ਜੀ ਨੇ ਦੋ-ਤਿੰਨ ਫੋਟੋਆਂ ਖਿੱਚੀਆਂ ਤੇ ਫਿਰ ਬੱਚਿਆਂ ਨੂੰ ਉੱਠਣ ਦਾ ਇਸ਼ਾਰਾ ਕੀਤਾ ਤਾਂ ਬੰਗਾਲਣ ਨੇ ਕਿਹਾ ਕਿ ਉਹ ਵੀ ਫੋਟੋ ਖਿੱਚਣਾ ਚਾਹੁੰਦੀ ਹੈ। ਉਸ ਨੇ ਦੋ ਕੁ ਤਸਵੀਰਾਂ ਖਿੱਚੀਆਂ ਅਤੇ ਫਿਰ ਆਪਣੇ ਟੋਲੇ ਨਾਲ ਜਾ ਰਲੀ। ਬੱਚੇ ਵੀ ਮਾਸਟਰ ਜੀ ਦੇ ਪਿੱਛੇ ਹੋ ਗਏ। ਮੈਂ ਪੰਜ ਕੁ ਮਿੰਟ ਹੋਰ ਫ਼ਸੀਲ 'ਤੇ ਬੈਠਾ ਰਿਹਾ, ਠੰਢੀ ਹਵਾ ਦਾ ਲੁਤਫ਼ ਲੈਣ ਲਈ।

ਇਸ ਮਗਰੋਂ ਮੈਂ ਜਿਵੇਂ ਹੀ ਮਹੱਲ ਦੇ ਅੰਦਰ ਦਾਖ਼ਲ ਹੋਇਆ ਤਾਂ ਬੰਗਾਲੀ ਟੋਲੇ ਨੂੰ ਗਾਰਡ ਨਾਲ ਬਹਿਸਦਿਆਂ ਦੇਖਿਆ। ਉਹ ਮਹੱਲ ਦੀ ਛੱਤ 'ਤੇ ਰੂਪਮਤੀ ਦਾ ਮੰਡਪ ਦੇਖਣਾ ਚਾਹੁੰਦੇ ਸਨ ਪਰ ਗਾਰਡ ਕਿਸੇ ਨੂੰ ਵੀ ਪੌੜੀਆਂ ਨੇੜੇ ਨਹੀਂ ਸੀ ਢੁਕਣ ਦੇ ਰਿਹਾ। ਮੇਰੀ ਚਾਲ-ਢਾਲ ਕੁਝ ਐਸੀ ਹੈ ਕਿ ਲੋਕ ਮੈਨੂੰ ਅਕਸਰ ਰਿਟਾਇਰਡ ਫ਼ੌਜੀ ਅਫਸਰ ਸਮਝ ਬੈਠਦੇ ਹਨ। ਪਹਿਲੋਂ-ਪਹਿਲ ਜਦੋਂ ਕੋਈ ਮੇਰੀ ਫ਼ੌਜ ਤੋਂ ਰਿਟਾਇਰਮੈਂਟ ਜਾਂ ਰੈਂਕ ਬਾਰੇ ਪੁੱਛਦਾ ਸੀ ਤਾਂ ਮੈਨੂੰ ਖਿਝ ਆਉਂਦੀ ਸੀ ਪਰ ਨੌਕਰੀ ਤੋਂ ਆਪਣੀ ਸੇਵਾਮੁਕਤੀ ਮਗਰੋਂ ਮੈਂ ਉਪਰੋਕਤ ਭਰਮ ਦਾ ਲਾਭ ਲੈਣਾ ਸਿੱਖ ਲਿਆ ਹੈ, ਖ਼ਾਸ ਕਰ ਕੇ ਸਰਕਾਰੀ ਦਫ਼ਤਰਾਂ ਵਿਚ। ਉਥੇ ਸੇਵਾਦਾਰ ਮੈਨੂੰ ਅਫਸਰ ਦੇ ਕਮਰੇ ਵਿਚ ਘੁਸਣ ਤੋਂ ਰੋਕਦੇ ਨਹੀਂ। ਇਹ ਸ਼ਾਇਦ ਉਸ ਬੰਗਾਲਣ 'ਤੇ ਛਾਅ ਜਾਣ ਦੀ ਲਾਲਸਾ ਸੀ ਕਿ ਮੈਂ ਗਾਰਡ ਅੱਗੇ ਵੀ ਫ਼ੌਜੀ ਅਫਸਰ ਵਾਲਾ ਪੱਤਾ ਵਰਤਿਆ। ਮੈਂ ਉਸ ਨੂੰ ਪੰਜਾਬੀ ਵਿਚ ਪੁੱਛਿਆ: 'ਕੀ ਸਮੱਸਿਆ ਹੈ?' ਉਸ ਦਾ ਜਵਾਬ ਸੀ ਕਿ ਉਪਰ ਮੁਰੰਮਤ ਚੱਲ ਰਹੀ ਹੈ, ਇਸ ਕਰ ਕੇ ਲੋਕਾਂ ਨੂੰ ਛੱਤ 'ਤੇ ਨਹੀਂ ਜਾਣ ਦਿੱਤਾ ਜਾ ਰਿਹਾ। ਇਹ ਸੁਣਦਿਆਂ ਹੀ ਮੈਂ ਬੰਗਾਲੀ ਟੋਲੇ ਨੂੰ ਪੌੜੀਆਂ ਚੜ੍ਹਨ ਦਾ ਇਸ਼ਾਰਾ ਕੀਤਾ ਅਤੇ ਗਾਰਡ ਨੂੰ ਕਿਹਾ, 'ਮੁਰੰਮਤ ਦਾ ਅਸੀਂ ਧਿਆਨ ਰੱਖ ਲਵਾਂਗੇ, ਤੂੰ ਫ਼ਿਕਰ ਨਾ ਕਰ।' ਉਹ ਪੌੜੀਆਂ ਤੋਂ ਪਾਸੇ ਹਟ ਗਿਆ।

ਉੱਪਰ ਪੁੱਜ ਕੇ ਮੈਂ ਉਸ ਬੰਗਾਲਣ ਨੂੰ ਆਪਣੇ ਨਾਲ ਉਸ ਮੰਡਪ ਵੱਲ ਜਾਣ ਦਾ ਇਸ਼ਾਰਾ ਕੀਤਾ ਜਿਥੋਂ ਰੂਪਮਤੀ ਰੋਜ਼ ਸਵੇਰੇ ਨਰਮਦਾ ਨਦੀ ਦੇ ਦਰਸ਼ਨ ਕਰਿਆ ਕਰਦੀ ਸੀ। ਨਰਮਦਾ ਦੇ ਪਾਣੀ ਨਾਲ ਉਸ ਦੇ ਇਸ਼ਨਾਨ ਕਰਨ ਦਾ ਉਪਾਅ ਬਾਜ਼ ਬਹਾਦੁਰ ਨੇ ਨਰਮਦਾ ਤੋਂ ਜਲ ਮਹੱਲ ਤਕ ਹੰਸਲੀ ਬਣਵਾ ਕੇ ਕਰ ਦਿੱਤਾ ਸੀ। ਜਲ ਮਹੱਲ ਨੀਵੀਂ ਥਾਂ 'ਤੇ ਸੀ ਅਤੇ ਮੁੱਖ ਮਹੱਲ ਉੱਚੀ ਪਹਾੜੀ 'ਤੇ। ਰੂਪਮਤੀ ਉਥੇ ਤਕ ਮਹਿਲਾ ਪਹਿਰੇਦਾਰਾਂ ਨਾਲ ਜਾਇਆ ਕਰਦੀ ਸੀ। ਬੰਗਾਲਣ ਨੂੰ ਇਹ ਸਭ ਦੱਸਦਿਆਂ ਮੈਂ ਇਹ ਦੇਖ ਲਿਆ ਕਿ ਉਹ ਬਾਕੀ ਬੰਗਾਲਣਾਂ ਨਾਲੋਂ ਸੋਹਣੀ ਸੀ, ਉਨ੍ਹਾਂ ਵਰਗੀ ਭਾਰੀ-ਭਰਕਮ ਨਹੀਂ ਸੀ, ਉਸ ਦੇ ਦੰਦ ਜ਼ਰਦੇ ਜਾਂ ਪਾਨ ਨਾਲ ਦਾਗ਼ਦਾਰ ਨਹੀਂ ਸਨ ਅਤੇ ਉਸ ਨੇ ਬਿੰਦੀ ਨਿੱਕੀ ਜਿਹੀ ਲਾਈ ਹੋਈ, ਦੂਜੀਆਂ ਬੰਗਾਲਣਾਂ ਵਾਂਗ ਟਿੱਕੇ ਵਰਗੀ ਨਹੀਂ। ਸਾਡੀ ਗੁਫ਼ਤਗੂ ਅਜੇ ਦੋ ਕੁ ਮਿੰਟ ਪੁਰਾਣੀ ਹੋਈ ਸੀ ਕਿ ਬਾਕੀ ਬੰਗਾਲਣਾਂ ਵੀ ਆ ਜੁੜੀਆਂ। ਮੈਂ ਉਥੋਂ ਖਿਸਕਣਾ ਹੀ ਮੁਨਾਸਿਬ ਸਮਝਿਆ। ਉਦੋਂ ਅਜੇ ਸਾਢੇ ਬਾਰਾਂ ਹੀ ਵੱਜੇ ਸਨ।



—-

ਅਗਲੇ ਸਾਢੇ ਤਿੰਨ ਘੰਟੇ ਮੈਂ ਜਹਾਜ਼ ਮਹੱਲ ਤੇ ਲਾਲ ਬੰਗਲਾ ਦੇ ਉਨ੍ਹਾਂ ਕੋਨਿਆਂ ਦੀਆਂ ਤਸਵੀਰਾਂ ਲੈਣ ਵਿਚ ਗੁਜ਼ਾਰੇ ਜੋ ਮੇਰੇ ਪ੍ਰੋਜੈਕਟ ਦਾ ਹਿੱਸਾ ਬਣ ਸਕਦੀਆਂ ਸਨ। ਚਾਰ ਵਜੇ ਮੈਂ ਜਾਮੀ ਮਸਜਿਦ ਆ ਗਿਆ ਜੋ ਮਾਲਵਾ ਦੇ ਪਹਿਲੇ ਪਠਾਨ ਸੁਲਤਾਨ ਹੋਸ਼ੰਗ ਸ਼ਾਹ ਨੇ 1406 ਤੋਂ 1435 ਤਕ ਦੇ ਆਪਣੇ ਰਾਜਕਾਲ ਦੌਰਾਨ ਉਸਰਵਾਈ ਸੀ। ਉਸ ਨੇ ਹੀ ਮਾਲਵਾ ਦੀ ਰਾਜਧਾਨੀ, ਧਾਰ ਤੋਂ ਬਦਲ ਕੇ ਮਾਂਡੂ ਵਿਚ ਸਥਾਪਿਤ ਕੀਤੀ ਸੀ। ਜਾਮੀ ਮਸਜਿਦ ਦੇ ਪਿੱਛੇ ਹੀ ਸਫ਼ੇਦ ਸੰਗਮਰਮਰ ਦਾ ਬਣਿਆ ਹੋਸ਼ੰਗ ਸ਼ਾਹ ਦਾ ਮਕਬਰਾ ਹੈ। ਇਸ ਮਕਬਰੇ ਦੇ ਗੁੰਬਦ ਦੇ ਡਿਜ਼ਾਈਨ ਨੂੰ ਮੁਗ਼ਲ ਬਾਦਸ਼ਾਹ ਸ਼ਾਹਜਹਾਂ ਨੇ ਤਾਜਮਹੱਲ ਦੇ ਗੁੰਬਦਾਂ ਦੀ ਉਸਾਰੀ ਲਈ ਵਰਤਿਆ ਸੀ। ਹੋਸ਼ੰਗ ਸ਼ਾਹ ਦੀ ਕਬਰ ਤੋਂ ਇਲਾਵਾ ਇਸ ਮਕਬਰੇ ਦੇ ਅੰਦਰ ਤੇ ਬਾਹਰ, ਸੱਤ ਹੋਰ ਕਬਰਾਂ ਹਨ। ਇਨ੍ਹਾਂ ਵਿਚੋਂ ਚਾਰ ਕਿਸ ਦੀਆਂ ਹਨ, ਮਾਂਡ ਬਾਰੇ ਪੁਸਤਕਾਂ ਵਿਚੋਂ ਇਸ ਸਬੰਧੀ ਕੁਝ ਨਹੀਂ ਲੱਭਦਾ। ਨਾ ਹੀ ਧਾਰ ਜ਼ਿਲ੍ਹੇ ਦੇ ਗਜ਼ਟੀਅਰ ਵਿਚ ਕੋਈ ਜਾਣਕਾਰੀ ਦਰਜ ਹੈ। ਇਨ੍ਹਾਂ ਕਬਰਾਂ ਉੱਤੇ ਖੁਣੀਆਂ ਇਬਾਰਤਾਂ ਪੜ੍ਹਨ ਲਈ ਮੈਂ ਆਰਕਿਆਲੋਜੀਕਲ ਸਰਵੇ ਮਹਿਕਮੇ ਦੇ ਮੁਕਾਮੀ ਮਾਹਿਰ ਨਾਲ ਸੰਪਰਕ ਕੀਤਾ ਸੀ। ਉਸ ਨੇ ਸਵਾ ਚਾਰ ਵਜੇ ਮਸਜਿਦ ਦੇ ਵਿਹੜੇ ਵਿਚ ਪੁੱਜਣ ਦਾ ਵਾਅਦਾ ਕੀਤਾ ਸੀ। ਜਦੋਂ ਉਹ ਸਾਢੇ ਚਾਰ ਵਜੇ ਤਕ ਵੀ ਨਾ ਆਇਆ ਤਾਂ ਮੈਂ ਮਸਜਿਦ ਅੰਦਰਲੇ ਗੁਪਤ ਰਾਹ ਰਾਹੀਂ ਹੋਸ਼ੰਗ ਸ਼ਾਹ ਦੇ ਮਕਬਰੇ ਨੇੜੇ ਪੁੱਜ ਗਿਆ। ਇਹ ਗੁਪਤ ਰਾਹ ਪਿਛਲੀ ਫੇਰੀ ਦੌਰਾਨ ਮੈਨੂੰ ਦਿਖਾਇਆ ਜਾ ਰਿਹਾ ਸੀ। ਮੈਨੂੰ ਸ਼ੱਕ ਸੀ ਕਿ ਉਹ ਬੰਦਾ ਕਿਤੇ ਸਿੱਧਾ ਮਕਬਰੇ ਦੇ ਅਹਾਤੇ 'ਚ ਨਾ ਪੁੱਜ ਗਿਆ ਹੋਵੇ।

ਉਥੇ ਉਹ ਤਾਂ ਨਹੀਂ ਸੀ ਪਰ ਮਕਬਰੇ ਦੇ ਪੱਛਮ ਵਿਚ ਬਣੀ ਜ਼ਿਆਰਤਸ਼ਾਲਾ ਦੇ ਬਾਹਰਵਾਰ ਬੈਂਚ 'ਤੇ ਉਹੀ ਪੌੜੀਆਂ ਵਾਲੀ ਬੰਗਾਲਣ ਜ਼ਰੂਰ ਬੈਠੀ ਸੀ। ਮੈਨੂੰ ਦੇਖ ਕੇ ਉਹ ਸਫ਼ਾਈ ਦੇਣ ਲੱਗੀ ਕਿ ਬਾਕੀਆਂ ਨੇ ਇਥੇ ਆਉਣਾ ਸੀ ਪਰ ਅਜੇ ਤਕ ਕੋਈ ਨਹੀਂ ਆਇਆ। 'ਸਭੀ ਬਾਹਰ ਪਾਨੀ-ਪੂਰੀ ਮੇਂ ਟੂਟੇ ਹੂਏ ਹੈਂ।' ਉਸ ਦਾ ਇਹ ਸ਼ਿਕਵਾ ਸੀ। ਮੈਂ ਉਸ ਨੂੰ ਕਿਹਾ ਕਿ ਉਹ ਉਨ੍ਹਾਂ ਦੇ ਆਉਣ ਤੱਕ ਮਕਬਰਾ ਦੇਖ ਲਵੇ ਪਰ ਉਸ ਦਾ ਜਵਾਬ ਸੀ ਕਿ ਉਸ ਨੂੰ ਇਕੱਲਿਆਂ ਅੰਦਰ ਜਾਣ ਤੋਂ ਡਰ ਲੱਗਦਾ ਹੈ। ਮੈਂ ਉਸ ਨੂੰ ਕਿਹਾ ਕਿ ਉਹ ਮੇਰੇ ਨਾਲ ਚੱਲੇ। ਜਿਵੇਂ ਹੀ ਅਸੀਂ ਮਕਬਰੇ ਅੰਦਰ ਦਾਖਲ ਹੋਏ ਤਾਂ ਜਾਪਾਨੀ ਟੂਰਿਸਟ ਮਹਿਲਾ ਨੂੰ ਲੈ ਕੇ ਗਾਈਡ ਵੀ ਆ ਗਿਆ। ਉਹ ਮਕਬਰੇ ਅੰਦਰੋਂ ਉੱਠਦੀ ਗੂੰਜ ਬਾਰੇ ਦੱਸਣ ਲੱਗਿਆ ਅਤੇ ਉਦਾਹਰਨ ਵਜੋਂ ਉਸ ਨੇ ਤਾੜੀ ਵਜਾਈ। ਇਸ ਤਾੜੀ ਦੀ ਆਵਾਜ਼ ਮਕਬਰੇ ਅੰਦਰ ਡੇਢ ਮਿੰਟ ਤਕ ਗੂੰਜਦੀ ਰਹੀ। ਫਿਰ ਉਹ ਉੱਚੀ ਆਵਾਜ਼ ਵਿਚ 'ਓ-ਹੋ' ਬੋਲਿਆ ਤਾਂ ਮਕਬਰਾ ਇਸੇ ਆਵਾਜ਼ ਨਾਲ ਗੂੰਜਣ ਲੱਗਾ। ਇਸ ਗੂੰਜ ਤੋਂ ਬੰਗਾਲਣ ਡਰ ਗਈ। ਉਸ ਨੇ ਮੇਰੀ ਖੱਬੀ ਬਾਂਹ ਨੂੰ ਹੱਥ ਪਾ ਲਿਆ। ਉਸ ਦਾ ਡਰ ਦੇਖ ਕੇ ਮੈਂ ਉਸ ਨੂੰ ਬਾਹਰ ਲੈ ਆਇਆ। ਉਸ ਵਾਲੇ ਟੋਲੇ ਦੇ ਮੈਂਬਰਾਂ ਤੇ ਮੇਰੇ ਮਦਦਗਾਰ ਨੂੰ ਉਡੀਕਣ ਲਈ ਅਸੀਂ ਬੈਂਚ 'ਤੇ ਜਾ ਬੈਠੇ। ਉਥੇ ਬੈਠਿਆਂ ਉਸ ਨੇ ਆਪਣਾ ਨਾਮ (ਉਮਾ ਬੈਨਰਜੀ) ਦੱਸਿਆ ਅਤੇ ਇਹ ਵੀ ਦੱਸਿਆ ਕਿ ਬੰਗਾਲੀ ਟੋਲੇ ਵਿਚ ਛੇ ਜੋੜੇ ਸ਼ਾਮਲ ਹਨ ਜਿਨ੍ਹਾਂ ਵਿਚੋਂ ਇਕ ਜੋੜਾ ਉਸ ਦੇ ਭਰਾ-ਭਰਜਾਈ ਦਾ ਹੈ। ਉਹ ਉਨ੍ਹਾਂ ਦੇ ਨਾਲ ਹੀ ਭੁਪਾਲ-ਇੰਦੌਰ-ਉਜੈਨ ਦੀ ਸੈਰ 'ਤੇ ਆਈ ਹੋਈ ਹੈ। ਫਿਰ ਉਸ ਨੇ ਮੇਰਾ ਨਾਮ ਪੁੱਛਿਆ। ਨਾਮ ਜਾਣਨ ਤੋਂ ਮਗਰੋਂ ਕਹਿਣ ਲੱਗੀ, 'ਆਪ ਕੋ ਕੈਸੇ ਪੁਕਾਰੂੰ?' ਮੇਰੇ ਨਾਮ ਨਾਲ, ਮੈਂ ਸੁਝਾਇਆ। 'ਨਹੀਂ, ਆਪ ਬੜੇ ਹੈਂ, ਆਪਕਾ ਨਾਮ ਨਹੀਂ ਲੇ ਸਕਤੀ।' ਉਸ ਦਾ ਜਵਾਬ ਸੀ। ਮੈਂ ਆਪਣੀ ਦਾੜ੍ਹੀ ਵੱਲ ਇਸ਼ਾਰਾ ਕਰਦਿਆਂ ਸ਼ਰਾਰਤ ਨਾਲ ਕਿਹਾ, 'ਅੰਕਲ ਬੁਲਾ ਲੋ!' 'ਨਈਂ', ਉਸ ਨੇ ਮੂੰਹ ਸਿਕੋੜਦਿਆਂ ਕਿਹਾ। ਫਿਰ ਕੁਝ ਸਕਿੰਟ ਸੋਚਣ ਮਗਰੋਂ ਬੋਲੀ, 'ਆਪ ਕੋ ਸ-ਰ-ਦ-ਰ ਜੀ ਬੁਲਾਊਂਗੀ।' ਮੈਂ ਹੱਸ ਪਿਆ, 'ਸਰਦਾਰ ਜੀ' ਦੇ ਉਸ ਦੇ ਉਚਾਰਨ 'ਤੇ ਵੀ ਅਤੇ ਉਸ ਦੀ ਚੋਣ 'ਤੇ ਵੀ। ਫਿਰ ਮੈਂ ਉਸ ਨੂੰ ਦੱਸਿਆ ਕਿ ਕਈ ਸਰਦਾਰਨੀਆਂ ਆਪੋ-ਆਪਣੇ ਪਤੀਆਂ ਨੂੰ 'ਸਰਦਾਰ ਜੀ' ਸ਼ਬਦਾਂ ਨਾਲ ਹੀ ਬੁਲਾਉਂਦੀਆਂ ਹਨ। ਇਹ ਸੁਣ ਕੇ ਵੀ ਉਹ ਆਪਣੀ ਜ਼ਿਦ 'ਤੇ ਕਾਇਮ ਰਹੀ, 'ਨਹੀਂ, ਮੈਂ ਤੋ ਸ-ਰ-ਦ-ਰ ਜੀ ਹੀ ਬੁਲਾਉਂਗੀ। ਮੁਝੇ ਕੋਈ ਫ਼ਰਕ ਨਹੀਂ ਪੜਤਾ।'

ਉਂਝ, ਉਸ ਨੇ ਇਸ ਮਗਰੋਂ ਮੈਨੂੰ ਸਿਰਫ਼ ਇਕ ਵਾਰ 'ਸ-ਰ-ਦ-ਰ ਜੀ' ਬੁਲਾਇਆ। ਉਹ ਵੀ ਅਗਲੇ ਦਿਨ। ਉਸ ਤੋਂ ਬਾਅਦ ਕਦੇ ਨਹੀਂ।

—-

ਜਾਮੀ ਮਸਜਿਦ ਕੰਪਲੈਕਸ ਦੇ ਛੋਟੇ ਗੇਟ ਵਾਲੇ ਰਾਹ ਤੋਂ ਜਿਵੇਂ ਹੀ ਅਸੀਂ ਬਾਹਰ ਮੁੱਖ ਸੜਕ 'ਤੇ ਪਹੁੰਚੇ ਤਾਂ ਪਾਰਕਿੰਗ ਵਿਚ ਮੌਜੂਦ ਬੰਗਾਲੀ ਟੋਲੇ ਦੀ ਇਕ ਮੈਂਬਰ ਸਾਡੇ ਵੱਲ ਦੇਖ ਕੇ ਚੀਕੀ: "ਯਹਾਂ ਭੀ!... ਯਹਾਂ ਭੀ?" ਬਾਕੀ ਟੋਲੇ ਨੇ ਵੀ ਇਹੋ ਸ਼ੋਰ ਸ਼ੁਰੂ ਕਰ ਦਿੱਤਾ। ਇਸ਼ਾਰਾ ਉਮਾ ਤੇ ਮੇਰੇ ਮੇਲ-ਮਿਲਾਪ ਵੱਲ ਸੀ। ਅਸੀਂ ਦੋਵਾਂ ਨੇ ਜਿੱਚ ਹੋਇਆ ਮਹਿਸੂਸ ਕੀਤਾ। ਉਹ ਤੇਜ਼ੀ ਨਾਲ ਉਸ ਟੋਲੇ ਵਿਚ ਜਾ ਰਲੀ, ਮੈਂ ਚੁਸਤ-ਕਦਮੀ ਆਪਣੀ ਟੈਕਸੀ ਵੱਲ ਚਲਾ ਗਿਆ।

ਅਗਲੇ ਦਿਨ ਮੈਂ ਮਾਨਪੁਰ ਨਹੀਂ ਗਿਆ। ਟੈਕਸੀ ਵਾਲੇ ਨੂੰ ਬੁਖ਼ਾਰ ਹੋ ਗਿਆ ਸੀ। ਉਸ ਨੇ ਸੁਵਖਤੇ ਹੀ ਮੈਨੂੰ ਫੋਨ ਕਰ ਕੇ ਬਦਲਵੀਂ ਟੈਕਸੀ ਦਾ ਪ੍ਰਬੰਧ ਕਰਨ ਦੀ ਪੇਸ਼ਕਸ਼ ਕੀਤੀ ਪਰ ਮੈਂ ਜਵਾਬ ਦਿੱਤਾ ਕਿ ਉਸ ਦੇ ਠੀਕ ਹੋਣ ਮਗਰੋਂ ਹੀ ਮੈਂ ਮਾਨਪੁਰ ਜਾਵਾਂਗਾ। ਮੇਰੇ ਕੋਲ ਅਜੇ ਤਿੰਨ ਦਿਨ ਹੋਰ ਸਨ। ਇਸ ਵਾਰਤਾਲਾਪ ਮਗਰੋਂ ਮੈਂ ਇਕ ਬਜ਼ੁਰਗ ਇਤਿਹਾਸਕਾਰ ਕੋਲ ਜਾ ਕੇ ਮਾਲਵੇ ਦੇ ਇਤਿਹਾਸ ਬਾਰੇ ਪ੍ਰਾਚੀਨ ਦਸਤਾਵੇਜ਼ ਦੇਖਣ ਤੇ ਨੋਟਸ ਲੈਣ ਦਾ ਪ੍ਰੋਗਰਾਮ ਬਣਾ ਲਿਆ। ਦਿਨੇ ਇਕ ਵਜੇ ਤੋਂ ਸ਼ਾਮ ਪੰਜ ਵਜੇ ਤਕ ਮੈਂ ਉਸ ਦੇ ਘਰ ਆਪਣਾ ਕੰਮ ਕਰਦਾ ਰਿਹਾ। ਇਸ ਦੌਰਾਨ ਉਸ ਨੇ ਲੰਚ ਲਈ ਕੋਈ ਸੁਲ੍ਹਾ ਨਹੀਂ ਮਾਰੀ, ਸਿਰਫ਼ ਦੋ ਵਾਰ ਸੜੀ ਜਿਹੀ ਚਾਹ ਪਿਲਾਈ। ਉਸ ਦੇ ਘਰ ਤੋਂ ਬਾਹਰ ਆਇਆ ਤਾਂ ਭੁੱਖ ਮਹਿਸੂਸ

***(ਬਾਕੀ ਅਗਲੇ ਸਫੇ 'ਤੇ)***

*(ਪਿਛਲੇ ਸਫੇ ਦੀ ਬਾਕੀ)*

ਹੋਈ। ਇਸੇ ਲਈ ਆਟੋ ਵਾਲੇ ਨੂੰ ਇੰਦੌਰ ਦੀ ਮਸ਼ਹੂਰ ਫੂਡ ਸਟਰੀਟ 'ਛੱਪਨ' (56 ਦੁਕਾਨਾਂ ਵਾਲੀ ਮਾਰਕੀਟ) ਲਿਜਾਣ ਲਈ ਕਿਹਾ। ਉਥੇ ਹੀ ਚਾਟ ਤੇ ਅਜਿਹੇ ਹੋਰ ਸਨੈਕਸ ਵਾਲੀ ਮਸ਼ਹੂਰ ਦੁਕਾਨ ਦੇ ਬਾਹਰ ਉਮਾ ਬੈਨਰਜੀ ਕੂਪਨ ਲੈਣ ਵਾਲਿਆਂ ਦੀ ਕਤਾਰ ਵਿਚ ਖੜ੍ਹੀ ਦਿਸੀ। ਉਸ ਦੇ ਨੇੜੇ ਜਾ ਕੇ ਜਦੋਂ ਮੈਂ ਉਸ ਦਾ ਨਾਮ ਲਿਆ ਤਾਂ ਉਸ ਨੇ ਗਰਦਨ ਘੁਮਾਈ ਤੇ ਵਿਸਮੈ ਭਰੇ ਲਹਿਜ਼ੇ ਵਿਚ ਬੋਲੀ: "ਸ-ਰ-ਦ-ਰ-ਜੀ, ਯਹਾਂ ਭੀ?" ਫਿਰ ਉਹ ਕਤਾਰ ਵਿਚੋਂ ਬਾਹਰ ਆਈ, ਆਪਣਾ ਪਰਸ ਫਰੋਲ ਕੇ ਮੁਚੜਿਆ ਜਿਹਾ ਕਾਰਡ ਕੱਢਿਆ ਤੇ ਮੈਨੂੰ ਸੌਂਪਦਿਆਂ ਕਹਿਣ ਲੱਗੀ, "ਆਪ ਫ਼ੌਰੀ ਯਹਾਂ ਸੇ ਚਲੇ ਜਾਈਏ, ਨਹੀਂ ਤੋ ਬਾਕੀ ਲੋਗ (ਬੰਗਾਲੀ ਟੋਲਾ) ਯਹਾਂ ਆਕਰ ਕੱਲ੍ਹ ਵਾਲਾ ਆਲਾਪ ਸ਼ੁਰੂ ਕਰ ਦੇਂਗੇ।" ਮੈਂ ਤੁਰਨ ਲੱਗਾ ਤਾਂ ਉਹ ਅਚਾਨਕ ਬੋਲੀ, "ਕਾਰਡ ਪੇ ਮੇਰਾ ਫੋਨ ਨੰਬਰ ਔਰ ਬਨਾਰਸ ਕੇ ਘਰ ਕਾ ਪਤਾ ਹੈ। ਕਭੀ ਫੋਨ ਕਰੀਏਗਾ।" ਇਹ ਕਹਿੰਦਿਆਂ ਉਹ ਕਤਾਰ ਵਿਚ ਮੁੜ ਜਾ ਘੁਸੀ।

ਮੈਂ ਕਾਰਡ ਕੁਝ ਮਾਯੂਸੀ ਤੇ ਕੁਝ ਖਿਝ ਨਾਲ ਆਪਣੇ ਬਟੂਏ ਵਿਚ ਸੰਭਾਲ ਲਿਆ। ਉਮਾ ਨੂੰ ਦੇਖਦਿਆਂ ਜੋ ਖ਼ੁਸ਼ੀ ਮਹਿਸੂਸ ਹੋਈ ਸੀ, ਉਹ ਓਨੀ ਹੀ ਤੇਜ਼ੀ ਨਾਲ ਖਿੰਡ ਗਈ ਸੀ। ਦਰਅਸਲ, ਸਾਡੀ ਮਰਦਾਵੀਂ ਮਨੋਬਿਰਤੀ ਹੀ ਕੁਝ ਐਸੀ ਹੈ ਕਿ ਓਪਰੀ ਔਰਤ ਦੀ ਸਾਧਾਰਨ ਮੁਸਕਾਨ ਵਿਚੋਂ ਵੀ ਸਾਨੂੰ 'ਮੌਕਾ' ਨਜ਼ਰ ਆਉਣ ਲੱਗ ਜਾਂਦਾ ਹੈ। ਮੈਂ ਵੀ ਇਸੇ ਮਰਜ਼ ਤੋਂ ਬਚਿਆ ਹੋਇਆ ਨਹੀਂ। ਲਿਹਾਜ਼ਾ, ਮੇਰੀ ਮਾਯੂਸੀ ਜਾਂ ਖਿਝ ਕੁਝ ਹੱਦ ਤਕ ਜਾਇਜ਼ ਸੀ। ਹਾਂ, ਉਸ ਵੱਲੋਂ ਦਿੱਤੇ ਕਾਰਡ ਵਿਚੋਂ ਮੈਨੂੰ ਉਮੀਦ ਦੀ ਕਿਰਨ ਜ਼ਰੂਰ ਦਿਸੀ। ਇਹ ਵੱਖਰੀ ਗੱਲ ਹੈ ਕਿ ਇਸ ਕਿਰਨ ਨਾਲ ਬੀਬੀ ਦਾੜ੍ਹੀ ਦਾ ਲਿਹਾਜ਼ ਵੀ ਆ ਜੁੜਿਆ।

—-

ਅਗਲੇ ਦੋ ਮਹੀਨਿਆਂ ਦੌਰਾਨ ਉਮਾ ਦਾ ਸ਼ਰਾਰਤੀ ਮੁਸਕਾਨ ਵਾਲਾ ਚਿਹਰਾ ਮੈਨੂੰ ਅਕਸਰ ਸਤਾਉਂਦਾ ਰਿਹਾ। ਫੋਨ ਕਰਨ ਦਾ ਮਨ ਕਈ ਵਾਰ ਬੜਾ ਹੋਇਆ ਪਰ ਉਮਰ ਦਾ ਤਕਾਜ਼ਾ ਤੇ ਸ਼ਰਾਫ਼ਤ ਹਰ ਵਾਰ ਮੇਰੀ ਚਾਹਤ ਉੱਤੇ ਹਾਵੀ ਹੁੰਦੇ ਰਹੇ। ਇਹੋ ਮਹਿਸੂਸ ਹੁੰਦਾ ਰਿਹਾ ਕਿ ਪਰਾਈ ਔਰਤ ਨਾਲ ਬੇਵਜ੍ਹਾ ਖੁੱਲ੍ਹ ਲੈਣੀ ਮੈਨੂੰ ਸੋਭਦੀ ਨਹੀਂ।

ਫਿਰ ਸਬਬ ਕੁਝ ਵੱਖਰਾ ਬਣ ਗਿਆ। ਮੇਰੀ ਮਰਹੂਮ ਬੀਵੀ ਦੀਆਂ ਤਿੰਨ ਸਹੇਲੀਆਂ ਮੈਨੂੰ ਵੀਰ ਕਹਿੰਦੀਆਂ ਹਨ। ਬੀਵੀ ਦੇ ਗੁਜ਼ਰਨ ਤੋਂ ਬਾਅਦ ਵੀ ਮੈਂ ਇਹ ਰਿਸ਼ਤਾ ਪੂਰੀ ਤਨਦੇਹੀ ਨਾਲ ਨਿਭਾਉਣ ਦਾ ਯਤਨ ਕਰਦਾ ਆਇਆ ਹਾਂ। ਤਿੰਨੋਂ ਹਿੰਦੂ ਪਰਿਵਾਰਾਂ 'ਚੋਂ ਹਨ। ਇਸੇ ਲਈ ਮੈਂ ਉਨ੍ਹਾਂ ਲਈ ਅਕਸਰ 'ਤਿੰਨ ਦੇਵੀਆਂ' ਸ਼ਬਦ ਹੀ ਵਰਤਦਾ ਹਾਂ। ਉਨ੍ਹਾਂ ਨਾਲ ਹਰ ਚੌਥੇ ਪੰਜਵੇਂ ਦਿਨ ਫੋਨ ਵਾਰਤਾ ਹੋ ਜਾਂਦੀ ਹੈ। ਇਕ ਦਿਨ ਅਜਿਹੀ ਵਾਰਤਾ ਦੌਰਾਨ ਇਕ ਦੇਵੀ ਨੇ ਦੱਸਿਆ ਕਿ ਤਿੰਨਾਂ ਨੇ ਬਨਾਰਸ ਯਾਤਰਾ ਦਾ ਪ੍ਰੋਗਰਾਮ ਬਣਾਇਆ ਹੈ। ਇਹ ਸੁਣਦਿਆਂ ਹੀ ਮੈਨੂੰ ਜਾਪਿਆ ਕਿ ਇਹ ਤਾਂ ਉਮਾ ਨੂੰ ਮਿਲਣ ਦਾ ਚੰਗਾ ਬਹਾਨਾ ਹੋ ਸਕਦਾ ਹੈ। ਮੈਂ ਉਸ ਦੇਵੀ ਨੂੰ ਕਿਹਾ ਕਿ ਜੇਕਰ ਉਨ੍ਹਾਂ ਨੂੰ ਪਹਿਰੇਦਾਰ ਦੀ ਜ਼ਰੂਰਤ ਹੋਵੇ ਤਾਂ ਉਹ ਮੈਨੂੰ ਆਪਣੇ ਨਾਲ ਲਿਜਾ ਸਕਦੀਆਂ ਹਨ। ਵੀਹ ਕੁ ਮਿੰਟਾਂ ਬਾਅਦ ਉਸ ਦਾ ਸੁਨੇਹਾ ਆ ਗਿਆ ਕਿ ਦਿੱਲੀ ਤੋਂ ਵੰਦੇ ਭਾਰਤ ਐਕਸਪ੍ਰੈੱਸ ਦੀਆਂ ਚਾਰ ਟਿਕਟਾਂ ਬੁੱਕ ਹੋ ਗਈਆਂ ਹਨ। ਤਿੰਨ ਰਾਤਾਂ ਬਨਾਰਸ ਰੁਕਣ ਦਾ ਪ੍ਰੋਗਰਾਮ ਹੈ। ਵਾਪਸੀ ਸਿੱਧੀ ਚੰਡੀਗੜ੍ਹ ਜਹਾਜ਼ ਰਾਹੀਂ ਹੋਵੇਗੀ।

ਵੰਦੇ ਭਾਰਤ ਐਕਸਪ੍ਰੈੱਸ ਬਨਾਰਸ ਪੂਰੇ ਤਿੰਨ ਵਜੇ ਪੁੱਜੀ। ਉਹ ਤਿੰਨੋਂ ਅੱਸੀ ਘਾਟ ਨੇੜੇ ਧਰਮਸ਼ਾਲਾ ਵਿਚ ਠਹਿਰੀਆਂ, ਮੈਂ ਅੱਧਾ ਕਿਲੋਮੀਟਰ ਦੂਰ ਹੋਟਲ ਵਿਚ। ਸੁਥਰਾ ਸੀ ਉਹ ਹੋਟਲ। ਨਹਾ-ਧੋ ਕੇ ਮੈਂ ਨਵੇਂ ਸਿਰਿਓਂ ਤਿਆਰ ਹੋਇਆ। ਫਿਰ ਪਰਸ ਵਿਚੋਂ ਕਾਰਡ ਕੱਢ ਕੇ ਉਮਾ ਦਾ ਨੰਬਰ ਮਿਲਾਇਆ। ਉਸ ਨੇ ਤੀਜੀ ਰਿੰਗ 'ਤੇ ਫੋਨ ਚੁੱਕ ਲਿਆ। ਆਵਾਜ਼ ਆਈ, "ਕੌਨ?" "ਸਰਦਾਰ ਜੀ", ਮੈਂ ਜਵਾਬ ਦਿੱਤਾ। "ਸ਼ੱਚੀ!" ਉਸ ਦੀ ਆਵਾਜ਼ 'ਚ ਹੈਰਾਨੀ ਸੀ। "ਕਹਾਂ ਸੇ?" "ਬਨਾਰਸ ਸੇ", ਮੇਰਾ ਜਵਾਬ ਸੀ। ਫਿਰ ਬੰਗਲਾਨੁਮਾ ਉਚਾਰਨ ਵਾਲਾ "ਸ਼ੱਚੀ!?" ਸੁਣਨ ਨੂੰ ਮਿਲਿਆ। ਜਦੋਂ ਮੈਂ ਉਸ ਨੂੰ ਆਪਣੇ ਇਲਾਕੇ ਤੇ ਹੋਟਲ ਦਾ ਨਾਮ ਦੱਸਿਆ ਤਾਂ ਉਹ ਬੋਲੀ ਕਿ ਉਹ ਜਗ੍ਹਾ ਤਾਂ ਉਸ ਦੇ ਘਰ ਤੋਂ ਸਿਰਫ਼ ਦੋ ਕਿਲੋਮੀਟਰ ਦੂਰ ਹੈ। ਫਿਰ ਕਹਿਣ ਲੱਗੀ ਕਿ ਸ਼ਾਮ ਦੀ ਚਾਹ ਦਾ ਟਾਈਮ ਹੋ ਰਿਹਾ ਹੈ, ਮੈਂ ਉਨ੍ਹਾਂ ਦੇ ਘਰ ਆ ਕੇ ਉਨ੍ਹਾਂ ਨਾਲ ਚਾਹ ਪੀਵਾਂ। ਉਹ ਆਪਣੇ ਬੇਟੇ ਨੂੰ ਮੇਰੇ ਕੋਲ ਭੇਜ ਰਹੀ ਹੈ।

ਸੱਚ ਕਹਾਂ, ਅਜਿਹੇ ਹੁੰਗਾਰੇ ਦੀ ਮੈਨੂੰ ਰਤਾ ਵੀ ਉਡੀਕ ਨਹੀਂ ਸੀ। ਦਸ ਮਿੰਟਾਂ 'ਚ ਉਸ ਦਾ ਬੇਟਾ ਰਿਸੈਪਸ਼ਨ 'ਤੇ ਆ ਗਿਆ। ਉਸ ਨੇ ਮੇਰੇ ਪ੍ਰਤੀ ਕੋਈ ਓਪਰਾਪਣ ਨਹੀਂ ਦਿਖਾਇਆ। ਜ਼ਾਹਿਰ ਹੈ, ਉਹ ਮਾਂ ਪਾਸੋਂ ਮਾਂਡ ਵਾਲਾ ਪੂਰਾ ਕਿੱਸਾ ਸੁਣ ਚੁੱਕਾ ਸੀ। ਉਹ ਮੈਨੂੰ ਮੋਟਰ ਸਾਈਕਲ 'ਤੇ ਹੀ ਘਰ ਲੈ ਗਿਆ। ਘਰ ਪੁਰਾਣੇ ਮੁਹੱਲੇ ਵਿਚ ਸੀ, ਛੋਟਾ ਜਿਹਾ, ਤਿੰਨ ਕਮਰਿਆਂ ਵਾਲਾ। ਦੋ ਬੈੱਡਰੂਮ ਤੇ ਤੀਜਾ ਡਰਾਇੰਗ ਰੂਮ ਜਾਂ ਸਿਟਿੰਗ ਰੂਮ। ਘਰ ਦੇ ਅੱਗੇ ਏਨਾ ਕੁ ਵਿਹੜਾ ਕਿ ਇਕ ਤਾਰ ਉੱਤੇ ਕਪੜੇ ਸੁੱਕਣੇ ਪਾਏ ਜਾ ਸਕਣ। ਉਮਾ ਪੂਰੀ ਨਿੱਘ ਨਾਲ ਮੈਨੂੰ ਮਿਲੀ। ਬੇਟੇ ਦਾ ਫੋਨ ਵਾਰ-ਵਾਰ ਵੱਜ ਰਿਹਾ ਸੀ। ਉਹ ਸੁਣਨ ਲਈ ਆਪਣੇ ਕਮਰੇ 'ਚ ਚਲਾ ਗਿਆ ਤੇ ਦਰਵਾਜ਼ਾ ਭੇੜ ਲਿਆ।

ਉਮਾ ਨੇ ਮੈਨੂੰ ਪਾਣੀ ਪੀਣ ਨੂੰ ਦਿੱਤਾ। ਫਿਰ ਚਾਹ ਬਣਾਉਣ ਲਈ ਜਿਵੇਂ ਹੀ ਕਿਚਨ 'ਚ ਗਈ ਤਾਂ ਪਿੱਛੇ-ਪਿੱਛੇ ਚਲਾ ਗਿਆ। ਉਹ ਮੇਰੀ ਇਸ ਹਰਕਤ ਤੋਂ ਅਸਹਿਜ ਹੋ ਗਈ। ਅਸਹਿਜ ਹੋਣਾ ਸੁਭਾਵਿਕ ਵੀ ਸੀ। ਮੈਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋ ਗਿਆ। ਭੁੱਲ ਸੁਧਾਰਨ ਤੇ ਉਸ ਨੂੰ ਸਹਿਜ ਕਰਨ ਲਈ ਮੈਂ ਦੱਸਿਆ ਕਿ ਮੈਂ ਆਪਣੀਆਂ ਭੈਣਾਂ ਦੇ ਘਰ ਜਾ ਕੇ ਵੀ ਇਸੇ ਤਰ੍ਹਾਂ ਕਰਦਾ ਹਾਂ। ਇਕੱਲਿਆਂ ਬੈਠਣ ਨਾਲੋਂ ਗੱਲਬਾਤ ਲਈ ਪੰਜ-ਦਸ ਮਿੰਟ ਹੋਰ ਮਿਲ ਜਾਂਦੇ ਹਨ। ਅਜਿਹੇ ਸਪਸ਼ਟੀਕਰਨ ਦੇ ਬਾਵਜੂਦ ਉਹ ਸਹਿਜ ਨਹੀਂ ਹੋਈ। ਖ਼ਾਮੋਸ਼ੀ ਨਾਲ ਕੁਝ ਪਲੇਟਾਂ ਡਰਾਅਰ ਵਿਚੋਂ ਕੱਢ ਕੇ ਉਨ੍ਹਾਂ ਵਿਚ ਸਨੈਕਸ ਆਦਿ ਪਾਉਣ ਲੱਗੀ ਪਰ ਮੈਂ ਉਸ ਨੂੰ ਰੋਕ ਦਿੱਤਾ ਅਤੇ ਕਿਹਾ ਕਿ ਜੇਕਰ ਘਰ 'ਚ ਕੋਈ ਬੰਗਾਲੀ ਮਿਠਾਈ ਪਈ ਹੈ ਤਾਂ ਮੈਂ ਉਹ ਖਾਵਾਂਗਾ। ਉਸ ਨੇ ਫਰਿੱਜ 'ਚੋਂ ਸਟੀਲ ਦਾ ਗੋਲ ਡੱਬਾ ਕੱਢਿਆ। ਉਸ ਵਿਚ ਬਾਲੂਸ਼ਾਹੀਆਂ ਸਨ। ਉਹ ਇਨ੍ਹਾਂ ਨੂੰ ਪਲੇਟ ਵਿਚ ਸਜਾਉਣ ਲੱਗੀ ਤਾਂ ਮੈਂ ਇਸ਼ਾਰਾ ਕੀਤਾ ਕਿ ਉਹ ਇਕ ਬਾਲੂਸ਼ਾਹੀ ਮਾਈਕਰੋਵੇਵ ਕਰ ਕੇ ਮੈਨੂੰ ਦੇਵੇ। ਉਸ ਨੇ ਅੱਧਾ ਮਿੰਟ ਇਹ ਗਰਮ ਕੀਤੀ। ਮੈਂ ਕੋਸੀ ਜਿਹੀ ਕਟੋਰੀ 'ਚੋਂ ਅੱਧੀ ਬਾਲੂਸ਼ਾਹੀ ਤੋੜ ਕੇ ਮੂੰਹ 'ਚ ਪਾਈ ਅਤੇ ਬਾਕੀ ਅੱਧੀ ਚਾਹ ਨਾਲ ਖਾਣ ਲਈ ਰੱਖ ਲਈ। ਮੇਰੀ ਇਸ ਕਿਸਮ ਦੀ ਬੇਤਕੱਲੁਫ਼ੀ ਉਸ ਦੀ ਅਸਹਿਜਤਾ ਘਟਾਉਣ ਵਿਚ ਕੁਝ ਸਫਲ ਹੋ ਗਈ। ਉਸ ਨੇ ਵੀ ਇਕ ਬਾਲੂਸ਼ਾਹੀ ਗਰਮ ਕੀਤੀ ਅਤੇ ਫਿਰ ਬੋਲੀ: "ਇਸ ਮੇਂ ਸੇ ਭੀ ਆਧੀ ਆਪ ਕੋ ਖਾਨੀ ਪੜੇਗੀ।" ਫਿਰ ਅਸੀਂ ਆਪੋ-ਆਪਣੇ ਮੱਗ ਤੇ ਕਟੋਰੀਆਂ ਹੱਥਾਂ ਵਿਚ ਚੁੱਕੀ ਡਰਾਇੰਗ ਰੂਮ ਵਿਚ ਆ ਗਏ।

ਉਮਾ ਨੇ ਬੇਟੇ ਨੂੰ ਇਕ-ਦੋ ਆਵਾਜ਼ਾਂ ਮਾਰੀਆਂ ਪਰ ਉਹ ਫੋਨ 'ਚ ਹੀ ਮਸਰੂਫ਼ ਰਿਹਾ। ਉਸ ਦੀ ਗ਼ੈਰਹਾਜ਼ਰੀ ਦਾ ਲਾਭ ਲੈਂਦਿਆਂ ਉਮਾ ਨੇ ਦੱਸਿਆ ਕਿ ਉਹ ਸਿੰਗਲ ਪੇਰੈਂਟ ਹੈ। ਉਸ ਦੇ ਦੋ ਬੇਟੇ ਹਨ। ਵੱਡਾ ਬੇਟਾ ਪੰਜ ਸਾਲ ਤੇ ਛੋਟਾ ਤਿੰਨ ਸਾਲ ਦਾ ਸੀ ਜਦੋਂ ਉਸ ਦਾ ਤਲਾਕ ਹੋ ਗਿਆ। ਗਨੀਮਤ ਇਹ ਰਹੀ ਕਿ ਉਹ ਉਦੋਂ ਗ਼ੈਰ-ਸਰਕਾਰੀ ਕਾਲਜ ਵਿਚ ਇਮਤਿਹਾਨ ਦੀ ਲੈਕਚਰਾਰ ਲੱਗ ਚੁੱਕੀ ਸੀ ਅਤੇ ਉਸ ਦਾ ਪਤੀ ਵੀ ਬੱਚਿਆਂ ਦੀ ਪੜ੍ਹਾਈ ਦਾ ਕੁਝ ਖ਼ਰਚ ਉਠਾਉਣ ਲਈ ਰਾਜ਼ੀ ਹੋ ਗਿਆ ਸੀ। ਅਜਿਹੇ ਹਾਲਾਤ ਵਿਚ ਵੱਡਾ ਕੰਪਿਊਟਰ ਇੰਜਨੀਅਰ ਬਣ ਕੇ ਨਿਊਜ਼ੀਲੈਂਡ ਪੁੱਜ ਗਿਆ ਜਿਥੇ ਹੁਣ ਉਹ ਪੀ.ਆਰ. ਉਡੀਕ ਰਿਹਾ ਹੈ। ਛੋਟਾ ਵੀ ਇੰਜਨੀਅਰਿੰਗ ਕਰ ਰਿਹਾ ਹੈ, ਬਨਾਰਸ ਵਿਚ ਹੀ। ਇਹ ਸਭ ਦੱਸਣ ਮਗਰੋਂ ਉਮਾ ਨੇ ਮੈਥੋਂ ਮੇਰੇ ਪਰਿਵਾਰ ਬਾਰੇ ਪੁੱਛਿਆ। ਮੈਂ ਆਪਣੀ ਪਤਨੀ ਦੇ ਦੇਹਾਂਤ ਅਤੇ ਬੇਟੀ ਦੇ ਕੈਨੇਡਾ ਵਿਚ ਅਕਾਦਮੀਸ਼ੀਅਨ ਤੇ ਬੇਟੇ ਦੇ ਦਿੱਲੀ ਵਿਚ ਆਲ੍ਹਾ ਅਫਸਰ ਹੋਣ ਬਾਰੇ ਦੱਸਿਆ। ਉਸ ਦਾ ਅਗਲਾ ਸਵਾਲ ਉਹੋ ਸੀ ਜਿਸ ਦਾ ਸਾਹਮਣਾ ਮੈਨੂੰ ਅਕਸਰ ਕਰਨਾ ਪੈਂਦਾ ਹੈ: "ਮੈਂ ਇਕੱਲਾ ਕਿਉਂ ਰਹਿੰਦਾ ਹਾਂ, ਬੱਚਿਆਂ ਕੋਲ ਕਿਉਂ ਨਹੀਂ ਰਹਿੰਦਾ?" ਮੇਰਾ ਜਵਾਬ ਵੀ ਰਟਿਆ-ਰਟਾਇਆ ਸੀ: "ਸੁਨਹਿਰੇ ਪਿੰਜਰੇ ਦੀ ਕੈਦ ਨਾਲੋਂ ਆਜ਼ਾਦ ਪਰਿੰਦੇ ਵਾਂਗ ਵਿਚਰਨਾ ਕਿਤੇ ਵੱਧ ਮਜ਼ੇਦਾਰ ਹੈ।" ਮੇਰਾ ਜਵਾਬ ਸੁਣ ਕੇ ਉਹ ਮੁਸਕਰਾ ਪਈ। ਮੈਂ ਪਹਿਲੀ ਵਾਰ ਇਹ ਨੋਟਿਸ ਕੀਤਾ ਕਿ ਉਸ ਦੀ ਮੁਸਕਰਾਹਟ ਵਿਚੋਂ ਮਾਂਡ ਵਾਲੀ ਤਾਜ਼ਗੀ ਗਾਇਬ ਸੀ। ਇਸ ਵਿਚ ਥਕਾਵਟ ਸੀ। ਉਸ ਦਾ ਚਿਹਰਾ ਵੀ ਪਹਿਲਾਂ ਨਾਲੋਂ ਕਮਜ਼ੋਰ ਸੀ। ਥੱਕਿਆ-ਥੱਕਿਆ। ਮੈਂ ਇਸ ਤਬਦੀਲੀ ਬਾਰੇ ਉਸ ਤੋਂ ਪੁੱਛਣਾ ਚਾਹਿਆ ਪਰ ਚੁੱਪ ਹੀ ਰਿਹਾ। ਮੈਨੂੰ ਅਜਿਹਾ ਕਰਨਾ ਹੀ ਵਾਜਬ ਜਾਪਿਆ।

ਪੌਣਾ ਕੁ ਘੰਟਾ ਬਿਤਾਉਣ ਮਗਰੋਂ ਮੈਂ ਜਾਣ ਲਈ ਉੱਠਿਆ ਤਾਂ ਉਮਾ ਰਾਤ ਦਾ ਖਾਣਾ ਖਾ ਕੇ ਜਾਣ 'ਤੇ ਜ਼ੋਰ ਦੇਣ ਲੱਗੀ। ਮੈਂ ਅਗਲੇ ਦਿਨ ਲੰਚ 'ਤੇ ਆਉਣ ਦਾ ਵਾਅਦਾ ਕੀਤਾ ਪਰ ਦੋ ਸ਼ਰਤਾਂ ਰੱਖੀਆਂ: ਪਹਿਲੀ, ਬਹੁਤਾ ਉਚੇਚ ਨਾ ਕਰੇ ਅਤੇ ਦੂਜੀ, ਖਾਣੇ ਵਿਚ ਕੱਦੂ-ਜਾਤੀ ਦੀ ਕੋਈ ਵੀ ਸਬਜ਼ੀ ਨਾ ਹੋਵੇ। ਦੂਜੀ ਸ਼ਰਤ ਸੁਣ ਕੇ ਉਹ ਜ਼ੋਰ ਦੀ ਹੱਸੀ ਅਤੇ ਬੋਲੀ: "ਬੰਗਾਲੀ ਕਾ ਘਰ ਹੈ, ਯਹਾਂ ਕੱਦੂ ਨਹੀਂ, ਮਾਸ-ਮੱਛੀ ਮਿਲੇਗੀ।" ਉਸ ਰਾਤ ਮੈਂ ਉਮਾ ਪ੍ਰਤੀ ਆਪਣੇ ਆਕਰਸ਼ਣ ਦਾ ਮੁਹਾਂਦਰਾ ਉਲੀਕਣ ਦਾ ਯਤਨ ਕਰਦਾ ਰਿਹਾ।

ਅਗਲੇ ਦਿਨ ਲੰਚ ਦੌਰਾਨ ਇਕ-ਦੂਜੇ ਦੇ ਘਰਾਂ-ਪਰਿਵਾਰਾਂ ਤੇ ਸ਼ਹਿਰਾਂ ਆਦਿ ਬਾਰੇ ਜਾਣਨ ਦਾ ਦੌਰ ਜਾਰੀ ਰਿਹਾ। ਮੇਰੇ ਰੋਕਣ ਦੇ ਬਾਵਜੂਦ ਉਮਾ ਨੇ ਕੁਝ ਪਕਾਇਆ ਹੋਇਆ ਸੀ। ਖਵਾਇਆ ਵੀ ਉਹ ਜਬਰੀ। ਹੋਟਲ ਪਰਤਣ ਤੋਂ ਪਹਿਲਾਂ ਮੈਂ ਉਹਦੇ ਬੇਟੇ ਨੂੰ ਕਿਹਾ ਕਿ ਉਹ ਕਿਸੇ ਅਜਿਹੇ ਦੁਕਾਨਨੁਮਾ ਰੈਸਤਰਾਂ ਬਾਰੇ ਦੱਸੇ ਜੋ ਬਹੁਤ ਪੁਰਾਣਾ ਹੋਵੇ ਅਤੇ ਬਿਲਕੁਲ ਰਵਾਇਤੀ ਲੱਜ਼ਤ ਵਾਲੇ ਬਨਾਰਸੀ ਪਕਵਾਨ ਪਰੋਸਦਾ ਹੋਵੇ। ਉਸ ਨੇ ਦੋ ਅਜਿਹੇ ਰੈਸਤਰਾਵਾਂ ਦੀ ਦੱਸ ਪਾਈ। ਉਨ੍ਹਾਂ ਵਿਚੋਂ ਇਕ ਮੈਨੂੰ ਬਿਹਤਰ ਜਾਪਿਆ, 1895 ਵਾਲੇ ਜਨਮ ਕਾਰਨ। ਫਿਰ ਮੈਂ ਮਾਂ-ਬੇਟੇ ਨੂੰ ਅਗਲੇ ਦਿਨ ਇਕ ਵਜੇ ਲੰਚ ਲਈ ਪੁੱਜਣ ਦਾ ਨਿਓਤਾ ਦਿੱਤਾ। ਨਾਲ ਹੀ ਕਿਹਾ ਕਿ ਇਸੇ ਬਹਾਨੇ ਉਹ 'ਤਿੰਨ ਦੇਵੀਆਂ' ਦੇ ਦਰਸ਼ਨ ਵੀ ਕਰ ਲੈਣਗੇ। ਉਮਾ ਨੇ ਝਿਜਕ ਦਿਖਾਈ, ਦੇਵੀਆਂ ਨੂੰ ਘਰ ਲਿਆਉਣ 'ਤੇ ਜ਼ੋਰ ਦੇਣ ਲੱਗੀ ਪਰ ਅੰਤ ਮੇਰੀ ਜ਼ਿੱਦ ਅੱਗੇ ਝੁਕ ਗਈ।

—-

ਲੰਚ ਵਾਲੇ ਦਿਨ ਉਮਾ ਹਲਕਾ ਮੇਕਅੱਪ ਕਰ ਕੇ ਆਈ। ਇਸ ਦੇ ਬਾਵਜੂਦ ਉਸ ਦਾ ਚਿਹਰਾ ਖਿੱਚਿਆ-ਖਿੱਚਿਆ ਜਿਹਾ ਸੀ। ਅੱਖਾਂ ਹੇਠਲੇ ਕੋਇਆਂ 'ਚ ਸਿਆਹੀ ਵੀ ਮੈਨੂੰ ਵਧੀ ਹੋਈ ਜਾਪੀ। ਉਂਝ, ਤਿੰਨਾਂ ਦੇਵੀਆਂ ਨਾਲ ਗੱਲਾਂ ਉਸ ਨੇ ਖ਼ੂਬ ਕੀਤੀਆਂ। ਮੇਰੀ ਤਾਰੀਫ਼ ਵੀ ਦੋ ਵਾਰ ਇੰਝ ਕੀਤੀ ਜਿਵੇਂ ਮੈਨੂੰ ਵਰ੍ਹਿਆਂ ਤੋਂ ਜਾਣਦੀ ਹੋਵੇ ਪਰ ਖਾਧਾ-ਪੀਤਾ ਬਹੁਤ ਘੱਟ। ਰੁਖ਼ਸਤਗੀ ਵੇਲੇ ਦੁਆ-ਸਲਾਮ ਤੋਂ ਪਹਿਲਾਂ ਉਸ ਨੇ ਮੈਨੂੰ ਜ਼ਰਾ ਕੁ ਪਾਸੇ ਆਉਣ ਦਾ ਇਸ਼ਾਰਾ ਕੀਤਾ। ਪਰ੍ਹੇ ਹੁੰਦਿਆਂ ਹੀ ਉਹ ਬਹੁਤ ਧੀਮੇ ਜਿਹੇ ਸੁਰ 'ਚ ਬੋਲੀ: "ਸ਼ਾਮ ਕੋ ਬੇਟਾ ਘਰ ਨਹੀਂ ਹੋਗਾ, ਆਪ ਜ਼ਰੂਰ ਆਨਾ।" ਇਸ ਤੋਂ ਪਹਿਲਾਂ ਕਿ ਮੈਂ ਕੁਝ ਹੋਰ ਸਮਝਦਾ, ਉਹ ਬੋਲੀ, "ਏਕ ਜ਼ਰੂਰੀ ਬਾਤ ਕਰਨੀ ਹੈ। ਕੁਛ ਬਾਤੇਂ ਅਪਨੋਂ ਕੇ ਸਾਥ ਨਹੀਂ ਹੋ ਸਕਤੀ ਪਰ ਕਿਸੀ ਬਾਹਰ ਵਾਲੇ ਕੇ ਸਾਥ ਕਰ ਕੇ ਮਨ ਹਲਕਾ ਹੋ ਜਾਤਾ ਹੈ।" ਇਸ ਮਗਰੋਂ ਉਸ ਨੇ ਮੇਰੀ ਬਾਂਹ ਘੁੱਟੀ ਜਿਵੇਂ ਕੋਈ ਵਾਅਦਾ ਮੰਗ ਰਹੀ ਹੋਵੇ।

ਟੈਕਸੀ ਵਿਚ ਬੈਠਦਿਆਂ ਹੀ ਇਕ ਦੇਵੀ ਨੇ ਫ਼ਿਕਰਾ ਬੋਲਿਆ, "ਬੰਗਾਲਣ ਪੂਰੀ ਤਰ੍ਹਾਂ ਟਿਕਾ ਲਈ ਏ ਸਾਡੇ ਵੀਰ ਨੇ!" ਮੈਂ ਕੋਈ ਜਵਾਬ ਨਹੀਂ ਦਿੱਤਾ। ਦੋ ਕਾਰਨਾਂ ਕਰ ਕੇ: ਇਕ ਤਾਂ ਮੈਨੂੰ ਉਸ ਦੇਵੀ ਵੱਲੋਂ ਵਰਤੇ ਅਲਫ਼ਾਜ਼ ਬਹੁਤ ਕਰੂਡ ਜਾਪੇ; ਦੂਜਾ ਇਹ ਕਿ ਮੈਂ ਉਮਾ ਦੇ ਸ਼ਬਦਾਂ ਅੰਦਰਲੀ ਪੀੜ ਪੜ੍ਹ ਲਈ ਸੀ। ਮੈਨੂੰ ਅੰਦੇਸ਼ਾ ਹੋ ਗਿਆ ਸੀ ਕਿ ਉਮਾ ਪ੍ਰਤੀ ਮੇਰੇ ਆਕਰਸ਼ਣ ਦੀ ਪਰਿਭਾਸ਼ਾ ਤੇ ਨਕਸ਼ ਬਦਲਣ ਵਾਲੇ ਹਨ।

ਸ਼ਾਮ ਦੇ ਛੇ ਵੱਜਦਿਆਂ ਹੀ ਮੈਂ ਉਮਾ ਦੇ ਘਰ ਪਹੁੰਚ ਗਿਆ। ਉਸ ਨੇ ਮੈਨੂੰ ਕਿਚਨ ਵਿਚ ਹੀ ਆਉਣ ਦਾ ਇਸ਼ਾਰਾ ਕੀਤਾ। ਫਿਰ ਪੈਨ ਵਿਚ ਪਾਣੀ ਪਾਇਆ, ਚਾਹ ਪੱਤੀ ਤੇ ਚੀਨੀ ਵਾਲੇ ਡੱਬੇ ਵੀ ਸ਼ੈਲਫ਼ 'ਤੇ ਰੱਖੇ ਪਰ ਗੈਸ ਨਹੀਂ ਜਲਾਇਆ। ਗੈਸ ਵੱਲ ਹੋਣ ਦੀ ਥਾਂ ਮੇਰਾ ਹੱਥ ਫੜ ਕੇ ਕਹਿਣ ਲੱਗੀ, "ਪ੍ਰੌਮਿਸ ਕਰੋ, ਮੁਝੇ ਕਸੂਰਵਾਰ ਨਹੀਂ ਠਹਿਰਾਓਗੇ।" ਮੈਂ ਉਸ ਦਾ ਹੱਥ ਘੁੱਟਿਆ, ਪ੍ਰੌਮਿਸ ਵਜੋਂ। ਉਹ ਕੁਝ ਪਲ ਖ਼ਾਮੋਸ਼ ਰਹੀ, ਫਿਰ ਮੇਰੇ ਸੀਨੇ 'ਤੇ ਸਿਰ ਰੱਖ ਕੇ ਸਿਸਕਣ ਲੱਗੀ। ਮੈਨੂੰ ਇਹ ਵਿਹਾਰ ਅਜੀਬ ਜ਼ਰੂਰ ਲੱਗਿਆ ਪਰ ਉਸ ਨੂੰ ਦਿਲਾਸਾ ਦੇਣ ਲਈ ਆਪਣਾ ਹੱਥ ਉਸ ਦੇ ਸਿਰ 'ਤੇ ਰੱਖ ਲਿਆ। ਤਿੰਨ ਚਾਰ ਮਿੰਟ ਸਿਸਕਣ ਮਗਰੋਂ ਉਸ ਨੇ ਦੱਸਿਆ ਕਿ ਉਸ ਨੂੰ ਬੱਚੇਦਾਨੀ ਦਾ ਕੈਂਸਰ ਹੈ, ਆਖ਼ਰੀ ਸਟੇਜ 'ਤੇ। ਸ਼ੱਕ ਤਾਂ ਤਿੰਨ ਸਾਲ ਪਹਿਲਾਂ ਪੈ ਗਿਆ ਸੀ ਪਰ ਉਦੋਂ ਵੱਡੇ ਬੇਟੇ ਨੂੰ ਨਿਊਜ਼ੀਲੈਂਡ ਗਿਆਂ ਜ਼ਿਆਦਾ ਸਮਾਂ ਨਹੀਂ ਸੀ ਹੋਇਆ। ਉਹ ਨਹੀਂ ਸੀ ਚਾਹੁੰਦੀ ਕਿ ਬੱਚੇ ਦੇ ਕਰੀਅਰ ਵਿਚ ਵਿਘਨ ਪਵੇ। ਛੋਟਾ ਤਾਂ ਪਹਿਲਾਂ ਹੀ ਛੋਟੇ ਜਿਗਰੇ ਵਾਲਾ ਹੈ, ਉਸ ਨੂੰ ਭਿਣਕ ਵੀ ਨਹੀਂ ਪੈਣ ਦਿੱਤੀ ਗਈ। ਉਂਝ ਵੀ, ਉਹ ਉਦੋਂ ਇੰਜਨੀਅਰਿੰਗ ਵਿਚ ਦਾਖ਼ਲੇ ਦੀ ਤਿਆਰੀ ਕਰ ਰਿਹਾ ਸੀ। ਅਜਿਹੀਆਂ ਜ਼ਿੰਮੇਵਾਰੀਆਂ ਕਾਰਨ ਉਮਾ ਮਾਇਕ ਤੰਗੀ ਨਾਲ ਜੂਝ ਰਹੀ ਸੀ। ਲਿਹਾਜ਼ਾ, ਉਸ ਨੇ ਚੰਗੀ ਤਰ੍ਹਾਂ ਚੈੱਕਅਪ ਵੀ ਨਹੀਂ ਕਰਵਾਇਆ। ਚੈੱਕਅਪ ਉਦੋਂ ਕਰਵਾਇਆ ਜਦੋਂ ਸਰੀਰ ਜਵਾਬ ਦੇਣ ਲੱਗ ਪਿਆ।

ਮੈਂ ਬੁਰੀ ਖ਼ਬਰ ਸੁਣਨ ਲਈ ਪਹਿਲਾਂ ਹੀ ਤਿਆਰ ਸਾਂ ਪਰ ਆਖ਼ਰੀ ਸਟੇਜ ਵਾਲੀ ਗੱਲ ਕੁਝ ਜ਼ਿਆਦਾ ਹੀ ਬੁਰੀ ਸੀ। ਉਮਾ ਦਾ ਸਿਰ ਪਲੋਸਦਿਆਂ ਮੈਂ ਉਸ ਨੂੰ ਦਿੱਲੀ ਦੇ 'ਏਮਸ' ਜਾਂ ਮੁੰਬਈ ਦੇ ਟਾਟਾ ਇੰਸਟੀਟਿਊਟ ਵਿਚ ਨਵੇਂ ਸਿਰਿਓਂ ਚੈੱਕਅਪ ਕਰਵਾਉਣ ਦੀ ਸਲਾਹ ਦਿੱਤੀ। ਸਰਦੀ-ਪੁੱਜਦੀ ਮਾਇਕ ਮਦਦ ਦੀ ਵੀ ਪੇਸ਼ਕਸ਼ ਕੀਤੀ ਪਰ ਉਹ ਨਾਂਹ ਵਿਚ ਜਵਾਬ ਦਿੰਦੀ ਰਹੀ, ਇਹ ਕਹਿੰਦਿਆਂ ਕਿ 'ਏਮਸ' ਦੀ ਬਨਾਰਸ ਸ਼ਾਖ਼ਾ ਤੋਂ ਵੀ ਉਹ ਚੈੱਕਅਪ ਕਰਵਾ ਚੁੱਕੀ ਹੈ ਅਤੇ ਅਲਾਹਾਬਾਦ ਦੇ ਪ੍ਰਮੁੱਖ ਸਰਕਾਰੀ ਹਸਪਤਾਲ ਤੋਂ ਵੀ। ਉਸ ਦੀ ਕੀਮੋਥੈਰੇਪੀ ਚੱਲ ਰਹੀ ਹੈ ਪਰ ਡਾਕਟਰ ਬਹੁਤੇ ਆਸਵੰਦ ਨਹੀਂ।

ਇਸ ਮੌਕੇ ਮੇਰਾ ਫੋਨ ਵੱਜਣ 'ਤੇ ਉਹ ਗੱਲ ਕਰਦਿਆਂ ਰੁਕ ਗਈ। ਮੈਂ ਫੋਨ ਜੇਬ੍ਹ ਵਿਚੋਂ ਕੱਢ ਕੇ ਬੰਦ ਕਰਨ ਲੱਗਾ ਤਾਂ ਉਸ ਨੇ ਇਸ਼ਾਰਾ ਕੀਤਾ ਕਿ ਮੈਂ ਪਹਿਲਾਂ ਸੁਣ ਲਵਾਂ। ਫੋਨ ਇਕ ਦੇਵੀ ਦਾ ਸੀ। ਮੈਂ ਸੁਣਨ ਦੀ ਥਾਂ 'ਥੋੜ੍ਹੀ ਦੇਰ ਬਾਅਦ' ਦਾ ਸੁਨੇਹਾ ਭੇਜ ਦਿੱਤਾ। ਅਚਾਨਕ ਉਮਾ ਦਾ ਧਿਆਨ ਗੈਸ ਵੱਲ ਗਿਆ। "ਅਰੇ! ਮੈਨੇ ਤੋ ਯਿਹ ਜਲਾਇਆ ਹੀ ਨਹੀਂ।" ਉਹ ਝੱਟ ਚੁੱਲ੍ਹੇ ਵੱਲ ਹੋ ਗਈ। ਫਿਰ ਕੁਝ ਸਹਿਜ ਹੋ ਕੇ ਬੋਲੀ, "ਬਾਲੂਸ਼ਾਹੀ ਨਿਕਾਲੂੰ?" ਮੈਂ ਨਾਂਹ 'ਚ ਸਿਰ ਹਿਲਾ ਦਿੱਤਾ। ਚਾਹ ਉਬਲਣੀ ਸ਼ੁਰੂ ਹੋ ਗਈ। ਅਸੀਂ ਆਪੋ-ਆਪਣੇ ਮੱਗ ਚੁੱਕ ਕੇ ਡਰਾਇੰਗ ਰੂਮ ਵਿਚ ਆ ਗਏ। ਸਾਡੇ ਦਰਮਿਆਨ ਖ਼ਾਮੋਸ਼ੀ ਪਸਰ ਗਈ। ਮੈਂ ਸ਼ਬਦਾਂ ਨਾਲ ਚੰਗਾ ਖੇਡ ਲੈਂਦਾ ਹਾਂ ਪਰ ਉਸ ਦਿਨ ਇਹ ਹੁਨਰ ਜਵਾਬ ਦੇ ਗਿਆ। ਮੇਰੀ ਖ਼ਾਮੋਸ਼ੀ ਦੇਖ ਕੇ ਉਮਾ ਬੋਲੀ: "ਦੇਖਾ, ਮੈਨੇ ਅਪਨਾ ਬੋਝ ਆਪ ਪਰ ਡਾਲ ਦੀਆ। ਮੈਂ ਤੋ ਸੁਰਖ਼ਰੂ ਹੋ ਗਈ ਔਰ ਆਪ ਉਦਾਸ। ਮੁਝੇ ਆਪ ਕੇ ਸਾਥ ਐਸਾ ਨਹੀਂ ਕਰਨਾ ਚਾਹੀਏ ਥਾ। ਪਤਾ ਨਹੀਂ ਕਯੂੰ ਕੀਆ। ਦੁਪਹਿਰ ਕੋ ਵਹਾਂ ਲਗਾ ਕਿ ਸਿਰਫ਼ ਆਪ ਕੋ ਹੀ ਬਤਾ ਸਕਤੀ ਹੂੰ। ਕਯੂੰ ਲਗਾ, ਯਿਹ ਭੀ ਨਹੀਂ ਪਤਾ!" ਮੈਨੂੰ ਕੋਈ ਗੱਲ ਨਹੀਂ ਅਹੁੜੀ। ਬਸ, ਉਸ ਦਾ ਹੱਥ ਆਪਣੇ ਹੱਥ ਵਿਚ ਲੈ ਕੇ ਸਹਿਲਾਉਂਦਾ ਰਿਹਾ। ਫਿਰ ਉਸ ਨੂੰ ਇਕ ਵਾਰ ਦਿੱਲੀ ਜਾਂ ਮੁੰਬਈ ਚੱਲਣ ਦੀ ਗੁਜ਼ਾਰਿਸ਼ ਕੀਤੀ। ਇਹ ਵੀ ਕਿਹਾ ਕਿ ਬਹੁਤੇ ਕੈਂਸਰਾਂ ਦੇ ਇਲਾਜ ਹੁਣ ਸੰਭਵ ਹਨ ਪਰ ਉਸ ਨੇ ਨਾਂਹ ਵਿਚ ਸਿਰ ਹਿਲਾ ਦਿੱਤਾ।

ਉਸੇ ਵੇਲੇ ਮੇਰਾ ਫੋਨ ਵੱਜਿਆ। ਇਹ ਪਹਿਲਾਂ ਵਾਲੀ ਦੇਵੀ ਦਾ ਸੀ। ਦਰਅਸਲ, ਮੈਂ ਦਸ਼ਵਮੇਧ ਘਾਟ 'ਤੇ ਸ਼ਾਮ ਦੀ ਆਰਤੀ ਸਮੇਂ ਤਿੰਨਾਂ ਦੇਵੀਆਂ ਦਾ ਸਾਥ ਦੇਣ ਦਾ ਵਾਅਦਾ ਕੀਤਾ ਸੀ। ਮੇਰੀ ਗ਼ੈਰ-ਹਾਜ਼ਰੀ ਤੋਂ ਉਹ ਖ਼ਫ਼ਾ ਸਨ। ਦੇਵੀ ਦੀ ਆਵਾਜ਼ ਵਿਚਲੀ ਖਿਝ ਉਮਾ ਨੇ ਸੁਣ ਲਈ। ਮੈਨੂੰ ਇਸ਼ਾਰਾ ਕੀਤਾ ਕਿ ਮੈਂ ਜਾ ਸਕਦਾ ਹਾਂ। ਫਿਰ ਉਹ ਮੇਰੇ ਨਾਲ ਗਲੀ ਦੇ ਸਿਰੇ ਤਕ ਆਈ। ਉਥੇ ਮੇਰਾ ਹੱਥ ਆਪਣੇ ਹੱਥ ਵਿਚ ਘੁੱਟ ਕੇ ਬੋਲੀ, "ਕਭੀ ਕਭੀ ਫੋਨ ਕਰਤੇ ਰਹਿਨਾ, ਮੁਝੇ ਆਪ ਵਾਲੀ ਜ਼ਿੰਦਾਦਿਲੀ ਕੀ ਸਖ਼ਤ ਜ਼ਰੂਰਤ ਹੈ?" ਇਹ ਕਹਿੰਦਿਆਂ ਉਸ ਦੀਆਂ ਅੱਖਾਂ ਭਰ ਆਈਆਂ। ਮੈਂ ਉਸ ਦਾ ਸਿਰ ਦੋਵਾਂ ਹੱਥਾਂ ਵਿਚ ਲੈ ਕੇ ਉਸ ਦਾ ਮੱਥਾ ਚੁੰਮਿਆ ਤੇ ਤੇਜ਼ੀ ਨਾਲ ਮੁੜ ਗਿਆ। ਮੈਂ ਨਹੀਂ ਸੀ ਚਾਹੁੰਦਾ ਕਿ ਉਹ ਮੇਰੇ ਹੰਝੂ ਦੇਖੇ।

—-

ਉਹ ਰਾਤ ਮੇਰੀ ਜ਼ਿੰਦਗੀ ਦੀਆਂ ਸਭ ਤੋਂ ਉਦਾਸ ਰਾਤਾਂ ਵਿਚੋਂ ਇਕ ਸੀ। ਮੈਂ ਦੇਰ ਤਕ ਆਪਣੀਆਂ ਸੋਚਾਂ ਨਾਲ ਘੁਲਦਾ ਰਿਹਾ। ਮਨ ਨੂੰ ਸਮਝਾਉਂਦਾ ਰਿਹਾ ਕਿ ਉਹ ਮੇਰੀ ਲੱਗਦੀ ਕੀ ਹੈ ਕਿ ਮੈਂ ਉਸ ਖ਼ਾਤਰ ਏਨਾ ਪਰੇਸ਼ਾਨ ਹਾਂ। ਇਹ ਪਹੇਲੀ ਵੀ ਸੁਲਝਾਉਣ ਦਾ ਯਤਨ ਕਰਦਾ ਰਿਹਾ ਕਿ ਮਹਿਜ਼ ਚਾਰ-ਪੰਜ ਮੁਲਾਕਾਤਾਂ ਦੇ ਆਧਾਰ 'ਤੇ ਮੈਂ ਇਸ ਯਕੀਨ ਦਾ ਪਾਤਰ ਕਿਉਂ ਬਣ ਗਿਆ ਕਿ ਜੋ ਰਾਜ਼ ਉਸ ਨੇ ਆਪਣੇ ਬੱਚਿਆਂ ਤੋਂ ਛੁਪਾਇਆ ਹੋਇਆ ਹੈ, ਉਹ ਮੇਰੇ ਨਾਲ ਸਾਂਝਾ ਕਰ ਲਿਆ। ਇਸ ਸਾਰੀ ਕਸ਼ਮਕਸ਼ ਦੌਰਾਨ ਏਨਾ ਥੱਕ ਗਿਆ ਕਿ ਕੁਰਸੀ 'ਤੇ ਹੀ ਨੀਂਦ ਆ ਗਈ। ਜਦੋਂ ਅਗਲੀ ਸਵੇਰ ਜਹਾਜ਼ ਵਿਚ ਬੈਠਿਆ ਤਾਂ ਡੇਢ ਕੁ ਘੰਟੇ ਦੀ ਉਡਾਨ ਦੌਰਾਨ ਵੀ ਉਮਾ ਬਾਰੇ ਹੀ ਸੋਚਦਾ ਰਿਹਾ।

ਚੰਡੀਗੜ੍ਹ ਪੁੱਜਣ ਮਗਰੋਂ ਰਾਤ ਨੌਂ ਵਜੇ ਮੈਂ ਉਮਾ ਨੂੰ ਫੋਨ ਕੀਤਾ। ਮੈਨੂੰ ਪਤਾ ਸੀ ਕਿ ਉਹ ਛੇਤੀ ਸੌਣ ਦੀ ਆਦੀ ਹੈ ਅਤੇ ਰਾਤ ਨੌਂ ਵਜੇ ਬੈੱਡ 'ਤੇ ਪੁੱਜ ਜਾਂਦੀ ਹੈ। ਸਾਡੀ ਗੱਲਬਾਤ ਪੰਝੀ ਕੁ ਮਿੰਟ ਚੱਲੀ। ਅਗਲੀ ਰਾਤ ਵੀ ਸਾਡੀ ਫੋਨ-ਵਾਰਤਾ ਹੋਈ। ਤੀਜੇ ਦਿਨ ਮੈਨੂੰ ਰੋਜ਼ ਗੱਲਬਾਤ ਕਰਨੀ ਬਚਕਾਨਾ ਜਾਪੀ। ਸੋ, ਫੋਨ ਨਹੀਂ ਕੀਤਾ। ਦਸ ਮਿੰਟ ਬਾਅਦ ਉਸ ਦਾ ਫੋਨ ਆ ਗਿਆ, ਸਵਾਲਾਂ ਦੀ ਝੜੀ ਨਾਲ: "ਕਿਆ ਹੋ ਗਯਾ? ਠੀਕ ਤੋ ਹੋ? ਫੋਨ ਕਯੂੰ ਨਹੀਂ ਕੀਆ?" ਬਸ, ਉਸ ਤੋਂ ਬਾਅਦ ਮੈਂ ਹਰ ਰੋਜ਼ ਰਾਤ ਨੌਂ ਵਜੇ ਉਸ ਨੂੰ ਫੋਨ ਕਰਨ ਲੱਗਾ। ਮੈਨੂੰ ਇਹ ਜਾਇਜ਼ ਵੀ ਲੱਗਿਆ ਕਿ ਜੇਕਰ ਮੇਰਾ ਫੋਨ ਉਸ ਨੂੰ ਸਕੂਨ ਦਿੰਦਾ ਹੈ ਤਾਂ ਇਹ ਸਿਲਸਿਲਾ ਟੁੱਟਣਾ ਨਹੀਂ ਚਾਹੀਦਾ। ਫੋਨ 'ਤੇ ਉਸ ਦਾ ਹਾਲ ਪੁੱਛਦਾ ਹਾਲਾਂਕਿ ਇਹ ਪੁੱਛਦਿਆਂ ਝਿਜਕ ਵੀ ਹੁੰਦੀ ਸੀ: ਕਤਰਾ ਕਤਰਾ ਮਰ ਰਹੀ ਤੋਂ ਉਸ ਦਾ ਹਾਲ ਪੁੱਛਣਾ ਮੈਨੂੰ ਖ਼ੁਦ ਨੂੰ ਤਕਲੀਫ਼ਦੇਹ ਜਾਪਦਾ ਸੀ। ਉਸ ਦੇ ਦਿਨ ਦੇ ਰੁਝੇਵਿਆਂ ਬਾਰੇ ਪੁੱਛਦਾ ਤੇ ਆਪਣਿਆਂ ਬਾਰੇ ਦੱਸਦਾ। ਹੋਰ ਗੱਲਾਂ ਵੀ ਕੀ ਹੋ ਸਕਦੀਆਂ ਸਨ। ਮੈਨੂੰ ਆਭਾਸ ਹੋ ਗਿਆ ਸੀ ਕਿ ਨੀਂਦ ਦੀ ਗੋਲੀ ਤੋਂ ਬਿਨਾਂ ਉਹ ਸੌਂ ਨਹੀਂ ਸਕਦੀ ਸੀ। ਇਸੇ ਲਈ ਜਦੋਂ ਉਸ ਦੀ ਆਵਾਜ਼ ਵਿਚ ਲੋਰ ਉਭਰਨਾ ਸ਼ੁਰੂ ਹੁੰਦਾ, ਮੈਂ ਉਸ ਨੂੰ ਫੋਨ ਬੰਦ ਕਰਨ ਲਈ ਕਹਿੰਦਾ; ਆਪ ਅਜਿਹਾ ਬਿਲਕੁਲ ਨਹੀਂ ਸੀ ਕਰਦਾ। ਇਹ ਪ੍ਰਭਾਵ ਮੈਂ ਬਿਲਕੁਲ ਨਹੀਂ ਸੀ ਦੇਣਾ ਚਾਹੁੰਦਾ ਕਿ ਮੇਰੇ ਕੋਲ ਉਸ ਲਈ ਸਮਾਂ ਨਹੀਂ। ਇਹ ਸਿਲਸਿਲਾ ਤਿੰਨ ਮਹੀਨੇ ਚੌਵੀ ਦਿਨ ਚੱਲਿਆ। ਉਹ ਹਮੇਸ਼ਾ ਖ਼ੁਸ਼ਮਿਜ਼ਾਜੀ ਦਰਸਾਉਣ ਦਾ ਯਤਨ ਕਰਦੀ ਪਰ ਮੈਂ ਉਸ ਦੇ ਸੁਰਾਂ ਵਿਚੋਂ ਉਸ ਦੀ ਅਸਲ ਅਵਸਥਾ ਸਮਝਣੀ ਸਿੱਖਦਾ ਗਿਆ। ਦੋ ਮਹੀਨੇ ਬਾਅਦ ਉਸ ਨੇ ਦੱਸਿਆ ਕਿ ਉਸ ਨੇ ਬੇਟਿਆਂ ਨੂੰ ਆਪਣੀ ਹਾਲਤ ਬਾਰੇ ਦੱਸ ਦਿੱਤਾ ਹੈ। ਨੌਕਰੀ ਵੀ ਛੱਡ ਦਿੱਤੀ ਹੈ। ਛੋਟਾ ਬੇਟਾ ਤਾਂ ਉਸ ਦੀ ਡਿੱਗਦੀ ਸਿਹਤ ਤੋਂ ਪਹਿਲਾਂ ਹੀ ਫ਼ਿਕਰਮੰਦ ਸੀ। ਵੱਡਾ ਫ਼ੌਰੀ ਵਾਪਸ ਆਉਣਾ ਚਾਹੁੰਦਾ ਸੀ ਪਰ ਉਸ ਨੇ ਬੇਟੇ ਨੂੰ ਰੋਕ ਦਿੱਤਾ, ਇਹ ਕਹਿ ਕੇ ਕਿ ਪੀ.ਆਰ. ਦੇ ਕਾਗ਼ਜ਼ਾਤ ਮਿਲਣ ਤੋਂ ਬਾਅਦ ਹੀ ਆਵੇ, ਉਹ ਏਨੀ ਛੇਤੀ ਮਰਨ ਵਾਲੀ ਨਹੀਂ। ਉਹ ਇਸ ਗੱਲੋਂ ਖ਼ੁਸ਼ ਸੀ ਕਿ ਛੋਟੇ ਬੇਟੇ ਨੇ ਉਸ ਦੀ ਸੋਚ ਤੋਂ ਉਲਟ ਬੜਾ ਹੌਸਲਾ ਦਿਖਾਇਆ ਹੈ। ਉਸ ਦੀ ਗਰਲਫ੍ਰੈਂਡ ਜਿਸ ਨਾਲ ਇਹ ਬੇਟਾ ਸ਼ਾਮ ਵੇਲੇ ਫੋਨ 'ਤੇ ਮਸਰੂਫ਼ ਰਿਹਾ ਕਰਦਾ ਸੀ, ਵੀ ਬਾਕਾਇਦਾ ਹਰ ਸ਼ਾਮ ਦੋ ਘੰਟੇ ਉਮਾ ਨਾਲ ਬਿਤਾਉਂਦੀ ਸੀ। ਇਸੇ ਸਿਲਸਿਲੇ ਦੌਰਾਨ ਉਮਾ ਨੂੰ ਦੋ ਵਾਰ ਹਸਪਤਾਲ ਵੀ ਦਾਖਲ ਹੋਣਾ ਪਿਆ: ਇਕ ਵਾਰ 48 ਘੰਟਿਆਂ ਲਈ, ਦੂਜੀ ਵਾਰ 72 ਘੰਟਿਆਂ ਲਈ। ਉਹ ਮੈਸੇਜ ਕਰ ਕੇ ਮੈਨੂੰ ਦੱਸ ਦਿੰਦੀ, ਇਸ ਤਾਕੀਦ ਨਾਲ ਕਿ ਫੋਨ ਜ਼ਰੂਰ ਕਰਨਾ ਹੈ, ਚਾਹੇ ਚਾਰ-ਪੰਜ ਮਿੰਟਾਂ ਲਈ। ਮੈਂ ਦੋ ਕੁ ਵਾਰ ਉਸ ਨੂੰ ਕਿਹਾ ਕਿ ਮੈਂ ਉਸ ਨੂੰ ਮਿਲਣਾ ਚਾਹੁੰਦਾ ਹਾਂ ਪਰ ਉਸ ਨੇ ਸਖ਼ਤੀ ਨਾਲ ਵਰਜ ਦਿੱਤਾ, ਇਹ ਕਹਿੰਦਿਆਂ ਕਿ "ਏਕ ਬਾਰ ਇਕੱਠੇ ਹੀ ਆਨਾ।"

ਚੌਥੇ ਮਹੀਨੇ ਦੇ 25ਵੇਂ ਦਿਨ ਫੋਨ ਦੀ ਰਿੰਗ ਜਾਂਦੀ ਰਹੀ ਪਰ ਕਿਸੇ ਨੇ ਚੁੱਕਿਆ ਨਹੀਂ। ਉਸ ਤੋਂ ਅਗਲੀ ਸਵੇਰ ਮੈਂ ਨੌਂ ਵਜੇ ਫੋਨ ਕੀਤਾ, ਰਿੰਗ ਜਾਂਦੀ ਰਹੀ, ਵੱਜ-ਵੱਜ ਕੇ ਬੰਦ ਹੋ ਗਈ। ਉਸ ਰਾਤ ਵੀ ਫੋਨ ਬੰਦ ਮਿਲਿਆ। ਅਗਲੀ ਸਵੇਰ ਵੀ ਜਦੋਂ ਬੰਦ ਮਿਲਿਆ ਤਾਂ ਮੈਂ ਬਨਾਰਸ ਜਾਣ ਦਾ ਮਨ ਬਣਾ ਲਿਆ। ਜਹਾਜ਼ ਦੀ ਟਿਕਟ ਅਗਲੇ ਦਿਨ ਦੀ ਮਿਲੀ। ਉਸ ਦਿਨ ਸਵੇਰ ਵੇਲੇ ਉਮਾ ਦੇ ਗੁਜ਼ਰਨ ਦਾ ਸੁਨੇਹਾ ਆ ਗਿਆ, ਉਸ ਦੇ ਹੀ ਫੋਨ ਤੋਂ। ਸਸਕਾਰ ਸ਼ਾਮ ਪੰਜ ਵਜੇ ਸੀ। ਹਵਾਈ ਅੱਡੇ 'ਤੇ ਬੈਗ ਚੈੱਕ-ਇਨ ਕਰਨ ਮਗਰੋਂ ਫਲਾਈਟ ਦੀ ਉਡੀਕ ਵਿਚ ਬੈਠਾ ਹੋਇਆ ਸਾਂ ਤਾਂ ਮਨ ਵਿਚ ਉਭਰਿਆ ਕਿ ਮੈਂ ਇਹ ਸਭ ਕੁਝ ਕਿਉਂ ਕਰ ਰਿਹਾ ਹਾਂ। ਮੇਰਾ ਜੋ ਵੀ ਨਾਤਾ ਸੀ, ਉਹ ਉਮਾ ਤਕ ਸੀਮਤ ਸੀ। ਬਾਕੀਆਂ ਨਾਲ ਮੈਨੂੰ ਕੀ? ਪਰ ਅਗਲੇ ਹੀ ਪਲ ਮੈਨੂੰ ਆਪਣੀ ਸੋਚ ਗ਼ਲਤ ਲੱਗੀ। ਮੈਨੂੰ ਜਾਪਿਆ ਕਿ ਸਾਰੀਆਂ ਆਖ਼ਰੀ ਰਸਮਾਂ ਤਕ ਉਮਾ ਮੇਰੀ ਹਾਜ਼ਰੀ ਦੀ ਹੱਕਦਾਰ ਹੈ।

ਫਲਾਈਟ ਤਿੰਨ ਵਜੇ ਬਨਾਰਸ ਪੁੱਜੀ। ਕਮਰਾ ਮੈਂ ਪੁਰਾਣੇ ਵਾਲੇ ਹੋਟਲ 'ਚ ਪਹਿਲਾਂ ਹੀ ਬੁੱਕ ਕਰਵਾ ਲਿਆ ਸੀ। ਬੈਗ ਉਥੇ ਰੱਖਣ ਮਗਰੋਂ ਉਮਾ ਦੇ ਘਰ ਪਹੁੰਚ ਗਿਆ। ਅਰਥੀ ਤਿਆਰ ਕੀਤੀ ਜਾ ਰਹੀ ਸੀ। ਉਮਾ ਦਾ ਵੱਡਾ ਬੇਟਾ ਉਥੇ ਮੌਜੂਦ ਸੀ। ਕਦੇ ਨਾ ਮਿਲਿਆ ਹੋਣ ਦੇ ਬਾਵਜੂਦ ਉਹ ਮੈਨੂੰ ਪਛਾਣ ਗਿਆ। ਉਹ ਹੈਰਾਨ ਸੀ ਕਿ ਮੈਂ ਚੰਡੀਗੜ੍ਹ ਏਨੀ ਛੇਤੀ ਕਿਵੇਂ ਪੁੱਜ ਗਿਆ। ਇਹੋ ਹੈਰਾਨੀ ਪੂਰੇ ਬੰਗਾਲੀ ਟੋਲੇ ਨੂੰ ਵੀ ਸੀ। ਮੈਂ ਸਪਸ਼ਟੀਕਰਨ ਦੇਣ ਦਾ ਅਮਲ ਸੰਸਕਾਰ ਤੋਂ ਬਾਅਦ ਤਕ ਟਾਲ ਗਿਆ। ਵੱਡੇ ਬੇਟੇ ਨੇ ਪੁੱਛਿਆ ਕਿ ਮੈਂ ਉਮਾ ਦਾ ਚਿਹਰਾ ਦੇਖਣਾ ਚਾਹੁੰਦਾ ਹਾਂ ਜਾਂ ਨਹੀਂ। ਮੈਂ ਨਾਂਹ ਕਰ ਦਿੱਤੀ। ਮਰੀ ਹੋਈ ਉਮਾ ਨੂੰ ਦੇਖਣ ਦਾ ਸਾਹਸ ਮੇਰੇ ਅੰਦਰ ਪੈਦਾ ਨਹੀਂ ਹੋ ਸਕਿਆ।

ਸਸਕਾਰ ਤੋਂ ਬਾਅਦ ਘਰ ਆਉਣ 'ਤੇ ਹੱਥ-ਮੂੰਹ ਧੋ ਕੇ ਮੈਂ ਚਾਹ ਪੀਤੀ। ਫਿਰ ਦੋਵਾਂ ਬੱਚਿਆਂ ਕੋਲ ਖਾਮੋਸ਼ ਬੈਠਾ ਰਿਹਾ। ਰਾਤ ਨੌਂ ਕੁ ਵਜੇ ਹੋਟਲ ਵੱਲ ਜਾਣ ਲੱਗਾ ਤਾਂ ਵੱਡੇ ਬੇਟੇ ਨੇ ਸਵਾਲ ਕੀਤਾ, "ਅੰਕਲ, ਆਪ ਇਤਨੀ ਜਲਦ ਕੈਸੇ ਆ ਗਏ?" ਮੈਂ ਰੋਜ਼ ਦੀਆਂ ਫੋਨ ਵਾਰਤਾਵਾਂ ਦਾ ਜ਼ਿਕਰ ਕਰਨਾ ਮੁਨਾਸਿਬ ਨਹੀਂ ਸਮਝਿਆ, ਇਸ ਲਈ ਝੂਠ ਬੋਲ ਦਿੱਤਾ, "ਇਕ ਅਕਾਦਮਿਕ ਕੰਮ ਲਈ ਇਥੇ ਆਉਣਾ ਸੀ। ਫਲਾਈਟ ਵੀ ਬੁੱਕ ਸੀ ਕਿ ਸਵੇਰੇ ਤੁਹਾਡਾ ਸੁਨੇਹਾ ਮਿਲ ਗਿਆ।"

*(ਬਾਕੀ ਅਗਲੇ ਸਫੇ 'ਤੇ)*

# ਨਾ ਉਦਾਸ, ਨਾ ਉਦਾਸੀਨ ਹੈ ਹਰਜਿੰਦਰ ਕੰਗ ਦੀ ਸ਼ਾਇਰੀ

ਹਰਜਿੰਦਰ ਕੰਗ ਪੰਜਾਬੀ ਕਵਿਤਾ ਵਿਚ ਫ਼ੈਲਵੀਂ ਮਹਿਕ ਦਾ ਨਾਮ ਹੈ। ਆਪਣੀ ਹਰ ਕਵਿਤਾ, ਗ਼ਜ਼ਲ ਜਾਂ ਗੀਤ ਰਾਹੀਂ ਉਹ ਸਾਨੂੰ ਖੁਸ਼ਬੂਆਂ ਦੇ ਬੂਹੇ ਖੋਲ੍ਹ ਦਿੰਦਾ ਹੈ। ਉਸ ਦੀ ਸ਼ਾਇਰੀ ਨਾਲ ਮੇਰੀ ਮੁਹੱਬਤ ਦਾ ਰਿਸ਼ਤਾ ਚਿਰੋਕਣਾ ਹੈ। ਉਸ ਵੇਲੇ ਤੋਂ ਜਦ ਉਹ ਅਜੇ ਪਿੰਗਲ ਤੇ ਅਰੂਜ਼ ਦੇ ਬੂਹੇ 'ਤੇ ਅਰਜ਼ਮੰਦ ਸੀ। ਮੇਰੇ ਸੰਪਰਕ ਵਿਚ ਸਭ ਤੋਂ ਪਹਿਲਾਂ ਉਸਦੀ ਗ਼ਜ਼ਲ ਆਈ। ਗ਼ਜ਼ਲ ਦਾ ਰੰਗ ਅਸਲੋਂ ਵੱਖਰਾ, ਨਿਵੇਕਲਾ, ਬਿਲਕੁਲ ਸੱਜਰਾ। ਕਈ ਵਾਰ ਤਾਂ ਏਦਾਂ ਲੱਗਦਾ ਜਿਵੇਂ ਹਿੰਦ-ਪਾਕਿ ਗ਼ਜ਼ਲ ਦੇ ਵਿਚੋਂ ਦੀ ਸੱਜਰੀ ਪੈੜ ਵਾਲੀ ਪਗਡੰਡੀ ਹੋਵੇ। ਉਸ ਬਾਰੇ ਇਹ ਪਤਾ ਲੱਗਾ ਕਿ ਉਹ ਫਰਿਜ਼ਨੋ (ਅਮਰੀਕਾ) ਰਹਿੰਦੈ। ਇੱਛਾ ਜਾਗਦੀ ਕਿ ਜਦ ਕਦੇ ਭਾਰਤ ਆਵੇਗਾ ਤਾਂ ਮਿਲਾਂਗੇ। ਪੰਦਰਾਂ ਸੋਲਾਂ ਸਾਲ ਪਹਿਲਾਂ ਉਸਤਾਦ ਸ਼ਾਇਰ ਸਰਦਾਰ ਪੰਛੀ ਦੇ ਘਰ ਮੁਲ਼ਾਕਾਤ ਹੋਈ, ਕੋਠੇ 'ਤੇ ਧੁੱਪ ਸੇਕਦਿਆਂ। ਉਸ ਦਾ ਗੁਲਾਬੀ ਚਿਹਰਾ ਧੁੱਪੇ ਹੋਰ ਮਘ ਉੱਠਿਆ। ਪੋਲੇ ਪੋਲੇ ਸਾਹੀਂ ਉਸ ਕੁਝ ਗ਼ਜ਼ਲਾਂ ਸੁਣਾਈਆਂ। ਇੰਜ ਲੱਗਿਆ



**ਗੁਰਭਜਨ ਗਿੱਲ**

ਜਿਵੇਂ ਤਪਦੀ ਲੋਹ 'ਤੇ ਕਣੀਆਂ ਪੈਂਦੀਆਂ ਨੇ। ਹਾੜ੍ਹ ਮਗਰੋਂ ਪਹਿਲੀ ਬਰਸਾਤ ਪੈਂਦੀ ਹੈ, ਧਰਤੀ ਵਿਚੋਂ ਸੋਂਧੀ ਮਿੱਟੀ ਦੀ ਮਹਿਕ ਆਉਂਦੀ ਹੈ। ਰੋਮ-ਰੋਮ ਝਰਨਾਹਟ ਛਿੜਦੀ ਹੈ। ਅੱਜ ਤੀਕ ਇਸ ਮਹਿਕ ਦਾ ਕੋਈ ਵੀ ਨਾਮ ਨਹੀਂ ਰੱਖ ਸਕਿਆ। ਬੱਸ! ਇਹੀ ਹੈ ਹਰਜਿੰਦਰ ਕੰਗ।

ਹਰਜਿੰਦਰ ਕੰਗ ਕਵਿਤਾ ਹੈ, ਗ਼ਜ਼ਲ ਹੈ, ਗੀਤ ਹੈ। ਤਿੰਨਾਂ ਦਾ ਮਿਸ਼ਰਣ ਹੈ। ਕੰਢੇ ਤੋੜਵਾਂ ਮੀਂਹ ਕਿਆਰਿਆਂ ਦੀ ਪ੍ਰਵਾਹ ਨਹੀਂ ਕਰਦਾ। ਹਰਜਿੰਦਰ ਕੰਗ ਜਲੰਧਰ ਜ਼ਿਲ੍ਹੇ ਦੇ ਪਿੰਡ 'ਕੰਗ ਜਾਗੀਰ' ਦਾ ਜੰਮਪਲ ਹੈ। ਘਰ ਵਿਚ ਅਦਬੀ ਮਾਹੌਲ ਤਾਂ ਪਤਾ ਨਹੀਂ ਹੈ ਸੀ ਜਾਂ ਨਹੀਂ ਪਰ ਇਸ ਟੱਬਰ 'ਚੋਂ ਪੰਜਾਬੀ ਅਦਬ ਦੇ ਦੋ ਮਾਣਕ ਮੋਤੀ ਅੱਜ ਨਿਵੇਕਲੀਆਂ ਡਲ੍ਹਕਾਂ ਮਾਰ ਰਹੇ ਹਨ। ਸ਼ਾਇਰੀ ਵਿਚ ਹਰਜਿੰਦਰ ਕੰਗ ਤੇ ਕਹਾਣੀ ਸਿਰਜਣ ਵਿਚ ਪਰਵੇਜ਼ ਸੰਧੂ। ਦੋਵੇਂ ਇੱਕੋ ਦਾਦੇ ਦੀ ਅੰਸ ਬੰਸ ਹਨ। ਦੋਵੇਂ ਅਮਰੀਕਾ ਵੱਸਦੇ ਹਨ। ਦੋਵੇਂ ਬਾਤਾਂ ਪਾਉਂਦੇ ਹਨ। ਹਰਜਿੰਦਰ ਛੋਟਾ ਵੀਰ ਹੈ ਤੇ ਪਰਵੇਜ਼ ਵੱਡੀ। ਹੁਣ ਦੋਵੇਂ ਬਰਾਬਰ ਦੌੜ ਰਹੇ ਹਨ, ਸ਼ਬਦਾਂ ਦੇ ਮੰਡਲ ਵਿਚ। ਦੌੜ ਸਹਿਜ ਹੈ, ਸਾਹੋ ਸਾਹ ਨਹੀਂ ਹੁੰਦੇ। ਜਿਵੇਂ ਰਸਵਾਂ ਮੀਂਹ ਪੈਂਦਾ ਹੈ, ਅੱਖਾਂ ਨੂੰ ਨਹੀਂ ਦਿਸਦਾ ਪਰ ਧਰਤੀ ਨੂੰ ਆਪਣੀ ਤਰਿਓਂਤ ਨਾਲ ਤਰ ਕਰ ਜਾਂਦੈ। ਇਸ ਪਲ ਮੇਰੀ ਹਾਲਤ ਕੁਝ ਇਹੋ ਜਹੀ ਹੈ। ਹਰਜਿੰਦਰ ਕੰਗ ਨੂੰ ਪੜ੍ਹਨਾ ਹੀ ਸੁਭਾਗ ਹੈ, ਪਰ ਉਸ ਬਾਰੇ ਲਿਖਣਾ ਤਾਂ ਹੋਰ ਵੀ ਸੁਭਾਗੜਾ ਹੈ।

ਹਰਜਿੰਦਰ ਕੰਗ ਦੀਆਂ ਹੁਣ ਤੀਕ ਚਾਰ ਕਾਵਿ ਪੁਸਤਕਾਂ ਛਪ ਚੁੱਕੀਆਂ ਨੇ। ਪਹਿਲੀ ਕਿਤਾਬ 1992 ਵਿਚ ਛਪੀ ਸੀ 'ਸਵਾਂਤੀ ਬੂੰਦ'। ਇਹ ਗ਼ਜ਼ਲ ਸੰਗ੍ਰਹਿ ਸੀ। ਫਿਰ 1996 'ਚ 'ਠੀਕਰੀ ਪਹਿਰਾ' ਛਪੀ। ਇਹ ਵੀ ਗ਼ਜ਼ਲ ਸੰਗ੍ਰਹਿ ਸੀ। ਉਸਦਾ ਤੀਜਾ ਗ਼ਜ਼ਲ ਸੰਗ੍ਰਹਿ 'ਚੁੱਪ ਦੇ ਟੁੱਕੜੇ' 2006 'ਚ ਛਪਿਆ। ਚੇਤਨਾ ਪ੍ਰਕਾਸ਼ਨ ਵੱਲੋਂ ਛਪੇ ਇਸ ਸੰਗ੍ਰਹਿ ਵੇਲੇ ਹੀ ਸ਼ਾਇਦ ਹਰਜਿੰਦਰ ਕੰਗ ਨਾਲ ਮੇਰੀ ਮੁਲ਼ਾਕਾਤ ਹੋਈ ਸੀ। ਸਤਾਰਾਂ ਅਠਾਰਾਂ ਸਾਲ ਪਹਿਲਾਂ।

ਹੰਸ ਰਾਜ ਹੰਸ ਨੇ ਹਰਜਿੰਦਰ ਕੰਗ ਦੇ ਕਈ ਗੀਤ ਗਾਏ ਨੇ, ਪਰ 'ਆਪਾਂ ਦੋਵੇਂ ਰੁੱਸ ਬੈਠੇ ਤਾਂ ਮਨਾਊ ਕੌਣ ਵੇ' ਨੇ ਤਾਂ ਕੰਗ ਦੀ ਮਹਿਕ ਚਹੁੰ ਕੂੰਟੀਂ ਪਸਾਰ ਦਿੱਤੀ। ਇਸੇ ਨਾਮ ਹੇਠ ਹੀ ਉਸ ਦਾ ਗੀਤ ਸੰਗ੍ਰਹਿ 2011 ਵਿਚ ਚੇਤਨਾ ਪ੍ਰਕਾਸ਼ਨ ਵਲੋਂ ਛਪਿਆ 'ਆਪਾਂ ਦੋਵੇਂ ਰੁੱਸ ਬੈਠੇ' ਗੀਤ ਸੰਗ੍ਰਹਿ ਸਾਹਿਤਕ ਗੀਤਾਂ ਦਾ ਸਮਰੱਥ ਸੰਗ੍ਰਹਿ ਹੈ। ਜਿੰਨੀ ਵਾਰ ਪੜ੍ਹੋ, ਓਨੀ ਵਾਰ ਹੀ ਰਸ-ਵਿਭੋਰ ਹੁੰਦੇ ਹਾਂ। ਹਰਜਿੰਦਰ ਕੰਗ ਦੇ ਕਾਵਿ-ਸੰਸਾਰ ਬਾਰੇ ਡਾ. ਸੁਰਜੀਤ ਸਿੰਘ ਬਰਾੜ (ਘੋਲੀਆ) ਨੇ ਮੁਕੰਮਲ ਕਿਤਾਬ 2015 ਵਿਚ ਲਿਖੀ ਸੀ। ਨੌਂ ਸਾਲ ਪਹਿਲਾਂ। 'ਵੇਲ ਰੁਪਏ ਦੀ ਵੇਲ' ਉਸਦਾ ਸੱਜਰਾ ਕਾਵਿ ਸੰਗ੍ਰਹਿ ਹੈ। ਕਵਿਤਾਵਾਂ, ਗੀਤਾਂ ਤੇ ਗ਼ਜ਼ਲਾਂ ਦਾ ਮਿਸ਼ਰਤ ਪਰਾਗਾ। ਇਸ ਦਾ ਪ੍ਰਕਾਸ਼ਨ 'ਸਵੀਨਾ ਪਬਲੀਕੇਸ਼ਨਜ਼' ਵਲੋਂ ਕੀਤਾ ਗਿਆ ਹੈ। 'ਸਵੀਨਾ' ਬਹੁਤ ਹੀ ਜ਼ਹੀਨ ਧੀ ਸੀ। ਕਲੀਰਿਆਂ ਦੀ ਉਮਰੇ ਵਿਛੋੜਾ ਦੇ ਗਈ। ਉਹ ਪਰਵੇਜ਼ ਦੀ ਧੀ ਹੈ। ਉਸ ਬਾਰੇ ਹੀ ਤਾਂ ਇਸ ਕਿਤਾਬ ਦੇ ਸਮਰਪਣ ਵਿਚ ਹਰਜਿੰਦਰ ਕੰਗ ਲਿਖਦਾ ਹੈ:

ਚੁੱਪ ਜਿਹੀ ਕੁੜੀ
ਧੁੱਪ ਜਿਹੀ ਕੁੜੀ
ਧੀ ਸਵੀਨਾ ਦੇ ਨਾਂ

ਪਤਾ ਨਹੀਂ ਉਹ ਕਿਸ ਫੁੱਲ ਦੀ ਖੁਸ਼ਬੋ ਹੋ ਗਈ
ਰੱਬ ਜਾਣੇ ਉਹ ਕਿਸ ਤਾਰੇ ਦੀ ਲੋਅ ਹੋ ਗਈ।

"ਵੇਲ ਰੁਪਏ ਦੀ ਵੇਲ" ਲੋਕ-ਧਾਰਾ ਵਿਚ ਕੁੱਟ-ਕੁੱਟ ਕੇ ਗੁੰਨ੍ਹਿਆ ਕਾਵਿ ਸੰਗ੍ਰਹਿ ਹੈ। ਨਾਮ ਤੋਂ ਹੀ ਸਪੱਸ਼ਟ ਹੈ ਕਿ ਸਰਮਾਏ ਦੇ ਵਿਸ਼ਵ ਵਰਤਾਰੇ ਵਿਚ ਮਿੱਧੇ ਜਾ ਰਹੇ ਰਿਸ਼ਤਾ ਨਾਤਾ ਪ੍ਰਬੰਧ ਅਤੇ ਸਮੁੱਚਾ ਵਿਹਾਰ ਕਿਵੇਂ ਟੁਕੜੇ-ਟੁਕੜੇ ਹੋ ਰਿਹਾ ਹੈ। ਮੇਰੀ ਨਜ਼ਰ ਵਿਚ ਏਦੂੰ ਆਸਾਨ ਭਾਸ਼ਾ ਵਿਚ ਕੁਤਰੀ ਜਾ ਰਹੀ ਫੁਲਕਾਰੀ ਦਾ ਰੁਦਨ ਕੀਤਾ ਹੀ ਨਹੀਂ ਜਾ ਸਕਦਾ।

ਆਪਣੀ ਕਵਿਤਾ ਬਾਰੇ ਗੱਲ ਕਰਦਿਆਂ ਬਹੁਤ ਥੋੜ੍ਹੇ ਸ਼ਬਦਾਂ ਵਿਚ ਹੀ ਉਹ ਬਹੁਤ ਵੱਡੀ ਗੱਲ ਕਹਿ ਜਾਂਦਾ ਹੈ। 'ਚੇਤਨਾ-ਅਵਚੇਤਨਾ ਦੇ ਚੌਂਤਰੇ ਤੇ ਚੌਂਕੜਾ ਮਾਰ ਕੇ ਚਿੱਤ ਦੀ ਚਿਣਗ ਨਾਲ ਚੌਮੁਖੀਆ ਚਿਰਾਗ ਜਗਾਉਣਾ ਕਵਿਤਾ ਹੈ।'

ਇਹੀ ਕੁੰਜੀ ਹੈ ਉਸਦੇ ਸਮੁੱਚੇ ਕਾਵਿ ਦੀ। ਸ਼ਾਇਦ ਇਸੇ ਕਰਕੇ ਹੀ ਕਵਿਤਾ ਵਰਗੇ ਇਸ ਮਨੁੱਖ ਕੋਲ ਸ਼ਬਦ ਅਰਜ਼ਮੰਦ ਹੋ ਕੇ ਅਰਦਲ ਵਿਚ ਆਣ ਖਲੋਂਦੇ ਨੇ। "ਵੇਲ ਰੁਪਏ ਦੀ ਵੇਲ" ਦੀਆਂ ਪਹਿਲੀਆਂ ਸਤਰਾਂ ਹਨ:


ਮੁੜ ਮੁੜ ਓਹੀ ਰੰਗ ਤਮਾਸ਼ੇ,
ਮੁੜ ਮੁੜ ਓਹੀ ਖੇਲ।
ਵੇਲ ਰੁਪਏ ਦੀ ਵੇਲ, ਵੇਲ ਰੁਪਏ ਦੀ ਵੇਲ।
ਪੱਤੇ ਜੇ ਖ਼ੁਦਕੁਸ਼ੀਆਂ ਕਰ ਗਏ।
ਜੜ੍ਹਾਂ ਦੇ ਹੁੰਦਿਆਂ ਜੇ ਰੁੱਖ ਮਰ ਗਏ।
ਜੇ ਨੀਂਦਾਂ ਤੋਂ ਸੁਪਨੇ ਡਰ ਗਏ।
ਹਰੀ ਹੋਣ ਤੋਂ ਪਹਿਲਾਂ ਸੁੱਕ ਜਾਊ,
ਫਿਰ ਜ਼ਿੰਦਗੀ ਦੀ ਵੇਲ।

ਇਹ ਗੱਲ ਏਥੇ ਹੀ ਨਹੀਂ ਰੁਕਦੀ। "ਰੁਪਈਆ" ਇਸ ਕਾਵਿ ਸੰਗ੍ਰਹਿ ਦਾ ਕੇਂਦਰ ਬਿੰਦੂ ਹੈ। ਅਗਲੀ ਕਵਿਤਾ "ਰੱਬ ਰੁਪਈਆ" ਗੱਲ ਖੋਲਦਾ ਹੈ:

ਰੱਬ ਰੁਪਈਆ, ਲੱਭ ਰੁਪਈਆ।
ਦੁਨੀਆ ਉੱਤੇ ਯੱਭ ਬੜੇ ਨੇ,
ਸਭ ਤੋਂ ਵੱਡਾ ਯੱਭ ਰੁਪਈਆ।
ਤੂੰ ਜਰਬਾਂ ਦੇਨੈਂ ਲੱਖਾਂ ਨੂੰ।
ਕਿਉਂ 'ਕੱਠੇ ਕਰਦੈਂ ਕੱਖਾਂ ਨੂੰ।
ਜ਼ਰਾ ਦੇਖ ਖੋਲ ਕੇ ਅੱਖਾਂ ਨੂੰ,
ਅਰਬਾਂ ਖਰਬਾਂ ਵਾਲੇ ਬੰਦੇ,
ਤੁਰ ਗਏ ਏਥੇ ਛੱਡ ਰੁਪਈਆ।

ਵੇਖਣ ਨੂੰ ਲੱਗਦਾ ਹੈ ਕਿ ਇਹ ਗੱਲ ਤਾਂ ਪਹਿਲਾਂ ਵੀ ਬਹੁਤ ਸ਼ਾਇਰ ਕਰ ਚੁੱਕੇ ਹਨ। ਇਸ ਵਿਚ ਨਵੀਂ ਗੱਲ ਕਿਹੜੀ ਹੈ? ਦੋਸਤੋ! ਇਸ ਵਿਚ ਨਵੀਂ ਗੱਲ 'ਸ਼ਬਦ-ਨਾਚ' ਤੇ 'ਸ਼ਬਦ-ਨਾਦ' ਹੈ। ਗੱਲ ਓਨਾ ਚਿਰ ਸੱਜਰੀ ਰਹਿੰਦੀ ਹੈ, ਜਿੰਨਾ ਚਿਰ ਸਮੱਸਿਆ ਦਾ ਹੱਲ ਨਹੀਂ ਹੁੰਦਾ। ਝਾੜੂ ਬੁਹਾਰੀ ਵੀ ਤਾਂ ਘਰ ਵਿਚ ਰੋਜ਼ ਕਰਨੀ ਪੈਂਦੀ ਹੈ। ਕੂੜਾ ਮੁੱਕਣ ਤੀਕ!

ਸਾਡੀ ਰੂਹ ਦਾ ਰੁਪਈਆ ਕਿਤੇ ਚੱਲਦਾ ਨਹੀਂ।
ਤੇਰੇ ਸ਼ਹਿਰ ਦਾ ਵਪਾਰੀ ਸਾਡੇ ਵੱਲ ਦਾ ਨਹੀਂ।
* * *
ਨਾ ਪੂਰੇ ਪਰਦੇਸੀ ਪਹੁੰਚੇ, ਨਾ ਮੁੜ ਪੂਰੇ ਪਿੰਡ ਗਏ ਹਾਂ।
ਏਥੇ ਓਥੇ ਰਾਹਾਂ ਦੇ ਵਿਚ, ਖਿੰਡਦੇ ਖਿੰਡਦੇ ਖਿੰਡ ਗਏ ਹਾਂ।
* * *
ਠੰਢੀਆਂ ਮਿੱਠੀਆਂ ਛਾਵਾਂ ਹੇਠਾਂ ਬਹਿ ਆਇਆ ਹਾਂ।
ਹੁਣ ਨਹੀਂ ਆਉਣਾ, ਮੈਂ ਬੋਹੜਾਂ ਨੂੰ ਕਹਿ ਆਇਆ ਹਾਂ।
* * *
ਘਰ ਦੇ ਬੂਹੇ ਢੋ ਆਇਆ ਹਾਂ।
ਮੈਂ ਵੀ ਪਿੰਡੋਂ ਹੋ ਆਇਆ ਹਾਂ।




ਮਰ ਗਏ ਮਗਰੋਂ ਮਾਪੇ ਆਪੇ,
ਦਰ ਤੇ ਬਹਿ ਕੇ ਰੋ ਆਇਆ ਹਾਂ।
* * *
ਇਸ ਵਾਰੀ ਜਦ ਪਿੰਡੋਂ ਹੋ ਕੇ ਆਇਆ ਹਾਂ।
ਆਪਣੇ ਹੀ ਗਲ ਲੱਗ ਲੱਗ, ਰੋ ਕੇ ਆਇਆ ਹਾਂ।

ਜਿਸ ਥਾਂ ਤੋਂ ਖ਼ਤ ਉਹਦੇ ਕੱਢੇ ਪਾੜਨ ਲਈ,
ਉਸ ਹੀ ਥਾਂ ਤੇ ਫੇਰ ਲੁਕੋ ਕੇ ਆਇਆ ਹਾਂ।
* * *
ਵਸਾ ਲੈਂਦੇ ਨੇ ਯਾਦਾਂ ਦੇ ਦਿਲਾਂ ਵਿਚ ਪਿੰਡ ਪਰਦੇਸੀ,
ਬਦੇਸ਼ਾਂ ਵਿਚ ਵੀ ਲੁਧਿਆਣਾ, ਜਲੰਧਰ ਟੋਲ਼ਦੇ ਨੇ।
***
ਸ਼ਬਦ ਹਲਕੇ ਨੇ, ਕਿਤਾਬਾਂ ਭਾਰੀਆਂ।
ਨਿੱਤ ਸ਼ਿਕਾਇਤਾਂ ਕਰਦੀਆਂ ਅਲਮਾਰੀਆਂ।

ਵੱਡੀਆਂ ਸੜਕਾਂ ਨਹੀਂ ਘਰ ਜਾਂਦੀਆਂ,
ਡੰਡੀਆਂ ਘਰ ਜਾਂਦੀਆਂ ਨੇ ਸਾਰੀਆਂ।
* * *

ਹਰਜਿੰਦਰ ਕੰਗ ਸਮੁੱਚੇ ਵਿਸ਼ਵ ਵਰਤਾਰੇ ਦੇ ਪ੍ਰਸੰਗ ਵਿਚ ਪੰਜਾਬੀ ਮਨੁੱਖ ਦਾ ਚਿਤਵਨ ਕਰਦਾ ਹੈ। ਉਸ ਨੂੰ ਵਿਸ਼ਵ ਦੇ ਨਾਲ-ਨਾਲ ਪੰਜਾਬ ਤੇ ਪੰਜਾਬੀ ਬੰਦੇ ਦੀ ਚਿੰਤਾ ਵੀ ਹੈ ਕਿ ਕਿਤੇ ਇਹ ਆਪਣੇ ਮੂਲ ਖ਼ਾਸੇ ਤੋਂ ਭਟਕ ਕੇ ਪੰਜਾਬੀਅਤ ਦੇ ਰਸ ਰੰਗ ਤੋਂ ਹੀਣਾ ਹੋ ਕੇ 'ਕਮਾਦ' ਦੀ ਥਾਂ 'ਚਰੀ ਦਾ ਟਾਂਡਾ' ਹੀ ਨਾ ਬਣ ਜਾਵੇ।

ਹਰਜਿੰਦਰ ਕੰਗ ਕੋਲ ਸ਼ਬਦਾਂ ਦਾ ਸਹਿਜ ਹੈ। ਸ਼ੋਰ ਅੰਦਰਲੀ ਚੁੱਪ ਲੱਭ-ਲੱਭ ਕੇ ਉਹ ਸ਼ਬਦਾਂ ਵਿਚ ਪਰੋਂਦਾ ਹੈ। ਇਸੇ ਚੁੱਪ ਦੇ ਟੁਕੜੇ 'ਵੇਲ ਰੁਪਏ ਦੀ ਵੇਲ' ਵਿਚ ਖਿੱਲਰੇ ਪਏ ਨੇ। ਉਸ ਨੂੰ ਪਤਾ ਹੈ ਕਿ ਚੁੱਪ ਦੀ ਦਹਿਲੀਜ਼ ਲੰਘ ਕੇ ਹੀ ਆਪਣੇ ਅੰਦਰ ਝਾਕਿਆ ਜਾ ਸਕਦਾ ਹੈ।

ਪਾਕਿ ਪੁਸਤਕਾਂ ਪੜ੍ਹ ਕੇ ਵੀ ਦਿਲ ਪਾਕਿ ਨਾ ਹੋਇਆ।
ਬਾਹਰ ਝਾਕਦੇ ਰਹਿ ਗਏ, ਅੰਦਰ ਝਾਕ ਨਾ ਹੋਇਆ।
* * *
ਆਪਸ ਵਿਚ ਹੀ ਲੜ ਪਏ, ਕੱਲੇ ਕੱਲੇ ਰਹਿ ਗਏ,
ਸ਼ਬਦਾਂ ਕੋਲੋਂ ਬਣ ਕੋਈ ਚੰਗਾ ਵਾਕ ਨਾ ਹੋਇਆ।
* * *
ਅਕਸਰ ਜਾਣ ਗੁਆਚ ਕਿਸੇ ਅਣਦੇਖੀ ਦੁਨੀਆਂ ਵਿਚ,
ਰਾਤ ਜਿਨਾਂ ਥਾਵਾਂ 'ਤੇ ਬੰਦਾ ਫਿਰਦਾ ਰਹਿੰਦਾ ਹੈ।
* * *
ਦੁਨੀਆ ਬਾਗ ਬਗੀਚਾ ਰੰਗ ਬਰੰਗੇ ਫੁੱਲਾਂ ਦਾ,
ਨਿੱਤ ਕੋਈ ਫੁੱਲ ਝੜਦਾ ਕੋਈ ਖਿੜਦਾ ਰਹਿੰਦਾ ਹੈ।
* * *
ਇਹ ਦਰਿਆ ਦਰਦ ਦਾ ਗਹਿਰਾ ਗਿਆ ਹੈ।
ਕਿ ਇਸ ਨੂੰ ਸ਼ਾਂਤ ਹੋਣਾ ਆ ਗਿਆ ਹੈ।

ਇਹ ਕਿਸ ਦੀ ਯਾਦ ਸ਼ੀਸ਼ੇ ਵਿਚ ਦਫ਼ਨ ਹੈ,
ਜੋ ਮੇਰਾ ਅਕਸ ਵੀ ਮੁਰਝਾ ਗਿਆ ਹੈ।

ਮੈਨੂੰ ਹਰਜਿੰਦਰ ਕੰਗ ਦਾ ਇਹ ਕਾਵਿ ਸੰਗ੍ਰਹਿ ਪੜ੍ਹਦਿਆਂ ਇੰਜ ਮਹਿਸੂਸ ਹੁੰਦਾ ਹੈ ਜਿਵੇਂ ਮੇਲੇ ਵਿਚ ਬਾਇਓਸਕੋਪ ਵੇਖਦਿਆਂ ਜਗਤ ਤਮਾਸ਼ੇ ਦੇ ਸਗਲ ਰੂਪ ਸਰੂਪ ਵੇਖ ਰਿਹਾ ਹੋਵਾਂ। ਆਪਣੇ ਮਨ ਦੇ ਅੰਦਰ ਬਾਹਰ ਦੀ ਨਿਰੰਤਰ ਯਾਤਰਾ ਹੈ "ਵੇਲ ਰੁਪਏ ਦੀ ਵੇਲ" ਮੈਨੂੰ ਇਹ ਕਵਿਤਾਵਾਂ ਪੜ੍ਹਦਿਆਂ ਬਹੁਤ ਵਾਰ ਜਾਪਿਆ ਜਿਵੇਂ ਮੈਂ ਅੰਬਰ ਦੇ ਇਕੱਲੇ ਇਕੱਲੇ ਤਾਰੇ ਨੂੰ ਪੈਦਲ ਗਾਹ ਰਿਹਾ ਹੋਵਾਂ। ਹਰਜਿੰਦਰ ਕੰਗ ਕੋਲ ਲੋਕ ਦ੍ਰਿਸ਼ਟੀ ਹੈ, ਜੋ ਵਿਰਲਿਆਂ ਨੂੰ ਨਸੀਬ ਹੁੰਦੀ ਹੈ। ਦ੍ਰਿਸ਼ਟੀ ਤੇ ਦ੍ਰਿਸ਼ਟੀਕੋਣ ਜਿੰਨਾ ਚਿਰ ਵਿਅਕਤੀਗਤ ਰਹਿੰਦਾ ਹੈ, ਓਨਾ ਚਿਰ ਦ੍ਰਿਸ਼ਟੀ ਸਮ-ਦ੍ਰਿਸ਼ਟੀ ਨਹੀਂ ਬਣਦੀ। ਦ੍ਰਿਸ਼ਟੀ ਨੂੰ ਸਮ ਕਰ ਕੇ ਰੱਖਣਾ ਹਰਜਿੰਦਰ ਕੰਗ ਦੇ ਹਿੱਸੇ ਆਇਆ ਹੈ। ਇਸ ਵਰਤਾਰੇ ਤੇ ਵਿਹਾਰ ਨੂੰ ਪੱਛਮੀ ਜਾਂ ਪੂਰਬੀ ਕਾਵਿ-ਵਿਧਾਨ ਕੀ ਰਹਿੰਦਾ ਹੈ, ਮੈਨੂੰ ਇਸ ਦਾ ਭੋਰਾ ਵੀ ਇਲਮ ਨਹੀਂ ਹੈ।

ਹਾਂ! ਏਨਾ ਜ਼ਰੂਰ ਪਤਾ ਹੈ ਕਿ ਹਰਜਿੰਦਰ ਕੰਗ ਦੀ ਕਵਿਤਾ ਸਿਰਫ਼ ਦਿਲ ਤੇ ਦਿਮਾਗ ਨੂੰ ਹੀ ਪ੍ਰਭਾਵਤ ਨਹੀਂ ਕਰਦੀ ਸਗੋਂ ਰੂਹ ਦੇ ਅੰਦਰ ਲਗਾਤਾਰ ਜੀਰਦੀ ਹੈ। ਸਾਹਾਂ ਵਿਚ ਰਮਦੀ ਹੈ। ਪੱਤਿਆਂ, ਟਾਹਣੀਆਂ ਤੇ ਬਿਰਖਾਂ ਨੂੰ ਗੀਤ ਸੁਣਾਉਂਦੀ ਹੈ। ਆਪਣੇ ਨਾਲ ਨਾਲ ਨੱਚਣ ਗਾਉਣ ਲਈ ਮਾਹੌਲ ਪੈਦਾ ਕਰਦੀ ਹੈ।

ਜਿੰਦ ਉਡੀਕਾਂ ਦੇ ਵਿਚ ਬੈਠੀ ਕੱਲੀ ਰਹਿ ਗਈ।
ਆਇਆ ਨਾ ਉਹ ਉਸ ਖ਼ਾਤਰ ਥਾਂ ਮੱਲੀ ਰਹਿ ਗਈ।

ਜਿਸਮ ਤਾਂ ਜਸ਼ਨ ਮਨਾਉਂਦੇ ਫਿਰਦੇ ਨੇ ਥਾਂ ਥਾਂ,
ਰੂਹ ਰੋਂਦੀ ਹੈ, ਹਾੜਾ ਵੇ, ਮੈਂ ਕੱਲੀ ਰਹਿ ਗਈ।

ਹਰਜਿੰਦਰ ਕੰਗ ਦੀ ਇਹ ਕਾਵਿ-ਪੁਸਤਕ ਮਾਣਯੋਗ ਕਿਰਤ ਹੈ। ਇਹ ਤੁਹਾਡੇ ਨਾਲ ਨਾਲ ਤੁਰਨ ਦੇ ਕਾਬਲ ਸਿਰਜਣ ਹੈ। ਤੁਹਾਨੂੰ ਇਕੱਲ ਦੇ ਕਵਚ ਵਿਚੋਂ ਕੱਢ ਕੇ ਸਮੂਹ ਵਿਚ ਜਿਉਣ ਦਾ ਮਾਰਗ ਦੱਸਦੀ ਹੈ। ਅੱਜ ਉਦਾਸੀ ਨਾਲੋਂ ਵੱਧ ਖ਼ਤਰਾ ਉਦਾਸੀਨਤਾ ਤੋਂ ਹੈ। ਹਰਜਿੰਦਰ ਕੰਗ ਦੀ ਕਵਿਤਾ ਉਦਾਸੀਨ ਨਹੀਂ, ਨਾ ਹੀ ਉਦਾਸ ਹੈ। ਇਹ ਨਿਰੰਦਰ ਜਾਗਦੀ ਅੱਖ ਦੇ ਸੁਪਨੇ ਜਹੀ ਹੈ।

ਕੌਣ ਨਹੀਂ ਚਾਹੇਗਾ, ਇਸ ਨੂੰ ਪੜਨਾ!
ਸਮਰੱਥ ਸ਼ਾਇਰੀ ਦਾ ਸੁਆਗਤ ਹੈ।

*****ਚੇਅਰਮੈਨ***
***ਪੰਜਾਬੀ ਲੋਕ ਵਿਰਾਸਤ ਅਕਾਡਮੀ, ਲੁਧਿਆਣਾ***

---

## ਆਖ਼ਰੀ ਤੋਹਫ਼ਾ

***(ਪਿਛਲੇ ਸਫੇ ਦੀ ਬਾਕੀ)***

ਫਿਰ ਏਨਾ ਕੁ ਦੱਸਿਆ ਕਿ ਗਾਹੇ-ਬਗਾਹੇ ਉਮਾ ਨਾਲ ਗੱਲ ਹੋ ਜਾਂਦੀ ਸੀ। ਉਸ ਦੀ ਨਾਮੁਰਾਦ ਬਿਮਾਰੀ ਬਾਰੇ ਮੈਨੂੰ ਪਤਾ ਸੀ, ਇਸੇ ਲਈ ਸੋਚਿਆ ਸੀ ਕਿ ਆਪਣਾ ਕੰਮ ਕਰਨ ਤੋਂ ਇਲਾਵਾ ਉਮਾ ਦਾ ਪਤਾ ਵੀ ਲੈ ਸਕਾਂਗਾ। ਉਹ ਕੁਝ ਪਲ ਖ਼ਾਮੋਸ਼ ਰਿਹਾ, ਫਿਰ ਪੁੱਛਣ ਲੱਗਾ, "ਆਪ ਤੋ ਕਲ੍ਹ ਵਾਪਸ ਚਲੇ ਜਾਉਗੇ?" ਮੈਂ ਜਵਾਬ ਦਿੱਤਾ, "ਉਠਾਲੇ ਤਕ ਯਹਾਂ ਰੁਕੂੰਗਾ।" ਮੇਰਾ ਜਵਾਬ ਸੁਣ ਕੇ ਉਸ ਦੇ ਮੱਥੇ 'ਤੇ ਸ਼ਿਕਨ ਉੱਭਰ ਆਏ। ਮੈਂ ਵੀ ਇਨ੍ਹਾਂ ਸ਼ਿਕਨਾਂ ਦੇ ਅਰਥ ਬੁਝ ਲਏ।

—-

ਬੰਗਾਲੀ ਟੋਲੇ ਵਿਚ ਘੁਰ-ਘੁਰ ਸਸਕਾਰ ਵੇਲੇ ਮੇਰੀ ਹਾਜ਼ਰੀ ਤੋਂ ਹੀ ਸ਼ੁਰੂ ਹੋ ਗਈ ਸੀ। ਅਗਲੀ ਸਵੇਰ ਜਦੋਂ ਮੈਂ ਸਫ਼ੇਦ ਕੁੜਤੇ ਪਜਾਮੇ ਵਿਚ ਉਮਾ ਦੇ ਘਰ ਪੁੱਜਾ ਤਾਂ ਘੁਰ-ਘੁਰ ਵਧ ਗਈ। ਉਨ੍ਹਾਂ ਵਿਚੋਂ ਇਕ ਸੱਜਣ ਤੋਂ ਰਿਹਾ ਨਾ ਗਿਆ। ਉਹ ਮੇਰੇ ਕੋਲ ਆ ਬੈਠਾ। ਇਕ-ਦੋ ਰਸਮੀ ਗੱਲਾਂ ਕਰਨ ਮਗਰੋਂ ਪੁੱਛਣ ਲੱਗਾ, "ਉਮਾ ਆਪ ਕੀ ਦੋਸਤ ਥੀ?" "ਨਹੀਂ, ਬੇਟੀ ਥੀ।" ਇਹ ਜਵਾਬ ਸੱਚ ਨਹੀਂ ਸੀ ਪਰ ਉਮਾ ਦੇ ਬੇਟੇ ਦੇ ਮੱਥੇ 'ਤੇ ਉਭਰੇ ਸ਼ਿਕਨਾਂ ਨੂੰ ਦੇਖ ਕੇ ਮੈਂ ਰਾਤ ਵੇਲੇ ਹੀ ਸੋਚ ਲਿਆ ਸੀ। ਉਂਝ ਵੀ ਮੈਂ ਨਹੀਂ ਸੀ ਚਾਹੁੰਦਾ ਕਿ ਉਮਾ ਤੇ ਮੇਰੀ ਸਾਂਝ ਜਿਸ ਤਰਜ਼ ਦੀ ਵੀ ਉਹ ਸੀ, ਨੂੰ ਲੈ ਕੇ ਕੋਈ ਮਰੀ ਹੋਈ ਉਮਾ ਦੀ ਖੇਹ ਉਡਾਵੇ।

ਬਹਰਹਾਲ, ਮੇਰਾ ਜਵਾਬ ਬੜਾ ਅਸਰਦਾਰ ਸਾਬਤ ਹੋਇਆ। ਬੰਗਾਲੀ ਟੋਲੇ ਦੇ ਸੁਰ ਬਦਲ ਗਏ। ਉਨ੍ਹਾਂ ਦੇ ਵਿਹਾਰ ਚੋਂ ਵਿਰੋਧ ਗ਼ਾਇਬ ਹੋ ਗਿਆ। ਰੁਖ਼ ਬਦਲਿਆ ਦੇਖ ਕੇ ਉਮਾ ਦੇ ਬੇਟਿਆਂ ਦਾ ਸਾਹਸ ਵੀ ਵਧ ਗਿਆ। ਉਨ੍ਹਾਂ ਨੇ ਚਾਰ ਦਿਨ ਸਾਰੀਆਂ ਰਹੁ-ਰੀਤਾਂ ਵਿਚ ਮੈਨੂੰ ਆਪਣੇ ਮਾਮੇ ਦੇ ਨਾਲ ਬਿਠਾਇਆ। ਉਠਾਲਾ ਪੰਜਵੇਂ ਦਿਨ ਸੀ।

ਉਠਾਲੇ ਦੀਆਂ ਰਸਮਾਂ ਖ਼ਤਮ ਹੋਣ ਮਗਰੋਂ ਮੈਂ ਕੁਝ ਸਮਾਂ ਉਮਾ ਦੇ ਬੇਟਿਆਂ ਤੇ ਸਾਕ-ਸਬੰਧੀਆਂ ਨਾਲ ਬੈਠਾ ਰਿਹਾ, ਬਿਨਾਂ ਬਹੁਤਾ ਬੋਲਿਆਂ। ਇਕ-ਦੋ ਨੇ ਮੈਨੂੰ ਮੇਰੇ ਪੇਸ਼ੇ ਜਾਂ ਚੰਡੀਗੜ੍ਹ ਬਾਰੇ ਸਵਾਲ ਕੀਤੇ। ਮੇਰੇ ਜਵਾਬ ਮੁਖ਼ਤਸਰ ਰਹੇ। ਜਦੋਂ ਸ਼ਾਮ ਦੇ ਚਾਰ ਵੱਜੇ ਤਾਂ ਮੈਂ ਉਮਾ ਦੇ ਬੇਟਿਆਂ ਨੂੰ ਇਸ਼ਾਰਾ ਕੀਤਾ ਕਿ ਮੈਂ ਹੁਣ ਚੱਲਦਾ ਹਾਂ। ਵੱਡਾ ਬੇਟਾ ਮੇਰੇ ਕੋਲ ਆਇਆ, ਮੇਰੇ ਹੱਥ ਆਪਣੇ ਹੱਥਾਂ ਵਿਚ ਲੈ ਕੇ 'ਥੈਂਕ ਯੂ ਅੰਕਲ' ਕਿਹਾ ਤੇ ਫਿਰ ਫਿੱਸ ਪਿਆ। ਉਹ ਦੋ-ਢਾਈ ਮਿੰਟ ਮੇਰੇ ਮੋਢੇ 'ਤੇ ਸਿਰ ਰੱਖ ਕੇ ਹੰਝੂ ਵਹਾਉਂਦਾ ਰਿਹਾ। ਫਿਰ ਅਚਾਨਕ ਉਸ ਨੂੰ ਕੁਝ ਯਾਦ ਆਇਆ। ਰਸੋਈ ਵਿਚ ਜਾ ਕੇ ਸਫ਼ੇਦ ਕੱਪੜੇ ਵਿਚ ਲਿਪਟਿਆ ਸਟੀਲ ਦਾ ਗੋਲ ਡੱਬਾ ਲਿਆਇਆ ਤੇ ਮੇਰੇ ਹੱਥਾਂ ਵਿਚ ਸੌਂਪ ਦਿੱਤਾ। ਇਸ ਤੋਂ ਪਹਿਲਾਂ ਕਿ ਮੈਂ ਕੋਈ ਸਵਾਲ ਕਰਦਾ, ਉਹ ਬੋਲਿਆ, "ਬੇਸਨ ਔਰ ਮਾਵੇ ਕੀ ਪਿੰਨੀਆਂ ਹੈਂ। ਮੌਮ ਨੇ ਮੌਤ ਸੇ ਹਫ਼ਤਾ ਪਹਿਲੇ ਹਮਾਰੇ ਲੀਏ ਭੀ ਬਨਾਈ ਥੀ ਔਰ ਆਪ ਕੇ ਲੀਏ ਭੀ। ਉਨ ਕੋ ਯਕੀਨ ਥਾ ਆਪ ਉਨਹੇਂ ਅਲਵਿਦਾ ਕਹਿਨੇ ਜ਼ਰੂਰ ਆਉਗੇ।" ਇਹ ਸੁਣ ਕੇ ਮੈਂ ਖ਼ੁਦ ਨੂੰ ਜਜ਼ਬਾਤੀ ਹੋਣ ਤੋਂ ਨਾ ਰੋਕ ਸਕਿਆ। ਦਰਅਸਲ, ਫੋਨ 'ਤੇ ਹੁੰਦੀਆਂ ਗੱਲਾਂ ਦੌਰਾਨ ਇਕ ਵਾਰ ਮੈਂ ਉਮਾ ਨੂੰ ਦੱਸਿਆ ਕਿ ਮੇਰੀ ਹਮਸਫ਼ਰ ਮੇਰੇ ਲਈ ਵੇਸਣ ਦੀਆਂ ਪਿੰਨੀਆਂ ਖ਼ਤਮ ਨਹੀਂ ਸੀ ਹੋਣ ਦਿੰਦੀ ਜਿਸ ਕਾਰਨ ਸਵੇਰ ਦੀ ਚਾਹ ਨਾਲ ਪਿੰਨੀ ਖਾਣੀ ਮੇਰੀ ਆਦਤ ਬਣ ਗਈ ਸੀ। ਉਮਾ ਇਹ ਗੱਲ ਭੁੱਲੀ ਨਹੀਂ ਸੀ।

ਬਨਾਰਸ ਤੋਂ ਆਇਆਂ ਚਾਰ ਦਿਨ ਹੋ ਗਏ ਹਨ। ਪਿੰਨੀਆਂ ਵਾਲਾ ਡੱਬਾ ਮੈਂ ਅਜੇ ਤਕ ਨਹੀਂ ਖੋਲ੍ਹਿਆ। ਮੈਨੂੰ ਯਕੀਨ ਹੈ ਕਿ ਜਦੋਂ ਇਹ ਖੋਲ੍ਹਾਂਗਾ ਤਾਂ ਸ਼ਰਾਰਤੀ ਮੁਸਕਾਨ ਵਾਲਾ ਉਮਾ ਦਾ ਚਿਹਰਾ ਅਵੱਸ਼ ਨਜ਼ਰ ਆਏਗਾ। ਦੇਖਣਾ ਵੀ ਮੈਂ ਇਹੋ ਚਿਹਰਾ ਚਾਹੁੰਦਾ ਹਾਂ।

# ਇਹ ਹੌਰਨ ਬੱਚਿਆਂ ਦੀ ਖ਼ੁਸ਼ੀ ਲਈ

ਨਵੇਂ ਇਲਾਕੇ, ਨਵੇਂ ਸੂਬੇ, ਨਵੇਂ ਦੇਸ਼ 'ਚ ਜਦ ਬੰਦਾ ਵਿਚਰਨ ਲੱਗਦੈ ਤਾਂ ਉਸ ਦਾ ਵਾਹ ਕਈ ਕਿਸਮ ਦੀਆਂ ਨਵੀਆਂ ਰਵਾਇਤਾਂ, ਲੋਕਾਂ ਦੀਆਂ ਆਦਤਾਂ ਨਾਲ ਪੈਂਦੈ। ਉਹ ਗੱਲਾਂ ਜਾਂ ਆਦਤਾਂ ਜੋ ਤੁਹਾਡੇ ਲਈ ਬੁਰੀਆਂ ਹੋ ਸਕਦੀਆਂ, ਦੂਸਰੇ ਇਲਾਕੇ ਦੇ ਲੋਕਾਂ ਲਈ ਚੰਗੀਆਂ ਵੀ ਹੋ ਸਕਦੀਆਂ ਹਨ। ਮਿਸਾਲ ਵਜੋਂ, ਆਪਣੇ ਦੇਸ਼ 'ਚ ਤੁਸੀਂ ਹੌਰਨ ਤੋਂ ਬਿਨਾ ਡ੍ਰਾਈਵਿੰਗ ਬਾਰੇ ਸੋਚ ਵੀ ਨਹੀਂ ਸਕਦੇ ਪਰ ਅਮਰੀਕਾ, ਕੈਨੇਡਾ ਤੇ ਯੂਰਪੀ ਦੇਸ਼ਾਂ 'ਚ ਹੌਰਨ ਨੂੰ ਲੋਕ ਜ਼ਰਾ ਜਿੰਨਾ ਵੀ ਪਸੰਦ ਨਹੀਂ ਕਰਦੇ। ਉਹ ਹੌਰਨ ਗਾਲ਼ ਕੱਢਣ ਬਰਾਬਰ ਮੰਨਦੇ ਹਨ। ਆਸ-ਪਾਸ ਦੇ ਲੋਕ ਤੁਹਾਡੇ ਵੱਲ ਅੱਖਾਂ ਕੱਢ ਕੇ ਵੇਖਣ ਲੱਗਦੇ ਹਨ ਜਦਕਿ ਆਪਣੇ ਦੇਸ਼ 'ਚ ਤਸਵੀਰ ਅਸਲੋਂ ਉਲਟੀ ਹੈ। ਬਿਨਾਂ ਹੌਰਨ ਦੇ ਜਦ ਤੁਸੀਂ ਲੰਘਣ ਲੱਗਦੇ ਓ ਤਾਂ



ਇੰਦਰਜੀਤ ਚੁਗਾਵਾਂ

ਲੋਕ ਗਲ਼ ਪੈ ਜਾਂਦੇ ਹਨ, ''ਕੀ ਗੱਲ ਐ, ਹੌਰਨ ਵਜਾਉਣ 'ਚ ਮੁੱਲ ਲੱਗਦੈ...!''

ਘਰੋਂ ਕੰਮ 'ਤੇ ਜਾਂਦਿਆਂ-ਆਉਂਦਿਆਂ ਮੈਂ ਹੌਰਨ ਤੋਂ ਗੁਰੇਜ਼ ਕਰਦਾ ਸੀ। ਕਈ ਵਾਰ ਜਦ ਪਰਮਜੀਤ ਨੇ ਨਾਲ ਹੋਣਾ ਤਾਂ ਉਸ ਨੇ ਕਹਿਣਾ, ''ਹੌਰਨ ਵਜਾ ਲਿਆ ਕਰ ਯਾਰ! ਐਵੇਂ ਕੋਈ ਅਵੇਸਲਾ ਆ ਵੱਜੂ, ਫੇਰ ਚੰਗਾ ..!'' ਮੈਂ ਮਜ਼ਾਕ 'ਚ ਕਹਿਣਾ, ''ਮੈਂ ਚਲਾਉਂਦਾਂ ਈ ਏਨਾ ਹੌਲੀ ਆਂ ਕਿ ਵਿਚ ਆ ਕੇ ਵੱਜਣ ਵਾਲੇ ਦਾ ਨੁਕਸਾਨ ਨਾ ਹੋਵੇ!'' ਐਪਰ, ਹੁਣ ਏਥੇ ਅਮਰੀਕਾ ਆ ਕੇ ਇਸ ਮਾਮਲੇ 'ਚ ਮੈਂ ਬਦਲ ਗਿਆ ਹਾਂ ...ਕੁੱਝ ਖ਼ਾਸ ਲੋਕਾਂ ਦੀ ਮੰਗ 'ਤੇ ਮੈਂ ਹੌਰਨ ਵਜਾ ਦਿੰਦਾ ਹਾਂ ਤੇ ਜਦ ਉਹ ਆਪਣੀ ਇੱਛਾ ਪੂਰਤੀ 'ਤੇ ਖ਼ੁਸ਼ੀ 'ਚ ਬਾਉਰੇ ਹੁੰਦੇ ਹਨ ਤਾਂ ਮਨ ਨੂੰ ਜੋ ਸਕੂਨ ਮਿਲਦਾ ਹੈ, ਉਹ ਬਿਆਨੋਂ ਬਾਹਰਾ ਹੈ।

ਟਰੱਕ ਡ੍ਰਾਈਵਿੰਗ ਮੈਂ ਫਰਵਰੀ 2020 ਤੋਂ ਸ਼ੁਰੂ ਕੀਤੀ ਸੀ। ਸ਼ੁਰੂ ਤੋਂ ਈ ਮੈਂ ਟੀਮ ਡ੍ਰਾਈਵਿੰਗ ਈ ਕਰ ਰਿਹਾਂ। ਸ਼ੁਰੂ 'ਚ ਮੇਰੀ ਜੋੜੀ ਜਿਨ੍ਹਾਂ ਡਰਾਈਵਰਾਂ ਨਾਲ ਬਣੀ, ਉਹ ਡਰਾਈਵਿੰਗ 'ਚ ਤਾਂ ਮੈਥੋਂ ਸੀਨੀਅਰ ਸਨ ਪਰ ਉਮਰ 'ਚ ਛੋਟੇ ਸਨ। ਉਨ੍ਹਾਂ ਕੋਲੋਂ ਸਿੱਖਣ 'ਚ ਮੈਨੂੰ ਕੋਈ ਝਿਜਕ ਮਹਿਸੂਸ ਨਹੀਂ ਸੀ ਹੁੰਦੀ। ਸ਼ਾਇਦ ਇਹੀ ਕਾਰਨ ਹੈ ਕਿ ਮੇਰਾ ਕਿਸੇ ਵੀ ਜੋਟੀਦਾਰ ਨਾਲ ਤਕਰਾਰ ਨਹੀਂ ਹੋਇਆ ਤੇ ਉਹ ਵੀ ਮੇਰੀ ਆਖੀ ਗੱਲ ਦਾ ਬੁਰਾ ਨਹੀਂ ਮਨਾਉਂਦੇ। ਜਦ ਵੀ ਕੋਈ ਜੋਟੀਦਾਰ ਅਜਿਹੀ ਹਰਕਤ ਕਰਦਾ ਹੈ, ਜੋ ਸੜਕ 'ਤੇ ਜਾ ਰਹੇ ਕਿਸੇ ਮਨੁੱਖ ਨੂੰ ਬੁਰੀ ਲੱਗ ਸਕਦੀ ਹੋਵੇ ਤਾਂ ਮੈਂ ਉਸੇ ਵੇਲੇ ਉਨ੍ਹਾਂ ਨੂੰ ਵਰਜ ਦਿੰਦਾ ਹਾਂ।

ਸ਼ੁਰੂਆਤੀ ਦਿਨਾਂ ਦੀ ਗੱਲ ਐ। ਅਸੀਂ ਆਈ-5 ਹਾਈਵੇ 'ਤੇ ਜਾ ਰਹੇ ਸੀ। ਮੈਂ ਨਾਲ ਬੈਠਾ ਸੀ। ਅਚਾਨਕ ਡਰਾਈਵਿੰਗ ਕਰ ਰਹੇ ਮੇਰੇ ਸਹਿਯੋਗੀ ਨੇ ਖਿੜਕੀ 'ਚੋਂ ਬਾਹਰ ਦੇਖਦਿਆਂ ਡੌਲ਼ੇ ਦਿਖਾਉਣ ਵਰਗੀ ਹਰਕਤ ਕੀਤੀ ਤੇ ਨਾਲ ਈ ਦੋ-ਚਾਰ ਗਾਲ਼ਾਂ ਕੱਢ ਦਿੱਤੀਆਂ। ਪੁੱਛਣ 'ਤੇ ਦੱਸਣ ਲੱਗਾ, ''ਐਵੇਂ ਸਾਲ਼ੇ ਡੌਲ਼ੇ ਦਿਖਾ ਰਹੇ ਸੀ!'' ਬਾਹਰ ਦੇਖਿਆ ਤਾਂ ਸਾਡੇ ਟਰੱਕ ਦੇ ਨਾਲ ਨਾਲ ਚੱਲ ਰਹੀ ਇੱਕ ਕਾਰ ਵਿਚੋਂ ਦਸ-ਬਾਰਾਂ ਸਾਲ ਦੇ ਦੋ ਜਵਾਕ ਬੜੀ ਬੇਸਬਰੀ ਨਾਲ ਸਾਡੇ ਵੱਲ ਤੱਕ ਰਹੇ ਸੀ। ਮੈਂ ਆਪਣੇ ਸਹਿਯੋਗੀ ਨੂੰ ਡਰਾਈਵਿੰਗ ਵੱਲ ਧਿਆਨ ਦੇਣ ਲਈ ਕਿਹਾ। ਏਨੇ ਨੂੰ ਉਹ ਕਾਰ ਅੱਗੇ ਵਧ ਗਈ।

ਇਸ ਘਟਨਾ ਨੂੰ ਲੈ ਕੇ ਮੈਂ ਸੋਚਣ ਲਈ ਮਜਬੂਰ ਹੋ ਗਿਆ ਕਿ ਇਸ ਦਾ ਕੀ ਅਰਥ ਹੋ ਸਕਦੈ! ਬੱਚਿਆਂ ਦੀ ਉਮਰ ਏਨੀ ਨਹੀਂ ਸੀ ਕਿ ਉਹ ਕੋਈ ਭੜਕਾਹਟ ਪੈਦਾ ਕਰਨ ਬਾਰੇ ਸੋਚ ਸਕਦੇ ਹੋਣ। ਬੱਚਿਆਂ ਵਾਲੀ ਕਾਰ ਲਾਜ਼ਮੀ ਤੌਰ 'ਤੇ ਉਨ੍ਹਾਂ ਦੇ ਮਾਪਿਆਂ 'ਚੋਂ ਕੋਈ ਇੱਕ ਚਲਾ ਰਿਹਾ ਹੋਵੇਗਾ। ਉਸ ਦੀ ਡਰਾਈਵਿੰਗ ਤੋਂ ਸਾਫ ਪਤਾ ਲੱਗ ਰਿਹਾ ਸੀ ਕਿ ਬੱਚਿਆਂ ਦੀ ਹਰਕਤ ਉਸਦੇ ਨੋਟਿਸ ਵਿਚ ਹੈ। ...ਤੇ ਮੇਰਾ ਸਹਿਯੋਗੀ ਡਰਾਈਵਰ ਵੀ ਕੋਈ ਅਲੂਆਂ ਨਹੀਂ ਸੀ। ਉਹ ਨੇਵੀ 'ਚ ਕੰਮ ਕਰਦਿਆਂ ਅਮਰੀਕਾ ਆ ਗਿਆ ਸੀ ਤੇ ਏਧਰ ਆ ਕੇ ਅਸਾਈਲਮ ਲਈ ਅਪਲਾਈ ਕਰ ਦਿੱਤਾ ਸੀ। ਫੇਰ ਵੀ, ਮੈਂ ਉਸ ਨੂੰ ਸ਼ਾਂਤ ਰਹਿਣ ਲਈ ਕਿਹਾ। ਮੇਰਾ ਅੰਦਰਲਾ ਮੈਨੂੰ ਕਹਿ ਰਿਹਾ ਸੀ ਕਿ ਤੁਹਾਡੇ ਤੋਂ ਕੋਈ ਭੁੱਲ ਹੋਈ ਹੈ।

ਅਸਲੋਂ ਵਿਸਰ ਗਈ ਇਹ ਘਟਨਾ ਉਸ ਵੇਲੇ ਫੇਰ ਤਾਜ਼ਾ ਹੋ ਗਈ ਜਦ ਸਹਿਯੋਗੀ ਵਜੋਂ ਕੰਪਨੀ ਮਾਲਕਾਂ 'ਚੋਂ ਇੱਕ ਮੇਰੇ ਨਾਲ ਸੀ। ਉਹ ਚਾਰ ਜੁਲਾਈ ਦਾ ਦਿਨ ਸੀ, ਅਮਰੀਕਾ ਦਾ ਆਜ਼ਾਦੀ ਦਿਹਾੜਾ। ਦੂਰ ਹਾਈਵੇਅ 'ਤੇ ਪੁਲ਼ ਉੱਪਰ ਇੱਕ ਦੋ ਪਰਿਵਾਰ ਬੱਚਿਆਂ ਨੂੰ ਨਾਲ ਲੈ ਕੇ ਖੜ੍ਹੇ ਸਨ। ਮੈਂ ਇਸ ਵਾਰ ਵੀ ਨਾਲ ਈ ਬੈਠਾ ਸੀ। ਡਰਾਈਵਿੰਗ ਸੀਟ 'ਤੇ ਬੈਠੇ ਕੰਪਨੀ ਮਾਲਕ ਨੇ ਇਸ਼ਾਰਾ ਕਰਦਿਆਂ ਮੈਨੂੰ ਬੱਚਿਆਂ 'ਤੇ ਨਜ਼ਰ ਰੱਖਣ ਲਈ ਕਿਹਾ। ਟਰੱਕ ਨੇੜੇ ਆਉਣ 'ਤੇ ਬੱਚੇ ਆਪਣਾ ਖੱਬਾ ਹੱਥ ਉੱਪਰ ਕਰ ਕੇ ਹੇਠਾਂ ਵੱਲ ਖਿੱਚਣ ਦਾ ਇਸ਼ਾਰਾ ਕਰਨ ਲੱਗੇ। ਉਹ ਮੈਨੂੰ ਪੁੱਛਣ ਲੱਗਾ, ''ਅੰਕਲ, ਸਮਝੇ ਕੁੱਝ? ਇਹ ਆਪਾਂ ਨੂੰ ਹਾਈਵੇਅ ਹੌਰਨ ਵਜਾਉਣ ਲਈ ਕਹਿ ਰਹੇ ਹਨ। ਜਦ ਵੀ ਕੋਈ ਤਿੱਥ ਤਿਓਹਾਰ ਹੁੰਦੈ ਤਾਂ ਇਹ ਬੱਚੇ ਏਦਾਂ ਈ ਕਰਦੇ ਹਨ...ਜ਼ਰੂਰੀ ਨਹੀਂ ਤਿੱਥ ਤਿਓਹਾਰ ਈ ਹੋਵੇ, ਇਹ ਕਿਸੇ ਵੇਲੇ ਵੀ ਤੁਹਾਥੋਂ ਹੌਰਨ ਵਜਾਉਣ ਦੀ ਮੰਗ ਕਰ ਸਕਦੇ ਹਨ...ਹਾਈਵੇਅ ਹੌਰਨ ਇਨ੍ਹਾਂ ਬੱਚਿਆਂ ਨੂੰ ਅਥਾਹ ਖ਼ੁਸ਼ੀ ਦਿੰਦੈ..!'' ਉਸ ਨੇ ਬੱਚਿਆਂ ਦੀ ਮੰਗ ਪੂਰੀ ਕਰ ਦਿੱਤੀ ਤੇ ਬੱਚੇ ਖ਼ੁਸ਼ੀ 'ਚ ਨੱਚਣ ਲੱਗ ਪਏ।

ਟਰੱਕ 'ਚ ਦੋ ਕਿਸਮ ਦੇ ਹੌਰਨ ਹੁੰਦੇ ਹਨ। ਇਕ ਆਮ ਹੌਰਨ, ਜੋ ਕਿਸੇ ਵਾਹਨ ਤੋਂ ਅੱਗੇ ਲੰਘਣ ਲੱਗਿਆਂ ਉਸ ਵਾਹਨ ਦੇ ਡਰਾਈਵਰ ਨੂੰ ਥੋੜ੍ਹਾ ਚੌਕਸ ਕਰਨ ਲਈ ਸਹਿਜੇ ਜਿਹੇ ਵਜਾਇਆ ਜਾਂਦੈ। ਦੂਸਰੇ ਹੌਰਨ ਨੂੰ ਹਾਈਵੇਅ ਹੌਰਨ ਕਿਹਾ ਜਾਂਦੈ ਜੋ ਹੰਗਾਮੀ ਹਾਲਾਤ 'ਚ ਵਰਤਿਆ ਜਾਂਦੈ। ਮਸਲਨ, ਤੁਸੀਂ ਮਹਿਸੂਸ ਕਰਦੇ ਹੋ ਕਿ ਕੋਲੋਂ ਲੰਘ ਰਹੇ ਵਾਹਨ ਦਾ ਡਰਾਈਵਰ ਅਣਗਹਿਲੀ ਵਰਤ ਰਿਹੈ ਤੇ ਤੁਹਾਡੇ ਲਈ ਖ਼ਤਰਾ ਬਣ ਰਿਹੈ, ਜਾਂ ਅਜਿਹੀ ਕੋਈ ਹੋਰ ਘਾਤਕ ਉਲੰਘਣਾ ਕਰੇ ਤਾਂ ਤੁਸੀਂ ਹਾਈਵੇਅ ਹੌਰਨ ਵਜਾ ਕੇ ਉਸ ਨੂੰ ਚੌਕਸ ਕਰਨ ਲਈ ਹਾਈਵੇਅ ਹੌਰਨ ਵਜਾ ਦਿੰਦੇ ਓ। ਬੱਚੇ ਖੱਬਾ ਹੱਥ ਏਸ ਕਰਕੇ ਉੱਪਰ ਚੁੱਕਦੇ ਹਨ, ਕਿਉਂਕਿ ਉਨ੍ਹਾਂ ਨੂੰ ਪਤਾ ਹੁੰਦੈ ਕਿ ਹਾਈਵੇਅ ਹੌਰਨ ਡਰਾਈਵਰ ਦੇ ਖੱਬੇ ਹੱਥ ਉੱਪਰ ਵੱਲ ਹੁੰਦੈ।

ਇਹ ਸੁਣਦਿਆਂ-ਸਮਝਦਿਆਂ ਉਸੇ ਵੇਲੇ ਦਿਮਾਗ਼ ਨੇ ਕਲਿੱਕ ਕੀਤਾ...ਮੈਨੂੰ ਉਹੀ ਘਟਨਾ ਯਾਦ ਆ ਗਈ, ਉਹ ਬੱਚੇ ਯਾਦ ਆ ਗਏ। ਮੈਂ ਉਸੇ ਵੇਲੇ ਆਪਣੇ ਸਹਿਯੋਗੀ ਨੂੰ ਫੋਨ ਕਰ ਕੇ ਦੱਸਿਆ ਕਿ ਉਹ ਬੱਚੇ ਆਪਣੇ ਤੋਂ ਚਾਹੁੰਦੇ ਕੀ ਸਨ! ਉਸ ਦੇ ਮੂੰਹੋਂ ਅਚਾਨਕ ਇਹ ਸ਼ਬਦ ਨਿਕਲੇ,'' ਓਹ ਤੁਹਾਡੀ...! ਭਾਜੀ, ਕਿੱਡਾ ਵੱਡਾ ਗੁਨਾਹ ਕਰ ਬੈਠਾਂ ਮੈਂ..!'' ਉਸਦੇ ਮਨ 'ਚ ਪਛਤਾਵਾ ਸੀ। ਮੈਂ ਉਸਨੂੰ ਦਿਲਾਸਾ ਦਿੰਦਿਆਂ ਕਿਹਾ, ''ਗੁਨਾਹ ਉਹ ਹੁੰਦੈ ਜੋ ਗਿਣ-ਮਿੱਥ ਕੇ ਕੀਤਾ ਹੋਵੇ। ਦੋਹਾਂ 'ਚੋਂ ਕਿਸੇ ਨੂੰ ਵੀ ਨਹੀਂ ਪਤਾ ਸੀ ਬੱਚਿਆਂ ਦੀ ਇਸ ਇੱਛਾ ਬਾਰੇ..! ਖ਼ੈਰ, ਹੁਣ ਨਹੀਂ ਭੁੱਲਦੇ ਆਪਾਂ!'' ਇਸ ਘਟਨਾ ਤੋਂ ਬਾਅਦ ਮੈਨੂੰ ਹੌਰਨ ਵਜਾਉਣਾ ਚੰਗਾ ਲੱਗਣ ਲੱਗ ਪਿਐ ਤੇ ਮੈਂ ਹਮੇਸ਼ਾ ਇਸ ਤਾਕ 'ਚ ਰਹਿਨਾਂ ਕਿ ਕਦੋਂ ਕੋਈ ਬੱਚਾ ਆਵੇ, ਆਪਣਾ ਖੱਬਾ ਹੱਥ ਚੁੱਕ ਕੇ, ਮੁੱਠੀ ਮੀਟ ਕੇ ਜ਼ੋਰ ਦੇਣੀ ਹੇਠਾਂ ਨੂੰ ਖਿੱਚੇ ਤੇ ਮੈਂ



ਜ਼ੋਰ ਦੇਣੀ ਹਾਈਵੇਅ ਹੌਰਨ ਵਜਾਵਾਂ।

ਇਹ ਸਾਰਾ ਬਿਰਤਾਂਤ ਦਰਅਸਲ ਪਿਛਲੇ ਦਿਨੀਂ ਚਾਰ ਜੁਲਾਈ ਨੂੰ ਮੁੜ ਤਾਜ਼ਾ ਹੋ ਗਿਆ ਜਦ ਬੱਚਿਆਂ ਨੇ ਵਾਰ ਵਾਰ ਇਸ ਹੌਰਨ ਦੀ ਮੰਗ ਕੀਤੀ। ਇੱਕ ਕਾਰ ਜਾਵੇ, ਦੂਸਰੀ ਆ ਜਾਵੇ। ਮੰਗ ਪੂਰੀ ਹੋਣ 'ਤੇ ਬੱਚੇ ਖ਼ੁਸ਼ੀ ਨਾਲ ਤਾੜੀਆਂ ਮਾਰਦੇ ਨਜ਼ਰ ਆਉਂਦੇ। ਇੱਕ ਕਾਰ 'ਚ ਸਵਾਰ ਪੰਦਰਾਂ ਸੋਲਾਂ ਸਾਲ ਦੀ ਕੁੜੀ ਨੇ ਵੀ ਅਜਿਹਾ ਕਰਨ ਲਈ ਕਿਹਾ ਤਾਂ ਫੇਰ ਹੌਰਨ ਵਜਾ ਦਿੱਤਾ। ਮੈਨੂੰ ਜਾਪ ਰਿਹਾ ਸੀ ਕਿ ਕਾਰ ਉਸਦੀ ਮਾਂ ਚਲਾ ਰਹੀ ਐ। ਦੋਵਾਂ ਨੇ ਕਾਰ ਦੀ ਛੱਤ 'ਚੋਂ ਹੱਥ ਬਾਹਰ ਕੱਢ ਕੇ ਮੇਰਾ ਧੰਨਵਾਦ ਕੀਤਾ। ਬੱਚਿਆਂ ਨੂੰ ਖ਼ੁਸ਼ ਦੇਖ ਕੇ ਮਨ ਨੂੰ ਜੋ ਸਕੂਨ ਮਿਲਦੈ, ਉਹ ਬਿਆਨੋਂ ਬਾਹਰਾ ਐ!

ਦੋ ਕੁ ਦਿਨ ਹੋਏ ਕਿ ਇੱਕ ਕਾਰ ਨਜ਼ਦੀਕ ਆ ਕੇ ਹੌਲੀ ਹੋ ਗਈ ਤੇ ਉਸ ਵਿਚਲੇ ਬੱਚੇ ਨੇ ਹੌਰਨ ਸੁਣਨ ਦੀ ਇੱਛਾ ਜ਼ਾਹਰ ਕੀਤੀ ਤਾਂ ਮੈਂ ਜ਼ਰਾ ਜਿੰਨੀ ਵੀ ਦੇਰੀ ਨਹੀਂ ਕੀਤੀ। ਬੱਚੇ ਨੇ ਖ਼ੁਸ਼ ਹੋਣਾ ਈ ਸੀ। ਦੋ ਕੁ ਘੰਟੇ ਬਾਅਦ ਮੇਰੀ ਵਾਰੀ ਖ਼ਤਮ ਹੋ ਗਈ। ਹੁਣ ਜੋਟੀਦਾਰ ਅਵਤਾਰ ਨੇ ਚਲਾਉਣ ਲੱਗਣਾ ਸੀ। ਮੇਰੇ 'ਤੇ 'ਬੱਚਿਆਂ ਲਈ ਹੌਰਨ' ਦਾ ਵਿਸਮਾਦ ਭਾਰੂ ਸੀ। ਇਸੇ ਮਨੋ-ਅਵਸਥਾ 'ਚ ਨਾਲ ਦੀ ਸੀਟ 'ਤੇ ਬੈਠੇ ਨੇ ਫੇਸਬੁੱਕ ਖੋਲ੍ਹ ਲਈ। ਸਾਹਮਣੇ ਮੇਰੇ ਦੋਸਤ ਮਹੀਪਾਲ ਦਾ ਪੇਜ ਖੁੱਲ੍ਹਿਆ ਜਿਸ 'ਤੇ ਉਸਨੇ ਫਲਸਤੀਨੀ ਬੱਚਿਆਂ ਦੀ ਵੀਡਿਓ ਪਾਈ ਹੋਈ ਸੀ। ਇਹ ਬੱਚੇ ਕਿਸੇ ਰਾਹਤ ਕੈਂਪ 'ਚ ਖਾਣਾ ਲੈਣ ਲਈ ਤਰਲੋ-ਮੱਛੀ ਹੋ ਰਹੇ ਜ਼ਾਰੋ-ਜ਼ਾਰ ਰੋ ਰਹੇ ਸਨ। ਉਸ ਵੀਡਿਓ ਨੇ ਮੇਰਾ ਸਾਰਾ ਵਿਸਮਾਦ ਤੋੜ ਦਿੱਤਾ। ਮੈਂ ਸੋਚਣ ਲੱਗਾ ਕਿ ਇਨ੍ਹਾਂ ਬੱਚਿਆਂ ਦਾ ਆਖ਼ਰ ਕਸੂਰ ਕੀ ਐ! ਇਨ੍ਹਾਂ ਦਾ ਦਿਲ ਵੀ ਕਰਦਾ ਹੋਵੇਗਾ ਕਿਸੇ ਮਨ ਪਰਚਾਵੇ ਲਈ!

ਬੰਬਾਂ-ਗੋਲੀਆਂ ਦੀਆਂ ਆਵਾਜ਼ਾਂ ਨਾਲ ਬੋਲੇ ਹੋਏ ਇਨ੍ਹਾਂ ਦੇ ਕੰਨਾਂ ਨੂੰ ਕਿਹੜੀ ਆਵਾਜ਼ ਭਾਉਂਦੀ ਹੋਵੇਗੀ!

ਮੇਰਾ ਹੌਰਨ ਇਨ੍ਹਾਂ ਨੂੰ ਪ੍ਰੇਸ਼ਾਨ ਤਾਂ ਨਹੀਂ ਕਰੇਗਾ?

ਮੈਨੂੰ ਹੌਰਨ ਵਜਾਉਣਾ ਚਾਹੀਦੈ ਜਾਂ ਨਹੀਂ?

ਫ਼ੈਸਲਾ ਕਰਦਾ ਹਾਂ ਕਿ ਹੌਰਨ ਤਾਂ ਵੱਜੇਗਾ...

ਇਹ ਹੌਰਨ ਹੋਵੇਗਾ ਦੁਨੀਆ ਭਰ ਦੇ ਬੱਚਿਆਂ ਦੀ ਖ਼ੁਸ਼ੀ ਲਈ, ਉਨ੍ਹਾਂ ਦੀ ਸਲਾਮਤੀ ਲਈ...

ਇਹ ਹੌਰਨ ਹੋਵੇਗਾ ਉਸ ਮਾਸੂਮ, ਦ੍ਰਿੜ੍ਹ ਇਰਾਦੇ ਲਈ ਜੋ ਮਲਬੇ ਦੇ ਢੇਰ 'ਚੋਂ ਆਪਣੇ ਸਕੂਲੀ ਬਸਤੇ ਦੀ ਭਾਲ ਕਰਨੋਂ ਨਹੀਂ ਹਟ ਰਿਹਾ...।

ਇਹ ਹੌਰਨ ਹੋਵੇਗਾ ਉਨ੍ਹਾਂ ਫਾਸ਼ੀਵਾਦੀ ਜੰਗਬਾਜ਼ਾਂ ਖਿਲਾਫ਼ ਜੋ ਪੂਰੀ ਦੁਨੀਆ ਨੂੰ ਨਜ਼ਰਅੰਦਾਜ਼ ਕਰਦਿਆਂ ਫਲਸਤੀਨੀ ਲੋਕਾਂ ਦਾ ਨਸਲਘਾਤ ਕਰਨ 'ਤੇ ਤੁਲੇ ਹੋਏ ਹਨ...।

ਇਹ ਹੌਰਨ ਹੋਵੇਗਾ ਉਨ੍ਹਾਂ ਦਰਿੰਦਿਆਂ ਖ਼ਿਲਾਫ਼ ਜਿਨ੍ਹਾਂ ਬਚਪਨ ਦੀ ਮਾਸੂਮੀਅਤ ਦਾ ਚਿਹਰਾ ਉਸੇ ਦੇ ਖ਼ੂਨ ਨਾਲ ਲਥ-ਪੱਥ ਕਰ ਰੱਖਿਐ...।

ਇਹ ਹੌਰਨ ਹੋਵੇਗਾ ਉਨ੍ਹਾਂ ਖ਼ਿਲਾਫ਼ ਜੋ ਇਸ ਨਸਲਘਾਤ ਨੂੰ ਰੋਕਣ ਲਈ ਤਰੱਦਦ ਕਰਨ ਦੀ ਬਜਾਇ ਤਮਾਸ਼ਬੀਨ ਬਣੇ ਹੋਏ ਹਨ...।

ਇਹ ਹੌਰਨ ਹੋਵੇਗਾ ਮਾਨਵੀ ਹਾਈਵੇਅ ਮਨੁੱਖੀ ਅਧਿਕਾਰਾਂ ਦੀ ਬੇਹਯਾਈ, ਬੇਸ਼ਰਮੀ, ਨੀਚਤਾ ਭਰੀ ਉਲੰਘਣਾ ਖ਼ਿਲਾਫ਼!

ਹੁਣ ਤਾਂ ਕਈ ਵਾਰ ਹੱਥ ਆਪਣੇ ਆਪ ਹੌਰਨ ਲਈ ਉੱਠ ਜਾਂਦੈ...

ਦੂਸਰੇ ਲੋਕਾਂ ਨੂੰ ਭਾਵੇਂ ਇਸ ਹੌਰਨ ਮੌਕੇ ਕੋਈ ਬੱਚਾ ਨਜ਼ਰ ਨਾ ਆਉਂਦਾ ਹੋਵੇ, ਮੇਰੇ ਲਈ ਤਾਂ ਉਸ ਵਕਤ ਪੂਰਾ ਹਾਈਵੇਅ ਬੱਚਿਆਂ ਨਾਲ ਭਰਿਆ ਹੋਇਆ ਹੁੰਦੈ...।

ਮੇਰਾ ਹੌਰਨ ਮੇਰੇ ਇਨ੍ਹਾਂ ਬੱਚਿਆਂ ਲਈ ਵੱਜਦਾ ਰਹਿੰਦੈ...

ਇਹ ਹੌਰਨ ਹੈ ਮੇਰੇ, ਤੁਹਾਡੇ, ਆਪਣੇ ਸਭਨਾਂ ਦੇ ਬੱਚਿਆਂ ਲਈ...

ਆਓ ਆਪਾਂ ਰਲ ਕੇ ਹੌਰਨ ਵਜਾਈਏ!

ਇੱਕ ਹੌਰਨ ਬੱਚਿਆਂ ਦੀ ਖ਼ੁਸ਼ੀ ਲਈ!

## ਤੀਆਂ ਦਾ ਗੀਤ

ਸਾਉਣ ਦਾ ਮਹੀਨਾ,
ਆਏ ਤੀਆਂ ਵਾਲੇ ਦਿਨ ਵੇ,
ਪੈਂਦੀ ਏ ਫੁਹਾਰ ਚੰਨਾ,
ਛੇਤੀ ਛੇਤੀ ਆਣ ਮਿਲ ਵੇ।

ਪੀਂਘ ਦੇ ਹੁਲਾਰੇ ਨਾਲ,
ਜਦੋਂ ਛੇੜਾਂ ਤੇਰੇ ਬੋਲ ਵੇ,
ਪੁੱਛਦੀਆਂ ਸਖੀਆਂ,
ਨੀਂ ਕਿੱਥੇ ਹੈ ਤੇਰਾ ਢੋਲ ਵੇ?
ਝੂਠੇ ਲਾ ਕੇ ਬਹਾਨੇ,
ਵਕਤ ਲੰਘਾਵਾਂ ਵੇ,
ਵੱਢ ਵੱਢ ਖਾਵੇ ਮੈਨੂੰ
ਝੋਰਾ ਤੇਰੇ ਬਿਨ ਵੇ।
ਸਾਉਣ ਦਾ ਮਹੀਨਾ...।

ਲੈ ਕੇ ਸੰਧਾਰਾ ਜਦੋਂ,
ਮੇਰਾ ਵੱਡਾ ਵੀਰ ਆਇਆ ਸੀ,
ਭਰਕੇ ਉਹ ਟੋਕਰਾ,
ਮੱਠੀਆਂ ਦਾ ਲਿਆਇਆ ਸੀ।
ਮੱਥਾ ਟੇਕ ਸੱਸੜੀ ਨੂੰ
ਆਖ ਸੁਣਾਇਆ ਵੇ,
ਸੱਜਦੇ ਨਾ ਭੈਣਾਂ ਬਿਨ
ਪੇਕੇ ਇਹ ਦਿਨ ਵੇ।
ਸਾਉਣ ਦਾ ਮਹੀਨਾ...।

ਗਿੱਧੇ ਵਿਚ ਵੜ ਕੇ,
ਮੈਂ ਗੇੜਾ ਦੇਹ ਬੋਲੀ ਪਾਈ ਵੇ,
ਸਹੇਲੀਆਂ ਦੇ ਨਾਲ਼,
ਤਾਹਨੇ ਮਾਰੇ ਭਰਜਾਈ ਵੇ।
ਵੀਰ ਵੀ ਹੋਇਆ
ਅੱਜ-ਕਲ੍ਹ ਚੁੱਪ ਚੁੱਪ ਵੇ,
ਕਾਹਦਾ ਹੱਕ ਪੇਕੇ
ਮਾਪਿਆਂ ਦੇ ਬਿਨ ਵੇ।
ਸਾਉਣ ਦਾ ਮਹੀਨਾ...।

-ਸੇਵਾ ਸਿੰਘ 'ਨੂਰਪੁਰੀ'

# 'ਸਾਡੀ ਇਸਤ੍ਰੀ'

## (ਵਿਅੰਗ)

ਘਬਰਾਓ ਨਾ, ਅਸੀਂ ਆਪਣੀ ਭਾਗਵਾਨ ਦਾ ਜ਼ਿਕਰ ਨਹੀਂ ਕਰ ਰਹੇ, ਜੇ ਕਰਦੇ ਤਾਂ ਲਿਖਣਾ ਸੀ 'ਮੇਰੀ ਇਸਤ੍ਰੀ, ਔਰਤ ਜਾਂ ਧਰਮ ਪਤਨੀ' (ਉਂਝ ਮਾਝੇ ਵਿਚ ਪਹਿਲਾਂ ਪਹਿਲ ਪਤਨੀ ਲਈ ਸ਼ਬਦ 'ਬੁੱਢੀ' ਵੀ ਵਰਤਿਆ ਜਾਂਦਾ ਸੀ, ਭਾਵੇਂ ਹੋਰਨਾਂ ਇਲਾਕਿਆਂ ਵਿਚ ਅਤੇ ਇਸ ਦਾ ਆਮ ਅਰਥ ਉਮਰ ਦਰਾਜ/ਵਡੇਰੀ ਉਮਰ ਦਾ ਹੁੰਦਾ ਹੈ)

ਅਸੀਂ ਇੱਥੇ ਉਸ ਇਸਤ੍ਰੀ ਦੀ ਗੱਲ ਕਰਨ ਲੱਗੇ ਹਾਂ ਜਿਸ ਸਬੰਧੀ ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨਕੋਸ਼ ਵਿਚ ਇਸ ਦਾ ਅਰਥ 'ਕੱਪੜਾ ਤਹਿ ਕਰਨ ਦਾ ਇੱਕ ਔਜ਼ਾਰ,



ਪ੍ਰੋ. ਜਸਵੰਤ ਸਿੰਘ ਗੰਡਮ
ਫੋਨ: 98766-55055

ਜਿਸ ਨੂੰ ਦਰਜ਼ੀ ਅਤੇ ਧੋਬੀ ਵਰਤਦੇ ਹਨ' ਕੀਤਾ ਗਿਆ ਹੈ।

ਕੋਸ਼ ਵਿਚ ਇਸਤ੍ਰੀ, ਜਿਸ ਦਾ ਅਰਥ ਨਾਰੀ ਹੈ, ਨੂੰ ਸੰਸਕ੍ਰਿਤ ਮੂਲ ਦਾ ਸ਼ਬਦ ਦੱਸਿਆ ਗਿਆ ਹੈ, ਜੋ ਨਰ ਦੀ ਮਦੀਨ, ਇਸਤ੍ਰੀ, ਔਰਤ ਹੈ, ''ਨਾਰੀ ਪੁਰਖ ਪਿਆਰੁ ਪ੍ਰੇਮਿ ਸੀਗਾਰੀਆ''॥ (ਸ.ਗ.ਗ.ਸ.ਅੰਗ 148)

ਇੱਕ ਅਰਥ ਧਰਮ ਪਤਨੀ, ਵਹੁਟੀ ਵੀ ਕੀਤਾ ਗਿਐ- ''ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ''॥ (ਸ.ਗ.ਗ.ਸ.ਅੰਗ 1013)

ਅੰਗਰੇਜ਼ੀ ਵਿਚ ਕੱਪੜੇ ਪਰੈਸ ਕਰਨ ਨੂੰ 'ਆਇਰਨ' ਕਰਨਾ ਕਹਿੰਦੇ ਹਨ (ਸ਼ਬਦ ਪਰੈਸ ਕਰਨਾ ਵੀ ਪ੍ਰਚੱਲਿਤ ਹੈ)। ਕੋਲਿਨਜ਼ ਇੰਗਲਿਸ਼ ਡਿਕਸ਼ਨਰੀ ਵਿਚ 'ਆਇਰਨ' ਸ਼ਬਦ ਦੇ 15 ਅਰਥ ਕੀਤੇ ਗਏ ਹਨ, ਜਿਨ੍ਹਾਂ ਵਿਚੋਂ ਇਕ ਅਰਥ ਕੱਪੜੇ ਪ੍ਰੈੱਸ ਕਰਨਾ ਵੀ ਹੈ। ਸ਼ਬਦ ਵਿਗਿਆਨ (ਐਟੀਮੋਲੋਜੀ) ਅਤੇ ਇਸ ਸ਼ਬਦਕੋਸ਼ ਅਨੁਸਾਰ ਆਇਰਨ ਮਿਡਲ/ਓਲਡ ਇੰਗਲਿਸ਼ ਦੇ 'ਆਈਰੇਨ/ਆਈਸਰਨ', ਜੋ ਓਲਡ ਹਾਈ ਜਰਮਨ ਮੂਲ ਦੇ 'ਆਈਸਨ/ਆਈਸਰਨਾ', ਭਾਵ 'ਆਇਰਨ', ਨਾਲ ਸਬੰਧਤ ਹੈ, 'ਚੋਂ ਆਪਣੇ ਮੌਜੂਦਾ ਰੂਪ ਵਿਚ ਪੁੱਜਾ।

ਸਾਡੀ ਇਸਤ੍ਰੀ ਲੋਹੇ ਜਾਂ ਇਸਪਾਤ ਦਾ ਬਣਿਆ ਉਹ ਯੰਤਰ ਜਾਂ ਉਪਕਰਨ ਨਹੀਂ ਸੀ ਜਿਸ ਨਾਲ ਇੱਕ ਹੈਂਡਲ ਹੁੰਦਾ ਹੈ, ਜਿਸ ਦਾ ਥੱਲਾ ਭਾਰਾ ਤੇ ਚਪਟਾ ਹੁੰਦਾ ਹੈ ਅਤੇ ਜਿਸ ਨੂੰ ਗਰਮ ਕਰ ਕੇ ਜਾਂ ਸਟੀਮ ਦੁਆਰਾ ਕੱਪੜੇ ਪਰੈਸ ਕੀਤੇ ਜਾਂਦੇ ਹਨ ਤਾਂ ਕਿ ਉਨ੍ਹਾਂ ਦੀਆਂ ਸਿਲਵਟਾਂ ਜਾਂ ਵੱਟਾਂ, ਵਲਾਂ, ਝੁਰੜੀਆਂ ਨੂੰ ਸਾਫ, ਸਿੱਧਾ ਅਤੇ ਸਮਤਲ ਕੀਤਾ ਜਾ ਸਕੇ।

ਸਾਡੇ ਵੇਲਿਆਂ ਵਿਚ ਕੱਪੜੇ ਪਰੈਸ ਕਰਨ ਦੀ 'ਅਯਾਸ਼ੀ' ਨਹੀਂ ਸੀ। ਸਕੂਲ ਪੱਧਰ ਤਕ ਤਾਂ ਸੁਣਿਆ ਵੀ ਨਹੀਂ ਸੀ ਕਿ ਕੋਈ ਇਸਤ੍ਰੀ ਨਾਮ ਦੀ ਸ਼ੈਅ ਵੀ ਹੁੰਦੀ ਹੈ। ਸਾਨੂੰ ਤਾਂ ਇਸ ਦਾ ਇੱਕ ਹੀ ਅਰਥ ਪਤਾ ਸੀ ਤੇ ਉਹ ਸੀ ਔਰਤ।

ਪਰ ਕਾਲਜ ਪੜ੍ਹਨ ਵੇਲੇ ਸਾਨੂੰ ਪਤਾ ਲੱਗਾ ਕਿ ਕੱਪੜੇ ਵੀ ਪਰੈਸ ਕਰੀਦੇ ਹਨ। ਸੋ ਅਸੀਂ ਵੀ ਸੋਚਿਆ ਕਿ ਕਿਉਂ ਨਾ ਟੌਹਰ-ਟਸ਼ਨ 'ਚ ਵਿਚਰਿਆ ਜਾਵੇ? ਸੁਖ ਨਾਲ ਉਦੋਂ 'ਦੋ ਬੀਬੀ ਦੇ ਕੱਪੜੇ, ਸੁੱਥਣ ਨਾਲਾ ਹੱਥ' ਵਰਗੀ ਹਾਲਤ ਸੀ। ਕਈ ਵਾਰ ਤਾਂ ਸਾਧਾਰਨ ਜਿਹੇ, ਮੈਲਖੋਰੇ ਕੁੜਤੇ ਪਜਾਮੇ ਵਿਚ ਹੀ ਕਾਲਜ ਚਲੇ ਜਾਈਦਾ ਸੀ (ਹੁਣ ਵਾਲੇ ਸਿਆਸੀ ਨੇਤਾਵਾਂ ਆਲੇ ਦੁੱਧ ਚਿੱਟੀ ਕੌਟਨ ਦੇ ਕੁੜਤੇ ਨਹੀਂ, ਜੋ ਵਿਸ਼ੇਸ਼ ਦਰਜ਼ੀਆਂ ਤੋਂ ਸਿਲਵਾਏ ਜਾਂਦੇ ਹਨ)।

ਇੱਕ ਦੋ ਕਮੀਜ਼ਾਂ ਤੇ ਇੱਕ-ਅੱਧ ਪੈਂਟ ਹੁੰਦੀ ਸੀ ਧੁਰ ਐਮ.ਏ. ਤੀਕ। ਐਮ.ਏ. ਵੀ ਜਲੰਧਰ ਦੇ ਇੱਕ ਵੱਡੇ ਕਾਲਜ ਤੋਂ, ਜਿੱਥੇ ਅਮੀਰ ਕੁੜੀਆਂ-ਮੁੰਡੇ ਫਰਾਟੇਦਾਰ ਅੰਗਰੇਜ਼ੀ ਬੋਲਦੇ ਅਤੇ ਸੁੰਦਰ ਸਲੀਕੇਦਾਰ ਪੌਸ਼ਾਕਾਂ ਪਹਿਨ ਕੇ ਆਉਂਦੇ। ਅਸੀਂ ਮੂੰਹ ਅੱਡ ਕੇ ਉਨ੍ਹਾਂ ਵੱਲ ਦੇਖਦੇ ਰਹਿੰਦੇ, ਬਸ ਦੇਖਦੇ ਈ ਰਹਿੰਦੇ! ਸੋਚਦੇ, ਸ਼ੁੱਧ ਪੇਂਡੂ ਪਿਛੋਕੜ ਵਾਲਾ, ਡੰਗਰ ਚਾਰਨ ਵਾਲਾ, ਛੱਪੜ ਵਿਚ ਮੱਝਾਂ ਨਹਾਉਣ ਅਤੇ ਨਾਲ ਹੀ ਆਪ ਨਾਹੁਣ ਵਾਲਾ ਗਰੀਬ ਖੇਤਾਂ ਦਾ ਗਰੀਬ ਪੁੱਤ ਕਿੱਥੇ ਫਸ ਗਿਆ!

ਤੇ ਫਿਰ ਅਸੀਂ ਮਾਂ ਨਾਲ ਰਲ ਕੇ ਇੱਕ ਦੇਸੀ ਜੁਗਾੜ ਕੀਤਾ। ਚਿਕਨੇ-ਚੋਪੜੇ ਦਿਸਣ ਲਈ ਕੁਝ ਲੀਪਾ-ਪੋਚੀ ਤਾਂ ਕੀਤੀ ਜਾਏ। ਇਸਤ੍ਰੀ ਤਾਂ ਨਹੀਂ ਸੀ ਕੱਪੜੇ ਪਰੈਸ ਕਰਨ ਲਈ, ਪਰ ਬੀਬੀ ਨੇ ਜਟਕਾ ਪਰੈਸ ਕਰਨ ਦੀ ਵਿਧੀ ਅਪਣਾਈ।

(ਮਾਂ ਨੂੰ ਅਸੀਂ ਬੀਬੀ ਹੀ ਕਹਿੰਦੇ ਸਾਂ ਤੇ ਉਦੋਂ ਮਾਪਿਆਂ ਦੇ ਪੂਜਨੀਕ ਰੁਤਬਾਧਾਰੀ ਰਿਸ਼ਤਿਆਂ ਨਾਲ ਵੀ ਸਤਿਕਾਰ ਸੂਚਕ ਸ਼ਬਦ 'ਜੀ' ਲਾਉਣ ਦਾ ਅਜੇ ਰਿਵਾਜ ਨਹੀਂ ਸੀ)।


ਇਸ ਵਿਧੀ ਤਹਿਤ ਕੱਪੜੇ ਧੋਣ ਮਗਰੋਂ ਉਨ੍ਹਾਂ ਦੀ ਤਹਿ ਲਾ ਕੇ ਸੌਣ ਵਾਲੇ ਬਿਸਤਰੇ ਹੇਠ ਜਾਂ ਸਿਰਹਾਣੇ ਹੇਠ ਰੱਖ ਦੇਣੇ ਤੇ ਮੈਂ ਉਪਰ ਸੌਂ ਜਾਣਾ। ਸਾਡੇ ਭਾਰ ਨਾਲ ਕੁਝ ਕੁ ਸਿਲਵਟਾਂ ਨਿਕਲ ਜਾਣੀਆਂ ਤੇ ਕੁਝ ਕੁ ਰਹਿ ਜਾਣੀਆਂ। ਪਰ ਕੁਝ ਨਾ ਹੋਣ ਨਾਲੋਂ ਕੁਝ ਹੋਣਾ ਚੰਗਾ ਹੀ ਹੁੰਦੈ।


ਉਹ ਵੇਲੇ ਹੀ ਐਸੇ ਸਨ ਕਿ 'ਕਪੜੇ ਸਬੂਣੀ, ਦਾਲ ਬੇਲੂਣੀ' ਵਾਲੀ ਅਵਸਥਾ ਪੁਗਦੀ ਨਹੀਂ ਸੀ। ਸਰਦੇ-ਪੁਜਦਿਆਂ ਨੂੰ ਤਾਂ ਪੁਗ ਜਾਂਦੀ ਸੀ ਪਰ ਸਾਧਾਰਨ ਪਿਛੋਕੜ ਵਾਲਿਆਂ ਨੂੰ ਨਹੀਂ। ਇਹ ਤਾਂ ਨਹੀਂ ਨਾ ਹੋ ਸਕਦਾ ਕਿ 'ਮਾਂ ਮਰੇ ਭੁਖਾਵਲੇ ਤੇ ਧੀ ਦਾ ਨਾਉਂ ਦਹੀਂ'! ਜਾਂ 'ਘਰ ਖਾਣ ਨੂੰ ਨਹੀਂ, ਅੰਮਾਂ ਪੀਹਣ ਗਈ ਆ'! ਬੰਦਾ ਜੇ ਹੈਸੀਅਤ ਮੁਤਾਬਕ ਨਾ ਚੱਲੂ ਤਾਂ ਫ਼ਜ਼ੀਅਤ ਹੀ ਹੋਊ!

ਸੋ, ਸਾਡੀ ਇਸਤ੍ਰੀ ਜ਼ਿੰਦਾਬਾਦ! ਪਰੈਸ ਕਰਨ ਦਾ ਦੇਸੀ ਜੁਗਾੜ ਕਰਨ ਵਾਲੀ ਮੇਰੀ ਮਾਂ 'ਅਮਰ ਰਹੇ'!

**ਜੰਮੂ ਕਸ਼ਮੀਰ ਤੋਂ ਮਨੁੱਖੀ ਅਧਿਕਾਰਾਂ ਦੇ ਉਘੇ ਵਕੀਲ ਸਨਮ ਸੁਤੀਰਥ ਵਜ਼ੀਰ ਨੇ 1984 ਵਿਚ ਸਿੱਖਾਂ ਦੇ ਕਤਲੇਆਮ ਬਾਰੇ ਖੋਜ ਭਰਪੂਰ ਕਿਤਾਬਾਂ ਲਿਖੀਆਂ ਹਨ। ਇਸ ਵਿਸ਼ੇ ਬਾਰੇ ਉਨ੍ਹਾਂ ਦੀ ਚੌਥੀ ਅਤੇ ਨਵੀਂ ਕਿਤਾਬ 'ਦਿ ਕੌਰਜ਼ ਆਫ 1984' ਬਾਰੇ ਚਰਚਾ ਇਸ ਲੇਖ ਵਿਚ ਕੀਤੀ ਗਈ ਹੈ।**

# 1984 ਦੀਆਂ ਪੀੜਤ ਕੌਰਾਂ ਦੀ ਦਰਦ ਕਹਾਣੀ








*ਮਨੁੱਖੀ ਅਧਿਕਾਰਾਂ ਦਾ ਵਕੀਲ ਸਨਮ ਸੁਤੀਰਥ ਵਜ਼ੀਰ ਆਪਣੀ ਕਿਤਾਬ 'ਦਿ ਕੌਰਜ਼ ਆਫ 1984' ਨਾਲ, (ਵਿਚਕਾਰ) ਕਿਤਾਬ ਦਾ ਮੁਖੜਾ ਅਤੇ (ਸੱਜੇ) ਦਿੱਲੀ ਦੀ ਤ੍ਰਿਲੋਕਪੁਰੀ 'ਚ ਹਿੰਸਾ ਹੰਢਾਉਣ ਵਾਲੀ ਦਰਸ਼ਨ ਕੌਰ ਜਿਸ ਨੇ ਅਦਾਲਤ ਵਿਚ ਐੱਚ.ਕੇ.ਐੱਲ. ਭਗਤ ਦੀ ਸ਼ਨਾਖਤ ਕਰਦਿਆਂ ਆਪਣੀ ਜੁੱਤੀ ਉਸ ਨੂੰ ਦਿਖਾਈ ਸੀ। ਦਰਸ਼ਨ ਕੌਰ ਦੀ ਇਹ ਤਸਵੀਰ ਸ਼ੋਮ ਬਾਸੂ ਦੀ ਖਿੱਚੀ ਹੋਈ ਹੈ।*



**ਮਨਮੋਹਨ**
**ਫੋਨ: +91-82839-48811**

ਚਾਲੀ ਸਾਲ ਬੀਤ ਜਾਣ 'ਤੇ ਵੀ ਸੰਨ ਚੁਰਾਸੀ 'ਚ ਹੋਏ ਅਪਰੇਸ਼ਨ ਬਲਿਊ ਸਟਾਰ ਅਤੇ ਇੰਦਰਾ ਗਾਂਧੀ ਦੇ ਕਤਲ ਮਗਰੋਂ ਸਿੱਖ ਵਿਰੋਧੀ ਹਿੰਸਾ 'ਚ ਸਿੱਖ ਔਰਤਾਂ ਨਾਲ ਵਾਪਰੀਆਂ ਦੀਆਂ ਦਿਲ ਦਹਿਲਾਉਣ ਵਾਲੀਆਂ ਘਟਨਾਵਾਂ ਦਾ ਬਿਰਤਾਂਤ ਸਨਮ ਸੁਤੀਰਥ ਵਜ਼ੀਰ ਨੇ ਸਾਲ ਦੋ ਹਜ਼ਾਰ ਚੌਵੀ ਵਿਚ ਪ੍ਰਕਾਸ਼ਿਤ ਹੋਈ ਆਪਣੀ ਚੌਥੀ ਪੁਸਤਕ 'ਦਿ ਕੌਰਜ਼ ਆਫ 1984' ਵਿਚ ਪੇਸ਼ ਕੀਤਾ ਹੈ। ਇਹ ਖੋਜ ਕਾਰਜ ਉਸ ਨੂੰ ਐਮਨੈਸਟੀ ਇੰਟਰਨੈਸ਼ਲ ਨੇ ਸਾਲ 2014 ਵਿਚ ਦਿੱਤਾ ਸੀ।

ਜੰਮੂ ਕਸ਼ਮੀਰ ਦਾ ਰਹਿਣ ਵਾਲਾ ਸਨਮ ਮਨੁੱਖੀ ਅਧਿਕਾਰਾਂ ਦਾ ਪ੍ਰਤੀਬੱਧ ਵਕੀਲ ਹੈ। ਵੱਡੇ ਪੱਧਰ 'ਤੇ ਹੋਈਆਂ ਹਿੰਸਕ ਘਟਨਾਵਾਂ ਅਤੇ ਅਣਇਤਿਹਾਸਕ ਬੇਇਨਸਾਫ਼ੀਆਂ ਦੇ ਮੌਖਿਕ ਇਤਿਹਾਸ ਦੁਆਰਾ ਦਸਤਾਵੇਜ਼ੀਕਰਨ ਨਾਲ ਉਸ ਦਾ ਨਾਂ ਬੜੇ ਡੂੰਘੇ ਢੰਗ ਨਾਲ ਜੁੜਿਆ ਹੋਇਆ ਹੈ। ਸਿੱਖ ਵਿਰੋਧੀ ਕਤਲੇਆਮ ਦੇ ਪੀੜਤਾਂ ਦੇ ਹੱਕ 'ਚ ਨਿਆਂ ਦਾ ਪੱਖ ਪੂਰ ਕੇ ਉਹ ਪੂਰੀ ਦੁਨੀਆ 'ਚ ਲੱਖਾਂ ਲੋਕਾਂ ਦੀ ਹਮਾਇਤ ਪੈਦਾ ਕਰਨ ਵਿਚ ਸਫ਼ਲ ਹੋਇਆ ਹੈ। ਹੁਣ ਤੱਕ ਉਸ ਦੀਆਂ ਤਿੰਨ ਕਿਤਾਬਾਂ 'ਐਨ ਇਰਾ ਆਫ ਇਨਜਸਟਿਸ ਫਾਰ ਦਿ 1984 ਸਿੱਖ ਮੈਸੇਕਰ', 'ਦਿ 1984 ਸਿੱਖ ਮੈਸੇਕਰ ਐਜ਼ ਵਿਟਨੈੱਸਡ ਬਾਈ ਏ 15 ਯੀਅਰ ਓਲਡ', 'ਇ ਕੰਟੀਨਿਊਇੰਗ ਇਨਜਸਟਿਸ ਆਫ ਦਿ 1984 ਸਿੱਖ ਮੈਸੇਕਰ' ਐਮਨੈਸਟੀ ਇੰਟਰਨੈਸ਼ਨਲ ਨੇ ਛਾਪੀਆਂ।

ਇਸ ਬਿਰਤਾਂਤ ਦੇ ਦੋ ਪ੍ਰਸੰਗ ਬਣਦੇ ਹਨ। ਪਹਿਲਾ, ਸਾਕਾ ਨੀਲਾ ਤਾਰਾ ਦੌਰਾਨ ਸਿੱਖ ਔਰਤਾਂ ਵੱਲੋਂ ਆਪਣੇ ਤਨਾਂ ਮਨਾਂ ਉਤੇ ਭੋਗਿਆ ਹਿੰਸਾ ਦਾ ਸੰਤਾਪ ਅਤੇ ਦੂਜਾ, ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਸਿੱਖ ਅੰਗ-ਰੱਖਿਅਕਾਂ ਵੱਲੋਂ ਕਤਲ ਕਰ ਦੇਣ ਮਗਰੋਂ ਦਿੱਲੀ ਤੇ ਉਤਰੀ ਭਾਰਤ ਦੇ ਵੱਖ-ਵੱਖ ਇਲਾਕਿਆਂ 'ਚ ਸਿੱਖਾਂ ਦਾ ਵੱਡੇ ਪੱਧਰ 'ਤੇ ਹੋਇਆ ਕਤਲੇਆਮ। ਪਿਛਲੇ ਸਮਿਆਂ ਵਿਚ ਹੋਈਆਂ ਖੋਜਾਂ ਅਤੇ ਤਫ਼ਤੀਸ਼ਾਂ ਵਿਚ ਇਸ ਹਿੰਸਾ ਲਈ ਵਰਤੇ ਜਾਂਦੇ ਸ਼ਬਦ 'ਸਿੱਖ-ਹਿੰਦੂ ਦੰਗੇ' ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਗਿਆ ਕਿਉਂਕਿ ਦੰਗਿਆਂ 'ਚ ਦੋਵੇਂ ਧਿਰਾਂ ਬਰਾਬਰ ਦੀਆਂ ਹੁੰਦੀਆਂ ਹਨ ਅਤੇ ਬਹੁਤੀ ਵਾਰ ਇਨ੍ਹਾਂ 'ਚ ਬਾਹਰੀ ਸੱਤਾ ਦੀ ਦਖ਼ਲਅੰਦਾਜ਼ੀ ਨਹੀਂ ਹੁੰਦੀ। ਦਿੱਲੀ ਅਤੇ ਹੋਰ ਥਾਈਂ ਵਾਪਰੀ ਸਿੱਖ ਵਿਰੋਧੀ ਹਿੰਸਾ ਵਾਸਤੇ ਸ਼ਬਦ ਨਰਸੰਹਾਰ (Massacre), ਨਸਲਕੁਸ਼ੀ (Genocide) ਤੇ ਮਿੱਥ ਕੇ ਕੀਤਾ ਕਤਲੇਆਮ (Pogrom) ਦੀ ਵਰਤੋਂ ਨੂੰ ਸਹੀ ਠਹਿਰਾਇਆ ਗਿਆ ਹੈ। ਸਨਮ ਨੇ ਸਾਰੇ ਬਿਰਤਾਂਤ 'ਚ ਸਿੱਖਾਂ ਉਪਰ ਹੋਈ ਹਿੰਸਾ ਲਈ ਸ਼ਬਦ ਨਰਸੰਹਾਰ (Massacre) ਦੀ ਵਰਤੋਂ ਕੀਤੀ ਹੈ।

ਪਹਿਲੇ ਭਾਗ 'ਸਾਕਾ ਨੀਲਾ ਤਾਰਾ - ਅਪਰੇਸ਼ਨ ਬਲਿਊ ਸਟਾਰ' ਵਿਚ ਸਨਮ ਨੇ ਰਾਜਬੀਰ ਕੌਰ ਪਤਨੀ ਜਸਬੀਰ ਸਿੰਘ (ਜੋ ਸੰਤ ਹਰਚੰਦ ਸਿੰਘ ਲੌਂਗੋਵਾਲ ਦਾ ਹਮਾਇਤੀ ਸੀ) ਦੁਆਰਾ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਪਹਿਲੀ ਜੂਨ ਤੋਂ ਲੈ ਕੇ ਛੇ ਜੂਨ ਤੱਕ ਤਨ, ਮਨ ਅਤੇ ਜ਼ਿਹਨ ਉਤੇ ਝੱਲੀ ਹਿੰਸਾ ਦਾ ਵਰਣਨ ਹੈ। ਦੂਜਾ ਵਰਣਨ ਕੁਲਬੀਰ ਕੌਰ ਦਾ ਹੈ ਜੋ ਅਖੰਡ ਕੀਰਤਨੀ ਜਥੇ ਦੀ ਜਥੇਬੰਦੀ ਅਕਾਲ ਫੈਡਰੇਸ਼ਨ ਨਾਲ ਜੁੜੇ ਕੰਵਰ ਸਿੰਘ ਧਾਮੀ ਦੀ ਰਿਸ਼ਤੇਦਾਰ ਹੈ। ਉਸ ਨੇ ਸਨਮ ਨੂੰ ਸਾਕੇ ਦਾ ਅੱਖੀਂ ਡਿੱਠਾ ਹਾਲ ਬਿਆਨਿਆ। ਤੀਜਾ ਵਰਣਨ ਜਸਮੀਤ ਕੌਰ ਦਾ ਹੈ। ਉਸ ਦਾ ਪਿਤਾ ਪੰਜਾਬ ਪੁਲਿਸ 'ਚ ਸੀ.ਆਈ.ਡੀ. ਦਾ ਇੰਸਪੈਕਟਰ ਹੈ। ਉਹ ਸਿੱਖੀ ਸੰਘਰਸ਼ ਦੇ ਅਸੂਲਾਂ ਤੋਂ ਪ੍ਰਭਾਵਿਤ ਹੋ ਕੇ ਧਰਮ ਯੁੱਧ ਮੋਰਚੇ 'ਚ ਹਿੱਸਾ ਲੈਂਦੀ ਹੈ। ਚੌਥਾ ਵਰਣਨ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਮੁਖੀ ਭਾਈ ਅਮਰੀਕ ਸਿੰਘ ਦੀ ਧੀ ਹਰਮੀਤ ਕੌਰ ਦਾ ਹੈ ਜੋ ਅਪਰੇਸ਼ਨ ਬਲਿਊ ਸਟਾਰ ਵੇਲੇ ਆਪਣੀ ਮਾਂ ਸਤਵੰਤ ਕੌਰ ਨਾਲ ਸ੍ਰੀ ਹਰਿਮੰਦਰ ਸਾਹਿਬ 'ਚ ਹਾਜ਼ਰ ਸੀ। ਪੰਜਵਾਂ ਵਰਣਨ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਸਕੱਤਰ ਰਛਪਾਲ ਸਿੰਘ ਦੀ ਪਤਨੀ ਪ੍ਰੀਤਮ ਕੌਰ ਵੱਲੋਂ ਹੰਢਾਈ ਹਿੰਸਾ ਦਾ ਹੈ ਜਿਸ ਵਿਚ ਉਸ ਦਾ ਕੁੱਛੜ ਚੁੱਕਿਆ ਬੇਟਾ ਗੋਲੀ ਲੱਗਣ ਨਾਲ ਸ਼ਹੀਦ ਹੋ ਗਿਆ। ਛੇਵਾਂ ਵਰਣਨ ਬੀਬੀ ਕਿਰਨਜੋਤ ਕੌਰ ਦਾ ਹੈ ਜੋ ਇਸਤਰੀ ਅਕਾਲੀ ਦਲ ਦੀ ਪ੍ਰਧਾਨ ਰਾਜਿੰਦਰ ਕੌਰ ਦੀ ਧੀ ਅਤੇ ਮਾਸਟਰ ਤਾਰਾ ਸਿੰਘ ਦੀ ਦੋਹਤੀ ਹੈ। ਇਨ੍ਹਾਂ ਸਾਰੇ ਅੱਖੀ ਡਿੱਠੇ ਅਤੇ ਤਨਾਂ ਮਨਾਂ 'ਤੇ ਭੋਗੇ ਹੋਏ ਵਰਣਨਾਂ ਨੂੰ ਪੜ੍ਹਦਿਆਂ ਕਈ ਵਾਰ ਇੰਝ ਲਗਦਾ ਹੈ ਕਿ ਇਸ ਬਿਰਤਾਂਤ 'ਚ ਸਨਮ ਦੀ ਅਪਰੇਸ਼ਨ ਬਲਿਊ ਸਟਾਰ ਬਾਰੇ ਹੁਣ ਤੱਕ ਕੀਤੀ ਵਿਸਤ੍ਰਿਤ ਖੋਜ ਅਤੇ ਅਧਿਐਨ ਤੋਂ ਬਾਅਦ ਇਕੱਤਰ ਹੋਈ ਸਮੱਗਰੀ ਅਤੇ ਉਸ ਵਿਚੋਂ ਉਭਰੇ ਤੱਥਾਂ ਤੇ ਤੱਤਾਂ ਦਾ ਪ੍ਰਭਾਵ ਜ਼ਿਆਦਾ ਭਾਰੂ ਰੂਪ 'ਚ ਝਲਕਦਾ ਦਿਸਦਾ ਹੈ।

ਇਸ ਬਿਰਤਾਂਤ ਦਾ ਦੂਜਾ ਹਿੱਸਾ ਸੰਨ ਚੁਰਾਸੀ ਦੀ ਇਕੱਤੀ ਅਕਤੂਬਰ ਨੂੰ ਇੰਦਰਾ ਗਾਂਧੀ ਦੇ ਕਤਲ ਮਗਰੋਂ ਦਿੱਲੀ ਤੇ ਹਰਿਆਣਾ ਦੇ ਭਿਵਾਨੀ ਜ਼ਿਲ੍ਹੇ ਦੇ ਪਿੰਡ ਹੋਂਦ ਚਿੱਲੜ 'ਚ ਕਈ ਸਿੱਖ ਔਰਤਾਂ ਜਿਵੇਂ ਦਿੱਲੀ ਦੀ ਤ੍ਰਿਲੋਕਪੁਰੀ ਦੀ ਦਰਸ਼ਨ ਕੌਰ, ਸੁਲਤਾਨਪੁਰੀ ਦੀ ਸਤਵੰਤ ਕੌਰ, ਰਾਜ ਨਗਰ ਦੀ ਨਿਰਪ੍ਰੀਤ ਕੌਰ ਤੇ ਮੁਖਰਜੀ ਨਗਰ ਦੀ ਨਿਰਮਲ ਕੌਰ ਦੇ ਪਰਿਵਾਰਾਂ ਨਾਲ ਵਾਪਰੀਆਂ ਹਿੰਸਾ, ਬਲਾਤਕਾਰ, ਲੁੱਟਮਾਰ ਤੇ ਅੱਗਜ਼ਨੀ ਦੀਆਂ ਘਟਨਾਵਾਂ ਦਾ ਹਿਰਦੇਵੇਧਕ ਵਰਣਨ ਹੈ। ਇਸ ਦੇ ਨਾਲ-ਨਾਲ ਦਿੱਲੀ ਦੀ ਹਿੰਸਾ ਮਗਰੋਂ ਹੋਂਦ 'ਚ ਆਈ ਤਿਲਕ ਨਗਰ ਦੀ ਵਿਧਵਾ ਕਾਲੋਨੀ ਵਿਚ ਰਹਿੰਦੀਆਂ ਕਈ ਸਿੱਖ ਔਰਤਾਂ ਨਾਲ ਕੀਤੀਆਂ ਮੁਲਾਕਾਤਾਂ 'ਚ ਬਿਆਨ ਕੀਤੇ ਮਾਰਮਿਕ ਵਰਣਨਾਂ ਨੂੰ ਸਨਮ ਨੇ ਇਸ ਬਿਰਤਾਂਤ ਦਾ ਆਧਾਰ ਬਣਾਇਆ ਹੈ।

ਸਿੱਖ ਵਿਰੋਧੀ ਹਿੰਸਾ ਅਤੇ ਸਿਤਮ ਦੀਆਂ ਸਤਾਈਆਂ ਕੁਝ ਪੜ੍ਹੀਆਂ ਲਿਖੀਆਂ ਔਰਤਾਂ ਆਪਣੀਆਂ ਵਲੂੰਧਰੀਆਂ ਭਾਵਨਾਵਾਂ ਵੱਸ ਸਿੱਖ ਗਰਮਖ਼ਿਆਲੀ ਲਹਿਰ ਦਾ ਵੀ ਹਿੱਸਾ ਬਣ ਗਈਆਂ। ਉਨ੍ਹਾਂ ਵਿਚੋਂ ਪਹਿਲੀ ਤਾਂ ਨਿਰਪ੍ਰੀਤ ਕੌਰ ਹੈ ਜੋ ਕੇ.ਸੀ.ਐੱਫ. ਵਿਚ ਸ਼ਾਮਿਲ ਹੋ ਕੇ ਜਨਰਲ ਵੈਦਿਆ ਨੂੰ ਮਾਰਨ ਵਾਲੇ ਹਰਜਿੰਦਰ ਸਿੰਘ ਜਿੰਦਾ ਨਾਲ ਜਾ ਰਲੀ। ਉਸ ਨੇ ਖਾੜਕੂ ਰੌਸ਼ਨ ਲਾਲ ਬੈਰਾਗੀ ਨਾਲ ਵਿਆਹ ਵੀ ਕਰਵਾਇਆ। ਨਿਰਪ੍ਰੀਤ ਕੌਰ ਦਾ ਸੰਤਾਪ ਦੂਹਰਾ ਸੀ। ਉਸ ਦਾ ਪਰਿਵਾਰ ਸੰਨ ਸੰਤਾਲੀ 'ਚ ਮਕਬੂਜ਼ਾ ਕਸ਼ਮੀਰ ਦੇ ਮੁਜ਼ੱਫ਼ਰਾਬਾਦ ਤੋਂ ਉਜੜ ਕੇ ਆਇਆ ਸੀ ਤੇ ਸੰਨ ਚੁਰਾਸੀ 'ਚ ਉਸ ਦੇ ਪਿਤਾ ਨੂੰ ਉਸ ਦੀਆਂ ਅੱਖਾਂ ਮੂਹਰੇ ਜ਼ਿੰਦਾ ਜਲਾ ਦਿੱਤਾ ਗਿਆ। ਸਨਮ ਨੇ ਨਿਰਪ੍ਰੀਤ ਕੌਰ ਦੇ ਹਾਲਾਤ ਦੇ ਬਿਰਤਾਂਤ ਦਾ ਬੜਾ ਮਾਕੂਲ ਸਿਰਲੇਖ 'ਕਲਮਾਂ ਤੋਂ ਬੰਦੂਕਾਂ' (From Pens to Guns) ਦਿੱਤਾ ਹੈ। ਦੂਜਾ ਵਰਣਨ ਬੀ.ਟੀ.ਕੇ.ਐੱਫ. ਦੇ ਸਤਨਾਮ ਸਿੰਘ ਛੀਨਾ ਦੀ ਪਤਨੀ ਜਸਮੀਤ ਕੌਰ ਦਾ ਹੈ ਜਿਸ ਨੇ ਆਪਣੀ ਸਾਥਣ ਉਪਕਾਰ ਕੌਰ ਦੀ ਪ੍ਰੇਰਨਾ ਨਾਲ ਗ਼ਰਮਖਿਆਲੀ ਲਹਿਰ ਦਾ ਹਿੱਸਾ ਬਣ ਕੇ ਬਜ਼ਾਤੇ ਖ਼ੁਦ ਖਾੜਕੂ ਕਾਰਵਾਈਆਂ 'ਚ ਹਿੱਸਾ ਲਿਆ। ਤੀਜਾ ਵਰਣਨ ਕੁਲਬੀਰ ਕੌਰ ਦਾ ਹੈ ਜੋ ਗ਼ਰਮਖ਼ਿਆਲੀ ਕੰਵਰ ਸਿੰਘ ਧਾਮੀ ਦੀ ਰਿਸ਼ਤੇਦਾਰ ਸੀ। ਉਹ ਦੋਵੇਂ ਤਿੰਨ ਵਾਰ ਰਾਵੀ ਪਾਰ ਕਰ ਪਾਕਿਸਤਾਨ ਗਏ ਅਤੇ ਆਖ਼ਰੀ ਵਾਰ ਕੇ.ਸੀ.ਐਫ. ਦੇ ਮੁਖੀ ਪਰਮਜੀਤ ਸਿੰਘ ਪੰਜਵੜ ਨੂੰ ਵੀ ਸਰਹੱਦੋਂ ਪਾਰ ਲੈ ਕੇ ਗਏ। ਕੇ.ਐੱਲ.ਐਫ. ਦੇ ਅਨਾਰ ਸਿੰਘ ਪਾਰਾ ਦੀ ਪਤਨੀ ਹਰਜੀਤ ਕੌਰ ਵੀ ਕਈ ਮਜਬੂਰੀਆਂ ਵੱਸ ਖਾੜਕੂਆਂ ਦੀ ਮਦਦ ਕਰਦੀ ਸੀ। ਬੀ.ਕੇ.ਆਈ. ਦੇ ਮੁਖੀ ਸੁਖਦੇਵ ਸਿੰਘ ਬੱਬਰ ਦੇ ਵੱਡੇ ਭਰਾ ਮਹਿਲ ਸਿੰਘ ਬੱਬਰ ਦੀ ਪਤਨੀ ਗੁਰਮੀਤ ਕੌਰ ਅਤੇ ਰੇਸ਼ਮ ਸਿੰਘ ਬੱਬਰ ਦੀ ਪਤਨੀ ਕੁਲਜੀਤ ਕੌਰ ਨਾਲ ਵਾਪਰੀਆਂ ਪੁਲਿਸ ਜ਼ਿਆਦਤੀਆਂ ਦਾ ਵਰਣਨ ਵੀ ਧਿਆਨ ਖਿੱਚਦਾ ਹੈ।



*ਸਿੱਖ ਕਤਲੇਆਮ ਬਾਰੇ ਇਕ ਸਮਾਗਮ ਦੌਰਾਨ ਵਿਚਾਰ ਪ੍ਰਗਟ ਕਰ ਰਿਹਾ ਸਨਮ ਸੁਤੀਰਥ ਵਜ਼ੀਰ।*

ਦਿੱਲੀ ਦੀ ਵਿਧਵਾ ਕਾਲੋਨੀ 'ਚ ਰਹਿਣ ਵਾਲੀਆਂ ਵਿਧਵਾਵਾਂ ਵਿਚੋਂ ਸਭ ਤੋਂ ਵੱਧ ਸਿਤਮ ਅਤੇ ਯਾਤਨਾਵਾਂ ਸਹਿਣ ਦਾ ਵਰਣਨ ਦਰਸ਼ਨ ਕੌਰ ਦਾ ਹੈ। ਉਸ 'ਤੇ ਸੱਤਾਧਾਰੀ ਧਿਰ ਅਤੇ ਉਸ ਦੀ ਸ਼ਹਿ ਉਤੇ ਵੱਡੇ ਸਿੱਖ ਮੋਹਤਬਰਾਂ ਨੇ ਦਬਾਅ ਪਾਇਆ ਅਤੇ ਪੈਸਿਆਂ ਦਾ ਲਾਲਚ ਵੀ ਦਿੱਤਾ ਕਿ ਉਹ ਸਿੱਖ ਵਿਰੋਧੀ ਹਿੰਸਾ ਦੇ ਵੱਡੇ ਦੋਸ਼ੀਆਂ ਵਿਰੁੱਧ ਦਿੱਤੇ ਗਏ ਬਿਆਨ ਤੋਂ ਮੁੱਕਰ ਜਾਵੇ ਪਰ ਦਰਸ਼ਨ ਕੌਰ ਦੀ ਬਹਾਦਰੀ ਸੀ ਕਿ ਉਹ ਸਭ ਔਕੜਾਂ ਝੱਲਦੀ ਹੋਈ ਆਪਣੇ ਪੈਂਤੜੇ ਉਤੇ ਦ੍ਰਿੜਤਾ ਨਾਲ ਖੜ੍ਹੀ ਰਹੀ। ਸਤਵੰਤ ਕੌਰ ਨੂੰ ਕਦੇ ਹਿੰਦੀ ਗਾਣਾ 'ਆਜ ਫਿਰ ਜੀਨੇ ਕੀ ਤਮੰਨਾ ਹੈ' ਬੜਾ ਚੰਗਾ ਲੱਗਦਾ ਹੁੰਦਾ ਸੀ। ਉਹ ਅੱਜ ਆਪਣੀ ਵਿਧਵਾ ਭੈਣ ਸੰਗ ਰਹਿੰਦਿਆਂ ਲੋਕਾਂ ਦੇ ਘਰਾਂ 'ਚ ਦਾਈ ਦਾ ਕੰਮ ਕਰਦੀ ਹੈ। ਵਿਧਵਾ ਜੋਗਿੰਦਰ ਕੌਰ ਮੁਲਾਕਾਤ ਵਿਚ ਕਹਿੰਦੀ ਹੈ ਕਿ ਹਰ ਸਾਲ ਨਵੰਬਰ ਦਾ ਮਹੀਨਾ ਲੋਕਾਂ ਲਈ ਤਿਉਹਾਰਾਂ ਦਾ ਮਹੀਨਾ ਹੁੰਦਾ ਹੈ ਪਰ ਪਿਛਲੇ ਚਾਲੀ ਸਾਲ ਤੋਂ ਇਹ ਹਰ ਵਾਰ ਉਨ੍ਹਾਂ ਲਈ ਮਾਤਮ ਦੀਆਂ ਸਿਮਰਤੀਆਂ ਲੈ ਕੇ ਆਉਂਦਾ ਹੈ। ਇਸ ਤੋਂ ਇਲਾਵਾ ਵੀਹ ਕੁ ਹੋਰ ਵਿਧਵਾਵਾਂ ਦੇ ਬਿਆਨ ਇਹ ਦੱਸਦੇ ਹਨ ਕਿ ਕਿਵੇਂ ਦਿੱਲੀ ਦੀਆਂ ਵੱਖ-ਵੱਖ ਥਾਵਾਂ 'ਤੇ ਉਨ੍ਹਾਂ ਦੇ ਪਤੀਆਂ, ਭਰਾਵਾਂ, ਪੁੱਤਰਾਂ ਧੀਆਂ ਨੂੰ ਹਿੰਸਾ, ਕੁੱਟ-ਮਾਰ, ਲੁੱਟਮਾਰ ਤੇ ਬਲਾਤਕਾਰਾਂ ਦਾ ਸ਼ਿਕਾਰ ਬਣਾਇਆ ਗਿਆ। ਥੋੜ੍ਹੇ ਬਹੁਤੇ ਵੇਰਵਿਆਂ ਜਾਂ ਥਾਵਾਂ ਅਤੇ ਘਟਨਾਵਾਂ ਦੇ ਫ਼ਰਕ ਨਾਲ ਹਰ ਕਿਸੇ ਨਾਲ ਜੋ ਵਾਪਰਿਆ ਇੱਕੋ ਜਿਹਾ ਸੀ। ਸਾਰੇ ਪੀੜਤਾਂ ਦੇ ਦੁੱਖ ਦਰਦ ਅਤੇ ਪੀੜਾ ਯਾਤਨਾਵਾਂ ਦੇ ਅਹਿਸਾਸਾਂ ਦੇ ਪ੍ਰਗਟਾਵੇ ਦੀ ਭਾਸ਼ਾ ਲਗਪਗ ਉਹੀ ਹੈ ਜਿਸ ਦੇ ਮਰਮ ਨੂੰ ਸਨਮ ਨੇ ਆਪਣੇ ਬਿਰਤਾਂਤ 'ਚ ਉਸਾਰਨ ਦੀ ਕੋਸ਼ਿਸ਼ ਕੀਤੀ ਹੈ।

ਸਨਮ ਨੇ ਇਹ ਬਿਰਤਾਂਤ ਸਿਰਜਣ ਲਈ ਆਰ.ਟੀ.ਆਈ. ਨੂੰ ਅਧਿਕਾਰੀਆਂ ਤੋਂ ਸੂਚਨਾਵਾਂ ਲੈਣ ਲਈ ਸੰਦ ਵਜੋਂ ਵਰਤਿਆ। ਉਸ ਨੇ ਆਪਣੀ ਖੋਜ ਸਮੱਗਰੀ ਲਈ ਦੋ ਜੁਡੀਸ਼ੀਅਲ ਕਮਿਸ਼ਨਾਂ ਅਤੇ ਨੌਂ ਤਫ਼ਤੀਸ਼ੀ ਕਮੇਟੀਆਂ ਦੀਆਂ ਰਿਪੋਰਟਾਂ ਨੂੰ ਆਧਾਰ ਬਣਾਉਣ ਤੋਂ ਇਲਾਵਾ ਪੰਜਾਬ ਸੰਕਟ ਅਤੇ ਸਿੱਖ ਖਾੜਕੂਵਾਦੀ ਲਹਿਰ ਨਾਲ ਸਬੰਧਿਤ ਕਿਤਾਬੀ ਅਤੇ ਮੌਖਿਕ ਸਾਹਿਤ ਨੂੰ ਚੰਗੀ ਤਰ੍ਹਾਂ ਘੋਖਿਆ ਪ੍ਰਤੀਤ ਹੁੰਦਾ ਹੈ। ਸਨਮ ਨੇ ਬਿਰਤਾਂਤ ਉਸਾਰਨ ਲਈ ਮੌਖਿਕ ਇਤਿਹਾਸਕਾਰੀ ਵਾਲੀ ਵਿਧੀ ਅਪਣਾਈ ਹੈ। ਇਸ ਵਿਧੀ ਨਾਲ ਉਸ ਨੇ ਇਸ ਨੂੰ ਹੋਰ ਵਿਸ਼ਵਾਸਯੋਗ ਬਣਾਉਣ ਲਈ ਇਤਿਹਾਸ ਦੀਆਂ ਗੁੰਝਲਦਾਰ ਪਰਤਾਂ ਨੂੰ ਫਰੋਲਿਆ ਹੈ। ਉਸ ਦੀ ਨੀਝ 'ਚ ਵਿਸ਼ੇਸ਼ ਨੁਕਤਾ-ਨਿਗਾਹ ਵਿਆਪਤ ਦਿਸਦਾ ਹੈ ਜਿਸ ਨੂੰ ਅਮਰੀਕਾ ਦਾ ਨਵ-ਮਾਰਕਸਵਾਦੀ ਚਿੰਤਕ ਤੇ ਦਾਰਸ਼ਨਿਕ ਫਰੈਡਰਿਕ ਜੇਮਸਨ ਆਪਣੀ ਕਿਤਾਬ ਦਿ ਪੁਲੀਟੀਕਲ ਅਨਕਾਂਸ਼ੀਅਸ: ਨੈਰੇਟਿਵ ਐਜ਼ ਸੋਸ਼ਲੀ ਸਿੰਬੌਲੋਕ ਐਕਟ (The Political unconscious: Narrative as Socially Symbolic Act) ਵਿਚ 'ਸਿਆਸੀ ਅਵਚੇਤਨ' ਕਹਿੰਦਾ ਹੈ।

ਇਸ ਬਿਰਤਾਂਤ ਨੂੰ ਸਿਰਜਦਿਆਂ ਕਈ ਗਲਪੀ ਜੁਗਤਾਂ ਅਤੇ ਸਮਾਨਤਾਵਾਂ ਘੜੀਆਂ ਹਨ ਜਿਵੇਂ ਉਹ ਸੰਤਾਲੀ 'ਚ ਔਰਤਾਂ 'ਤੇ ਹੋਏ ਅੱਤਿਆਚਾਰਾਂ ਤੇ ਉਧਾਲ਼ਿਆਂ ਅਤੇ ਦਿੱਲੀ 'ਚ ਸਿੱਖ ਵਿਰੋਧੀ ਹਿੰਸਾ 'ਚ ਔਰਤਾਂ ਨਾਲ ਹੋਏ ਬਲਾਤਕਾਰਾਂ 'ਚ ਸਮਾਨਤਾ ਦੇਖਦਾ ਹੈ। ਦੂਜੀ ਸਮਾਨਤਾ ਉਹ ਸਰਬੀਆ ਦੀ ਫ਼ੌਜ ਵੱਲੋਂ ਸਰਬੀਆਨਿਕਾ ਸ਼ਹਿਰ 'ਤੇ ਤਿੰਨ ਸਾਲਾਂ ਦੇ ਕਬਜ਼ੇ ਦੌਰਾਨ ਬੋਸਨਿਆਈ ਮੁਸਲਮਾਨਾਂ 'ਤੇ ਹੋਈ ਹਿੰਸਾ ਅਤੇ ਜਬਰ ਦੀ ਹੈ ਜਿਸ 'ਚ ਕੋਈ ਪੰਜਾਹ ਹਜ਼ਾਰ ਔਰਤਾਂ ਨਾਲ ਬਲਾਤਕਾਰ ਹੋਇਆ ਦੱਸਿਆ ਜਾਂਦਾ ਹੈ। ਸਨਮ ਪੰਜਾਬ ਸੰਕਟ ਦੇ ਕਾਲੇ ਦੌਰ ਦੀ ਸਮਾਨਤਾ ਅੱਜ ਦੇ ਕਸ਼ਮੀਰ ਦੇ ਹਾਲਾਤ ਨਾਲ ਵੀ ਕਰਦਾ ਹੈ।

ਕੁੱਲ ਮਿਲਾ ਕੇ ਇਸ ਕਿਤਾਬ ਦੇ ਬਿਰਤਾਂਤ ਦੇ ਆਰ-ਪਾਰ ਫੈਲਿਆ ਮੋਟਿਫ ਚੁਰਾਸੀ ਦੌਰਾਨ ਸਿੱਖ ਔਰਤਾਂ ਉਪਰ ਹੋਈ ਹਿੰਸਾ ਦੀ ਦਹਿਸ਼ਤ ਤੇ ਖ਼ੌਫ਼ ਦੇ ਨਾਲ ਨਾਲ ਨਿਆਂ ਨਾ ਮਿਲਣ ਕਾਰਨ ਹੋਈ ਬੇਇਨਸਾਫ਼ੀ ਨੂੰ ਮੁੜ ਪ੍ਰਸੰਗਿਕ ਕਰਨਾ ਅਤੇ ਇਸ ਲਈ ਸਮੇਂ ਦੀ ਸੱਤਾ ਦੇ ਬੇਰਹਿਮ ਅਤੇ ਬੇਹਿਸ ਵਤੀਰੇ ਨੂੰ ਸਾਹਮਣੇ ਲਿਆਉਣਾ ਹੈ ਤਾਂ ਕਿ ਹੁਣ ਤੱਕ ਨਿਆਂ ਮਿਲਣ 'ਚ ਹੋਈ ਦੇਰੀ ਕਾਰਨ ਬੇਇਨਸਾਫ਼ੀ ਦਾ ਮੁੱਦਾ ਹੋਰ ਮਜ਼ਬੂਤ ਢੰਗ ਨਾਲ ਉਚੀ ਆਵਾਜ਼ 'ਚ ਉਠਾਇਆ ਜਾ ਸਕੇ।

# ਅਦਾਕਾਰ ਰਣਵੀਰ ਸਿੰਘ ਦੇ ਰੰਗ



*ਅਦਾਕਾਰ ਰਣਵੀਰ ਸਿੰਘ ਆਪਣੀ ਪਤਨੀ ਅਦਾਕਾਰਾ ਦੀਪਿਕਾ ਪਾਦੂਕੋਨ ਨਾਲ।*

ਅਦਾਕਾਰ ਰਣਵੀਰ ਸਿੰਘ ਅੱਜ ਕੱਲ੍ਹ ਆਪਣੀਆਂ ਦੋ ਫਿਲਮਾਂ 'ਸਿੰਘਮ ਅਗੇਨ' ਅਤੇ 'ਧੁਰੰਧਰ' ਮੁਕੰਮਲ ਕਰਨ ਵਿਚ ਬਹੁਤ ਰੁੱਝਿਆ ਹੋਇਆ ਹੈ। 'ਸਿੰਘਮ ਅਗੇਨ' ਮਲਟੀ ਸਟਾਰ

ਗੁਰਜੰਟ ਸਿੰਘ

ਫਿਲਮ ਹੈ ਜਿਸ ਵਿਚ ਰਣਵੀਰ ਸਿੰਘ ਤੋਂ ਇਲਾਵਾ ਅਜੈ ਦੇਵਗਨ, ਅਕਸ਼ੈ ਕੁਮਾਰ, ਟਾਈਗਰ ਸ਼ਰੌਫ, ਅਰਜੁਨ ਕਪੂਰ, ਜੈਕੀ ਸ਼ਰੌਫ, ਸਿਧਾਰਥ ਯਾਦਵ, ਆਸ਼ੂਤੋਸ਼ ਰਾਣਾ, ਦੀਪਿਕਾ ਪਾਦੂਕੋਨ, ਕਰੀਨਾ ਕਪੂਰ ਖਾਨ, ਸ਼ਵੇਤਾ ਤਿਵਾੜੀ ਆਦਿ ਕਹਿੰਦੇ-ਕਹਾਉਂਦੇ ਕਲਾਕਾਰ ਸ਼ਾਮਿਲ ਹਨ। ਇਸ ਫਿਲਮ ਨੂੰ ਨਿਰਦੇਸ਼ਨ ਰੋਹਿਤ ਸ਼ੈਟੀ ਦੇ ਰਿਹਾ ਹੈ, ਫਿਲਮ ਦੀ ਕਹਾਣੀ ਉਸ ਨੇ ਆਪ ਹੀ ਲਿਖੀ ਹੈ। ਇਹ ਫਿਲਮ ਇਸੇ ਸਾਲ ਪਹਿਲੀ ਨਵੰਬਰ ਨੂੰ ਰਿਲੀਜ਼ ਹੋਣੀ ਹੈ। ਦੂਜੀ ਫਿਲਮ 'ਧੁਰੰਧਰ' ਵੀ ਮਲਟੀ ਸਟਾਰ ਫਿਲਮ ਹੈ। ਇਸ ਵਿਚ ਰਣਵੀਰ ਸਿੰਘ ਤੋਂ ਇਲਾਵਾ ਸੰਜੇ ਦੱਤ, ਆਰ. ਮਾਧਵਨ, ਅਕਸ਼ੈ ਖੰਨਾ, ਅਰਜੁਨ ਰਾਮਪਾਲ ਆਦਿ ਕਲਾਕਾਰ ਹਨ। ਇਸ ਫਿਲਮ ਦੇ ਡਾਇਰੈਕਟਰ ਅਦਿਤਿਆ ਧਰ ਹਨ। ਫਿਲਮ ਵਿਚ ਰਣਵੀਰ ਬਿਲਕੁਲ ਵੱਖਰੀ ਦਿੱਖ ਵਿਚ ਹੈ। ਉਸ ਨੇ ਆਪਣੇ ਫਿਲਮੀ ਕਰੀਅਰ ਦਾ ਆਰੰਭ ਸਾਲ 2010 ਵਿਚ ਫਿਲਮ 'ਬੈਂਡ ਬਾਜਾ ਬਾਰਤਾ' ਨਾਲ ਕੀਤਾ ਸੀ। ਇਸ ਪਹਿਲੀ ਹੀ ਫਿਲਮ ਨਾਲ ਉਹ ਚੋਟੀ ਦੇ ਅਦਾਕਾਰਾਂ ਵਿਚ ਸ਼ੁਮਾਰ ਹੋ ਗਿਆ ਸੀ। ਰਹਿੰਦੀ ਕਸਰ 2011 ਵਿਚ ਆਈ ਫਿਲਮ 'ਲੇਡੀਜ਼ ਵਰਜਿਸ ਰਿੱਕੀ ਬਹਿਲ' ਨੇ ਕੱਢ ਦਿੱਤੀ ਸੀ। ਇਸ ਫਿਲਮ ਵਿਚ ਉਸ ਦੀ ਅਦਾਕਾਰੀ ਕਮਾਲ ਹੈ।

# ਸੋਹਣੀ ਸੁਨੱਖੀ ਆਰਿਜ ਫਾਤਿਮਾ

ਉਘੀ ਅਦਾਕਾਰਾ ਆਰਿਜ ਫਾਤਿਮਾ ਦਾ ਪੂਰਾ ਨਾਂ ਅਰੀਬਾ ਫਾਤਿਮਾ ਜਾਫਰੀ ਹੈ। ਫਾਤਿਮਾ ਦਾ ਜਨਮ 7 ਅਕਤੂਬਰ 1989 ਨੂੰ ਅਮਰੀਕਾ ਵਿਚ ਹੋਇਆ ਅਤੇ ਅੱਜ ਕੱਲ੍ਹ ਉਹ ਪਾਕਿਸਤਾਨ ਟੈਲੀਵਿਜ਼ਨ 'ਤੇ ਛਾਈ ਹੋਈ ਹੈ; ਖਾਸ ਕਰ ਕੇ ਉਰਦੂ ਡਰਾਮਿਆਂ ਵਿਚ ਉਸ ਦੀ ਤੂਤੀ ਬੋਲਦੀ ਹੈ। ਫਾਤਿਮਾ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਸਾਲ 2012 ਵਿਚ ਜੀਓ ਟੀ.ਵੀ. ਦੇ ਲੜੀਵਾਰ 'ਕਿਸ ਦਿਨ ਮੇਰਾ ਵਿਆਹ ਹੋਵੇਗਾ-2' ਨਾਲ ਕੀਤੀ ਸੀ। ਉਸੇ ਸਾਲ ਉਸ ਦਾ ਇਕ ਹੋਰ

ਕੁਦਰਤ ਕੌਰ

ਲੜੀਵਾਰ 'ਮਰ ਜਾਏਂ ਭੀ ਤੋ ਕਿਆ' ਨਸ਼ਰ ਹੋਇਆ ਅਤੇ ਉਸ ਕੋਲ ਵਾਹਵਾ ਕੰਮ ਆ ਗਿਆ। ਫਿਰ ਅਗਲੇ ਸਾਲ 2013 ਵਿਚ ਉਸ ਦੇ ਦੋ ਲੜੀਵਾਰ 'ਵੋਹ' ਅਤੇ 'ਕਿਸ ਸੇ ਅਪਨਾ ਕਹੇਂ' ਪ੍ਰਸਾਰਿਤ ਹੋਏ। ਫਿਰ ਤਾਂ ਚੱਲ ਸੋ ਚੱਲ। ਹੁਣ ਤੱਕ ਉਹ ਅਨੇਕ ਲੜੀਵਾਰਾਂ ਵਿਚ ਆਪਣੀ ਕਲਾ ਅਤੇ ਸੁਹੱਪਣ ਦੇ ਰੰਗ ਦਿਖਾ ਚੁੱਕੀ ਹੈ।

ਫਾਤਿਮਾ ਦੀ ਪੜ੍ਹਾਈ-ਲਿਖਾਈ ਪਾਕਿਸਤਾਨ ਦੇ ਪ੍ਰਸਿੱਧ ਸ਼ਹਿਰ ਕਰਾਚੀ ਦੀ ਹੈ। ਉਹ ਅੱਜ ਕੱਲ੍ਹ ਮਿਸ਼ੀਗਨ (ਅਮਰੀਕਾ) ਦੀ ਵਸਨੀਕ ਹੈ। ਆਪਣੇ ਡਰਾਮਿਆਂ ਦੀ ਸ਼ੂਟਿੰਗ ਵਗੈਰਾ ਲਈ ਉਹ ਅਕਸਰ ਕਰਾਚੀ ਗੇੜਾ ਰੱਖਦੀ ਹੈ। ਪਹਿਲਾਂ-ਪਹਿਲ ਉਸ ਨੇ ਬਤੌਰ ਮਾਡਲ ਕੰਮ ਸ਼ੁਰੂ ਕੀਤਾ ਸੀ। ਇਸੇ ਦੌਰਾਨ ਹੀ ਉਸ ਨੂੰ ਕਾਮੇਡੀ ਲੜੀਵਾਰ 'ਕਿਸ ਦਿਨ ਮੇਰਾ ਵਿਆਹ ਹੋਵੇਗਾ-2' ਵਿਚ ਰੋਲ ਮਿਲਿਆ। ਇਸ ਲੜੀਵਾਰ ਵਿਚ ਉਸ ਦੀ ਅਦਾਕਾਰੀ ਦੀ ਇੰਨੀ ਤਾਰੀਫ ਹੋਈ ਕਿ ਉਸ ਦੀਆਂ ਧੁੰਮਾਂ ਚਾਰੇ ਪਾਸੇ ਪੈ ਗਈਆਂ। ਫਿਰ ਉਸ ਨੇ 'ਗੁਸਤਾਖ ਦਿਲ', ਹਿੱਦਤ', 'ਆਪ ਕੇ ਲੀਏ', 'ਦਿਲ ਹਾਰੀ', 'ਕਿਤਨਾ ਸਤਾਤੇ ਹੋ', 'ਇਸ਼ਕ ਪ੍ਰਸਤ', 'ਜੀਨਾ ਦੁਸ਼ਵਾਰ ਸਹੀ', 'ਤੇਰੀ ਉਲਫਤ ਮੇਂ', 'ਮੇਰੀ ਬੇਟੀ', 'ਹਮ ਨਸ਼ੀਂ' ਆਦਿ ਲੜੀਵਾਰਾਂ ਲਈ ਅਦਾਕਾਰੀ ਕੀਤੀ। ਉਸ ਨੇ ਲਘੂ ਫਿਲਮ 'ਦੇਸੀ ਗਰਲ ਵਿਦੇਸ਼ੀ ਬਹੂ' ਵਿਚ ਵੀ ਅਦਾਕਾਰੀ ਕੀਤੀ।



# ਫਿਲਮਸਾਜ਼ ਰਾਜ ਕੁਮਾਰ ਹਿਰਾਨੀ ਦੀਆਂ ਬਾਤਾਂ

ਉਘਾ ਫਿਲਮਸਾਜ਼ ਰਾਜ ਕੁਮਾਰ ਹਿਰਾਨੀ ਵੀ ਹੁਣ ਓ.ਟੀ.ਟੀ. ਮੰਚ ਉਤੇ ਪਹੁੰਚ ਗਿਆ ਹੈ। ਉਹ ਵੀ ਹੁਣ ਲੜੀਵਾਰ ਤਿਆਰ ਕਰਨ ਵਿਚ ਮਸਰੂਫ ਹੈ। ਇਸ ਲੜੀਵਾਰ ਲਈ ਉਸ

ਆਮਨਾ ਕੌਰ

ਨੇ ਅਦਾਕਾਰ ਵਿਕਰਮ ਮੈਸੀ ਦੀ ਚੋਣ ਕੀਤੀ ਹੈ ਅਤੇ ਇਸ ਪ੍ਰੋਜੈਕਟ 'ਤੇ ਕੰਮ ਜ਼ੋਰ-ਸ਼ੋਰ ਨਾਲ ਚੱਲ ਰਿਹਾ ਹੈ।

ਵਿਕਰਮ ਮੈਸੀ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਸਾਲ 2007 ਵਿਚ ਲੜੀਵਾਰ 'ਧੂਮ ਮਚਾਓ ਧੂਮ' ਨਾਲ ਕੀਤੀ ਸੀ। ਇਸ ਤੋਂ ਬਾਅਦ ਉਸ ਨੇ ਕਈ ਟੈਲੀਵਿਜ਼ਨ ਲੜੀਵਾਰਾਂ ਵਿਚ ਕੰਮ ਕੀਤਾ ਜਿਨ੍ਹਾਂ ਵਿਚ 'ਧਰਮ ਵੀਰ', 'ਬਾਲਿਕਾ ਵਧੂ', 'ਕਬੂਲ ਹੈ' ਸ਼ਾਮਿਲ ਹਨ। ਇਸ ਤੋਂ ਬਾਅਦ ਉਸ ਨੇ ਫਿਲਮਾਂ ਵਿਚ ਸਹਾਇਕ ਅਦਾਕਾਰ ਵਾਲੇ ਕਿਰਦਾਰ ਨਿਭਾਉਣੇ ਸ਼ੁਰੂ ਕੀਤੇ ਅਤੇ ਉਹ 'ਲੁਟੇਰਾ', 'ਦਿਲ ਧੜਕਨੇ ਦੋ' ਅਤੇ 'ਗਰਲਫਰੈਂਡ' ਵਿਚ ਨਜ਼ਰ ਆਇਆ। ਸਾਲ 2017 ਵਿਚ ਉਸ ਨੂੰ ਲੜੀਵਾਰ 'ਏ ਡੈੱਥ ਇੰਨ ਦਿ ਗੰਜ' ਵਿਚ ਲੀਡ ਰੋਲ ਕਰਨ ਦਾ ਮੌਕਾ ਮਿਲਿਆ ਅਤੇ ਇਸ ਤੋਂ ਬਾਅਦ ਉਸ ਦੀ ਗੁੱਡੀ ਚੜ੍ਹ ਗਈ।


ਅੱਜ ਕੱਲ੍ਹ ਸਫਲ ਫਿਲਮਸਾਜ਼ ਮੰਨੇ ਜਾਂਦੇ ਰਾਜ ਕੁਮਾਰ ਹਿਰਾਨੀ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਫਿਲਮ ਐਡੀਟਰ ਵਜੋਂ ਕੀਤੀ ਸੀ। ਉਂਝ, ਉਸ ਦਾ ਇਹ ਤਜਰਬਾ ਬਹੁਤ ਮਾੜਾ ਰਿਹਾ ਅਤੇ ਉਸ ਨੇ ਆਪਣਾ ਰੁਖ ਇਸ਼ਤਿਹਾਰੀ ਫਿਲਮਾਂ ਵੱਲ ਮੋੜ ਲਿਆ। ਇਸ ਖੇਤਰ ਵਿਚ ਉਸ ਨੂੰ ਅਪਾਰ ਸਫਲਤਾ ਮਿਲੀ ਅਤੇ ਦਿਨਾਂ ਵਿਚ ਹੀ ਉਸ ਦੇ ਦਿਨ ਫਿਰ ਗਏ। ਫਿਰ ਉਸ ਦੀ ਇੱਛਾ ਆਪ ਫਿਲਮਸਾਜ਼ ਬਣਨ ਦੀ ਜਾਗੀ





ਅਤੇ ਉਸ ਨੇ ਆਪਣੀ ਇਹ ਇੱਛਾ ਪੂਰੀ ਵੀ ਕਰ ਦਿਖਾਈ। ਉਸ ਨੇ ਫਿਲਮ 'ਮੁੰਨਾ ਭਾਈ ਐੱਮ.ਬੀ.ਬੀ.ਐੱਸ.' ਦੀ ਕਹਾਣੀ ਅਤੇ ਪਟਕਥਾ ਲਿਖੀ ਤੇ ਫਿਲਮ ਬਣਾਈ। ਇਸ ਫਿਲਮ ਦਾ ਨਿਰਮਾਤਾ ਵਿਧੂ ਵਿਨੋਦ ਚੋਪੜਾ ਬਣਿਆ। ਇਸ ਫਿਲਮ ਵਿਚ ਮੁੱਖ ਭੂਮਿਕਾਵਾਂ ਸੰਜੇ ਦੱਤ ਅਤੇ ਗਰੇਸੀ ਸਿੰਘ ਦੀਆਂ ਸਨ। ਫਿਲਮ ਦਾ ਕੁੱਲ ਬਜਟ 1.2 ਕਰੋੜ ਰੁਪਏ ਸੀ ਅਤੇ ਇਸ ਨੇ 56 ਕਰੋੜ ਦੀ ਕਮਾਈ ਕੀਤੀ। ਇਹ ਫਿਲਮ ਸਾਲ 2003 ਵਿਚ ਆਈ ਸੀ ਅਤੇ ਉਦੋਂ ਇਹ ਫਿਲਮ ਵਪਾਰਕ ਪੱਖੋਂ ਬਹੁਤ ਸਫਲ ਫਿਲਮ ਮੰਨੀ ਗਈ। ਇਸ ਤੋਂ ਬਾਅਦ ਫਿਰ ਹਿਰਾਨੀ ਨੇ ਕਦੀ ਪਿੱਛੇ ਮੁੜ ਕੇ ਨਹੀਂ ਦੇਖਿਆ। ਆਪਣੀ ਵਧੀਆ ਫਿਲਮਸਾਜ਼ੀ ਕਰ ਕੇ ਉਸ ਅਤੇ ਉਸ ਦੀਆਂ ਫਿਲਮਾਂ ਨੂੰ ਅਨੇਕ ਇਨਾਮ ਮਿਲੇ। ਉਂਝ, ਉਹ ਸਭ ਤੋਂ ਵੱਡਾ ਇਨਾਮ ਦਰਸ਼ਕਾਂ ਦੀ ਪ੍ਰਸ਼ੰਸਾ ਨੂੰ ਮੰਨਦਾ ਹੈ। ਉਸ ਮੁਤਾਬਿਕ, "ਦਰਸ਼ਕਾਂ ਦੇ ਇਨਾਮ ਤੋਂ ਸਭ ਇਨਾਮ ਛੋਟੇ ਹਨ।"


ਰਾਜ ਕੁਮਾਰ ਹਿਰਾਨੀ ਨੇ '3 ਇਡੀਅਟਸ', 'ਪੀ.ਕੇ.' ਵਰਗੀਆਂ ਯਾਦਗਾਰੀ ਫਿਲਮਾਂ ਬਣਾਈਆਂ। ਪਿਛਲੇ ਸਾਲ ਉਸ ਦੀ ਫਿਲਮ 'ਡੰਕੀ' ਆਈ ਸੀ ਜਿਸ ਨੇ ਸਾਰਿਆਂ ਦਾ ਧਿਆਨ ਆਪਣੇ ਵੱਲ ਖਿੱਚਿਆ ਸੀ। ਇਸ ਫਿਲਮ ਵਿਚ ਅਦਾਕਾਰੀ ਦੇ ਜੌਹਰ ਸ਼ਾਹਰੁਖ ਖਾਨ, ਤਾਪਸੀ ਪੰਨੂ, ਬੋਮਨ ਇਰਾਨੀ, ਅਨਿਲ ਗਰੋਵਰ, ਵਿਕਰਮ ਕੋਛੜ, ਵਿੱਕੀ ਕੌਸ਼ਲ ਆਦਿ ਕਲਾਕਾਰਾਂ ਨੇ ਦਿਖਾਏ। ਇਸ ਫਿਲਮ 'ਤੇ 120 ਕਰੋੜ ਲੱਗੇ ਸਨ ਅਤੇ ਇਸ ਨੇ 471 ਕਰੋੜ ਰੁਪਏ ਕਮਾਏ। ਵਪਾਰਕ ਪੱਖੋਂ ਇਹ ਸਫਲ ਫਿਲਮ ਸੀ ਪਰ ਇਹ ਓਨੀ ਕਮਾਈ ਨਹੀਂ ਕਰ ਸਕੀ ਜਿੰਨੀ ਇਸ ਤੋਂ ਆਸ ਕੀਤੀ ਜਾ ਰਹੀ ਸੀ। ਅਸਲ ਵਿਚ, ਸ਼ਾਹਰੁਖ ਖਾਨ ਭਾਵੇਂ ਆਪਣੇ ਸਮਿਆਂ ਦਾ ਵੱਡਾ ਅਦਾਕਾਰ ਹੈ ਪਰ ਉਸ ਦੀ ਅਦਾਕਾਰੀ ਵਿਚ ਕੁਦਰਤੀ ਮਾਹੌਲ ਗਾਇਬ ਹੁੰਦਾ ਹੈ। ਇਸੇ ਕਰ ਕੇ ਬਹੁਤੀ ਵਾਰ ਉਸ ਦੀ ਅਦਾਕਾਰੀ ਵੀ ਨਕਲੀ ਜਿਹੀ ਲੱਗਣ ਲੱਗ ਪੈਂਦੀ ਹੈ।




*ਫਿਲਮਸਾਜ਼ ਰਾਜ ਕੁਮਾਰੀ ਹਿਰਾਨੀ ਦੀਆਂ ਫਿਲਮਾਂ 'ਮੁੰਨਾ ਭਾਈ ਐੱਮ.ਬੀ.ਬੀ.ਐੱਸ.', '3 ਇਡੀਅਟਸ', 'ਪੀ.ਕੇ.', 'ਸੰਜੂ' ਅਤੇ 'ਡੰਕੀ' ਦੇ ਪੋਸਟਰ।*

ਸ੍ਰੀ ਹਰਕ੍ਰਿਸ਼ਨ ਧਿਆਈਐ ਜਿਸ ਡਿਠੇ ਸਭ ਦੁਖ ਜਾਏ॥

# ਸਮੂਹ ਸੰਗਤਾਂ ਨੂੰ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਦੇ ਪ੍ਰਕਾਸ਼ ਪੁਰਬ ਦੀ ਲੱਖ ਲੱਖ ਵਧਾਈ ਹੋਵੇ



## ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਦੇ ਪ੍ਰਕਾਸ਼ ਪੁਰਬ ਸਬੰਧੀ

## ਹਰ ਸਾਲ ਦੀ ਤਰ੍ਹਾਂ ਵਿਸ਼ੇਸ਼ ਸਮਾਗਮ

### ਗੁਰਦੁਆਰਾ ਦੀਵਾਨ ਐਵੇਨਿਊ, ਸ਼ਿਕਾਗੋ

*(2341 W. Devon Ave., Chicago IL 60659)*

ਵਿਖੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਕੀਤਾ ਜਾ ਰਿਹਾ ਹੈ। ਆਪ ਸਭ ਨੂੰ ਪ੍ਰਕਾਸ਼ ਪੁਰਬ ਸਮਾਗਮ ਵਿਚ ਪਰਿਵਾਰ ਸਮੇਤ ਪਹੁੰਚ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰਨ ਦੀ ਬੇਨਤੀ ਹੈ ਜੀ

### ਪ੍ਰੋਗਰਾਮ ਦਾ ਵੇਰਵਾ

**2 ਅਗਸਤ, 2024 (ਸ਼ੁਕਰਵਾਰ)**

ਅਰੰਭ ਸ੍ਰੀ ਅਖੰਡ ਪਾਠ ਸਵੇਰੇ 8:30 ਵਜੇ

**4 ਅਗਸਤ, 2024 (ਐਤਵਾਰ)**

ਭੋਗ ਸ੍ਰੀ ਅਖੰਡ ਪਾਠ ਸਵੇਰੇ 9 ਵਜੇ

**ਕੀਰਤਨ:** 9 ਤੋਂ ਦੁਪਹਿਰ 12 ਵਜੇ ਤਕ

*ਲੰਗਰ ਦੀ ਸੇਵਾ 12:30 ਵਜੇ , ਸੰਗਤ ਨੂੰ ਹਲਦੀਰਾਮ ਦੀਆਂ ਮਠਿਆਈਆਂ ਦੇ ਡੱਬੇ ਵੰਡੇ ਜਾਣਗੇ*



*ਭਾਈ ਗੁਰਦੇਵ ਸਿੰਘ ਜੀ, ਭਾਈ ਸਤਪਾਲ ਸਿੰਘ ਜੀ ਅਤੇ ਭਾਈ ਜਸਪਾਲ ਸਿੰਘ ਜੀ ਦਾ ਕੀਰਤਨੀ ਜਥਾ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕਰੇਗਾ।*

### ਪਾਠ, ਕੀਰਤਨ ਅਤੇ ਲੰਗਰ ਦੀ ਸੇਵਾ

ਰਵਿੰਦਰ ਕਪੂਰ, ਪਰਮਜੀਤ ਕਪੂਰ, ਗੁਰਲੀਨ ਕਪੂਰ, ਡੇਵਿਡ, ਅਮਨ ਕਪੂਰ ਅਤੇ ਸਿਮਰਨ ਕਪੂਰ ਵਲੋਂ

### ਹੋਰ ਜਾਣਕਾਰੀ ਲਈ ਸੰਪਰਕ ਕਰੋ:

ਰਵਿੰਦਰ ਕਪੂਰ ਤੇ ਪਰਮਜੀਤ ਕਪੂਰ

ਫੋਨ: 847-387-2923


Haldiram's

Hawkins

**Biggest wholesaler in the USA**



**Prag International:** 1125 Howard Street. Elk Grove Village. IL 60007; Ph:- 847-979-5970

Wholesaler and Distributor Of: Haldiram, Hawkins, Prestige, Milton, Panasonic, Titu Folding Bed And Folding Mattress, Aman Kitchenware, Restaurant Equipment's , Pats And Pans For Home & Restaurants, Religious Items, Wedding Items, Blankets... And Many More...